**Golden State Realty**
**JASSI GILL**
*Broker/Owner*
Listing and Selling Homes
From San Jose to Sacramento
Ph:510-304-9292
**Refinance Now**
@ZERO COST
Call Sukhi Gill:510-207-9067
CA DRE Lic.#01180969
CA DRE# 00966763


**Law Office of M Vivek Malik**
Toll free no 866-424-4000
www.usa.immigrationlaw.com

M Vivek Malik
ACCOMPLISHED IMMIGRATION Attorneys
Help FAMILIES REUNITE in the US
Our Global & Nationwide Services in the field of U.S. Immigration & Nationality law
Business immigration & worksite compliance
Family & general immigration
Naturalization & citizenship
Removal defense & waivers
ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰੋ

COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM

Gurdawar Singh Mann

Gurcharan Singh Mann
**Mann Insurance Brokers Inc.**
4123 Dyer St., #230, Union City, CA 94587



Twenty-Second Year of Publication
ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@gmail.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
www.punjabtimesusa.com

# ਪੰਜਾਬ ਟਾਈਮਜ਼

Punjab Times, Vol 22, Issue 49, December 4, 2021 20451 N. Plum Grove Rd., Palatine, IL 60074 Ph:847-359-0746, Fax:847-705-9388


# ਮੋਦੀ ਸਰਕਾਰ ਕਿਸਾਨਾਂ ਨਾਲ ਮਸ਼ਵਰੇ ਲਈ ਮਜਬੂਰ

## ਕਮੇਟੀ ਲਈ ਕਿਸਾਨ ਨੁਮਾਇੰਦਿਆਂ ਦੇ ਨਾਂ ਮੰਗੇ; ਹੋਰ ਮੰਗਾਂ ਲਈ ਵੀ ਸਰਕਾਰ ਨਰਮ ਪਈ

**ਚੰਡੀਗੜ੍ਹ:** ਕਿਸਾਨ ਜਥੇਬੰਦੀਆਂ ਨੇ ਦਿੱਲੀ ਮੋਰਚਾ ਫਤਿਹ ਕਰ ਲਿਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਐਲਾਨ ਤੋਂ ਬਾਅਦ ਸੰਸਦ ਦੇ ਦੋਵਾਂ ਸਦਨ ਵਿਚ ਤਿੰਨੇ ਕਾਲੇ ਖੇਤੀ ਕਾਨੂੰਨ ਰੱਦ ਕਰ ਦਿੱਤੇ ਗਏ। ਸਰਕਾਰ ਕਿਸਾਨਾਂ ਦੀਆਂ ਬਾਕੀ ਮੰਗਾਂ ਜਿਵੇਂ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ) ਉਤੇ ਗਰੰਟੀ ਕਾਨੂੰਨ ਬਣਾਉਣ ਲਈ ਕਮੇਟੀ ਬਣਾ ਰਹੀ ਹੈ। ਇਸ ਕਮੇਟੀ ਲਈ ਪੰਜ ਕਿਸਾਨ ਆਗੂਆਂ ਦੇ ਨਾਮ ਵੀ ਮੰਗ ਲਏ ਹਨ। ਸਰਕਾਰ ਪਰਾਲੀ ਸਾੜਨ ਨੂੰ ਅਪਰਾਧਿਕ ਸ਼੍ਰੇਣੀ ਵਿਚੋਂ ਬਾਹਰ ਕੱਢਣ ਲਈ ਵੀ ਰਾਜ਼ੀ ਹੋ ਗਈ ਹੈ। ਇਸ ਤੋਂ ਇਲਾਵਾ ਸੰਘਰਸ਼ ਦੌਰਾਨ ਕਿਸਾਨਾਂ ਉਤੇ ਦਰਜ ਕੇਸ ਵਾਪਸ ਲੈਣ ਤੇ ਮ੍ਰਿਤਕਾਂ ਨੂੰ ਮੁਆਵਜ਼ੇ ਦਾ ਜ਼ਿੰਮਾ ਸਬੰਧਤ ਸੂਬਿਆਂ ਸਿਰ ਛੱਡ ਦਿੱਤਾ ਹੈ। ਇਸ ਸਬੰਧੀ ਹਰਿਆਣਾ ਸਰਕਾਰ ਨੇ ਹਾਮੀ ਵੀ ਭਰ ਦਿੱਤੀ ਹੈ। ਕੁੱਲ ਮਿਲਾ ਕੇ ਅਗਲੇ ਵਰ੍ਹੇ ਦੇ ਸ਼ੁਰੂ ਵਿਚ ਹੋਣ ਜਾ ਰਹੀਆਂ 5 ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ-ਪਹਿਲਾਂ ਸਰਕਾਰ ਕਿਸਾਨਾਂ ਨੂੰ ਘਰ ਤੋਰਨ ਲਈ ਕਾਹਲੀ ਹੈ ਪਰ ਕਿਸਾਨ ਤੇ ਵਿਰੋਧੀ ਧਿਰਾਂ ਮੰਗਾਂ ਮੰਨਣ ਦੇ ਬਾਵਜੂਦ ਸਰਕਾਰ ਦੇ ਰਵੱਈਏ ਤੋਂ ਖਫਾ ਹਨ।

ਵਿਰੋਧੀ ਧਿਰਾਂ ਨੇ ਜਿਥੇ ਸੰਸਦ ਵਿਚ ਸਰਕਾਰ ਨੂੰ ਘੇਰਿਆ ਹੋਇਆ ਹੈ, ਉਥੇ ਮੋਰਚਿਆਂ ਉਤੇ ਡਟੇ ਕਿਸਾਨ ਹਾਲੇ 'ਘਰ ਵਾਪਸੀ' ਦੀ ਥਾਂ ਗੱਲ ਇਕ ਪਾਸੇ ਲਾ ਕੇ ਹੀ ਮੁੜਨ ਦੀ ਰਣਨੀਤੀ ਉਤੇ ਹਨ। ਅਸਲ ਵਿਚ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਹੈਂਕੜ ਮਸਲਾ ਇਕ ਪਾਸੇ ਲਾਉਣ ਵਿਚ ਸਭ ਤੋਂ ਵੱਡਾ ਅੜਿੱਕਾ ਬਣ ਗਈ ਹੈ। ਕਿਸਾਨਾਂ ਵੱਲੋਂ ਸੰਘਰਸ਼ ਦੌਰਾਨ ਲਗਭਗ ਇਕ ਵਰ੍ਹਾ ਦਿੱਲੀ ਦੀਆਂ ਬਰੂਹਾਂ 'ਤੇ ਗੁਜ਼ਾਰਨ ਅਤੇ



700 ਤੋਂ ਵੱਧ ਜਾਨਾਂ ਸੰਘਰਸ਼ ਦੇ ਲੇਖੇ ਲਗਾਉਣ ਪਿੱਛੋਂ ਪ੍ਰਧਾਨ ਮੰਤਰੀ ਨੇ ਇਕਤਰਫਾ ਤੌਰ ਉਤੇ ਬਿੱਲਾਂ ਨੂੰ ਰੱਦ ਕਰਨ ਦਾ ਐਲਾਨ ਕਰ ਦਿੱਤਾ। ਇਕਤਰਫਾ ਐਲਾਨ ਇਹ ਸਾਬਤ ਕਰਦਾ ਹੈ ਕਿ ਸਰਕਾਰ ਨਾ ਤਾਂ ਕਾਨੂੰਨਾਂ ਨੂੰ ਮਾੜੇ ਮੰਨਣ ਲਈ ਤਿਆਰ ਹੈ ਤੇ ਨਾ ਜਿੱਤ ਦਾ ਸਿਹਰਾ ਕਿਸਾਨ ਜਥੇਬੰਦੀਆਂ ਸਿਰ ਬੰਨ੍ਹਣ ਲਈ।

ਇਸ ਤੋਂ ਬਾਅਦ ਸੰਸਦ ਵਿਚ ਵੀ ਸਰਕਾਰ ਇਸ ਗੱਲ ਦਾ ਜਵਾਬ ਦੇਣ ਤੋਂ ਭੱਜ ਗਈ ਕਿ ਕਾਨੂੰਨ ਕਿਸ ਮਕਸਦ ਨਾਲ ਲਿਆਂਦੇ ਗਏ ਤੇ ਕਿਸ ਨਾਲ ਵਾਪਸ ਕਰਨੀ ਪਈ। ਲੋਕ ਸਭਾ ਤੇ ਰਾਜ ਸਭਾ ਵਿਚ ਬਿਨਾ ਕਿਸੇ ਬਹਿਸ ਦੇ ਮਹਿਜ਼ ਚਾਰ ਮਿੰਟਾਂ ਵਿਚ ਬਿਲ ਪਾਸ ਕਰ ਦਿੱਤਾ ਗਿਆ। ਇਸ ਦਾ ਇਕ ਕਾਰਨ ਇਹ ਵੀ ਮੰਨਿਆ ਜਾ ਰਿਹਾ ਹੈ ਕਿ ਦੇਸ਼ ਅੰਦਰ ਸਿਆਸੀ ਚਰਚਾ ਦਾ ਕੇਂਦਰ ਬਣੇ ਕਿਸਾਨ ਅੰਦੋਲਨ ਨੂੰ ਇਕ ਪਾਸੇ ਕਰ ਕੇ ਸਰਕਾਰ ਜਾਂ ਭਾਜਪਾ ਦੇ ਬਿਰਤਾਂਤ ਦੁਆਲੇ ਧਿਆਨ ਕੇਂਦਰਿਤ ਕਰਵਾਇਆ ਜਾ ਸਕੇ।

ਸਰਕਾਰ ਦੀ ਅਲੋਚਨਾ ਇਸ ਗੱਲੋਂ ਹੋਣੀ ਸੁਭਾਵਿਕ ਹੈ ਕਿ ਲੋਕਾਂ ਉਤੇ ਅਸਰ ਅੰਦਾਜ਼ ਹੋਣ ਵਾਲੇ ਕਿਸੇ ਵੀ ਬਿੱਲ ਉਤੇ ਸੰਸਦ ਅੰਦਰ ਨਿੱਠ ਕੇ ਬਹਿਸ ਕਰਵਾਉਣ ਤੇ ਜੇਕਰ ਫਿਰ ਵੀ ਸਹਿਮਤੀ ਨਾ ਬਣੇ ਤਾਂ ਬਿਲ ਨੂੰ ਸਟੈਂਡਿੰਗ ਕਮੇਟੀ ਕੋਲ ਭੇਜਣ ਦੀ ਰਵਾਇਤ ਨਜ਼ਰਅੰਦਾਜ਼ ਹੋਈ ਹੈ। ਬਿੱਲਾਂ ਨੂੰ ਲਿਆਉਣ ਵੇਲੇ ਕੀਤੀ ਗਲਤੀ ਹੁਣ ਵੀ ਦੁਹਰਾਈ ਹੈ। ਇਸ ਤੋਂ ਇਲਾਵਾ ਖੇਤੀ ਕਾਨੂੰਨਾਂ ਬਾਰੇ ਕਿਸਾਨਾਂ ਨਾਲ 11 ਦੌਰ ਦੀ ਚਰਚਾ ਕਰ ਚੁੱਕੀ ਸਰਕਾਰ ਨੇ ਬਿੱਲ ਵਾਪਸੀ ਵੇਲੇ ਜਥੇਬੰਦੀਆਂ ਨੂੰ ਬੁਲਾ ਕੇ ਗੱਲਬਾਤ ਕਰਨ ਦੀ ਕੋਸ਼ਿਸ਼ ਹੀ ਨਹੀਂ ਕੀਤੀ।

ਸਵਾਲ ਇਹ ਹੋ ਰਹੇ ਹਨ ਕਿ ਜੇਕਰ ਪ੍ਰਧਾਨ ਮੰਤਰੀ ਨੇ ਸਿਆਸੀ ਨਫ਼ੇ-ਨੁਕਸਾਨ ਨੂੰ ਦੇਖਦਿਆਂ ਸੰਘਰਸ਼ ਕਰ ਰਹੀ ਧਿਰ ਨੂੰ ਵਿਸ਼ਵਾਸ ਵਿਚ ਲੈਣਾ ਯੋਗ ਨਹੀਂ ਵੀ ਸਮਝਿਆ ਸੀ, ਤਦ ਵੀ ਘੱਟੋ-ਘੱਟ ਲੋਕਤੰਤਰ ਦਾ ਤਕਾਜ਼ਾ ਇਹ ਮੰਗ ਤਾਂ ਕਰਦਾ ਹੀ ਸੀ ਕਿ ਪ੍ਰਧਾਨ ਮੰਤਰੀ ਪਹਿਲਾਂ ਆਪਣੇ ਮੰਤਰੀ ਮੰਡਲ ਵਿਚ ਇਹ ਫੈਸਲਾ ਲੈਂਦੇ ਤੇ ਫਿਰ ਐਲਾਨ ਕਰਦੇ। ਹੁਣ ਹੋਇਆ ਇਹ ਹੈ ਕਿ ਪ੍ਰਧਾਨ ਮੰਤਰੀ ਨੇ 3 ਕਾਨੂੰਨ ਵਾਪਸ ਲੈਣ ਦਾ ਐਲਾਨ ਤਾਂ 19 ਨਵੰਬਰ ਨੂੰ ਕੀਤਾ ਹੈ ਤੇ ਮੰਤਰੀ ਮੰਡਲ ਵਿਚ ਇਸ 'ਤੇ ਵਿਚਾਰ ਉਪਰੰਤ ਮਨਜ਼ੂਰੀ 5 ਦਿਨ ਬਾਅਦ 24 ਨਵੰਬਰ ਨੂੰ ਲਈ ਗਈ।

ਤਿੰਨ ਕਾਨੂੰਨਾਂ ਤੋਂ ਇਲਾਵਾ ਘੱਟੋ-ਘੱਟ ਸਮਰਥਨ ਮੁੱਲ ਉਤੇ ਫਸਲਾਂ ਦੀ ਖਰੀਦ ਦੀ ਕਾਨੂੰਨ ਗਰੰਟੀ, ਪਰਾਲੀ ਤੇ ਬਿਜਲੀ ਸੰਬੰਧੀ ਕਾਨੂੰਨ, ਅੰਦੋਲਨ ਦੌਰਾਨ ਜਾਨਾਂ ਗਵਾਉਣ ਵਾਲੇ ਲਗਭਗ 700 ਤੋਂ ਵੱਧ ਕਿਸਾਨਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ, ਅੰਦੋਲਨਕਾਰੀਆਂ ਉਤੇ ਪਏ ਪਰਚਿਆਂ ਦੀ ਵਾਪਸੀ ਆਦਿ ਮੁੱਦਿਆਂ ਬਾਰੇ ਸਰਕਾਰ ਦੀ ਚੁੱਪ ਉਤੇ ਕਿਸਾਨਾਂ ਨੇ ਸਰਕਾਰ ਨੂੰ ਚਿੱਠੀ ਲਿਖੀ ਸੀ।

ਕਿਸਾਨਾਂ ਦੀ ਚਿੱਠੀ ਦਾ ਜਵਾਬ ਦੇਣ ਜਾਂ ਮੀਟਿੰਗ ਬੁਲਾ ਕੇ ਚਰਚਾ ਕਰਨ ਦੀ ਬਜਾਇ ਖੇਤੀ ਮੰਤਰੀ ਨਰੇਂਦਰ ਸਿੰਘ ਤੋਮਰ ਨੇ ਆਪਣੇ ਵੱਲੋਂ ਹੀ ਐਲਾਨ ਕੀਤਾ ਕਿ ਪਰਾਲੀ ਜਲਾਉਣ ਕਾਰਨ ਜੁਰਮਾਨਾ ਨਹੀਂ ਲੱਗੇਗਾ, ਕਿਸਾਨਾਂ ਦੇ ਪਰਚੇ ਰਾਜ ਸਰਕਾਰਾਂ ਦਾ ਵਿਸ਼ਾ ਹੈ ਅਤੇ ਘੱਟੋ-ਘੱਟ ਖਰੀਦ ਮੁੱਲ ਉਤੇ ਫਸਲਾਂ ਦੀ ਖਰੀਦ ਦੀ ਕਾਨੂੰਨੀ ਗਰੰਟੀ ਬਾਰੇ ਕਮੇਟੀ ਬਣਾ ਦਿੱਤੀ ਜਾਵੇਗੀ।

ਖੇਤੀ ਕਾਨੂੰਨ ਰੱਦ ਕਰਨ ਸਣੇ ਹੋਰ ਮੰਗਾਂ ਨੂੰ ਲੈ ਕੇ ਕਿਸਾਨ ਇਕ ਸਾਲ ਤੋਂ ਵੱਧ ਸਮੇਂ ਤੋਂ ਦਿੱਲੀ ਦੀਆਂ ਹੱਕਾਂ ਮੱਲੀ ਬੈਠੇ ਹਨ। ਉਨ੍ਹਾਂ ਨੇ ਸਰਦੀ, ਗਰਮੀ, ਮੀਂਹ-ਝੱਖੜ ਵਿਚ ਬਿਨਾ ਡੋਲੇ ਆਪਣਾ ਸੰਘਰਸ਼ ਸ਼ਾਂਤਮਈ ਰੱਖਿਆ। ਕਿਸਾਨਾਂ ਦੀ ਪਹਿਲੇ ਦਿਨੋਂ ਸਰਕਾਰ ਨੂੰ ਅਪੀਲ ਰਹੀ ਹੈ ਕਿ ਆਪਸੀ ਗੱਲਬਾਤ ਨਾਲ ਇਹ ਮਸਲਾ ਹੱਲ ਕੀਤਾ ਜਾਵੇ। ਇਸ ਸਬੰਧੀ 11 ਦੌਰ ਦੀ ਗੱਲਬਾਤ ਹੋਈ। ਜਿਸ ਵਿਚ ਖੇਤੀ ਮੰਤਰੀ ਨਰੇਂਦਰ ਤੋਮਰ ਸਣੇ ਹੋਰ ਮੰਤਰੀ ਹਾਜ਼ਰ ਰਹੇ, ਪਰ ਗੱਲ ਸਿਰੇ

(ਬਾਕੀ ਸਫਾ 6 'ਤੇ)

## 'ਜੈ ਕਿਸਾਨ' ਦੇ ਨਾਅਰਿਆਂ ਨਾਲ ਮੋਦੀ ਦਾ ਸਵਾਗਤ



ਸੰਸਦ ਦੇ ਸਰਦ ਰੁੱਤ ਇਜਲਾਸ ਦੇ ਪਹਿਲੇ ਦਿਨ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਦਨ 'ਚ ਪਹੁੰਚੇ ਤਾਂ ਵਿਰੋਧੀ ਧਿਰ ਨੇ 'ਜੈ ਕਿਸਾਨ' ਦੇ ਨਾਅਰੇ ਮਾਰ ਕੇ ਉਨ੍ਹਾਂ ਦਾ ਸਵਾਗਤ ਕੀਤਾ ਜਦਕਿ ਭਾਜਪਾ ਦੇ ਮੈਂਬਰਾਂ ਨੇ ਮੇਜ਼ ਥਪਥਪਾ ਕੇ ਅਤੇ 'ਭਾਰਤ ਮਾਤਾ ਦੀ ਜੈ' ਦੇ ਨਾਅਰੇ ਮਾਰ ਕੇ ਪ੍ਰਧਾਨ ਮੰਤਰੀ ਦਾ ਸਵਾਗਤ ਕੀਤਾ। ਪ੍ਰਧਾਨ ਮੰਤਰੀ ਹੇਠਲੇ ਸਦਨ ਦੀ ਕਾਰਵਾਈ ਸ਼ੁਰੂ ਹੋਣ ਤੋਂ ਕੁਝ ਸਮਾਂ ਪਹਿਲਾਂ ਹੀ ਸਦਨ 'ਚ ਪਹੁੰਚੇ ਸਨ। ਆਮ ਤੌਰ 'ਤੇ ਇਹ ਦੇਖਿਆ ਗਿਆ ਹੈ ਕਿ ਜਦੋਂ ਸੈਸ਼ਨ ਦੇ ਪਹਿਲੇ ਦਿਨ ਪ੍ਰਧਾਨ ਮੰਤਰੀ ਸਦਨ 'ਚ ਆਉਂਦੇ ਹਨ ਤਾਂ ਭਾਜਪਾ ਤੇ ਉਸ ਦੀਆਂ ਸਹਿਯੋਗੀ ਪਾਰਟੀਆਂ ਦੇ ਮੈਂਬਰ ਨਾਅਰੇ ਮਾਰ ਕੇ ਪ੍ਰਧਾਨ ਮੰਤਰੀ ਦਾ ਸਵਾਗਤ ਕਰਦੀਆਂ ਹਨ।


**Harmit Toor**
*Your Realtor® For Life!*

Broker Associate
BRE Lic.# 01462579
NMLS ID 358820
Help you Buy or Sell:
- Residential Property
- Commercial property
- Business Opportunity

Financing:
- Residential Loans
- Commercial Loans
- SBA Loans

Commercial Leasing
2015-19 Awarded Grand Master Achievement Club Certificate
BEB BAY EAST BROKERS
EQUAL HOUSING OPPORTUNITY
Ph: 925-202-7027
HDtoor@gmail.com
WWW.BayEastBrokers.Com


Raja SWEETS & CATERING
AUTHORIZED CATERER FOR MAJOR 5-STAR HOTELS
Follow us on:
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders

Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

**Law Office of Manpreet S. Gahra**
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)

Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582
Fax:510-217-6847
Email: manpreet@gahralaw.com

# XPressCargo

**Tel.: 317-426-5410**
**Ext. 2001 & 2403**

100% ਓਨਰ ਆਪਰੇਟਰ ਕੰਪਨੀ

**Pay Every Week**

Pay Single 60 Cent + Team 70 Cent

**100% OWNER OPERATOR COMPANY**

**IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)**

**ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।**

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ

**ਵੀਕਲੀ ਹੋਮ**

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

**Hiring Owner Operators and Drivers**

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

**Online Application @ www.xpresscargoinc.com**

# ਗੁਰਦੁਆਰਾ ਸਿੰਘ ਸਭਾ ਸਰੀ 'ਚ ਕੈਨੇਡੀਅਨ ਗਦਰੀ ਯੋਧਿਆਂ ਦੀ ਗੈਲਰੀ ਦਾ ਉਦਘਾਟਨ

**ਸਰੀ:** ਬੀਤੇ ਸ਼ਨਿਚਰਵਾਰ ਗੁਰਦੁਆਰਾ ਕੈਨੇਡੀਅਨ ਸਿੰਘ ਸਭਾ ਸਰੀ ਵਿਖੇ ਕੈਨੇਡੀਅਨ ਗਦਰੀ ਯੋਧਿਆਂ ਨੂੰ ਸਮਰਪਿਤ ਗੈਲਰੀ ਦਾ ਉਦਘਾਟਨ ਹੋਇਆ। ਇਹ ਗੈਲਰੀ ਉਨ੍ਹਾਂ ਕੈਨੇਡੀਅਨ ਗਦਰੀ ਯੋਧਿਆਂ ਦੀ ਯਾਦ ਨੂੰ ਸਮਰਪਿਤ ਹੈ, ਜਿਨ੍ਹਾਂ ਨੇ ਕੈਨੇਡਾ ਤੋਂ ਹਿੰਦੁਸਤਾਨ ਜਾ ਕੇ ਉਥੇ ਆਜ਼ਾਦੀ ਵਾਸਤੇ ਜੱਦੋ-ਜਹਿਦ ਕੀਤੀ, ਫਾਂਸੀਆਂ ਦੇ ਰੱਸੇ ਚੁੰਮੇ, ਉਮਰ ਕੈਦਾਂ ਕੱਟੀਆਂ ਤੇ ਕਾਲੇ ਪਾਣੀ ਦੀਆਂ ਸਜ਼ਾਵਾਂ ਦੇ ਨਾਲ-ਨਾਲ ਜਾਇਦਾਦ ਜ਼ਬਤ, ਜੂਹ ਬੰਦੀ ਤੇ ਜੇਲ੍ਹਾਂ ਵਿਚ ਤਸੀਹੇ ਝੱਲੇ। ਇਨ੍ਹਾਂ ਮਹਾਨ ਸ਼ਹੀਦਾਂ ਦੇ ਚਿੱਤਰ, ਜੋ ਚਿੱਤਰਕਾਰ ਜਰਨੈਲ ਸਿੰਘ ਨੇ ਚਿਤਰੇ ਹਨ, ਦਾ ਉਦਘਾਟਨ ਬੀਤੇ ਸ਼ਨਿਚਰਵਾਰ ਨੂੰ ਸੰਗਤਾਂ ਦੀ ਭਰਪੂਰ ਹਾਜ਼ਰੀ ਵਿਚ ਜੈਕਾਰਿਆਂ ਦੀ ਗੂੰਜ ਵਿਚ ਹੋਇਆ।

**ਇਨ੍ਹਾਂ ਮਹਾਨ 31 ਸ਼ਹੀਦਾਂ ਤੇ ਦੇਸ਼ ਭਗਤਾਂ ਦੀ ਯਾਦ ਨੂੰ ਸਮਰਪਿਤ ਇਸ ਚਿੱਤਰ ਗੈਲਰੀ ਦੇ ਉਦਘਾਟਨ ਮੌਕੇ ਕੈਨੇਡਾ ਦੇ ਇੰਟਰਨੈਸ਼ਨਲ ਡਿਵੈਲਪਮੈਂਟ ਮੰਤਰੀ ਹਰਜੀਤ ਸਿੰਘ ਸੱਜਣ ਨੇ ਕਿਹਾ ਕਿ ਸਾਨੂੰ ਗੁਰੂ ਨਾਨਕ ਸਾਹਿਬ ਦੇ ਸਾਂਝੀਵਾਲਤਾ ਤੇ ਮਨੁੱਖੀ ਹੱਕਾਂ ਦੀ ਰਾਖੀ ਦੇ ਸੁਨੇਹੇ ਤੋਂ ਸਿਖਿਆ ਲੈਣੀ ਚਾਹੀਦੀ ਹੈ। ਸਾਡਾ ਵਿਰਸਾ ਬਹੁਤ ਮਹਾਨ ਹੈ। ਵਿਧਾਇਕ ਰਚਨਾ ਸਿੰਘ ਨੇ ਕਿਹਾ ਕਿ ਗਦਰੀ ਬਾਬਿਆਂ ਨੇ ਆਜ਼ਾਦੀ ਦੇ ਨਾਲ-ਨਾਲ ਨਸਲੀ ਵਿਤਕਰੇ ਦੀ ਜੰਗ ਵੀ ਲੜੀ। ਉਨ੍ਹਾਂ ਕਿਹਾ ਕਿ ਅੱਜ ਵੀ ਨਸਲਵਾਦ ਵਿਰੁੱਧ ਸੰਘਰਸ਼ ਜਾਰੀ ਰੱਖਣ ਦੀ ਲੋੜ ਹੈ। ਇਸ ਮੌਕੇ ਲੇਖਕ ਸ. ਜਰਨੈਲ ਸਿੰਘ ਸੇਖਾ, ਮੋਹਨ ਗਿੱਲ, ਰਾਜਿੰਦਰ ਸਿੰਘ ਪੰਧੇਰ, ਪ੍ਰੋ. ਗੁਰਵਿੰਦਰ ਸਿੰਘ ਧਾਲੀਵਾਲ, ਡਾ. ਪੂਰਨ ਸਿੰਘ, ਦਵਿੰਦਰ ਸਿੰਘ ਦੂਲੇ, ਹਰਦਮ ਮਾਨ, ਸਾਹਿਬ ਥਿੰਦ, ਰਸ਼ਪਾਲ ਗਿੱਲ ਪੰਜਾਬੀ ਟ੍ਰਿਬਿਊਨ ਤੇ ਕੈਨੇਡੀਅਨ ਪੰਜਾਬ ਟਾਈਮਜ਼ ਤੋਂ ਅਮਰਪਾਲ ਸਿੰਘ ਸ਼ਾਮਲ ਹੋਏ। ਗੁਰਦੁਆਰਾ ਸਾਹਿਬ ਵਲੋਂ ਸ. ਜਰਨੈਲ ਸਿੰਘ ਆਰਟਿਸਟ ਤੇ ਗਦਰੀ ਦੇਸ਼ ਭਗਤਾਂ ਦੇ ਪਰਿਵਾਰਾਂ ਨੂੰ ਸਨਮਾਨਤ ਕੀਤਾ ਗਿਆ।**

**ਵਰਣਨਯੋਗ ਹੈ ਕਿ ਗੁਰਦੁਆਰਾ ਕੈਨੇਡੀਅਨ ਸਿੰਘ ਸਭਾ ਦੇ ਯਤਨਾਂ ਸਦਕਾ ਸ. ਜਰਨੈਲ ਸਿੰਘ ਦੇ ਬਣਾਏ ਗਦਰੀ ਯੋਧਿਆਂ ਦੇ ਚਿੱਤਰ ਕੇਂਦਰੀ ਸਿੱਖ ਅਜਾਇਬਘਰ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਵੀ 2020 ਵਿਚ ਸਥਾਪਤ ਕੀਤੇ ਜਾ ਚੁੱਕੇ ਹਨ ਤੇ ਉਹਨਾਂ ਕਾਮਾਗਾਟਾਮਾਰੂ ਦੇ ਇਤਹਾਸ ਨੂੰ ਵੀ ਬਾਖੂਬੀ ਚਿਤਰਿਆ ਹੈ।**



# ਭਾਰਤੀ ਮਲ ਦੇ ਅਮਰੀਕੀ ਕਾਰੋਬਾਰੀ ਨੂੰ ਵੀਜ਼ਾ ਘੁਟਾਲੇ ਵਿਚ 15 ਮਹੀਨਿਆਂ ਦੀ ਸਜ਼ਾ

**ਸੈਕਰਾਮੈਂਟੋ (ਬਿਊਰੋ):** ਸਨੀਵੇਲ (ਕੈਲੀਫੋਰਨੀਆ) ਵਾਸੀ ਭਾਰਤੀ ਮੂਲ ਦੇ ਇਕ ਅਮਰੀਕੀ ਕਾਰੋਬਾਰੀ ਕਿਸ਼ੋਰ ਕੁਮਾਰ ਕਾਵੂਰੂ ਨੂੰ ਇਕ ਸੰਘੀ ਅਦਾਲਤ ਨੇ ਵੀਜ਼ਾ ਘੁਟਾਲੇ ਦੇ ਮਾਮਲੇ ਵਿਚ 15 ਮਹੀਨਿਆਂ ਦੀ ਸਜ਼ਾ ਸੁਣਾਈ ਹੈ। ਇਹ ਜਾਣਕਾਰੀ ਕਾਰਜਕਾਰੀ ਅਟਾਰਨੀ ਸਟੈਫਾਈਨ ਐਮ ਹਿੰਡਸ ਨੇ ਦਿੰਦਿਆਂ ਕਿਹਾ ਕਿ ਕਾਵੂਰੂ ਨੇ ਵਿਦੇਸ਼ੀ ਵਰਕਰ ਵੀਜ਼ੇ ਹਾਸਲ ਕਰਨ ਲਈ ਗਲਤ ਜਾਣਕਾਰੀ ਦੇ ਕੇ ਲੱਖਾਂ ਡਾਲਰ ਕਮਾਏ।


ਨਿਆਂ ਵਿਭਾਗ ਵੱਲੋਂ ਜਾਰੀ ਪ੍ਰੈਸ ਰਿਲੀਜ਼ ਅਨੁਸਾਰ 49 ਸਾਲਾ ਕਾਵੂਰੂ ਨੂੰ ਸਜ਼ਾ ਯੂ.ਐਸ. ਡਿਸਟ੍ਰਿਕਟ ਜੱਜ ਐਡਵਰਡ ਜੇ ਡਾਵਿਲਾ ਨੇ ਸੁਣਾਈ। ਕਾਵੂਰੂ ਨੇ ਦਾਅਵਾ ਕੀਤਾ ਸੀ ਕਿ ਉਹ 4 ਕੰਪਨੀਆਂ ਦਾ ਮਾਲਕ ਤੇ ਸੀ.ਈ.ਓ. ਹੈ। ਉਸ ਦੀਆਂ ਕੰਪਨੀਆਂ ਵਿਦੇਸ਼ੀ ਹੁਨਰਮੰਦ ਵਰਕਰਾਂ ਲਈ ਐਚ-1ਬੀ ਵੀਜ਼ਾ ਹਾਸਲ ਕਰਨ ਵਿਚ ਮਾਹਿਰ ਹਨ ਤੇ ਇਨ੍ਹਾਂ ਵਰਕਰਾਂ ਨੂੰ ਅਮਰੀਕਾ ਦੀਆਂ ਤਕਨੀਕੀ ਫਰਮਾਂ ਵਿਚ ਨੌਕਰੀਆਂ ਦਿੱਤੀਆਂ ਜਾਂਦੀਆਂ ਹਨ। ਕਾਵੂਰੂ ਨੇ ਮੰਨਿਆ ਕਿ ਉਸ ਨੇ 2009 ਤੋਂ 2017 ਤਕ ਗਲਤ ਤੇ ਝੂਠੀ ਜਾਣਕਾਰੀ ਦੇ ਆਧਾਰ 'ਤੇ ਸਰਕਾਰੀ ਏਜੰਸੀਆਂ ਤੋਂ ਐਚ-1 ਬੀ ਵੀਜ਼ਾ ਲੈਣ ਦੀ ਸਕੀਮ ਉਪਰ ਕੰਮ ਕੀਤਾ। ਉਸ ਨੇ ਮੰਨਿਆ ਕਿ ਉਸ ਨੇ ਐਚ-1 ਬੀ ਵੀਜ਼ਾ ਦਰਖਾਸਤਾਂ ਦਾਇਰ ਕਰਨ ਦੇ ਬਦਲੇ ਵਿਦੇਸ਼ੀ ਹੁਨਰਮੰਦ ਵਰਕਰਾਂ ਕੋਲੋਂ ਹਜ਼ਾਰਾਂ ਡਾਲਰ ਲਏ, ਜੋ ਕਿ ਅਮਰੀਕਾ ਦੇ ਕਿਰਤ ਨਿਯਮਾਂ ਦੀ ਉਲੰਘਣਾ ਹੈ। ਉਸ ਨੇ ਗਲਤ ਤਰੀਕੇ ਨਾਲ 15 ਲੱਖ ਡਾਲਰ ਤੋਂ ਵੱਧ ਕਮਾਏ।

ਜੱਜ ਨੇ ਉਸ ਨੂੰ 5,33,350.03 ਡਾਲਰਾਂ ਦਾ ਜੁਰਮਾਨਾ ਵੀ ਲਾਇਆ ਹੈ। ਇਸ ਤੋਂ ਇਲਾਵਾ ਸਜ਼ਾ ਭੁਗਤਣ ਉਪਰੰਤ ਉਸ ਉਪਰ 3 ਸਾਲ ਨਜ਼ਰ ਰੱਖੀ ਜਾਵੇਗੀ। ਕਾਵੂਰੂ ਸਜ਼ਾ ਭੁਗਤਣ ਲਈ 10 ਫਰਵਰੀ, 2022 ਨੂੰ ਆਤਮ ਸਮਰਪਣ ਕਰੇਗਾ।

# ਰਮਾਇਣ, ਮਹਾਭਾਰਤ ਤੇ ਗੀਤਾ 'ਤੇ ਖੋਜ ਕੇਂਦਰ ਸਥਾਪਤ ਕਰੇਗੀ ਪੰਜਾਬ ਸਰਕਾਰ

**ਜਲੰਧਰ:** ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਫਗਵਾੜਾ ਨੇੜੇ ਖਾਟੀ ਪਿੰਡ ਵਿਚ ਭਗਵਾਨ ਪਰਸ਼ੂਰਾਮ ਦੇ ਤਪਸ ਸਥਾਨ 'ਤੇ ਨਤਮਸਤਕ ਹੋਣ ਮਗਰੋਂ ਐਲਾਨ ਕੀਤਾ ਕਿ ਪੰਜਾਬ ਸਰਕਾਰ ਰਮਾਇਣ, ਮਹਾਂਭਾਰਤ ਤੇ ਸ੍ਰੀਮਦ ਭਗਵਦ ਗੀਤਾ ਉੱਪਰ ਖੋਜ ਕੇਂਦਰ ਸਥਾਪਤ ਕਰੇਗੀ।

ਉਨ੍ਹਾਂ ਨਾਲ ਹੀ ਕਿਹਾ ਕਿ ਉਹ ਸੰਸਕ੍ਰਿਤੀ ਭਾਸ਼ਾ ਸਿੱਖਣਗੇ ਅਤੇ ਮਹਾਭਾਰਤ ਉਪਰ ਪੀ.ਐਚ.ਡੀ. ਕਰਨਗੇ। ਸ੍ਰੀ ਚੰਨੀ ਨੇ ਜਿਲ੍ਹਾ ਪ੍ਰਸ਼ਾਸਨ ਨੂੰ ਭਗਵਾਨ ਪਰਸ਼ੂਰਾਮ ਦੇ ਮੰਦਿਰ ਦੇ ਵਿਕਾਸ ਲਈ 10 ਕਰੋੜ ਰੁਪਏ ਦਾ ਚੈੱਕ ਵੀ ਸੌਂਪਿਆ। ਮੁੱਖ ਮੰਤਰੀ ਨੇ ਭਗਵਾਨ ਪਰਸ਼ੂਰਾਮ ਦੀ ਪੰਜਾਬੀ ਯੂਨੀਵਰਸਿਟੀ ਵਿਚ ਚੇਅਰ ਲਈ 2 ਕਰੋੜ ਰੁਪਏ ਸਾਲਾਨਾ ਦੇਣ ਦਾ ਐਲਾਨ ਕੀਤਾ। ਸ੍ਰੀ ਚੰਨੀ ਨੇ ਅਕਾਲੀ ਦਲ 'ਤੇ ਤਿੱਖਾ ਹਮਲਾ ਕਰਦਿਆਂ ਕਿਹਾ ਕਿ 'ਕੌਰਵਾਂ ਦਾ ਨਾਸ ਧ੍ਰਿਤਰਾਸ਼ਟਰ ਦੇ ਪੁੱਤਰ ਮੋਹ ਕਾਰਨ ਹੋਇਆ ਸੀ ਅਤੇ ਅਜਿਹਾ ਹੀ ਸ਼੍ਰੋਮਣੀ ਅਕਾਲੀ ਦਲ ਦੇ ਸੁਪਰੀਮੋ ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ ਪੁੱਤਰ ਮੋਹ ਵਿਚ ਪੈ ਕੇ ਕੀਤਾ, ਜਿਸ ਕਾਰਨ ਅੱਜ ਅਕਾਲੀ ਦਲ ਸਭ ਤੋਂ ਔਖੇ ਵਕਤ ਦਾ ਸਾਹਮਣਾ ਕਰ ਰਿਹਾ ਹੈ। ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ 'ਤੇ ਨਿਸ਼ਾਨਾ ਸਾਧਦਿਆਂ ਸ੍ਰੀ ਚੰਨੀ ਨੇ ਕਿਹਾ ਕਿ ਉਹ ਪੰਜਾਬ ਦੇ ਸੱਭਿਆਚਾਰ ਤੋਂ ਅਣਜਾਣ ਹਨ।




# ਹਾਕਮਾਂ ਦੀਆਂ ਲੋਕ ਵਿਰੋਧੀ ਨੀਤੀਆਂ ਖਿਲਾਫ ਡਟੇ ਰਹਿਣ ਦਾ ਹੋਕਾ

**ਚੰਡੀਗੜ੍ਹ:** ਪੰਜਾਬ ਵਿਚ 32 ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਚੱਲ ਰਹੇ ਧਰਨਿਆਂ ਤੋਂ ਹੁਣ ਸੰਘਰਸ਼ਸ਼ੀਲ ਤਬਕਿਆਂ ਨੂੰ ਹਾਕਮ ਧਿਰਾਂ ਖਿਲਾਫ ਇੱਕਜੁਟ ਹੋ ਕੇ ਲੜਨ ਦਾ ਸੱਦਾ ਦਿੱਤਾ ਜਾਣ ਲੱਗਿਆ ਹੈ। ਸੂਬੇ ਵਿਚ ਸਵਾ ਸੌ ਤੋਂ ਵੱਧ ਥਾਵਾਂ 'ਤੇ ਜਾਰੀ ਧਰਨਿਆਂ ਨੂੰ ਸੰਬੋਧਨ ਕਰਦਿਆਂ ਕਿਸਾਨ ਬੁਲਾਰਿਆਂ ਨੇ ਕਿਹਾ ਕਿ ਕੇਂਦਰ ਅਤੇ ਰਾਜ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਖਿਲਾਫ ਹਰ ਵਰਗ ਸੰਘਰਸ਼ ਦੇ ਰਾਹ ਪਿਆ ਹੋਇਆ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਕੈਪਟਨ ਦੀ ਅਗਵਾਈ ਵਾਲੀ ਸਰਕਾਰ ਨੂੰ ਬਦਲ ਕੇ ਚੰਨੀ ਦੀ ਅਗਵਾਈ ਵਿਚ ਨਵੀਆਂ ਬੋਤਲਾਂ ਵਿਚ ਪੁਰਾਣੀ ਸ਼ਰਾਬ ਪਰੋਸ ਕੇ ਸਾਢੇ ਚਾਰ ਸਾਲਾਂ ਦੇ ਲੋਕ ਵਿਰੋਧੀ ਖਾਸੇ ਨੂੰ ਢੱਕਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਪਰ ਚਿਹਰੇ ਬਦਲਣ ਨਾਲ ਪੰਜਾਬ ਦੇ ਲੋਕਾਂ ਦੇ ਬੁਨਿਆਦੀ ਮਸਲੇ ਹੱਲ ਨਹੀਂ ਹੋਣੇ ਕਿਉਂਕਿ ਚੰਨੀ ਸਰਕਾਰ ਦੀ ਨੀਤੀ ਤੇ ਨੀਅਤ ਤਾਂ ਉਹੀ ਹੈ। ਇਸੇ ਕਰਕੇ ਕਿਸਾਨ ਸੰਘਰਸ਼ ਤੋਂ ਸਿੱਖਿਆ ਗ੍ਰਹਿਣ ਕਰਕੇ ਵੱਖੋ-ਵੱਖ ਤਬਕੇ ਸੰਘਰਸ਼ ਦੇ ਰਾਹ ਪਏ ਹਨ। ਉਨ੍ਹਾਂ ਕਿਹਾ ਕਿ ਹਕੂਮਤੀ ਮਸ਼ੀਨਰੀ ਉਸੇ ਢੰਗ ਨਾਲ ਪੇਸ਼ ਆ ਕੇ ਜਬਰ ਦਾ ਸਿੱਧਾ ਕੁਹਾੜਾ ਨੇੜੇ ਹੋਣ ਕਰਕੇ ਨਹੀਂ ਚਲਾ ਰਹੀ ਪਰ ਲਾਰਿਆਂ, ਲੱਪਿਆਂ ਨਾਲ ਡੰਗ ਟਪਾਈ ਕਰਨ ਵਿਚ ਮਸਰੂਫ਼ ਹੈ। ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਮੋਰਚੇ ਦੀ ਅਗਵਾਈ ਹੇਠ ਚੱਲ ਰਹੇ ਇਸ ਕਿਸਾਨ ਅੰਦੋਲਨ ਨੇ ਮੁਲਕ ਦੀਆਂ ਹੱਦਾਂ ਬੰਨੇ ਟੱਪ ਕੇ ਸੰਸਾਰ ਪੱਧਰ ਦੇ ਜੂਝ ਰਹੇ ਕਿਰਤੀ ਕਿਸਾਨਾਂ ਸਮੇਤ ਹੋਰਨਾਂ ਤਬਕਿਆਂ ਲਈ ਨਵੀਂ ਆਸ ਦੀ ਕਿਰਨ ਪੈਦਾ ਕੀਤੀ ਹੈ।

ਉਧਰ, ਤਿੰਨੇ ਖੇਤੀ ਕਾਨੂੰਨ ਰੱਦ ਕਰਨ ਦੇ ਫੈਸਲੇ ਮਗਰੋਂ ਸੰਯੁਕਤ ਕਿਸਾਨ ਮੋਰਚੇ ਨੇ ਅਪੀਲ ਕੀਤੀ ਕਿ ਕੇਂਦਰ ਸਰਕਾਰ ਅੰਦੋਲਨਕਾਰੀ ਕਿਸਾਨਾਂ ਦੀਆਂ ਬਾਕੀ ਮੰਗਾਂ ਵੱਲ ਵੀ ਧਿਆਨ ਦੇਵੇ। ਮੋਰਚੇ ਨੇ ਸਰਦ ਰੁੱਤ ਸੈਸ਼ਨ ਦੌਰਾਨ ਬਿਜਲੀ ਬਿੱਲ ਤੇ ਮਛੇਰਿਆਂ ਬਾਰੇ ਬਿੱਲ ਪੇਸ਼ ਕੀਤੇ ਜਾਣ ਸਬੰਧੀ ਤੌਖਲੇ ਪ੍ਰਗਟਾਏ। ਮੋਰਚੇ ਨੇ ਸਿੱਖਾਂ ਦੇ ਨਾਂ 'ਤੇ ਬਣਾਏ ਗਏ ਜਾਅਲੀ ਸੋਸ਼ਲ ਮੀਡੀਆ ਖਾਤਿਆਂ ਤੋਂ ਕਿਸਾਨਾਂ ਨੂੰ ਚੌਕਸ ਕੀਤਾ ਹੈ। ਕਿਸਾਨ ਆਗੂਆਂ ਨੇ ਸ਼ੰਕੇ ਜ਼ਾਹਰ ਕੀਤੇ ਕਿ ਸਰਦ ਰੁੱਤ ਸੈਸ਼ਨ ਵਿਚ ਵਿਧਾਨਿਕ ਕੰਮਕਾਜ ਦੀ ਸੂਚੀ 'ਚ ਬਿਜਲੀ ਸੋਧ ਬਿੱਲ 2021 ਤੇ ਭਾਰਤੀ ਮੈਰੀਟਾਈਮ ਫਿਸ਼ਰੀਜ਼ ਬਿੱਲ-2021 ਵੀ ਸ਼ਾਮਲ ਹੈ। ਉਨ੍ਹਾਂ ਕਿਹਾ ਕਿ 2007 ਦੀ ਕੌਮੀ ਨੀਤੀ ਮੁਤਾਬਕ ਮਛੇਰੇ ਵੀ ਕਿਸਾਨ ਹੀ ਹਨ ਤੇ ਮੱਛੀ ਮਜ਼ਦੂਰ ਯੂਨੀਅਨਾਂ ਦੇ ਆਗੂਆਂ ਨੇ ਇਸ ਬਿੱਲ ਬਾਰੇ ਫਿਕਰਮੰਦੀ ਜ਼ਾਹਿਰ ਕੀਤੀ ਹੈ।

ਉਧਰ, ਪੰਜਾਬ ਭਰ ਵਿਚ 32 ਕਿਸਾਨ ਧਿਰਾਂ ਦੀ ਅਗਵਾਈ ਵਿਚ ਸੈਂਕੜੇ ਥਾਵਾਂ 'ਤੇ ਚੱਲ ਰਹੇ ਕਿਸਾਨ ਧਰਨਿਆਂ 'ਚ ਔਰਤਾਂ ਦੀ ਗਿਣਤੀ ਭਰਵੇਂ ਰੂਪ ਵਿਚ ਸਾਹਮਣੇ ਆਉਣ ਲੱਗੀ ਹੈ। ਕਣਕ ਦੀ ਬਿਜਾਈ ਮੁੱਕਣ ਮਗਰੋਂ ਇਨ੍ਹਾਂ ਪ੍ਰਦਰਸ਼ਨਾਂ ਵਿਚ ਇਕੱਠ ਵੀ ਵਧਣ ਲੱਗੇ ਹਨ। ਖੇਤੀ ਕਾਨੂੰਨ ਰੱਦ ਹੋਣ ਮਗਰੋਂ ਪੰਜਾਬ ਦੇ ਕਿਸਾਨ ਪ੍ਰਦਰਸ਼ਨਾਂ ਵਿਚ ਉਤਸ਼ਾਹ ਕਾਫੀ ਵਧਿਆ ਹੈ।

ਕਿਸਾਨ ਆਗੂਆਂ ਨੇ ਆਪੋ-ਆਪਣੇ ਸੰਬੋਧਨ ਵਿਚ ਕੇਂਦਰ ਸਰਕਾਰ ਨੂੰ ਕਿਹਾ ਕਿ ਉਹ ਕਿਸਾਨਾਂ ਦੇ ਬਕਾਇਆ ਮਸਲਿਆਂ ਦੇ ਹੱਲ ਬਾਰੇ ਵੀ ਫੌਰੀ ਐਲਾਨ ਕਰੇ। f

ਕਰਤੀ ਕਿਸਾਨ ਯੂਨੀਅਨ ਦੇ ਸੀਨੀਅਰ ਆਗੂ ਰਜਿੰਦਰ ਸਿੰਘ ਦੀਪ ਸਿੰਘ ਵਾਲਾ ਨੇ ਕਿਹਾ ਕਿ ਪਿੰਡਾਂ ਵਿਚੋਂ ਲੋਕ ਹੁਣ ਮੁੜ ਪੰਜਾਬ ਵਿਚਲੇ ਧਰਨਿਆਂ ਵਿਚ ਜੇਤੂ ਅੰਦਾਜ਼ ਨਾਲ ਪੁੱਜਣ ਲੱਗੇ ਹਨ। ਉਨ੍ਹਾਂ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਨੇ ਟਰੈਕਟਰ ਮਾਰਚ ਤਾਂ ਮੁਲਤਵੀ ਕਰ ਦਿੱਤਾ ਹੈ ਪਰ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਦੀ ਪੂਰਨ ਪ੍ਰਕਿਰਿਆ ਮੁਕੰਮਲ ਹੋਣ ਮਗਰੋਂ ਹੀ ਅਗਲਾ ਫੈਸਲਾ ਲਿਆ ਜਾਣਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚਲੇ ਪ੍ਰਦਰਸ਼ਨਾਂ ਵਿਚ ਜੋਸ਼ ਵਧ ਗਿਆ ਹੈ। ਜਾਣਕਾਰੀ ਅਨੁਸਾਰ ਪੰਜਾਬ ਦੇ ਟੌਲ ਪਲਾਜ਼ਿਆਂ 'ਤੇ ਵੀ ਪ੍ਰਦਰਸ਼ਨ ਜਾਰੀ ਹਨ।

**ਨਵੀਂ ਦਿੱਲੀ:** ਕਿਸਾਨ ਅੰਦੋਲਨ ਦਾ ਇਕ ਵਰ੍ਹਾ ਮੁਕੰਮਲ ਹੋਣ 'ਤੇ ਕਾਂਗਰਸ ਆਗੂ ਪ੍ਰਿਯੰਕਾ ਗਾਂਧੀ ਵਾਡਰਾ ਨੇ ਕਿਹਾ ਕਿ ਇਹ ਅੰਦੋਲਨ ਕਿਸਾਨਾਂ ਦੇ 'ਸੱਤਿਆਗ੍ਰਹਿ', 700 ਕਿਸਾਨਾਂ ਦੀ 'ਸ਼ਹੀਦੀ' ਅਤੇ ਭਾਜਪਾ ਸਰਕਾਰ ਦੇ ਹੰਕਾਰ ਲਈ ਚੇਤੇ ਕੀਤਾ ਜਾਵੇਗਾ। ਪ੍ਰਿਯੰਕਾ ਨੇ ਟਵੀਟ ਕਰਕੇ ਕਿਹਾ ਕਿ ਭਾਜਪਾ ਸਰਕਾਰ ਨੇ ਅੰਨਦਾਤੇ ਨਾਲ ਕਈ ਵਧੀਕੀਆਂ ਕੀਤੀਆਂ ਪਰ ਕਿਸਾਨ ਡੋਲੇ ਨਹੀਂ।



## ਦਿੱਲੀ ਵਿਧਾਨ ਸਭਾ ਵੱਲੋਂ ਅੰਦੋਲਨ ਦੇ ਹੱਕ 'ਚ ਮਤਾ

**ਨਵੀਂ ਦਿੱਲੀ:** ਦਿੱਲੀ ਵਿਧਾਨ ਸਭਾ ਨੇ ਕਿਸਾਨ ਅੰਦੋਲਨ ਦੀ ਜਿੱਤ ਦੇ ਹੱਕ 'ਚ ਮਤਾ ਪਾਸ ਕਰ ਦਿੱਤਾ ਹੈ। ਸਪੀਕਰ ਰਾਮ ਨਿਵਾਸ ਗੋਇਲ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿਚ ਦਿੱਲੀ ਦੇ ਸ਼ਹਿਰੀ ਵਿਕਾਸ ਮੰਤਰੀ ਗੋਪਾਲ ਰਾਏ ਨੇ ਕਿਸਾਨ ਅੰਦੋਲਨ ਦੀ ਜਿੱਤ ਸਬੰਧੀ ਮਤਾ ਸਦਨ ਵਿਚ ਰੱਖਿਆ ਜੋ ਬਹੁਮਤ ਨਾਲ ਪਾਸ ਕਰ ਦਿੱਤਾ ਗਿਆ। ਦਿੱਲੀ ਵਿਧਾਨ ਸਭਾ ਵਿਚ ਸਦਨ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਤਿੰਨ ਕਾਲੇ ਕਾਨੂੰਨਾਂ ਖਿਲਾਫ ਕਿਸਾਨ ਅੰਦੋਲਨ ਦੀ ਜਿੱਤ 'ਤੇ ਸਾਰੇ ਦੇਸ ਵਾਸੀਆਂ ਨੂੰ ਵਧਾਈ ਦਿੱਤੀ। ਮੁੱਖ ਮੰਤਰੀ ਨੇ ਕਿਹਾ ਕਿ ਕਿਸਾਨ ਨੇ ਆਪਣੇ ਸੱਤਿਆਗ੍ਰਹਿ ਰਾਹੀਂ ਦਿਖਾ ਦਿੱਤਾ ਹੈ ਕਿ ਬੇਇਨਸਾਫੀ ਖਿਲਾਫ ਸੱਚਾਈ ਤੇ ਮਜ਼ਬੂਤ ਇਰਾਦੇ ਨਾਲ ਲੜਾਈ ਦੀ ਜਰੂਰਤ ਹੁੰਦੀ ਹੈ।

## ਚੋਣਾਂ ਨਾ ਹੁੰਦੀਆਂ ਤਾਂ ਕਾਨੂੰਨ ਵਾਪਸ ਨਾ ਹੁੰਦੇ: ਪਵਾਰ

**ਪੁਣੇ:** ਐਨ.ਸੀ.ਪੀ. ਮੁਖੀ ਸ਼ਰਦ ਪਵਾਰ ਨੇ ਦੋਸ਼ ਲਾਇਆ ਕਿ ਭਾਜਪਾ ਦੀ ਅਗਵਾਈ ਹੇਠਲੀ ਕੇਂਦਰ ਸਰਕਾਰ ਜੇਕਰ ਉਤਰ ਪ੍ਰਦੇਸ਼ ਤੇ ਹੋਰਨਾਂ ਰਾਜਾਂ 'ਚ ਨੇੜ ਭਵਿੱਖ 'ਚ ਵਿਧਾਨ ਸਭਾ ਚੋਣਾਂ ਨਾ ਹੁੰਦੀਆਂ ਤਾਂ ਕੇਂਦਰ ਸਰਕਾਰ ਨੇ ਤਿੰਨੋਂ ਨਵੇਂ ਖੇਤੀ ਕਾਨੂੰਨ ਵਾਪਸ ਲੈਣ ਦਾ ਫੈਸਲਾ ਨਹੀਂ ਲੈਣਾ ਸੀ। ਉਨ੍ਹਾਂ ਕਿਹਾ ਕਿ ਮਹਾਰਾਸ਼ਟਰ 'ਚ ਸ਼ਿਵ ਸੈਨਾ ਦੀ ਅਗਵਾਈ ਹੇਠਲੀ ਮਹਾ ਵਿਕਾਸ ਅਘਾੜੀ (ਐਮ.ਵੀ.ਏ.) ਸਰਕਾਰ ਆਪਣੇ ਕਾਰਜਕਾਲ ਦੇ ਪੰਜ ਸਾਲ ਜਰੂਰ ਪੂਰੇ ਕਰੇਗੀ ਅਤੇ ਉਨ੍ਹਾਂ ਭਰੋਸਾ ਜ਼ਾਹਿਰ ਕੀਤਾ ਕਿ ਜੇਕਰ ਹੁਣ ਚੋਣਾਂ ਹੋ ਜਾਣ ਤਾਂ ਤਿੰਨਾਂ ਪਾਰਟੀਆਂ ਦਾ ਗੱਠਜੋੜ ਇਕ ਵਾਰ ਫਿਰ ਸੱਤਾ 'ਚ ਆ ਜਾਵੇਗਾ।

# ਪੂੰਜੀਪਤੀਆਂ ਦੇ ਬਾਈਕਾਟ ਦਾ ਸਮਾਂ ਆਇਆ: ਰਾਜੇਵਾਲ

**ਲੁਧਿਆਣਾ:** ਸੂਬੇ ਦੀਆਂ ਵੱਖ-ਵੱਖ ਜਥੇਬੰਦੀਆਂ ਨੇ ਲੁਧਿਆਣਾ ਦੇ ਗਿੱਲ ਰੋਡ ਸਥਿਤ ਦਾਣਾ ਮੰਡੀ ਵਿਚ 'ਕਾਰਪੋਰੇਟ ਭਜਾਓ, ਦੇਸ਼ ਬਚਾਓ, ਪੰਜਾਬ ਬਚਾਓ' ਮਹਾਰੈਲੀ ਕੀਤੀ। ਰੈਲੀ ਵਿਚ ਵੱਖ-ਵੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਸ਼ਮੂਲੀਅਤ ਕਰ ਕੇ ਕੇਂਦਰ ਦੀਆਂ ਲੋਕ ਮਾਰੂ ਨੀਤੀਆਂ ਦੀ ਨਿਖੇਧੀ ਕੀਤੀ।

ਜਾਣਕਾਰੀ ਮੁਤਾਬਕ ਇਸ ਮਹਾਰੈਲੀ ਵਿਚ 37 ਜਥੇਬੰਦੀਆਂ ਨੂੰ ਮਿਲਾ ਕਿ ਬਣੇ 'ਪੰਜਾਬ ਬਚਾਓ ਸੰਯੁਕਤ ਮੋਰਚਾ' ਦੇ ਕਾਰਕੁਨ ਹਾਜ਼ਰ ਸਨ। ਆਗੂਆਂ ਨੇ ਕਿਹਾ ਕਿ ਕਿਸਾਨ-ਮਜ਼ਦੂਰ ਦੇ ਸਾਂਝੇ ਸੰਘਰਸ਼ ਸਦਕਾ ਹੀ ਕੇਂਦਰ ਨੂੰ ਖੇਤੀ ਕਾਨੂੰਨ ਰੱਦ ਕਰਨ ਲਈ ਮਜਬੂਰ ਹੋਣਾ ਪਿਆ ਹੈ। ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਜਦੋਂ ਤੋਂ ਨਰਿੰਦਰ ਮੋਦੀ ਦੇਸ਼ ਦਾ ਪ੍ਰਧਾਨ ਮੰਤਰੀ ਬਣਿਆ ਹੈ, ਉਦੋਂ ਤੋਂ ਦੇਸ਼ ਵਿਚ ਪੂੰਜੀਵਾਦ ਭਾਰੂ ਹੋ ਗਿਆ। ਪ੍ਰਧਾਨ ਮੰਤਰੀ ਮੋਦੀ ਸਾਰਾ ਦੇਸ਼ ਪੂੰਜੀਪਤੀਆਂ ਨੂੰ ਦੇਣਾ ਚਾਹੁੰਦੇ ਹਨ। ਇਸ ਕਰ ਕੇ ਅੰਦੋਲਨ ਦੀ ਜਿੱਤ ਤੋਂ ਬਾਅਦ ਹੁਣ ਪਿੰਡ-ਪਿੰਡ, ਸ਼ਹਿਰ ਸ਼ਹਿਰ ਘਰਾਂ ਵਿਚ, ਦੁਕਾਨਾਂ 'ਤੇ, ਫੈਕਟਰੀਆਂ ਵਿਚ ਪੂੰਜੀਪਤੀਆਂ ਦੇ ਬਾਈਕਾਟ ਦੀ ਮੁਹਿੰਮ ਸ਼ੁਰੂ ਕੀਤੀ ਜਾਵੇ ਤਾਂ ਕਿ ਪੂੰਜੀਪਤੀਆਂ ਨੂੰ ਵੀ ਪਤਾ ਲੱਗੇ ਕਿ ਉਨ੍ਹਾਂ ਦਾ ਪੇਚਾ ਕਿੱਥੇ ਪਿਆ ਹੈ।



ਰਾਜੇਵਾਲ ਨੇ ਕਿਹਾ ਕਿ ਇਹ ਮਿੱਥ ਬਣ ਗਈ ਸੀ ਕਿ ਜਿੱਥੇ ਮੋਦੀ ਹੈ ਉਥੇ ਸਭ ਕੁਝ ਸੰਭਵ ਹੈ ਪਰ ਕਿਸਾਨਾਂ-ਮਜ਼ਦੂਰਾਂ ਦਾ ਏਕਾ ਮੋਦੀ ਨੂੰ ਹਰਾਉਣ ਵਿਚ ਸਫਲ ਹੋਇਆ ਹੈ। ਉਨ੍ਹਾਂ ਕਿਹਾ ਕਿ ਇਸ ਰੈਲੀ ਵਿਚ ਸਾਰੇ ਜਾਗਰੂਕ ਦਿਮਾਗ ਬੈਠੇ ਹਨ, ਇਸ ਲਈ ਮਹਿੰਗਾਈ, ਗਰੀਬੀ ਅਤੇ ਬੇਰੁਜ਼ਗਾਰੀ ਦੂਰ ਕਰਨ ਲਈ ਸਿਸਟਮ ਨੂੰ ਬਦਲਣ ਦੀ ਲੋੜ ਹੈ।

# Matrimonials


## ਲੜਕੇ ਦੀ ਲੋੜ ਹੈ

Jatt Sikh family, well settled in the Midwest looking for *suitable* match for their daughter: 28, 5' 5", US citizen, has great family values, educated (Masters & Juris Doctorate), employed as an attorney at a law firm. Only serious responses from a suitable, modern Jatt Sikh gentleman (ages 29-33), professional or business-man. Email *csahi1949@gmail.com or call at (317) 670-7665.*

49-52

Looking for a suitable Ramgarhia Sikh Dhiman match for our beautiful daughter (green card holder), 28 years, 5' 7", MSC - Physics (India), and licensed paraprofessional educator, residing in Chicago area. Please contact: manpreets1211@gmail.com

Jatt Sikh family looking for a suitable match for their 30 yrs, 5'-8" born and raised in US, never married daughter. Degree in BBA & working in Oil & Gas. Vegetarian/non drinker preferred. Please send bio-data/pictures to kaurd1991@yahoo.com

## ਲੜਕੀ ਦੀ ਲੋੜ ਹੈ

31 ਸਾਲਾ ਜੱਟ ਸਿੱਖ ਡਾਕਟਰ, USA citizen ਲੜਕੇ 6'1" ਲਈ ਲੜਕੀ ਦੀ ਲੋੜ ਹੈ। ਲੜਕੀ USA ਵਿਚ ਰਹਿੰਦੀ ਹੋਵੇ ਅਤੇ Portland (Oregon) / Vancouver(WA) ਏਰੀਏ ਵਿੱਚ ਸ਼ਿਫ਼ਟ ਕਰਨ ਦੀ ਚਾਹਵਾਨ ਹੋਵੇ। ਲੜਕੇ ਦਾ ਪਰਿਵਾਰ USA ਵਿੱਚ Well settle ਹੈ। ਚਾਹਵਾਨ singh2998@outlook.com 'ਤੇ ਸੰਪਰਕ ਕਰ ਸਕਦੇ ਹਨ।

Suitable match for Ramgarhia sikh boy. 5'8" 1993 born. Qualification BBA Finance & Accounting. MS in Information System Management from US university. Please contact us at 713-594-3233 and email us at Ranbir60@yahoo.com.

DEC-MARCH

Looking for educated Punjabi Sikh girl for Jatt boy 28, 6', US born and raised. Never married. RN-Nurse. Vegetarian/non-drinker preferred. Send bio and picture to dina.kaur@yahoo.com.

ਸੈਣੀ ਸਿੱਖ ਉਮਰ 36 ਸਾਲ, ਕੱਦ 5'-8" ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ: 319-670-8892

Looking for a suitable educated US Citizen/Green Card holder Punjabi Sikh woman for Punjabi Jatt Sikh Gill clean shaven Divorced man 43, 5'-7", US Citizen, belongs to educated family from Punjab, India. Please contact at: sukhkaran1978@outlook.com


# ਗੁਰਦੁਆਰਾ ਸਿੰਘ ਸਭਾ ਰੈਂਟਨ ਵਲੋਂ ਕਾਮੇਡੀਅਨ ਗੁਰਪ੍ਰੀਤ ਘੁੱਗੀ ਦਾ ਸਨਮਾਨ

**ਸਿਆਟਲ:** ਪੰਜਾਬ ਦੇ ਉੱਘੇ ਕਾਮੇਡੀਅਨ ਗੁਰਪ੍ਰੀਤ ਸਿੰਘ ਘੁੱਗੀ ਨੂੰ ਸਿਆਟਲ ਦੇ ਗੁਰਦੁਆਰਾ ਸਿੰਘ ਸਭਾ ਰੈਂਟਨ ਦੇ ਹੈੱਡ ਗ੍ਰੰਥੀ ਭਾਈ ਦਵਿੰਦਰ ਸਿੰਘ ਨੇ ਗੁਰੂ ਘਰ ਵਲੋਂ ਸਿਰੋਪਾਓ ਦੇ ਕੇ ਨਿਵਾਜਿਆ। ਗੁਰਪ੍ਰੀਤ ਘੁੱਗੀ ਆਪਣੀ ਪੰਜਾਬੀ ਫਿਲਮ 'ਪਾਣੀ 'ਚ ਮਧਾਣੀ' ਦੀ ਪ੍ਰਮੋਸ਼ਨ ਲਈ ਸਿਆਟਲ ਦੇ ਪ੍ਰੋਡਿਊਸਰ ਡਾ. ਪ੍ਰਭਜੋਤ ਸਿੰਘ ਸਿੱਧੂ ਤੇ ਸੰਨੀ ਰਾਜ ਦੇ ਸੱਦੇ 'ਤੇ ਸਿਆਟਲ ਆਏ ਸਨ, ਜਿੱਥੇ ਉਨ੍ਹਾਂ ਦੇ ਪ੍ਰਸ਼ੰਸਕਾਂ ਵਲੋਂ ਵੱਖ-ਵੱਖ ਥਾਵਾਂ 'ਤੇ ਉਨ੍ਹਾਂ ਦਾ ਭਰਵਾਂ ਸਵਾਗਤ ਕੀਤਾ ਗਿਆ।

ਗੁਰਪ੍ਰੀਤ ਘੁੱਗੀ ਕਾਮੇਡੀ ਕਿੰਗ ਵਜੋਂ ਜਾਣੇ ਜਾਂਦੇ ਹਨ, ਜਿਨ੍ਹਾਂ ਨੇ ਕਈ ਫਿਲਮਾਂ, ਡਰਾਮਿਆਂ ਤੇ ਸਟੇਜਾਂ 'ਤੇ ਕਾਮੇਡੀ ਕਰ ਕੇ ਨਾਮਣਾ ਖੱਟਿਆ ਹੈ। ਉਨ੍ਹਾਂ ਨੇ ਪੰਜਾਬੀ ਨੂੰ ਪ੍ਰਫੁਲਿਤ ਕਰਨ ਵਿਚ ਵੀ ਵੱਡਾ ਯੋਗਦਾਨ ਪਾਇਆ ਹੈ। ਉਹ ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਧਾਨ ਵੀ ਰਹਿ ਚੁੱਕੇ ਹਨ।



*ਗੁਰਦੁਆਰਾ ਸਿੰਘ ਸਭਾ ਰੈਂਟਨ ਦੇ ਹੈੱਡ ਗ੍ਰੰਥੀ ਭਾਈ ਦਵਿੰਦਰ ਸਿੰਘ, ਪੰਜਾਬ ਦੇ ਨਾਮਵਰ ਕਾਮੇਡੀਅਨ ਗੁਰਪ੍ਰੀਤ ਘੁੱਗੀ ਨੂੰ ਸਿਰੋਪਾਓ ਪਾ ਕੇ ਨਿਵਾਜਦੇ ਹੋਏ। ਨਾਲ ਹਾਜ਼ਰ ਹਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਤੇ ਉਪ-ਪ੍ਰਧਾਨ ਬਲਦੇਵ ਸਿੰਘ ਛੀਨਾ, ਮਹਿੰਦਰ ਸਿੰਘ ਸਿੱਧੂ ਤੇ ਗੁਰਦੁਆਰੇ ਦੇ ਸੇਵਾਦਾਰ।*

# ਤੰਦੂਰੀਏ ਦੀ ਲੋੜ ਹੈ

ਜਾਰਜੀਆ, ਕੋਲੰਬਸ ਵਿਚ ਇੰਡੀਅਨ ਰੈਸਟੋਰੈਂਟ ਵਾਸਤੇ ਤੰਦੂਰੀਏ ਦੀ ਲੋੜ ਹੈ

*ਚੰਗੀ ਤਨਖਾਹ; ਖਾਣਾ ਅਤੇ ਰਿਹਾਇਸ਼ ਫਰੀ*

ਸੰਪਰਕ ਕਰੋ: ਸੂਰਤ ਸਿੰਘ ਖਾਰਾ

ਫੋਨ: 205-799-2350

# ਤਜਰਬੇਕਾਰ ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ

ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਤਜਰਬੇਕਾਰ ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ

*ਚੰਗੀ ਤਨਖਾਹ; ਖਾਣਾ ਅਤੇ ਰਿਹਾਇਸ਼ ਫਰੀ*


ਕਾਲ ਕਰੋ: ਮਿ. ਸਿੰਘ

ਫੋਨ: 515-291-1961

# Homeopathicvibes

## Harminder Singh Gill

Homeopathic Consultant and Practitioner



*D.H.M.S; B.C.I.H*

(Ex Homeopathic Medical officer Punjab Govt.)

**Now we have two locations:**

940 E. El Camino Real, Sunnyvale, CA 94087

39039 Paseo Padre Pkwy, Suite# 209 (upstairs), Fremont, CA 94538

Ph: (408) 737-7100

Fax: (408)737-7102 www.homeopathicvibes.com

*We sell and ship homeopathic remedies through out North America.*

# ਤੰਦੂਰੀਏ, ਕੁੱਕ, ਕਿਚਨ ਹੈਲਪਰ, ਵੇਟਰ ਅਤੇ ਡਿਸ਼ਵਾਸ਼ਰ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ 'ਢਾਬਾ' ਲਈ ਤੰਦੂਰੀਏ, ਕੁੱਕ, ਕਿਚਨ ਹੈਲਪਰ, ਵੇਟਰ ਤੇ ਡਿਸ਼ਵਾਸ਼ਰ ਦੀ ਲੋੜ ਹੈ।

ਮੁਫਤ ਖਾਣਾ ਤੇ ਹੋਰ ਸਹੂਲਤਾਂ

*ਸੰਪਰਕ ਕਰੋ: ਮਿਸਟਰ ਸਿੰਘ*

ਫੋਨ: 608-886-2500

41-48

# ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973

DHMS-Gold Medalist, BAMS, MDEh.- India

**Well Experienced as:**

Director, Principal, Professor and Chief Medical Officer in Medical Colleges and Hospitals of Punjab (India)

Practice Under State of California Act SB 577

**EX Member:** The California Homeopathic Society

National Center For Homeopathy- USA



*Gurdip Singh Sandhu*

**Live on Jas TV**

Saturday 9:30AM and Sunday 4PM (Pacific Time)

7021 Village Park Way, Dublin, CA 94568

Email: Homeomedicine@yahoo.com

# Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

*One of the Fastest Growing City in America and Best School System...*

- ਨਵੇਂ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



*Kamaljeet Kaur*

**For the Best advice for BUYING-SELLING-RENTING**

Ben Singh Bashal (Realtor/Broker) ♦✲: ੩੧੭-੮੦੯-੧੮੧੮ midlandrealtygroup@yahoo.com

Kamaljeet Kaur (Realtor/Broker) ♦✲: ੩੧੭-੯੦੯-੯੨੯੫ kahlonkamaljeet@gmail.com

*Mortgage rates available from 2.1% to 3%*

Midland Realty Group-Company You Trust

# ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
- 3 Axle Alignment $199
- Trailer Alignment $150

**Grand Opening**

**Special Price for Truck Wash**

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ

1950 E Miner Ave.

Stockton, CA 95205

Ph: 209.982.9996

FAX: 209.982.9997

www.globalmultiservices.com info@globalmultiservices.com

## REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210

FAX: 209.547.9211

## REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996

FAX: 209.982.9997

**Punjab Times**
Established in 2000
22nd Year in Publication

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਐਡਵੋਕੇਟ ਹਰਜਿੰਦਰ ਸਿੰਘ ਧਾਮੀ ਬਣੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ



**ਅੰਮ੍ਰਿਤਸਰ:** ਸਿੱਖ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤੇ ਹੋਰ ਅਹੁਦੇਦਾਰਾਂ ਦੀ ਚੋਣ ਵਾਸਤੇ ਹੋਏ ਜਨਰਲ ਇਜਲਾਸ ਵਿਚ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਸੰਸਥਾ ਦਾ ਪ੍ਰਧਾਨ ਚੁਣ ਲਿਆ ਗਿਆ ਹੈ। ਰਘੁਜੀਤ ਸਿੰਘ ਵਿਰਕ ਨੂੰ ਸੀਨੀਅਰ ਮੀਤ ਪ੍ਰਧਾਨ, ਪ੍ਰਿੰਸੀਪਲ ਸੁਰਿੰਦਰ ਸਿੰਘ ਨੂੰ ਜੂਨੀਅਰ ਮੀਤ ਪ੍ਰਧਾਨ ਅਤੇ ਕਰਨੈਲ ਸਿੰਘ ਪੰਜੋਲੀ ਨੂੰ ਜਨਰਲ ਸਕੱਤਰ ਚੁਣਿਆ ਗਿਆ ਹੈ।

ਤੇਜਾ ਸਿੰਘ ਸਮੁੰਦਰੀ ਹਾਲ ਵਿਚ ਹੋਏ ਜਨਰਲ ਇਜਲਾਸ ਦੌਰਾਨ ਪ੍ਰਧਾਨ ਅਤੇ ਜਨਰਲ ਸਕੱਤਰ ਦੀ ਚੋਣ ਵੋਟਾਂ ਪਾ ਕੇ ਕੀਤੀ ਗਈ ਹੈ ਜਦੋਂਕਿ ਸੀਨੀਅਰ ਤੇ ਜੂਨੀਅਰ ਮੀਤ ਪ੍ਰਧਾਨ ਬਿਨਾਂ ਕਿਸੇ ਵਿਰੋਧ ਦੇ ਨਾਮਜ਼ਦ ਕੀਤੇ ਗਏ ਹਨ। ਸ਼੍ਰੋਮਣੀ ਕਮੇਟੀ ਦੀ 11 ਮੈਂਬਰੀ ਅੰਤ੍ਰਿੰਗ ਕਮੇਟੀ ਵਿਚ ਹਰਜਾਪ ਸਿੰਘ ਸੁਲਤਾਨਵਿੰਡ, ਸੁਰਜੀਤ ਸਿੰਘ ਕੰਗ, ਗੁਰਿੰਦਰਪਾਲ ਸਿੰਘ ਗੋਰਾ, ਜੋਧ ਸਿੰਘ ਸਮਰਾ, ਬੀਬੀ ਗੁਰਪ੍ਰੀਤ ਕੌਰ, ਸਰਵਣ ਸਿੰਘ ਕੁਲਾਰ, ਸੁਰਜੀਤ ਸਿੰਘ ਗੜ੍ਹੀ, ਜਰਨੈਲ ਸਿੰਘ ਡੋਗਰਾਂਵਾਲਾ, ਬਲਵਿੰਦਰ ਸਿੰਘ ਵੇਈਂਪੂਈ, ਅਮਰਜੀਤ ਸਿੰਘ ਬੰਡਾਲਾ ਅਤੇ ਵਿਰੋਧੀ ਧਿਰ ਦੇ ਇਕ ਮੈਂਬਰ ਵਜੋਂ ਗੁਰਪ੍ਰੀਤ ਸਿੰਘ ਨੂੰ ਸ਼ਾਮਲ ਕੀਤਾ ਗਿਆ ਹੈ। ਇਜਲਾਸ ਦੌਰਾਨ ਵਿਰੋਧੀ ਧਿਰ ਦੇ ਮੈਂਬਰਾਂ ਵਲੋਂ ਪਾਏ ਰੌਲੇ-ਰੱਪੇ ਕਾਰਨ ਸਾਰੇ ਮਤੇ ਨਹੀਂ ਪੜ੍ਹੇ ਜਾ ਸਕੇ ਅਤੇ ਸਮਾਗਮ ਦੀ ਸਮਾਪਤੀ ਲਈ ਅਰਦਾਸ ਕਰ ਦਿੱਤੀ ਗਈ। ਸਮਾਗਮ ਦੇ ਸ਼ੁਰੂ ਵਿਚ ਹੀ ਬਲਵਿੰਦਰ ਸਿੰਘ ਬੈਂਸ ਤੇ ਉਨ੍ਹਾਂ ਦੇ ਸਾਥੀਆਂ ਨੇ ਲਾਪਤਾ ਸਰੂਪਾਂ ਦਾ ਮਾਮਲਾ ਉਠਾਉਣ ਦਾ ਯਤਨ ਕੀਤਾ ਜਦੋਂਕਿ ਚੋਣ ਦੇ ਮੱਧ ਦੌਰਾਨ ਵਿਰੋਧੀ ਧਿਰ ਦੇ ਇਨ੍ਹਾਂ ਸਾਰੇ ਮੈਂਬਰਾਂ ਨੇ ਅੰਤ੍ਰਿੰਗ ਕਮੇਟੀ ਵਿਚ ਦੋ ਮੈਂਬਰ ਲੈਣ ਦੀ ਮੰਗ ਨੂੰ ਲੈ ਕੇ ਰੌਲਾ ਪਾਇਆ, ਜਿਸ ਨਾਲ ਮਰਿਆਦਾ ਵੀ ਭੰਗ ਹੋਈ।

ਇਜਲਾਸ ਦੌਰਾਨ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਵਲੋਂ ਸੁਰਜੀਤ ਸਿੰਘ ਭਿੱਟੇਵੱਡ ਨੇ ਪ੍ਰਧਾਨ ਵਾਸਤੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦਾ ਨਾਂ ਪੇਸ਼ ਕੀਤਾ, ਜਿਸ ਦੀ ਤਾਈਦ ਮਜ਼ੀਦ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਅਤੇ ਰਵਿੰਦਰ ਸਿੰਘ ਖਾਲਸਾ ਨੇ ਕੀਤੀ। ਇਸ ਦੌਰਾਨ ਦੂਜੀ ਧਿਰ ਵਲੋਂ ਅਮਰੀਕ ਸਿੰਘ ਸ਼ਾਹਪੁਰ ਨੇ ਪ੍ਰਧਾਨ ਵਾਸਤੇ ਮਿੱਠੂ ਸਿੰਘ ਕਾਹਨੇਕੇ ਦਾ ਨਾਂ ਪੇਸ਼ ਕੀਤਾ। ਇਸ ਮੌਕੇ ਵੋਟਾਂ ਪਾ ਕੇ ਚੋਣ ਕੀਤੀ ਗਈ। ਕੁੱਲ ਹਾਜ਼ਰ 142 ਮੈਂਬਰਾਂ ਨੇ ਵੋਟਾਂ ਪਾਈਆਂ, ਜਿਸ ਵਿਚੋਂ ਸ੍ਰੀ ਧਾਮੀ ਨੂੰ 122 ਅਤੇ ਸ੍ਰੀ ਕਾਹਨੇਕੇ ਨੂੰ ਸਿਰਫ 19 ਵੋਟਾਂ ਪ੍ਰਾਪਤ ਹੋਈਆਂ ਜਦੋਂਕਿ ਇਕ ਵੋਟ ਰੱਦ ਹੋ ਗਈ।

## ਮੋਦੀ ਸਰਕਾਰ ਕਿਸਾਨਾਂ ਨਾਲ ਮਸ਼ਵਰੇ ਲਈ ਮਜਬੂਰ

*(ਪਹਿਲੇ ਸਫਾ ਦੀ ਬਾਕੀ)*

ਨਹੀਂ ਲੱਗੀ। ਕਿਸਾਨਾਂ ਸ਼ੁਰੂ ਤੋਂ ਮੰਗ ਕਰਦੇ ਰਹੇ ਹਨ ਕਿ ਉਨ੍ਹਾਂ ਨਾਲ ਜੋ ਵੀ ਸਰਕਾਰੀ ਨੁਮਾਇੰਦਾ ਗੱਲ ਕਰਨ ਆਵੇ, ਉਸ ਨੂੰ ਆਖਰੀ ਫੈਸਲਾ ਲੈਣ ਦੀਆਂ ਸਾਰੀਆਂ ਤਾਕਤਾਂ ਦੇ ਕੇ ਭੇਜਿਆ ਜਾਵੇ ਪਰ 11 ਦੌਰ ਦੇ ਗੱਲਬਾਤ ਦੌਰਾਨ ਕੇਂਦਰ ਵੱਲੋਂ ਭੇਜੇ ਮੰਤਰੀ ਇਹ ਗੱਲ ਆਖ ਕੇ ਤੁਰਦੇ ਬਣੇ ਕਿ ਮਸਲਿਆਂ ਉਤੇ ਵਿਚਾਰ ਕਰਾਂਗੇ।

ਇਸੇ ਸਾਲ 26 ਜਨਵਰੀ ਨੂੰ ਟਰੈਕਟਰ ਮਾਰਚ ਦੌਰਾਨ ਸਰਕਾਰ ਨੇ ਸ਼ਾਂਤਮਈ ਸੰਘਰਸ਼ ਉਤੇ ਹਿੰਸਕ ਹੋਣ ਦਾ ਠੱਪਾ ਲਾ ਕੇ ਗੱਲਬਾਤ ਤੋਂ ਕਿਨਾਰਾ ਕਰ ਲਿਆ। ਇਸ ਤੋਂ ਬਾਅਦ ਕਿਸਾਨ ਜਥੇਬੰਦੀਆਂ ਲਗਾਤਾਰ ਸਰਕਾਰ ਨਾਲ ਗੱਲਬਾਤ ਦੀ ਅਪੀਲ ਕਰਦੀਆਂ ਰਹੀਆਂ ਪਰ ਸਰਕਾਰ ਕਾਨੂੰਨਾਂ ਦੇ ਚੰਗੇ ਹੋਣ ਦੀ ਰਟ ਲਾਈ ਰੱਖੀ।

ਹੁਣ ਪ੍ਰਧਾਨ ਮੰਤਰੀ ਨੇ 19 ਨਵੰਬਰ ਨੂੰ ਅਚਾਨਕ ਤਿੰਨੇ ਕਾਨੂੰਨ ਵਾਪਸ ਲੈਣ ਦਾ ਐਲਾਨ ਕਰਕੇ ਕਿਸਾਨਾਂ ਨੂੰ ਵਾਪਸ ਘਰ ਮੁੜਨ ਦੀ ਸਲਾਹ ਦੇ ਦਿੱਤੀ। ਦਰਅਸਲ, ਹਾਰ ਦੇ ਬਾਵਜੂਦ ਮੋਦੀ ਸਰਕਾਰ ਆਪਣੇ ਫੈਸਲਿਆਂ ਉਤੇ ਅਟੱਲ ਰਹਿਣ ਵਾਲੇ ਭਰਨ ਨੂੰ ਕਿਸੇ ਵੀ ਕੀਮਤ ਉਤੇ ਟੁੱਟਣ ਨਹੀਂ ਦੇਣਾ ਚਾਹੁੰਦੀ। ਖੇਤੀ ਕਾਨੂੰਨਾਂ ਦੀ ਵਾਪਸੀ ਨੂੰ ਵੀ ਇਸੇ ਢੰਗ ਨਾਲ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਹਾਲਾਂਕਿ ਸਰਕਾਰ ਦਾ ਇਹ ਦਾਅ ਪੁੱਠਾ ਪੈਂਦਾ ਜਾਪ ਰਿਹਾ ਹੈ। ਕਿਸਾਨ ਜਥੇਬੰਦੀਆਂ ਹੁਣ ਇਹ ਦਬਾਅ ਬਣਾ ਰਹੀਆਂ ਹਨ ਕਿ 'ਘਰ ਵਾਪਸੀ' ਉਦੋਂ ਹੀ ਹੋਵੇਗੀ ਜਦੋਂ ਸਰਕਾਰ ਟੇਬਲ ਉਤੇ ਗੱਲਬਾਤ ਰਾਹੀਂ ਹਰ ਮਸਲੇ ਉਤੇ ਗੱਲ ਨਿਬੇੜੇਗੀ। ਮੌਜੂਦਾ ਬਣ ਰਿਹਾ ਮਾਹੌਲ ਇਸ਼ਾਰਾ ਕਰ ਰਿਹਾ ਹੈ ਕਿ ਸਰਕਾਰ, ਖਾਸ ਕਰਕੇ ਪੀਐਮ ਮੋਦੀ ਨੇ ਆਪਣੀ ਹੈਂਕੜ ਨੂੰ ਅੱਗੇ ਰੱਖਣ ਦੇ ਚੱਕਰ ਵਿਚ ਮਸਲਾ ਉਲਝਾ ਲਿਆ ਹੈ।

## ਸਿੱਧੂ ਮੂਸੇਵਾਲਾ ਨੂੰ ਮੈਦਾਨ 'ਚ ਉਤਾਰਨ ਦੇ ਚਰਚੇ

**ਮਾਨਸਾ:** ਸੂਤਰਾਂ ਦੀ ਮੰਨੀ ਜਾਵੇ ਤਾਂ ਕਾਂਗਰਸ ਹਾਈਕਮਾਨ ਵਿਧਾਨ ਸਭਾ ਹਲਕਾ ਮਾਨਸਾ ਤੋਂ ਗਾਇਕ ਸ਼ੁਭਦੀਪ ਸਿੰਘ ਸਿੱਧੂ ਉਰਫ ਸਿੱਧੂ ਮੂਸੇਵਾਲਾ ਨੂੰ ਚੋਣ ਮੈਦਾਨ 'ਚ ਉਤਾਰਨ ਦੀ ਤਿਆਰੀ ਵਿਚ ਹੈ। ਪਾਰਟੀ ਦੀ ਕੇਂਦਰੀ ਤੇ ਪੰਜਾਬ ਇਕਾਈ ਸਿੱਧੂ ਨਾਲ ਸੰਪਰਕ ਰੱਖ ਰਹੀ ਹੈ ਅਤੇ ਪੰਜਾਬ ਕੈਬਨਿਟ ਦੇ ਕਈ ਮੰਤਰੀਆਂ ਵੱਲੋਂ ਵੀ ਸਿੱਧੂ ਨਾਲ ਰਾਬਤਾ ਰੱਖਿਆ ਹੋਇਆ ਹੈ।

## ਰੂਸੀ ਰਾਸ਼ਟਰਪਤੀ ਦਾ ਭਾਰਤ ਦੌਰਾ 6 ਨੂੰ

**ਨਵੀਂ ਦਿੱਲੀ:** ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ 6 ਦਸੰਬਰ ਨੂੰ ਭਾਰਤ ਦੌਰੇ 'ਤੇ ਆਉਣਗੇ। ਇਥੇ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ 21ਵੇਂ ਭਾਰਤ-ਰੂਸ ਸਾਲਾਨਾ ਸੰਮੇਲਨ ਵਿਚ ਹਿੱਸਾ ਲੈਣਗੇ ਅਤੇ ਦੁਵੱਲੇ ਤੇ ਸਾਂਝੇ ਹਿੱਤਾਂ ਸਬੰਧੀ ਸਾਰੇ ਕੌਮਾਂਤਰੀ ਮੁੱਦਿਆਂ 'ਤੇ ਚਰਚਾ ਕਰਨਗੇ।

## ਕਾਂਗਰਸ ਤੋਂ ਬਾਗੀ ਹੋਈ ਪ੍ਰਨੀਤ ਕੌਰ

**ਚੰਡੀਗੜ੍ਹ:** ਪਟਿਆਲਾ ਤੋਂ ਸੰਸਦ ਮੈਂਬਰ ਪ੍ਰਨੀਤ ਕੌਰ ਨੇ ਕਾਂਗਰਸ ਨੂੰ ਬਾਗੀ ਤੇਵਰ ਦਿਖਾਉਣੇ ਸ਼ੁਰੂ ਕਰ ਦਿੱਤੇ ਹਨ। ਉਹ ਖੁੱਲ੍ਹ ਕੇ ਕੈਪਟਨ ਅਮਰਿੰਦਰ ਸਿੰਘ ਦੀ ਹਮਾਇਤ 'ਚ ਨਿੱਤਰ ਆਏ ਹਨ। ਕਾਂਗਰਸ ਵੱਲੋਂ ਜਾਰੀ ਕੀਤੇ ਗਏ 'ਕਾਰਨ ਦੱਸੋ' ਨੋਟਿਸ ਦੀ ਪ੍ਰਵਾਹ ਕੀਤੇ ਬਿਨਾਂ ਪ੍ਰਨੀਤ ਕੌਰ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਉਹ ਆਪਣੇ ਪਤੀ ਅਮਰਿੰਦਰ ਸਿੰਘ ਨਾਲ ਖੜ੍ਹਨਗੇ।

**2016 Dry Vans For Sale**

Custom built 2016 Wabash 53' DuraPlate, High Definition, 18" apart Wall posts, 2 Vents, Onboard Scales, Tire racks and much more.



**Price $59,000 Each**

2016 ਵਾਬਾਸ਼ ਦੀਆਂ ਡਿਊਰਾ ਪਲੇਟ ਡਰਾਈ ਵੈਨਾਂ, ਹਾਈ ਡੈਫੀਨੇਸ਼ਨ, 18 ਇੰਚ ਉਪਰ ਵਾਲ ਪੋਸਟ, 2 ਵੈਂਟ ਵਿੰਡੋਜ਼, ਸਕੇਲ ਬਹੁਤ ਘੱਟ ਚੱਲੀਆਂ ਹੋਈਆਂ ਵਿਕਾਊ ਹਨ।

**Call or Text Jassi: (317) 529 6532**

ONLY FOR THOSE WHO MISS
THE 'PIND' OF THEIR CHILDHOOD MEMORIES

**Project 'Mera Pind 360'**
By Friends Of Punjab Foundation

'SERVING HUMANITY' dedicated to Guru Nanak' teaching.

FRIENDS OF PUNJAB FOUNDATION
SERVING HUMANITY
Dedicated to the teachings of Guru Nanak Dev Ji

- NRIs, your 'Pind' waiting for your help.
- Renew your relationship with your 'Pind'
- Help your 'Pind's needy.
- Join over 100 NRIs, covering more than 50 of their own villages.

- Many ways to help.
- Struggling families:
  Monthly financial help and help for the higher education of their children.
- Skills training in the Pind:
  Ladies Dress Design, Dairy, Beauty parlor, Computer skills including basis/ advanced/digital design, etc
- Govt. services in the Pind:
  Adhar card, pan number, health insurance card, passport application, railway tickets, etc
- Small farmer help:
  Establish an agri-center for small farmers who have no machinery etc
- Other Services:
  High-speed WiFi, Library, Smart TV for webinars, telehealth, remote learnings.

- No fee. No donation. No middle man. Just get free help from Foundation's volunteers.
- Foundation will help screen your own selected village/ families OR will assign pre-screened families in need.
- Do not wait. Visit our site, send an email, or call us for more details.

Contact: Bhupinder S Hundal (USA)
630-802-2179 | Email: hundalb@yahoo.com

www.friendsofpunjabfoundation.org
Bhupinder S Hundal (USA) 630-802-2179 | hundalb@yahoo.com

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

ਇੰਡੀਅਨ ਰੈਸਟੋਰੈਂਟ ਵਿਕਾਊ ਹੈ

ਮਿਲਵਾਕੀ (ਵਿਸਕਾਨਸਿਨ) ਨੇੜੇ ਇੰਡੀਅਨ ਰੈਸਟੋਰੈਂਟ ਵਿਕਾਊ ਹੈ

ਸੇਲ: 60,000 ਪ੍ਰਤੀ ਮਹੀਨਾ

ਸੰਪਰਕ ਕਰੋ: 317-874-8086

Indian Restaurent For Sale

Indian Restaurent For Sale Near Milwaukee (WI)

Per Month Sale: 60,000

Contact: 317-874-8086

ਕੁੱਕ, ਵੇਟਰ ਅਤੇ ਡਿਸ਼ਵਾਸ਼ਰ ਦੀ ਲੋੜ ਹੈ

ਮਿਜ਼ੂਰੀ, ਜੈਫਰਸਨ ਵਿਚ ਭਾਰਤੀ ਰੈਸਟੋਰੈਂਟ ਲਈ ਤਜਰਬੇਕਾਰ ਕੁੱਕ, ਵੇਟਰ ਤੇ ਡਿਸ਼ਵਾਸ਼ਰ (ਫੁੱਲ ਟਾਈਮ) ਦੀ ਲੋੜ ਹੈ।

ਮੁਫਤ ਰਿਹਾਇਸ਼ ਤੇ ਹੋਰ ਸਹੂਲਤਾਂ

ਸੰਪਰਕ ਕਰੋ: ਹਰਸ਼ ਸਿੰਘ

ਫੋਨ: 507-202-4221

48-49

Fresno County Superior Court Case Number: 18CEFL01030

Summons

NOTICE TO RESPONDENT (Name): SUKHWINDER SINGH

PETITIONER: MANPREET KAUR

You have been sued. Read the information below:

You have 30 calendar days after this Summons and Petition are served on you to file a Response (form FL-120) at the court and have a copy served on the petitioner. A letter, phone call, or court appearance will not protect you.If you do not file your Response on time, the court may make orders affecting your marriage or domestic partnership, your property, and custody of your children. You may be ordered to pay support and attorney fees and costs. For legal advice, contact a lawyer immediately. Get help finding a lawyer at the California Courts Online Self-Help Center (www.courts.ca.gov/selfhelp), at the California Legal Services website (www.lawhelpca.org), or by contacting your local county bar association.

NOTICE—RESTRAINING ORDERS: These restraining orders are effective against both spouses or domestic partners until the petition is dismissed, a judgment is entered, or the court makes further orders. They are enforceable anywhere in California by any law enforcement officer who has received or seen a copy of them.

FEE WAIVER: If you cannot pay the filing fee, ask the clerk for a fee waiver form. The court may order you to pay back all or part of the fees and costs that the court waived for you or the other party.

The name and address of the court are:
FRESNO COUNTY SUPERIOR COURT
1130 'O' STREET
FRESNO, CA 93721

Name of Petitioner or Petitioner's attorney
Tanvir Joshi (Joshi Law Firm)
516 W. Shaw Ave Ste 200
Fresno, CA 93704

STANDARD FAMILY LAW RESTRAINING ORDERS

Starting immediately, you and your spouse or domestic partner are restrained from:

1. removing the minor children of the parties from the state or applying for a new or replacement passport for those minor children without the prior written consent of the other party or an order of the court;
2. cashing, borrowing against, canceling, transferring, disposing of, or changing the beneficiaries of any insurance or other coverage, including life, health, automobile, and disability, held for the benefit of the parties and their minor children;
3. transferring, encumbering, hypothecating, concealing, or in any way disposing of any property, real or personal, whether community, quasi-community, or separate, without the written consent of the other party or an order of the court, except in the usual course of business or for the necessities of life; and
4. creating a nonprobate transfer or modifying a nonprobate transfer in a manner that affects the disposition of property subject to the transfer, without the written consent of the other party or an order of the court. Before revocation of a nonprobate transfer can take effect or a right of survivorship to property can be eliminated, notice of the change must be filed and served on the other party.

You must notify each other of any proposed extraordinary expenditures at least five business days prior to incurring these extraordinary expenditures and account to the court for all extraordinary expenditures made after these restraining orders are effective. However, you may use community property, quasi-community property, or your own separate property to pay an attorney to help you or to pay court costs.

NOTICE—ACCESS TO AFFORDABLE HEALTH INSURANCE: Do you or someone in your household need affordable health insurance? If so, you should apply for Covered California. Covered California can help reduce the cost you pay towards high quality affordable health care. For more information, visit www.coveredca.com. Or call Covered California at 1-800-300-1506.

WARNING—IMPORTANT INFORMATION California law provides that, for purposes of division of property upon dissolution of a marriage or domestic partnership or upon legal separation, property acquired by the parties during marriage or domestic partnership in joint form is presumed to be community property. If either party to this action should die before the jointly held community property is divided, the language in the deed that characterizes how title is held (i.e., joint tenancy, tenants in common, or community property) will be controlling, and not the community property presumption. You should consult your attorney if you want the community property presumption to be written into the recorded title to the property.

# ਕੇਂਦਰ ਸਰਕਾਰ ਵੱਲੋਂ ਕਿਸਾਨਾਂ ਦੀਆਂ ਸਾਰੀਆਂ ਮੰਗਾਂ ਮੰਨਣ ਦਾ ਦਾਅਵਾ

## ਪਰਾਲੀ ਸਾੜਨ ਨੂੰ ਅਪਰਾਧ ਦੀ ਸ਼੍ਰੇਣੀ ਤੋਂ ਬਾਹਰ ਕੀਤਾ

**ਨਵੀਂ ਦਿੱਲੀ:** ਪ੍ਰਦਰਸ਼ਨਕਾਰੀ ਕਿਸਾਨਾਂ ਨੂੰ ਸੰਘਰਸ਼ ਸਮਾਪਤ ਕਰਨ ਦੀ ਅਪੀਲ ਕਰਦੇ ਹੋਏ ਕੇਂਦਰੀ ਖੇਤੀਬਾੜੀ ਮੰਤਰੀ ਨਰੇਂਦਰ ਸਿੰਘ ਤੋਮਰ ਨੇ ਕਿਹਾ ਕਿ ਕੇਂਦਰ ਨੇ ਪਰਾਲੀ ਸਾੜਨ ਨੂੰ ਅਪਰਾਧ ਦੀ ਸ਼੍ਰੇਣੀ ਤੋਂ ਬਾਹਰ ਕਰਨ ਦੀ ਉਨ੍ਹਾਂ ਦੀ ਮੰਗ 'ਤੇ ਸਹਿਮਤੀ ਪ੍ਰਗਟਾਈ ਹੈ। ਸ੍ਰੀ ਤੋਮਰ ਨੇ ਇਕ ਬਿਆਨ ਵਿਚ ਕਿਹਾ ਕਿ ਕਿਸਾਨਾਂ ਦੀ ਦੂਜੀ ਮੰਗ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਅਤੇ ਫਸਲੀ ਵਿਭਿੰਨਤਾ 'ਤੇ ਚਰਚਾ ਕੀਤੀ ਗਈ ਹੈ। 19 ਨਵੰਬਰ ਨੂੰ ਗੁਰਪੁਰਬ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਐਲਾਨੀ ਗਈ ਕਮੇਟੀ ਦੇ ਗਠਨ ਦੇ ਨਾਲ ਇਹ ਮੰਗ ਵੀ ਪੂਰੀ ਹੋਵੇਗੀ।



ਮੰਤਰੀ ਨੇ ਕਿਹਾ, ''ਕਿਸਾਨਾਂ ਦੀ ਮੰਗ ਪਰਾਲੀ ਸਾੜਨ ਨੂੰ ਅਪਰਾਧ ਤੋਂ ਮੁਕਤ ਕਰਨ ਦੀ ਸੀ। ਸਰਕਾਰ ਇਸ ਮੰਗ 'ਤੇ ਸਹਿਮਤ ਹੋ ਗਈ ਹੈ।'' ਅੰਦੋਲਨ ਦੌਰਾਨ ਕਿਸਾਨਾਂ ਖਿਲਾਫ ਮਾਮਲੇ ਵਾਪਸ ਲੈਣ ਸਬੰਧੀ ਤੋਮਰ ਨੇ ਕਿਹਾ ਕਿ ਇਹ ਸੂਬਾ ਸਰਕਾਰਾਂ ਦੇ ਅਧਿਕਾਰ ਖੇਤਰ ਵਿਚ ਹੈ। ਉਨ੍ਹਾਂ ਕਿਹਾ, ''ਮਾਮਲਿਆਂ ਦੀ ਗੰਭੀਰਤਾ ਨੂੰ ਦੇਖਦੇ ਹੋਏ ਸੂਬਾ ਸਰਕਾਰਾਂ ਨੂੰ ਫੈਸਲਾ ਲੈਣਾ ਹੋਵੇਗਾ ਅਤੇ ਮੁਆਵਜ਼ੇ ਦਾ ਮੁੱਦਾ ਵੀ ਉਨ੍ਹਾਂ ਨੂੰ ਹੀ ਤੈਅ ਕਰਨਾ ਹੋਵੇਗਾ।''

ਕੇਂਦਰੀ ਮੰਤਰੀ ਨੇ ਕਿਹਾ ਕਿ ਹਰ ਸੂਬਾ ਆਪੋ-ਆਪਣੇ ਰਾਜ ਦੇ ਕਾਨੂੰਨ ਅਨੁਸਾਰ ਫੈਸਲਾ ਲਵੇਗਾ। ਇਹ ਕਹਿੰਦੇ ਹੋਏ ਕਿ ਸਰਕਾਰ ਵੱਲੋਂ ਤਿੰਨੋਂ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਦਾ ਐਲਾਨ ਹੋਣ ਤੋਂ ਬਾਅਦ ਅੰਦੋਲਨ ਜਾਰੀ ਰੱਖਣ ਦਾ ਕੋਈ ਮਤਲਬ ਨਹੀਂ ਹੈ, ਤੋਮਰ ਨੇ ਕਿਹਾ, ''ਇਸ ਵਾਸਤੇ ਮੈਂ ਸਾਰੀਆਂ ਕਿਸਾਨ ਜਥੇਬੰਦੀਆਂ ਨੂੰ ਵਿਰੋਧ ਨੂੰ ਨੈਤਿਕ ਤੌਰ 'ਤੇ ਸਮਾਪਤ ਕਰਨ ਅਤੇ ਆਪਣਾ ਵੱਡਾ ਦਿਲ ਦਿਖਾਉਣ ਦੀ ਅਪੀਲ ਕਰਦਾ ਹਾਂ। ਉਨ੍ਹਾਂ ਨੂੰ ਵਾਪਸ ਆਪਣੇ ਘਰ ਪਰਤਣਾ ਚਾਹੀਦਾ ਹੈ।''

ਸ੍ਰੀ ਤੋਮਰ ਨੇ ਕਿਹਾ ਕਿ ਵਿਰੋਧ ਕਰਨ ਵਾਲੇ ਕਿਸਾਨਾਂ ਨੇ ਸ਼ੁਰੂ ਵਿਚ ਤਿੰਨੋਂ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਦੀ ਮੰਗ ਕੀਤੀ ਸੀ, ਜਿਸ ਨੂੰ ਸਰਕਾਰ ਨੇ ਉਨ੍ਹਾਂ ਦੇ ਹਿੱਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਸਵੀਕਾਰ ਕੀਤਾ। ਉਨ੍ਹਾਂ ਇਹ ਵੀ ਕਿਹਾ ਕਿ ਸਰਕਾਰ ਨੂੰ ਇਸ ਗੱਲ ਦਾ ਅਫਸੋਸ ਹੈ ਕਿ ਉਹ ਕੁਝ ਕਿਸਾਨ ਜਥੇਬੰਦੀਆਂ ਨੂੰ ਇਨ੍ਹਾਂ ਖੇਤੀ ਕਾਨੂੰਨਾਂ ਦੇ ਲਾਭ ਬਾਰੇ ਸਮਝਾਉਣ ਵਿਚ ਸਫਲ ਨਹੀਂ ਹੋ ਸਕੀ। ਤਿੰਨੋਂ ਖੇਤੀ ਕਾਨੂੰਨਾਂ ਖਿਲਾਫ ਦਿੱਲੀ ਦੇ ਬਾਰਡਰਾਂ 'ਤੇ ਵਿਰੋਧ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਦੇ ਅੰਦੋਲਨ ਨੂੰ ਹੁਣ ਤੱਕ ਸਾਲ ਤੋਂ ਵੱਧ ਸਮਾਂ ਹੋ ਚੁੱਕਿਆ ਹੈ।

ਯਾਦ ਰਹੇ ਕਿ ਕਿਸਾਨ ਜਥੇਬੰਦੀਆਂ ਅਤੇ ਕਿਸਾਨਾਂ ਦਾ ਐਲਾਨ ਸੀ ਕਿ ਕਾਨੂੰਨ ਰੱਦ ਹੋਣ ਤੱਕ ਉਹ ਦਿੱਲੀ ਬਾਰਡਰਾਂ 'ਤੇ ਹੀ ਬੈਠੇ ਰਹਿਣਗੇ।

### ਕਿਸਾਨਾਂ ਦੇ ਸਾਰੇ ਮਸਲੇ ਹੱਲ ਹੋਣ ਤੱਕ ਘੋਲ ਜਾਰੀ ਰਹੇਗਾ: ਟਿਕੈਤ

**ਅੰਮ੍ਰਿਤਸਰ:** ਪ੍ਰਧਾਨ ਮੰਤਰੀ ਵੱਲੋਂ ਤਿੰਨ ਖੇਤੀ ਕਾਨੂੰਨ ਵਾਪਸ ਲੈਣ ਦੀ ਕਾਰਵਾਈ ਨੂੰ ਸੰਯੁਕਤ ਕਿਸਾਨ ਮੋਰਚੇ ਦੇ ਆਗੂ ਰਾਕੇਸ਼ ਟਿਕੈਤ ਨੇ ਅੱਧੀ ਜਿੱਤ ਦੱਸਦਿਆਂ ਇਸ ਸਬੰਧੀ ਸ਼ੁਕਰਾਨੇ ਵਜੋਂ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਿਆ ਤੇ ਕਿਸਾਨਾਂ ਦੀ ਮੁਕੰਮਲ ਜਿੱਤ ਦੀ ਅਰਦਾਸ ਕੀਤੀ। ਉਨ੍ਹਾਂ ਕਿਹਾ ਕਿ ਜਦੋਂ ਤੱਕ ਐਮ.ਐਸ.ਪੀ. ਦੀ ਗਾਰੰਟੀ ਬਾਰੇ ਕਾਨੂੰਨ ਨਹੀਂ ਬਣਦਾ ਅਤੇ ਹੋਰ ਕਿਸਾਨੀ ਮਸਲੇ ਹੱਲ ਨਹੀਂ ਹੁੰਦੇ, ਕਿਸਾਨ ਮੋਰਚਾ ਜਾਰੀ ਰਹੇਗਾ। ਉਨ੍ਹਾਂ ਪੰਜਾਬ ਦੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਪਹਿਲਾਂ ਵਾਂਗ ਹੀ ਜਥਿਆਂ ਦੇ ਰੂਪ ਵਿਚ ਦਿੱਲੀ ਬਾਰਡਰ 'ਤੇ ਲੱਗੇ ਮੋਰਚਿਆਂ 'ਚ ਸ਼ਮੂਲੀਅਤ ਜਾਰੀ ਰੱਖਣ। ਸ੍ਰੀ ਟਿਕੈਤ ਨੇ ਕਿਹਾ ਕਿ ਕਿਸਾਨ ਮੋਰਚੇ ਵੱਲੋਂ ਹੋਰ ਕਿਸਾਨ ਮੰਗਾਂ ਬਾਰੇ ਸਰਕਾਰ ਨੂੰ ਗੱਲਬਾਤ ਕਰਨ ਲਈ ਪੱਤਰ ਭੇਜਿਆ ਗਿਆ ਹੈ ਪਰ ਫਿਲਹਾਲ ਸਰਕਾਰ ਇਸ ਮਾਮਲੇ 'ਤੇ ਚੁੱਪ ਹੈ।

# ਪੰਜਾਬ ਵਿਧਾਨ ਸਭਾ ਕਮੇਟੀ ਵੱਲੋਂ ਜ਼ਮੀਨੀ ਪਾਣੀ ਬਚਾਉਣ ਲਈ ਖਾਕਾ ਪੇਸ਼

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੀ ਪੰਜ ਮੈਂਬਰੀ ਕਮੇਟੀ ਨੇ ਸੂਬੇ ਵਿਚ ਧਰਤੀ ਹੇਠਲੇ ਪਾਣੀ ਦੇ ਡਿੱਗ ਰਹੇ ਪੱਧਰ 'ਤੇ ਫਿਕਰਮੰਦੀ ਜ਼ਾਹਿਰ ਕੀਤੀ ਹੈ। ਕਮੇਟੀ ਨੇ ਕਿਹਾ ਕਿ ਜੇਕਰ ਪੰਜਾਬ ਵਿਚ ਜ਼ਮੀਨੀ ਪਾਣੀ ਦਾ ਪੱਧਰ ਇਸੇ ਦਰ ਨਾਲ ਡਿੱਗਦਾ ਰਿਹਾ ਤਾਂ ਇਕ ਦਿਨ ਪਾਣੀ ਦਾ ਸੰਕਟ ਖੜ੍ਹਾ ਹੋ ਜਾਵੇਗਾ।

ਕਮੇਟੀ ਨੇ ਪੰਜਾਬ ਦੇ ਸੁਖਾਵੇਂ ਭਵਿੱਖ ਲਈ ਜਲ ਸਰੋਤਾਂ ਦੀ ਸੰਭਾਲ ਲਈ ਇਕ ਖਾਕਾ ਵੀ ਪੇਸ਼ ਕੀਤਾ ਹੈ। ਪੰਜਾਬ ਵਿਧਾਨ ਸਭਾ ਤਰਫੋਂ ਜਮੀਨ ਹੇਠਲੇ ਪਾਣੀ ਦਾ ਪੱਧਰ ਉੱਚਾ ਚੁੱਕਣ ਸਬੰਧੀ ਸਦਨ ਦੀ ਵਿਧਾਇਕ ਰਾਣਾ ਗੁਰਜੀਤ ਸਿੰਘ ਦੀ ਅਗਵਾਈ ਹੇਠ ਛੇ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਸੀ, ਜਿਸ 'ਚ ਵਿਧਾਇਕ ਗੁਰਮੀਤ ਸਿੰਘ ਮੀਤ ਹੇਅਰ, ਗੁਰਪ੍ਰਤਾਪ ਸਿੰਘ ਵਡਾਲਾ, ਹਰਦੇਵ ਸਿੰਘ ਲਾਡੀ, ਹਰਪ੍ਰਤਾਪ ਸਿੰਘ ਅਜਨਾਲਾ ਅਤੇ ਡਾ. ਰਾਜ ਕੁਮਾਰ ਚੱਬੇਵਾਲ ਸ਼ਾਮਲ ਸਨ।

ਇਸ ਕਮੇਟੀ ਨੇ ਲੰਘੇ ਸੈਸ਼ਨ ਵਿਚ ਆਪਣੀ ਰਿਪੋਰਟ ਪੇਸ਼ ਕੀਤੀ ਹੈ, ਜਿਸ 'ਚ ਫਸਲੀ ਵਿਭਿੰਨਤਾ, ਕੁਸ਼ਲ ਸਿੰਜਾਈ ਤਕਨੀਕੀ ਅਤੇ ਨਵੀਨਤਮ ਤਕਨੀਕਾਂ ਦੇ ਮਿਸ਼ਰਨ ਨੂੰ ਅਪਣਾ ਕੇ ਜ਼ਮੀਨੀ ਪਾਣੀ ਦੀ ਬੱਚਤ ਕਰਨ ਦੀ ਸਿਫਾਰਸ਼ ਵੀ ਕੀਤੀ ਹੈ। ਕਮੇਟੀ ਅਨੁਸਾਰ ਪੰਜਾਬ ਵਿਚ ਝੋਨੇ ਦੀ ਥਾਂ ਘੱਟ ਪਾਣੀ ਦੀ ਖਪਤ ਵਾਲੀਆਂ ਫਸਲਾਂ ਹੀ ਉਚਿਤ ਹੱਲ ਹੈ, ਇਸ ਵਾਸਤੇ ਕਿਸਾਨਾਂ ਨੂੰ ਬਦਲਵੀਆਂ ਫਸਲਾਂ ਦੀ ਖਰੀਦ ਤੇ ਉਚਿਤ ਮੁੱਲ ਦਾ ਭਰੋਸਾ ਦੇਣ ਦੀ ਸਿਫਾਰਸ਼ ਕੀਤੀ ਗਈ ਹੈ। ਇਸੇ ਤਰ੍ਹਾਂ ਖੇਤੀ ਵਿਚ ਮਾਈਕਰੋ ਸਿੰਜਾਈ ਤਕਨੀਕ ਅਤੇ ਖਾਸ ਕਰਕੇ ਤੁਪਕਾ ਸਿੰਜਾਈ ਪਾਣੀ ਸੰਭਾਲ ਦਾ ਵਿਹਾਰਕ ਹੱਲ ਹੈ। ਪੰਜਾਬ ਵਿਚ ਜ਼ਮੀਨੀ ਪਾਣੀ ਦੀ ਰੀਚਾਰਜ ਦਰ ਮਹਿਜ਼ 21 ਫੀਸਦੀ ਹੈ, ਜਦਕਿ ਧਰਤੀ 'ਚੋਂ ਪਾਣੀ ਵੱਧ ਕੱਢਿਆ ਜਾ ਰਿਹਾ ਹੈ। ਇਵੇਂ ਹੀ ਸ਼ਹਿਰਾਂ ਵਿਚ ਵਾਹਨ ਧੋਣ, ਬਗੀਚੇ ਨੂੰ ਪਾਣੀ ਦੇਣ ਅਤੇ ਲੈਂਡਸਕੇਪਿੰਗ ਲਈ ਤਾਜ਼ੇ ਪਾਣੀ ਦੀ ਥਾਂ ਰੀਸਾਈਕਲ ਕੀਤੇ ਪਾਣੀ ਦੀ ਵਰਤੋਂ ਕੀਤੀ ਜਾ ਸਕਦੀ ਹੈ।



ਰਿਪੋਰਟ ਵਿਚ ਧਰਤੀ ਹੇਠਲੇ ਪਾਣੀ ਲਈ ਸੂਬਾਈ ਪਾਲਿਸੀ ਬਣਾਏ ਜਾਣ ਲਈ ਕਿਹਾ ਗਿਆ ਹੈ। ਰਾਜ ਵਿਚ ਵਾਟਰ ਕਰੈਡਿਟ ਸਕੀਮ ਚਲਾਈ ਜਾਵੇ, ਜਿਸ ਵਿਚ ਪਾਣੀ ਦੀ ਬੱਚਤ ਕਰਨ ਵਾਲੇ ਕਿਸਾਨ ਨੂੰ ਵਾਟਰ ਕਰੈਡਿਟ ਦਿੱਤੇ ਜਾਣ। ਅੱਗਿਓਂ ਇਹ ਵਾਟਰ ਕਰੈਡਿਟ ਕੋਈ ਵੀ ਉਦਯੋਗ ਕਿਸਾਨ ਤੋਂ ਲੈ ਸਕਦਾ ਹੈ। ਨਹਿਰੀ ਨੈੱਟਵਰਕ ਵਿੱਚ ਪਾਣੀ ਦੀ ਵੰਡ ਦੁਬਾਰਾ ਇਕਸਾਰ ਕੀਤੀ ਜਾਵੇ ਤਾਂ ਜੋ ਰਾਜ ਦੇ ਹਰ ਖਿੱਤੇ ਨੂੰ ਬਰਾਬਰ ਪਾਣੀ ਮਿਲੇ. ਕਮੇਟੀ ਨੇ ਕਿਹਾ ਕਿ ਸੂਬੇ ਵਿਚ ਸਵਾ ਲੱਖ ਕਿਲੋਮੀਟਰ 'ਚੋਂ 60 ਹਜ਼ਾਰ ਕਿਲੋਮੀਟਰ ਹੀ ਨਹਿਰੀ ਖਾਲ਼ੇ ਪੱਕੇ ਹਨ ਅਤੇ ਬਾਕੀ ਰਹਿੰਦੇ ਕੱਚੇ ਖਾਲ਼ਿਆਂ ਨੂੰ ਪੱਕਾ ਕੀਤਾ ਜਾਵੇ।

ਝੋਨੇ ਦੀ ਸਿੱਧੀ ਬਿਜਾਈ ਨੂੰ ਉਤਸ਼ਾਹਿਤ ਕੀਤਾ ਜਾਵੇ। ਕਮੇਟੀ ਨੇ ਸਿਫਾਰਸ਼ ਕੀਤੀ ਹੈ ਕਿ ਜਿਸ ਬਿਜਲੀ ਫੀਡਰ ਵਿਚ ਘੱਟੋ ਘੱਟ 50 ਫੀਸਦੀ ਜਮੀਨ 'ਚ ਕਿਸਾਨ ਝੋਨੇ ਦੀ ਸਿੱਧੀ ਬਿਜਾਈ ਕਰਦੇ ਹਨ, ਉਨ੍ਹਾਂ ਫੀਡਰਾਂ ਨੂੰ 25 ਮਈ ਤੋਂ ਬਿਜਲੀ ਮੁਹੱਈਆ ਕਰਵਾਈ ਜਾਵੇ। ਜ਼ਮੀਨੀ ਪਾਣੀ ਦੇ ਰੀਚਾਰਜ ਲਈ ਮਜ਼ਬੂਤ ਦਿਸ਼ਾ-ਨਿਰਦੇਸ਼ ਨੀਤੀ ਬਣਾਈ ਜਾਵੇ। ਉਨ੍ਹਾਂ ਲੋਕਾਂ ਖਿਲਾਫ ਸਖਤ ਕਾਰਵਾਈ ਤੇ ਸਜਾ ਦਾ ਉਪਬੰਧ ਹੋਵੇ, ਜੋ ਰੀਚਾਰਜ ਰਾਹੀਂ ਜ਼ਮੀਨੀ ਪਾਣੀ ਨੂੰ ਪ੍ਰਦੂਸ਼ਿਤ ਕਰ ਰਹੇ ਹਨ। ਬੁੱਢੇ ਨਾਲੇ ਵਾਂਗ ਪੰਜਾਬ ਦੇ ਹੋਰਨਾਂ ਅਜਿਹੇ ਨਾਲਿਆਂ ਲਈ ਵੀ ਅਜਿਹੀ ਰਾਜ ਪੱਧਰੀ ਯੋਜਨਾ ਬਣਾਈ ਜਾਵੇ। ਜੰਗਲਾਤ ਹੇਠਲਾ ਰਕਬਾ ਵਧਾਉਣ ਤੋਂ ਇਲਾਵਾ ਪਿੰਡਾਂ ਦੇ ਛੱਪੜਾਂ ਅਤੇ ਤਲਾਬਾਂ ਨੂੰ ਕਬਜ਼ਿਆਂ ਤੋਂ ਮੁਕਤ ਕਰਾਇਆ ਜਾਵੇ। ਇਸੇ ਤਰ੍ਹਾਂ 250 ਵਰਗ ਗਜ ਤੋਂ ਵੱਧ ਦੀਆਂ ਉਸਾਰੀਆਂ ਵਿਚ ਮੀਂਹ ਦੇ ਪਾਣੀ ਦੀ ਰੀਚਾਰਜਿੰਗ ਪ੍ਰਣਾਲੀ ਨੂੰ ਲਾਗੂ ਕੀਤਾ ਜਾਵੇ। ਟਿਊਬਵੈੱਲਾਂ ਲਈ ਜ਼ੋਨ ਪੱਧਰੀ ਪਾਲਿਸੀ ਬਣਾਈ ਜਾਵੇ ਤਾਂ ਜੋ ਲੋਕ ਲੋੜ ਤੋਂ ਵੱਧ ਡੂੰਘੇ ਬੋਰ ਨਾ ਸਕਣ। ਇਸੇ ਤਰ੍ਹਾਂ ਪਾਣੀ ਪ੍ਰਬੰਧਨ ਅਤੇ ਸਾਂਭ-ਸੰਭਾਲ ਲਈ ਉਚ ਪੱਧਰੀ ਕਮੇਟੀ ਦਾ ਗਠਨ ਵੀ ਕੀਤਾ ਜਾਵੇ।

# ਪੰਜਾਬ ਚੋਣਾਂ ਤੋਂ ਪਹਿਲਾਂ ਸੰਘਰਸ਼ੀ ਬਿਗਲ ਨੇ ਹਾਕਮ ਧਿਰ ਦੇ ਸਾਹ ਔਖੇ ਕੀਤੇ

## ਬੇਰੁਜ਼ਗਾਰਾਂ ਤੇ ਕੱਚੇ ਕਾਮਿਆਂ ਵੱਲੋਂ ਸਰਕਾਰ ਦੀ ਚੁਫੇਰਿਉਂ ਘੇਰਾਬੰਦੀ

**ਚੰਡੀਗੜ੍ਹ:** ਕੇਂਦਰੀ ਖੇਤੀ ਕਾਨੂੰਨਾਂ ਦੀ ਵਾਪਸੀ ਦੇ ਐਲਾਨ ਮਗਰੋਂ ਹੁਣ ਜਦੋਂ ਕਾਂਗਰਸ ਸਰਕਾਰ ਪੰਜਾਬ ਵਿਚ ਸਮਾਗਮ ਕਰਨ ਲੱਗੀ ਹੈ ਤਾਂ ਬੇਰੁਜ਼ਗਾਰਾਂ ਅਤੇ ਕੱਚੇ ਕਾਮਿਆਂ ਦੇ ਵਿਰੋਧ ਅੱਗੇ ਵਜ਼ੀਰਾਂ ਨੂੰ ਪੁੱਠੇ ਪੈਰੀਂ ਪਰਤਣਾ ਪੈ ਰਿਹਾ ਹੈ। ਦਰਜਨ ਦੇ ਕਰੀਬ ਧਿਰਾਂ ਨੇ ਸੂਬੇ ਭਰ ਵਿਚ ਹਾਕਮ ਧਿਰ ਖਿਲਾਫ ਨੰਗੇ ਧੜ ਲੜਨਾ ਸ਼ੁਰੂ ਕਰ ਦਿੱਤਾ ਹੈ।

ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਵੱਜੇ ਸੰਘਰਸ਼ੀ ਬਿਗਲ ਨੇ ਹਾਕਮ ਧਿਰ ਦੇ ਰਾਹ ਔਖੇ ਕਰ ਦਿੱਤੇ ਹਨ। ਮੁੱਖ ਮੰਤਰੀ ਅਤੇ ਵਜ਼ੀਰਾਂ ਨੂੰ ਪੰਜਾਬ ਵਿਚ ਚਾਰ ਚੁਫੇਰਿਓਂ ਵਿਰੋਧ ਦੇ ਨਾਅਰੇ ਸੁਣਨ ਨੂੰ ਮਿਲ ਰਹੇ ਹਨ। ਮੁੱਖ ਮੰਤਰੀ ਚਰਨਜੀਤ ਚੰਨੀ ਨੂੰ ਗੁਰੂ ਹਰਸਹਾਏ ਵਿੱਚ ਇਕ ਗੇਟ ਦਾ ਉਦਘਾਟਨ ਕੀਤੇ ਬਿਨਾਂ ਮੁੜਨਾ ਪਿਆ। ਮੁੱਖ ਮੰਤਰੀ ਦੇ ਖਰੜ ਦੌਰੇ ਦੇ ਮੱਦੇਨਜ਼ਰ ਪੁਲਿਸ ਨੇ ਆਸ਼ਾ ਵਰਕਰਾਂ ਨੂੰ ਹਸਪਤਾਲ ਵਿਚ ਬੰਦ ਕਰ ਦਿੱਤਾ ਪਰ ਇਨ੍ਹਾਂ ਵਰਕਰਾਂ ਨੇ ਰੋਕਾਂ ਤੋੜ ਕੇ ਸੜਕ ਜਾਮ ਕਰ ਦਿੱਤੀ।

ਦਿੱਲੀ ਮੋਰਚੇ ਵਿਚ ਕਿਸਾਨਾਂ ਨੂੰ ਮਿਲੀ ਜਿੱਤ ਨੇ ਪੰਜਾਬ ਵਿਚਲੇ ਇਸ ਸੰਘਰਸ਼ ਨੂੰ ਖੰਭ ਲਾ ਦਿੱਤੇ ਹਨ। ਉਧਰ, ਸਰਕਾਰ ਵੀ ਇਨ੍ਹਾਂ ਸੰਘਰਸ਼ੀ ਬੇਰੁਜ਼ਗਾਰਾਂ ਖਿਲਾਫ ਕੋਈ ਸਖਤ ਕਦਮ ਚੁੱਕਣ ਤੋਂ ਗੁਰੇਜ਼ ਕਰ ਰਹੀ ਹੈ। ਪੰਜਾਬ ਕਾਂਗਰਸ ਦੇ ਸੀਨੀਅਰ ਆਗੂਆਂ ਦਾ ਕਹਿਣਾ ਸੀ ਕਿ ਪੰਜਾਬ ਸਰਕਾਰ ਨੂੰ ਫੌਰੀ ਇਨ੍ਹਾਂ ਮੁਲਾਜ਼ਮਾਂ ਅਤੇ ਬੇਰੁਜ਼ਗਾਰਾਂ ਦਾ ਮਸਲਾ ਹੱਲ ਕਰਨਾ ਚਾਹੀਦਾ ਹੈ, ਨਹੀਂ ਤਾਂ ਸਰਕਾਰੀ ਸਮਾਗਮਾਂ ਵਿਚ ਇਸੇ ਤਰ੍ਹਾਂ ਭੰਗ ਪੈਂਦੀ ਰਹੇਗੀ ਤੇ ਕਾਂਗਰਸ ਖਿਲਾਫ ਉਲਟਾ ਮਾਹੌਲ ਬਣੇਗਾ।




ਬੇਰੁਜ਼ਗਾਰ ਈ.ਟੀ.ਟੀ. ਟੈੱਟ ਪਾਸ ਯੂਨੀਅਨ ਵੱਲੋਂ ਖਰੜ ਵਿਚ ਧਰਨਾ ਦਿੱਤਾ ਜਾ ਰਿਹਾ ਹੈ ਤੇ ਕੁਝ ਅਧਿਆਪਕ ਟੈਂਕੀ 'ਤੇ ਵੀ ਚੜ੍ਹੇ ਹੋਏ ਹਨ। ਸੋਹਾਣਾ ਵਿਚ ਪੀ.ਟੀ.ਆਈ. ਅਧਿਆਪਕ ਟੈਂਕੀ 'ਤੇ ਚੜ੍ਹੇ ਹੋਏ ਹਨ, ਮੁਹਾਲੀ ਵਿਚ ਗੁਰਦੁਆਰਾ ਅੰਬ ਸਾਹਿਬ ਕੋਲ ਬੇਰੁਜ਼ਗਾਰ ਮਲਟੀਪਰਪਜ ਹੈਲਥ ਵਰਕਰਾਂ ਤੇ ਬੇਰੁਜ਼ਗਾਰ ਪੀ.ਆਈ.ਆਈ. ਅਧਿਆਪਕਾਂ ਦਾ ਪੱਕਾ ਮੋਰਚਾ ਚੱਲ ਰਿਹਾ ਹੈ।

ਸਿੱਖਿਆ ਮੰਤਰੀ ਪਰਗਟ ਸਿੰਘ ਦੀ ਕੋਠੀ ਅੱਗੇ ਵੀ ਬੇਰੁਜ਼ਗਾਰ ਅਧਿਆਪਕ ਬੈਠੇ ਹਨ, ਜਿਨ੍ਹਾਂ 'ਤੇ ਛੇ ਵਾਰ ਲਾਠੀਚਾਰਜ ਹੋ ਚੁੱਕਾ ਹੈ। ਸਿੱਖਿਆ ਮੰਤਰੀ ਪਰਗਟ ਸਿੰਘ ਨੇ ਇਨ੍ਹਾਂ ਬੇਰੁਜ਼ਗਾਰਾਂ ਨੂੰ ਭਰੋਸਾ ਵੀ ਦਿੱਤਾ ਹੈ ਕਿ ਜਲਦੀ ਮਸਲਾ ਹੱਲ ਕਰ ਦਿੱਤਾ ਜਾਵੇ। ਇਸੇ ਤਰ੍ਹਾਂ ਹੀ ਮੋਰਿੰਡਾ ਵਿਚ ਠੇਕਾ ਮੁਲਾਜ਼ਮ ਪ੍ਰਦਰਸ਼ਨ ਕਰ ਰਹੇ ਹਨ। ਪਬਲਿਕ ਟਰਾਂਸਪੋਰਟ ਦੇ ਕੱਚੇ ਕਾਮੇ ਵੀ ਸੰਘਰਸ਼ੀ ਰਾਹ 'ਤੇ ਹਨ। ਇਸੇ ਤਰ੍ਹਾਂ ਮੈਰੀਟੋਰੀਅਸ ਸਕੂਲਾਂ ਦੇ ਅਧਿਆਪਕ ਸੰਘਰਸ਼ੀ ਰਾਹ 'ਤੇ ਹਨ, ਜੋ ਰੈਗੂਲਰ ਹੋਣ ਲਈ ਘੱਟ ਤਨਖਾਹ 'ਤੇ ਵੀ ਕੰਮ ਕਰਨ ਨੂੰ ਤਿਆਰ ਹਨ। ਆਊਟਸੋਰਸਿੰਗ ਕਾਮਿਆਂ ਦੀ ਵੱਡੀ ਗਿਣਤੀ ਹੈ, ਜਿਨ੍ਹਾਂ ਬਾਰੇ ਸਰਕਾਰ ਨੇ ਕੋਈ ਹਾਮੀ ਨਹੀਂ ਭਰੀ ਹੈ। ਆਂਗਣਵਾੜੀ ਮੁਲਾਜ਼ਮਾਂ ਦੇ ਮਸਲੇ ਵੀ ਨਜਿੱਠੇ ਨਹੀਂ ਗਏ।

ਬੇਰੁਜ਼ਗਾਰ ਬੀ.ਐੱਡ. ਟੈੱਟ ਪਾਸ ਅਧਿਆਪਕ ਯੂਨੀਅਨ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਢਿੱਲਵਾਂ ਆਖਦੇ ਹਨ ਕਿ ਸਰਕਾਰ ਖਿਲਾਫ ਹੁਣ ਲਹਿਰ ਬਣ ਗਈ ਹੈ ਅਤੇ ਸਰਕਾਰ ਨੇ ਅੜੀ ਜਾਰੀ ਰੱਖੀ ਤਾਂ ਪੰਜਾਬ ਵਿਚ ਹਾਕਮ ਧਿਰ ਦੇ ਨੱਕ ਵਿਚ ਦਮ ਕਰ ਦਿਆਂਗੇ ਕਿਉਂਕਿ ਬੇਰੁਜ਼ਗਾਰਾਂ ਨਾਲ ਕੀਤੇ ਵਾਅਦੇ ਮੌਜੂਦਾ ਸਰਕਾਰ ਨੇ ਪੂਰੇ ਨਹੀਂ ਕੀਤੇ ਹਨ।

ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਅਤੇ ਟਰਾਂਸਪੋਰਟ ਮੰਤਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਸੰਘਰਸ਼ੀ ਮੁਲਾਜ਼ਮਾਂ ਪ੍ਰਤੀ ਤਲਖੀ ਭਰੇ ਵਿਹਾਰ ਨੂੰ ਲੈ ਕੇ ਕੱਚੇ ਮੁਲਾਜ਼ਮਾਂ ਵਿਚ ਭਾਰੀ ਰੋਸ ਹੈ। ਇਸੇ ਰੋਸ ਦਾ ਇਜ਼ਹਾਰ ਕਰਨ ਲਈ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਨੇ ਸੂਬੇ ਭਰ ਵਿਚ ਜ਼ਿਲ੍ਹਾ ਅਤੇ ਤਹਿਸੀਲ ਪੱਧਰਾਂ 'ਤੇ ਉਕਤ ਦੋਵੇਂ ਮੰਤਰੀਆਂ ਖਿਲਾਫ ਅਰਥੀ ਫੂਕ ਮੁਜ਼ਾਹਰੇ ਕੀਤੇ।

ਮੁਜ਼ਾਹਰਾਕਾਰੀ ਮੁਲਾਜ਼ਮਾਂ ਨੇ ਸਰਕਾਰ ਖਿਲਾਫ ਨਾਅਰੇਬਾਜ਼ੀ ਕਰਦਿਆਂ ਦੋਵੇਂ ਮੰਤਰੀਆਂ ਵਿਰੁੱਧ ਸਖਤੀ ਵਰਤਣ ਅਤੇ ਹਰ ਤਰ੍ਹਾਂ ਦੇ ਠੇਕਾ ਮੁਲਾਜ਼ਮਾਂ ਨੂੰ ਪੱਕਾ ਕਰਨ ਦੀ ਮੰਗ ਕੀਤੀ। ਮੋਰਚੇ ਦੇ ਆਗੂਆਂ ਨੇ ਦੱਸਿਆ ਕਿ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਚ ਠੇਕਾ ਮੁਲਾਜ਼ਮ ਆਪਣੀਆਂ ਮੰਗਾਂ ਸਬੰਧੀ ਕਾਂਗਰਸੀ ਮੰਤਰੀਆਂ ਦਾ ਸ਼ਾਂਤੀਪੂਰਨ ਵਿਰੋਧ ਕਰ ਰਹੇ ਸਨ। ਉਸ ਸਮੇਂ ਇਨ੍ਹਾਂ ਮੁਲਾਜ਼ਮਾਂ ਦੇ ਸਵਾਲਾਂ ਦਾ ਜਵਾਬ ਦੇਣ ਦੀ ਥਾਂ ਦੋਵੇਂ ਮੰਤਰੀਆਂ ਨੇ ਉਨ੍ਹਾਂ ਨੂੰ ਹੰਕਾਰੀ ਲਹਿਜੇ ਨਾਲ ਡਰਾਉਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਮੁੱਖ ਮੰਤਰੀ ਪੰਜਾਬ ਨੂੰ ਅਪੀਲ ਕੀਤੀ ਕਿ ਸਰਕਾਰ ਆਪਣੇ ਮੰਤਰੀਆਂ ਦੇ ਹੰਕਾਰ ਨੂੰ ਨੱਥ ਪਾਵੇ।

### ਟੈਂਕੀਆਂ 'ਤੇ ਚੜ੍ਹਨ ਵਾਲਿਆਂ ਖਿਲਾਫ ਕੇਸ ਹੋਣਗੇ: ਚੰਨੀ

**ਬਰਨਾਲਾ:** ਵੱਖ-ਵੱਖ ਮੁਲਾਜ਼ਮ ਜਥੇਬੰਦੀਆਂ ਵੱਲੋਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਫੇਰੀ ਦਾ ਵਿਰੋਧ ਕੀਤਾ ਗਿਆ। ਇਨ੍ਹਾਂ ਰੋਸ ਮੁਜ਼ਾਹਰਿਆਂ ਕਾਰਨ ਮੁੱਖ ਮੰਤਰੀ ਨੂੰ ਨਿਰਧਾਰਤ ਥਾਂ 'ਤੇ ਪਹੁੰਚਣ ਲਈ ਲਿੰਕ ਸੜਕਾਂ ਦਾ ਸਹਾਰਾ ਲੈਣਾ ਪਿਆ। ਮੁੱਖ ਮੰਤਰੀ ਨੇ ਤਪਾ 'ਚ ਸੰਬੋਧਨ ਕਰਦਿਆਂ ਟੈਂਕੀਆਂ 'ਤੇ ਚੜ੍ਹਨ ਵਾਲੇ ਬੇਰੁਜ਼ਗਾਰਾਂ ਨੂੰ ਚਿਤਾਵਨੀ ਦਿੱਤੀ ਕਿ ਪ੍ਰਦਰਸ਼ਨਕਾਰੀ ਉਨ੍ਹਾਂ ਨਾਲ ਗੱਲਬਾਤ ਕਰ ਸਕਦੇ ਹਨ ਪਰ ਟੈਂਕੀਆਂ 'ਤੇ ਚੜ੍ਹਨ ਵਾਲਿਆਂ ਅਤੇ ਧਰਨਾਕਾਰੀਆਂ ਖਿਲਾਫ਼ ਕੇਸ ਦਰਜ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਉਹ ਪੰਜਾਬ ਦੀ ਬਿਹਤਰੀ ਲਈ ਹੀ ਤੁਰੇ ਫਿਰਦੇ ਹਨ ਅਤੇ ਕਦੇ ਚੰਗੀ ਤਰ੍ਹਾਂ ਸੌਂ ਕੇ ਵੀ ਨਹੀਂ ਵੇਖਿਆ।

### ਟਰੇਡ ਯੂਨੀਅਨਾਂ ਤੇ ਕਿਸਾਨ ਮੋਰਚੇ ਦਾ ਸਮਰਥਨ

**ਨਵੀਂ ਦਿੱਲੀ:** ਇਥੇ ਕੇਂਦਰੀ ਟਰੇਡ ਯੂਨੀਅਨਾਂ ਅਤੇ ਆਜ਼ਾਦ ਫੈਡਰੇਸ਼ਨਾਂ/ਐਸੋਸੀਏਸ਼ਨਾਂ ਅਤੇ ਸੰਯੁਕਤ ਕਿਸਾਨ ਮੋਰਚੇ ਦੇ ਪਲੇਟਫਾਰਮ ਦੀ ਇਕ ਸਾਂਝੀ ਮੀਟਿੰਗ ਦੌਰਾਨ ਟਰੇਡ ਯੂਨੀਅਨਾਂ ਅਤੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਮੰਗਾਂ ਸਬੰਧੀ ਮਿਲ ਕੇ ਸੰਘਰਸ਼ ਕਰਨ ਦਾ ਸੱਦਾ ਦਿੱਤਾ ਗਿਆ। ਇਸ ਦੌਰਾਨ ਭਾਜਪਾ ਸਰਕਾਰ ਦੀਆਂ ਮਜ਼ਦੂਰ, ਕਿਸਾਨ, ਲੋਕ ਵਿਰੋਧੀ ਅਤੇ ਦੇਸ਼ ਵਿਰੋਧੀ ਨੀਤੀਆਂ ਦਾ ਵੀ ਮਿਲ ਕੇ ਵਿਰੋਧ ਕਰਨ ਦਾ ਹੋਕਾ ਦਿੱਤਾ ਗਿਆ। ਇਸ ਮੀਟਿੰਗ ਦੌਰਾਨ ਵਰਕਰਾਂ ਅਤੇ ਕਿਸਾਨਾਂ ਵੱਲੋਂ ਇਕ-ਦੂਜੇ ਦੇ ਸੰਘਰਸ਼ ਵਿਚ ਨਾਲ ਖੜ੍ਹਨ ਲਈ ਤਸੱਲੀ ਪ੍ਰਗਟਾਈ ਗਈ।

## ਸਿੱਖਿਆ ਮਾਡਲ ਨੂੰ ਲੈ ਕੇ ਪਰਗਟ ਤੇ ਸਿਸੋਦੀਆ ਆਹਮੋ-ਸਾਹਮਣੇ

**ਚੰਡੀਗੜ੍ਹ:** ਪੰਜਾਬ ਦੇ ਸਿੱਖਿਆ ਮੰਤਰੀ ਪਰਗਟ ਸਿੰਘ ਅਤੇ ਦਿੱਲੀ ਦੇ ਸਿੱਖਿਆ ਮੰਤਰੀ ਮਨੀਸ਼ ਸਿਸੋਦੀਆ 'ਸਿੱਖਿਆ ਮਾਡਲ' ਸਬੰਧੀ ਆਪਸ ਵਿਚ ਭਿੜ ਪਏ। ਪਹਿਲਾਂ ਪਰਗਟ ਸਿੰਘ ਨੇ ਮਨੀਸ਼ ਸਿਸੋਦੀਆ ਦੀ ਸਿੱਖਿਆ ਸੁਧਾਰਾਂ ਦੇ ਮਾਮਲੇ 'ਤੇ ਖੁੱਲ੍ਹੀ ਬਹਿਸ ਦੀ ਚੁਣੌਤੀ ਕਬੂਲੀ ਤੇ ਥੋੜੇ ਸਮੇਂ ਪਿੱਛੋਂ ਮਨੀਸ਼ ਸਿਸੋਦੀਆ ਨੇ ਪਰਗਟ ਸਿੰਘ ਦੀ ਸ਼ਰਤ ਵੀ ਪ੍ਰਵਾਨ ਕਰ ਲਈ।

ਸ੍ਰੀ ਸਿਸੋਦੀਆ ਨੇ ਬੀਤੇ ਦਿਨੀਂ ਦਿੱਲੀ ਦੇ ਸਰਕਾਰੀ ਸਕੂਲਾਂ ਦੀ ਸ਼ਲਾਘਾ ਕੀਤੀ ਸੀ ਜਦੋਂ ਕਿ ਪੰਜਾਬ ਦੇ ਸਿੱਖਿਆ ਢਾਂਚੇ 'ਤੇ ਸੁਆਲ ਖੜ੍ਹੇ ਕੀਤੇ ਸਨ।

ਹੁਣ ਸਿੱਖਿਆ ਮੰਤਰੀ ਪਰਗਟ ਸਿੰਘ ਨੇ ਟਵੀਟ ਕਰਕੇ ਮਨੀਸ਼ ਸਿਸੋਦੀਆ ਦੀ ਖੁੱਲ੍ਹੀ ਬਹਿਸ ਦੀ ਚੁਣੌਤੀ ਨੂੰ ਕਬੂਲ ਕਰਦਿਆਂ ਕਿਹਾ ਕਿ ਉਹ ਇਸ ਮਾਮਲੇ 'ਤੇ ਬਹਿਸ ਕਰਨਗੇ ਕਿ ਸਿਰਫ 10 ਸਕੂਲਾਂ 'ਤੇ ਕਰੋੜਾਂ ਖਰਚਣੇ ਜਾਇਜ਼ ਹਨ ਜਾਂ ਫਿਰ ਸੂਬੇ ਦੇ ਸਕੂਲਾਂ ਨੂੰ ਲੋੜ ਮੁਤਾਬਕ ਫੰਡ ਦੇ ਕੇ ਲੱਖਾਂ ਵਿਦਿਆਰਥੀਆਂ ਨੂੰ ਸਹੂਲਤਾਂ ਦੇਣੀਆਂ ਜਾਇਜ਼ ਹਨ।

ਸਿੱਖਿਆ ਮੰਤਰੀ ਨੇ ਜਲੰਧਰ ਵਿਖੇ ਸਰਕਟ ਹਾਊਸ ਵਿਚ ਮੀਡੀਆ ਨੂੰ ਸੰਬੋਧਨ ਕਰਦਿਆਂ ਇਹ ਵੀ ਕਿਹਾ ਕਿ ਸੂਬਿਆਂ ਦੀ ਮਾਲੀ ਹਾਲਤ ਅਤੇ ਗਰਾਂਟਾਂ ਦੀ ਵੰਡ ਵਿਚ ਕੇਂਦਰ ਸਰਕਾਰ ਵੱਲੋਂ ਕੀਤੇ ਜਾਂਦੇ ਵਿਤਕਰੇ ਦੀ ਤੁਲਨਾ ਵੀ ਬਹਿਸ ਵਿਚ ਕੀਤੀ ਜਾਵੇਗੀ। ਵਿਦਿਆਰਥੀ ਤੇ ਅਧਿਆਪਕ ਅਨੁਪਾਤ ਦੀ ਤੁਲਨਾ ਤੇ ਸਰਹੱਦੀ ਸਕੂਲਾਂ ਵਿਚ ਅਧਿਆਪਕਾਂ ਦੀ ਵਧੀ ਗਿਣਤੀ ਦੇ ਵੇਰਵੇ ਵੀ ਲਏ ਜਾਣਗੇ।

ਟਵੀਟ ਵਿਚ ਪਰਗਟ ਸਿੰਘ ਨੇ ਕਿਹਾ ਸੀ ਕਿ 250 ਸਕੂਲਾਂ ਦੀ ਤੁਲਨਾ ਕੀਤੀ ਜਾਵੇਗੀ। ਜਿਸ ਨੂੰ ਸਿਸੋਦੀਆ ਨੇ ਪ੍ਰਵਾਨ ਕਰਦਿਆਂ ਕਿਹਾ ਕਿ ਉਹ ਪੰਜਾਬ ਦੇ 250 ਸਕੂਲਾਂ ਦੀ ਸੂਚੀ ਉਡੀਕਣਗੇ ਜਿਨ੍ਹਾਂ ਦੀ ਹਾਲਤ ਬੀਤੇ ਪੰਜ ਵਰ੍ਹਿਆਂ ਵਿਚ ਸੁਧਰੀ ਹੈ ਤੇ ਖੁਦ ਵੀ ਦਿੱਲੀ ਦੇ 250 ਸਕੂਲਾਂ ਦੀ ਸੂਚੀ ਸੌਂਪਣਗੇ। ਇਸ ਮਗਰੋਂ ਦੋਵੇਂ ਇਕੱਠੇ ਇਨ੍ਹਾਂ ਸਕੂਲਾਂ ਵਿਚ ਮਿਥੇ ਸਮੇਂ ਤੇ ਤਰੀਕ 'ਤੇ ਦੌਰਾ ਕਰਨਗੇ।

## ਵਾਈਸ ਚਾਂਸਲਰ ਨੂੰ ਆਰ.ਐਸ.ਐਸ. ਦਾ ਬੰਦਾ ਆਖ ਕੇ ਘਿਰਿਆ ਕਾਂਗਰਸੀ ਵਿਧਾਇਕ

**ਪਟਿਆਲਾ:** ਆਰ.ਐਸ.ਐਸ. ਦਾ ਏਜੰਟ ਕਹਿਣ ਦੇ ਮਾਮਲੇ ਵਿਚ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਅਰਵਿੰਦ ਨੇ ਹਲਕਾ ਘਨੌਰ ਦੇ ਕਾਂਗਰਸੀ ਵਿਧਾਇਕ ਮਦਨ ਲਾਲ ਜਲਾਲਪੁਰ ਨੂੰ ਕਾਨੂੰਨੀ ਨੋਟਿਸ ਭੇਜਿਆ ਹੈ। ਨੋਟਿਸ ਵਿਚ ਵਿਧਾਇਕ ਨੂੰ 15 ਦਿਨਾਂ ਦੀ ਮੋਹਲਤ ਦਿੰਦਿਆਂ ਬਿਆਨ ਸਬੰਧੀ ਲਿਖਤੀ ਮੁਆਫੀ ਦੇ ਨਾਲ ਪ੍ਰਿੰਟ ਅਤੇ ਇਲੈਕਟ੍ਰਾਨਿਕ ਮੀਡੀਆ ਰਾਹੀਂ ਮੁਆਫੀ ਮੰਗਣ ਲਈ ਆਖਿਆ ਗਿਆ।



ਅਜਿਹਾ ਨਾ ਕਰਨ ਦੀ ਸੂਰਤ ਵਿਚ ਵਿਧਾਇਕ ਖਿਲਾਫ਼ ਵਾਈਸ ਚਾਂਸਲਰ ਵੱਲੋਂ ਵੀਹ ਕਰੋੜ ਰੁਪਏ ਦੀ ਮਾਣਹਾਨੀ ਦਾ ਕੇਸ ਦਾਇਰ ਕਰਵਾਇਆ ਜਾਵੇਗਾ। ਵੀਸੀ ਨੇ ਵੱਖਰੇ ਤੌਰ 'ਤੇ ਅਪਰਾਧਿਕ ਕੇਸ ਦਰਜ ਕਰਵਾਉਣ ਦੀ ਗੱਲ ਵੀ ਆਖੀ। ਜ਼ਿਕਰਯੋਗ ਹੈ ਕਿ ਪੰਜਾਬੀ ਯੂਨੀਵਰਸਿਟੀ ਦੇ ਕਿਸੇ ਵੀਸੀ ਵੱਲੋਂ ਸੱਤਾਧਾਰੀ ਧਿਰ ਦੇ ਕਿਸੇ ਵਿਧਾਇਕ ਨੂੰ ਅਜਿਹਾ ਨੋਟਿਸ ਭੇਜੇ ਜਾਣ ਦਾ ਇਹ ਇਹ ਪਲੇਠਾ ਮਾਮਲਾ ਹੈ। ਵਾਈਸ ਚਾਂਸਲਰ ਨੇ ਇਹ ਨੋਟਿਸ ਆਪਣੇ ਵਕੀਲ ਐਡਵੋਕੇਟ ਹਰਚੰਦ ਸਿੰਘ ਬਾਠ ਰਾਹੀਂ ਭੇਜਿਆ ਹੈ।

ਜ਼ਿਕਰਯੋਗ ਹੈ ਕਿ ਵਿਧਾਇਕ ਜਲਾਲਪੁਰ ਵੱਲੋਂ ਵੀਸੀ ਨੂੰ ਆਰ.ਐਸ.ਐਸ. ਦਾ ਬੰਦਾ ਕਹਿਣ ਦੀ ਇਹ ਘਟਨਾ ਕੁਝ ਹੀ ਦਿਨ ਪਹਿਲਾਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਦੀ ਯੂਨੀਵਰਸਿਟੀ ਫੇਰੀ ਦੌਰਾਨ ਵਾਪਰੀ ਸੀ। ਇਸ ਦੌਰਾਨ ਭਾਵੇਂ ਮੁੱਖ ਮੰਤਰੀ ਨੇ ਵਿਧਾਇਕ ਨੂੰ ਚੁੱਪ ਕਰਵਾਉਣ ਦੀ ਕੋਸ਼ਿਸ਼ ਕੀਤੀ, ਪਰ ਜਲਾਲਪੁਰ ਦਾ ਕਹਿਣਾ ਸੀ "ਕੈਪਟਨ ਅਮਰਿੰਦਰ ਸਿੰਘ ਵੱਲੋਂ ਲਾਇਆ ਗਿਆ ਇਹ ਵਾਈਸ ਚਾਂਸਲਰ ਆਰ.ਐਸ.ਐਸ. ਦਾ ਬੰਦਾ ਹੈ।" ਇਸ ਮੌਕੇ ਵਾਈਸ ਚਾਂਸਲਰ ਵੀ ਮੰਚ 'ਤੇ ਮੌਜੂਦ ਸਨ। ਮੁੱਖ ਮੰਤਰੀ ਚੰਨੀ ਨੇ ਜਲਾਲਪੁਰ ਨੂੰ ਜਦੋਂ ਮੰਚ 'ਤੇ ਆਉਣ ਲਈ ਆਖਿਆ ਤਾਂ ਉਨ੍ਹਾਂ ਇਹ ਕਹਿ ਕੇ ਜਵਾਬ ਦੇ ਦਿੱਤਾ ਕਿ ਉਹ ਆਰ.ਐਸ.ਐਸ. ਦੇ ਬੰਦੇ ਨਾਲ ਨਹੀਂ ਬੈਠਣਗੇ।

## ਅਕਾਲੀਆਂ ਤੇ ਕਾਂਗਰਸ ਨੂੰ ਪਰਖ ਲਿਐ, ਹੁਣ ਸਾਨੂੰ ਮੌਕਾ ਦਿਓ: ਕੇਜਰੀਵਾਲ

**ਮੁਹਾਲੀ:** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਐਲਾਨ ਕੀਤਾ ਕਿ ਪੰਜਾਬ ਵਿਚ 'ਆਪ' ਦੀ ਸਰਕਾਰ ਬਣਨ 'ਤੇ ਸਾਰੇ ਕੱਚੇ ਅਧਿਆਪਕਾਂ ਤੇ ਮੁਲਾਜ਼ਮਾਂ ਨੂੰ ਪੱਕਾ ਕੀਤਾ ਜਾਵੇਗਾ। ਇਸ ਦੌਰਾਨ ਕੇਜਰੀਵਾਲ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਡੇਲੀਵੇਜ ਕਰਮਚਾਰੀ, ਸ਼ਹੀਦ ਮੇਜਰ ਹਰਮਿੰਦਰਪਾਲ ਸਿੰਘ ਸਰਕਾਰੀ ਕਾਲਜ ਫੇਜ਼-6 ਦੇ ਗੈਸਟ ਫੈਕਲਟੀ ਸਹਾਇਕ ਪ੍ਰੋਫੈਸਰ ਐਸੋਸੀਏਸ਼ਨ ਤੇ ਸੋਹਾਣਾ ਟੈਂਕੀ 'ਤੇ ਚੜ੍ਹੇ ਬੇਰੁਜ਼ਗਾਰ ਪੀ.ਟੀ.ਆਈ. ਅਧਿਆਪਕਾਂ ਦੀਆਂ ਸਮੱਸਿਆਵਾਂ ਵੀ ਸੁਣੀਆਂ।

ਸ੍ਰੀ ਕੇਜਰੀਵਾਲ ਤੇ ਭਗਵੰਤ ਮਾਨ ਨੇ ਆਖਿਆ ਕਿ ਪੰਜਾਬ ਵਿਚ ਸਰਕਾਰ ਨਾਮ ਦੀ ਕੋਈ ਚੀਜ਼ ਨਹੀਂ ਹੈ। ਚੋਣਾਂ ਨੇੜੇ ਆਉਣ ਕਾਰਨ ਮੁੱਖ ਮੰਤਰੀ ਐਲਾਨ 'ਤੇ ਐਲਾਨ ਕਰ ਰਹੇ ਹਨ, ਜਦਕਿ ਹਕੀਕਤ ਵਿਚ ਕਿਸੇ ਨੂੰ ਕੁਝ ਨਹੀਂ ਮਿਲ ਰਿਹਾ। ਉਨ੍ਹਾਂ ਕੱਚੇ ਅਧਿਆਪਕਾਂ ਤੇ ਸਮੂਹ ਮੁਲਾਜ਼ਮ ਵਰਗ ਨੂੰ ਅਪੀਲ ਕੀਤੀ ਕਿ ਉਨ੍ਹਾਂ ਨੇ ਅਕਾਲੀ ਦਲ, ਭਾਜਪਾ ਅਤੇ ਕਾਂਗਰਸ ਨੂੰ ਪਰਖ ਕੇ ਦੇਖ ਲਿਆ ਹੈ, ਹੁਣ ਉਨ੍ਹਾਂ ਨੂੰ ਪੰਜਾਬ ਦੀ ਸੇਵਾ ਦਾ ਮੌਕਾ ਦਿੱਤਾ ਜਾਵੇ।



ਉਨ੍ਹਾਂ ਕਿਹਾ ਕਿ ਉਨ੍ਹਾਂ ਥਾਂ-ਥਾਂ 'ਤੇ 36 ਹਜ਼ਾਰ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਦੇ ਇਸ਼ਤਿਹਾਰੀ ਬੋਰਡ ਲੱਗੇ ਹੋਏ ਹਨ ਪਰ ਧਰਨੇ 'ਚ ਪੁੱਜ ਕੇ ਅਸਲੀਅਤ ਪਤਾ ਚੱਲੀ ਕਿ ਸਰਕਾਰ ਨੇ ਹੁਣ ਤੱਕ 36 ਕਰਮਚਾਰੀ ਵੀ ਪੱਕੇ ਨਹੀਂ ਕੀਤੇ। ਉਨ੍ਹਾਂ ਕਿਹਾ ਕਿ ਸਾਡੇ ਬੱਚਿਆਂ ਦਾ ਭਵਿੱਖ ਸੰਵਾਰਨ ਵਾਲੇ ਅਧਿਆਪਕ ਕਾਂਗਰਸ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਆਪਣੇ ਭਵਿੱਖ ਨੂੰ ਲੈ ਕੇ ਚਿੰਤਤ ਹਨ।

ਸੰਸਦ ਮੈਂਬਰ ਭਗਵੰਤ ਮਾਨ ਨੇ ਕਿਹਾ ਕਿ ਜਿਹੜੇ ਅਧਿਆਪਕਾਂ ਨੇ ਇਸ ਵੇਲੇ ਜਮਾਤਾਂ ਵਿਚ ਪੜ੍ਹਾ ਰਹੇ ਹੋਣਾ ਸੀ, ਉਹ ਇਨਸਾਫ ਲਈ ਸੜਕਾਂ 'ਤੇ ਰੁਲ ਰਹੇ ਹਨ। ਉਨ੍ਹਾਂ ਕਿਹਾ ਕਿ ਜਦੋਂ ਇਨ੍ਹਾਂ ਨੌਜਵਾਨਾਂ ਕੋਲ ਉੱਚ ਸਿੱਖਿਆ ਤੱਕ ਦੀਆਂ ਡਿਗਰੀਆਂ ਅਸਲੀ ਹਨ ਤਾਂ ਫਿਰ ਉਨ੍ਹਾਂ ਨੂੰ ਨੌਕਰੀਆਂ ਕੱਚੀਆਂ ਕਿਉਂ ਦਿੱਤੀਆਂ ਗਈਆਂ। ਮਾਨ ਨੇ ਕਿਹਾ ਕਿ ਸਕੂਲਾਂ ਦੀਆਂ ਕੰਧਾਂ ਨੂੰ ਰੋਗਨ ਕਰਨ ਨਾਲ ਸਕੂਲ ਸਮਾਰਟ ਨਹੀਂ ਬਣਨ ਲੱਗੇ। ਇਸ ਲਈ ਸਕੂਲਾਂ ਵਿਚ ਪੜ੍ਹਾਈ ਦਾ ਪੱਧਰ ਉੱਚਾ ਚੁੱਕਣ ਦੀ ਲੋੜ ਹੈ।

### ਚੰਨੀ ਨੂੰ ਮੁਆਫ ਕੀਤੇ ਬਿਜਲੀ ਬਿੱਲ ਦਿਖਾਉਣ ਦੀ ਚੁਣੌਤੀ

**ਮੁਹਾਲੀ:** ਆਮ ਆਦਮੀ ਪਾਰਟੀ (ਆਪ) ਸੁਪਰੀਮੋ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਦਿੱਲੀ ਸਰਕਾਰ ਵੱਲੋਂ ਮੁਫਤ ਬਿਜਲੀ ਸਕੀਮ ਤਹਿਤ ਦਿੱਲੀ ਦੇ ਇਕ ਲੱਖ ਬਿਜਲੀ ਖਪਤਕਾਰਾਂ ਦੇ ਜ਼ੀਰੋ ਕੀਮਤ ਦੇ ਬਿਜਲੀ ਬਿੱਲ ਲੋਕਾਂ ਅੱਗੇ ਸਬੂਤ ਵਜੋਂ ਪੇਸ਼ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਚੁਣੌਤੀ ਦਿੱਤੀ ਹੈ ਕਿ ਉਹ ਸਿਰਫ ਇਕ ਹਜ਼ਾਰ ਬਿਜਲੀ ਖਪਤਕਾਰਾਂ ਦੇ ਜ਼ੀਰੋ ਕੀਮਤ ਦੇ ਬਿੱਲ ਲੋਕਾਂ ਅੱਗੇ ਪੇਸ਼ ਕਰਕੇ ਦਿਖਾਉਣ। ਕੇਜਰੀਵਾਲ ਨੇ ਕਿਹਾ ਕਿ ਚੰਨੀ ਸਿਰਫ ਫੋਕੇ ਐਲਾਨ ਕਰਦੇ ਹਨ ਜਿਨ੍ਹਾਂ 'ਤੇ ਅਮਲ ਕਰਨਾ ਉਨ੍ਹਾਂ ਦੇ ਵੱਸ ਦੀ ਗੱਲ ਨਹੀਂ। ਉਨ੍ਹਾਂ ਕਿਹਾ ਕਿ ਚੰਨੀ ਨੇ ਝੂਠੇ ਦਾਅਵੇ ਕਰਨ ਲਈ ਵੱਡੀ ਰਕਮ ਖਰਚ ਕੇ ਥਾਂ-ਥਾਂ ਇਸ਼ਤਿਹਾਰੀ ਬੋਰਡ ਲਾਏ ਹੋਏ ਹਨ ਪਰ ਹਕੀਕਤ ਵਿਚ ਹੁਣ ਤੱਕ ਕਿਸੇ ਨੂੰ ਕੁਝ ਨਹੀਂ ਮਿਲਿਆ।

# ਚੋਣਾਂ ਤੋਂ ਪਹਿਲਾਂ ਨਵਜੋਤ ਸਿੱਧੂ ਬਣੇ ਪੰਜਾਬ ਕਾਂਗਰਸ ਲਈ ਚੁਣੌਤੀ

**ਚੰਡੀਗੜ੍ਹ:** ਨਵਜੋਤ ਸਿੰਘ ਸਿੱਧੂ ਵੱਲੋਂ ਆਪਣੀ ਹੀ ਸਰਕਾਰ ਦੀ ਘੇਰੇਬੰਦੀ ਜਾਰੀ ਹੈ। ਕੈਪਟਨ ਅਮਰਿੰਦਰ ਸਿੰਘ ਦੀ ਮੁੱਖ ਮੰਤਰੀ ਵਜੋਂ ਛੁੱਟੀ ਪਿੱਛੋਂ ਹੁਣ ਨਵੇਂ ਬਣੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਲਈ ਸਿੱਧੂ ਵੱਡੀ ਚੁਣੌਤੀ ਬਣਦੇ ਜਾਪ ਰਹੇ ਹਨ।

ਦਰਅਸਲ, ਸਿੱਧੂ ਉਹੀ ਮੁੱਦੇ ਉਠਾ ਰਹੇ ਹਨ, ਜਿਨ੍ਹਾਂ ਨੇ ਕੈਪਟਨ ਦੀ ਕੁਰਸੀ ਦੀ ਬਲੀ ਲੈ ਲਈ ਸੀ। ਭਾਵੇਂ ਚੰਨੀ ਵੱਲੋਂ 18 ਨੁਕਾਤੀ ਏਜੰਡੇ ਨੂੰ ਸਿਰੇ ਲਾਉਣ ਦੇ ਦਾਅਵੇ ਕੀਤੇ ਜਾ ਰਹੇ ਹਨ ਪਰ ਸਿੱਧੂ ਇਨ੍ਹਾਂ ਮੁੱਦਿਆਂ ਉਤੇ 'ਹਕੀਕਤ' ਵਿਚ ਕਾਰਵਾਈ ਦੀ ਮੰਗ ਉਤੇ ਅੜੇ ਹੋਏ ਹਨ।

ਭਾਵੇਂ ਚੰਨੀ ਸਰਕਾਰ ਮੁਫਤਖੋਰੀ ਵਾਲੀਆਂ ਯੋਜਨਾਵਾਂ ਐਲਾਨ ਕੇ ਅਸਲ ਮੁੱਦਿਆਂ ਉਤੇ ਪਰਦਾ ਪਾਉਣ ਦੀ ਕੋਸ਼ਿਸ਼ ਵਿਚ ਹੈ ਪਰ ਬੇਅਦਬੀ, ਡਰੱਗ ਮਾਫੀਆ ਨੂੰ ਨਕੇਲ ਪਾਉਣਾ ਆਦਿ ਮੁੱਦੇ ਲਗਾਤਾਰ ਚੁਣੌਤੀ ਬਣੇ ਹੋਏ ਹਨ। ਸਿੱਧੂ ਨੇ ਤਾਂ ਹੁਣ ਇਥੋਂ ਤੱਕ ਕਹਿ ਦਿੱਤਾ ਹੈ ਕਿ ਜੇਕਰ ਪੰਜਾਬ ਵਾਸੀਆਂ ਨੂੰ ਇਨ੍ਹਾਂ ਮੁੱਦਿਆਂ ਨੂੰ ਲੈ ਕੇ ਇਨਸਾਫ ਨਾ ਮਿਲਿਆ ਤਾਂ ਉਹ ਮਰਨ ਵਰਤ 'ਤੇ ਬੈਠਣਗੇ। ਨਸ਼ਿਆਂ ਅਤੇ ਬੇਅਦਬੀ ਮਾਮਲਿਆਂ 'ਤੇ ਆਪਣੀ ਹੀ ਸਰਕਾਰ ਉਤੇ ਹਮਲਾ ਕਰਦਿਆਂ ਸਿੱਧੂ ਨੇ ਕਿਹਾ ਕਿ ਅਦਾਲਤ ਦੇ ਹੁਕਮਾਂ ਦੇ ਬਾਵਜੂਦ ਦੋਵਾਂ ਮਾਮਲਿਆਂ ਵਿਚ ਸਰਕਾਰ ਨੇ ਕੁਝ ਨਹੀਂ ਕੀਤਾ। ਮੁੱਖ ਮੁਲਜ਼ਮ ਦੀ ਜ਼ਮਾਨਤ ਰੱਦ ਕਰਾਉਣ ਲਈ ਅੱਜ ਤੱਕ ਕੁਝ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਨੇ ਕੁਝ ਕੀਤਾ ਹੈ ਤਾਂ ਉਹ ਲੋਕਾਂ ਦੇ ਸਾਹਮਣੇ ਆਪਣੀ ਕਾਰਵਾਈ ਨੂੰ ਜਨਤਕ ਕਰੇ।

ਸਿੱਧੂ ਨੇ ਸਵਾਲ ਕੀਤਾ ਕਿ ਬੇਅਦਬੀ ਮਾਮਲੇ ਵਿਚ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਦੀ ਜ਼ਮਾਨਤ ਰੱਦ ਕਰਵਾਉਣ ਲਈ ਹੁਣ ਤੱਕ ਅਦਾਲਤ ਵਿਚ ਵਿਸ਼ੇਸ਼ ਲੀਵ ਪਟੀਸ਼ਨ



(ਐਸ.ਐਲ.ਪੀ.) ਦਾਇਰ ਕਿਉਂ ਨਹੀਂ ਕੀਤੀ ਗਈ। ਇਸ ਮਾਮਲੇ ਦੀ ਜਾਂਚ ਮੁਕੰਮਲ ਕਰਨ ਲਈ ਸੁਮੇਧ ਸੈਣੀ ਦੀ ਜ਼ਮਾਨਤ ਰੱਦ ਕਰਵਾਉਣੀ ਜ਼ਰੂਰੀ ਹੈ। ਉਨ੍ਹਾਂ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ 'ਤੇ ਵੀ ਨਿਸ਼ਾਨਾ ਸੇਧਦਿਆਂ ਕਿਹਾ ਕਿ ਉਨ੍ਹਾਂ ਇਹ ਮੁੱਦੇ ਜਨਤਕ ਤੌਰ 'ਤੇ ਕਿਉਂ ਨਹੀਂ ਉਭਾਰੇ।

ਸਿੱਧੂ ਨੇ ਕਿਹਾ ਕਿ ਸੂਬੇ ਦੀ ਪਿਛਲੀ ਅਤੇ ਮੌਜੂਦਾ ਕਾਂਗਰਸ ਸਰਕਾਰ ਨੇ ਮੁੱਖ ਮੁਲਜ਼ਮ ਦੀ ਜ਼ਮਾਨਤ ਰੱਦ ਕਰਵਾਉਣ ਲਈ ਕੋਈ ਯਤਨ ਨਹੀਂ ਕੀਤਾ ਜਦੋਂਕਿ ਜ਼ਮਾਨਤ ਰੱਦ ਕਰਵਾਏ ਬਿਨਾ ਇਹ ਜਾਂਚ ਮੁਕੰਮਲ ਨਹੀਂ ਹੋ ਸਕਦੀ। ਉਨ੍ਹਾਂ ਕਿਹਾ ਕਿ ਉਹ ਇਸ ਮਾਮਲੇ ਨੂੰ ਰੋਜ਼ ਮੀਡੀਆ ਰਾਹੀਂ ਉਭਾਰ ਕੇ ਸਰਕਾਰ ਨੂੰ ਕਾਰਵਾਈ ਕਰਨ ਦੀ ਯਾਦ ਦਿਵਾ ਰਹੇ ਹਨ। ਸ੍ਰੀ ਸਿੱਧੂ ਨੇ ਕਿਹਾ ਕਿ ਹੁਣ ਇਕ ਪਾਸੇ ਮੁੱਖ ਮੰਤਰੀ ਵਜੋਂ ਚਰਨਜੀਤ ਸਿੰਘ ਚੰਨੀ ਹਨ ਅਤੇ ਦੂਜੇ ਪਾਸੇ ਗ੍ਰਹਿ ਮੰਤਰੀ ਵਜੋਂ ਉਨ੍ਹਾਂ ਦੇ ਵੱਡੇ ਭਰਾ (ਸੁਖਜਿੰਦਰ ਸਿੰਘ



ਰੰਧਾਵਾ) ਹਨ।

ਦੋਹਾਂ ਨੂੰ ਰਲ ਕੇ ਬੇਅਦਬੀ ਕਰਨ ਵਾਲਿਆਂ ਖਿਲਾਫ ਕਾਰਵਾਈ ਕਰਦਿਆਂ ਉਨ੍ਹਾਂ ਦੇ ਪੋਤੜੇ ਫਰੋਲਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਉਹ ਇਸ ਮਾਮਲੇ ਦੇ ਹੱਲ ਲਈ ਯਤਨ ਜਾਰੀ ਰੱਖਣਗੇ। ਸ੍ਰੀ ਜਾਖੜ ਦਾ ਨਾਂ ਲਏ ਬਿਨਾ ਸ੍ਰੀ ਸਿੱਧੂ ਨੇ ਕਿਹਾ ਕਿ ਕਦੇ ਸਾਬਕਾ ਪ੍ਰਧਾਨ ਨੇ ਇਹ ਲੋਕ ਮੁੱਦੇ ਕਿਉਂ ਨਹੀਂ ਉਭਾਰੇ। ਉਨ੍ਹਾਂ ਕਿਹਾ ਕਿ ਉਂਜ ਤਾਂ ਉਹ ਬੜੇ ਟਵੀਟ ਕਰਦੇ ਹਨ ਪਰ ਇਨ੍ਹਾਂ ਮਾਮਲਿਆਂ 'ਤੇ ਲੋਕਾਂ ਦੀ ਗੱਲ ਕਿਉਂ ਨਹੀਂ ਕੀਤੀ।

ਪੰਜਾਬ ਕਾਂਗਰਸ ਦੇ ਪ੍ਰਧਾਨ ਨੇ ਨਸ਼ਿਆਂ ਦੇ ਮਾਮਲੇ 'ਤੇ ਵੀ ਸਰਕਾਰ ਨੂੰ ਘੇਰਿਆ ਅਤੇ ਆਖਿਆ ਕਿ ਉੱਚ ਅਦਾਲਤ ਦੇ ਦਿਸ਼ਾ-ਨਿਰਦੇਸ਼ ਦੇ ਬਾਵਜੂਦ ਸਰਕਾਰ ਨੇ ਕੋਈ ਕਾਰਵਾਈ ਨਹੀਂ ਕੀਤੀ। ਉਨ੍ਹਾਂ ਇਸ ਮਾਮਲੇ ਵਿਚ ਐਨਫੋਰਸਮੈਂਟ ਡਾਇਰੈਕਟੋਰੇਟ ਅਤੇ ਵਿਸ਼ੇਸ਼ ਟਾਸਕ ਫੋਰਸ (ਐਸ.ਟੀ.ਐਫ.) ਦੀ ਰਿਪੋਰਟ ਦਾ ਜ਼ਿਕਰ ਕਰਦਿਆਂ ਕਿਹਾ ਕਿ ਦੋਵੇਂ ਵਾਰ ਅਦਾਲਤ ਵੱਲੋਂ ਇਸ ਮਾਮਲੇ ਵਿਚ ਕਾਰਵਾਈ ਕਰਨ ਲਈ ਆਖਿਆ ਗਿਆ ਸੀ। ਅਦਾਲਤ ਨੇ ਹੁਣ ਮੁੜ ਤੋਂ ਸਰਕਾਰ ਦੀ ਇਸ ਸਬੰਧੀ ਕਾਰਗੁਜ਼ਾਰੀ 'ਤੇ ਟਿੱਪਣੀ ਕੀਤੀ ਹੈ। ਉਨ੍ਹਾਂ ਕਿਹਾ ਕਿ ਐਨ.ਡੀ.ਪੀ.ਐਸ. ਦੀ ਰਿਪੋਰਟ ਵਿਚ ਵੀ ਸੂਬੇ ਦੀ ਨਸ਼ਿਆਂ ਬਾਰੇ ਸਥਿਤੀ 'ਤੇ ਤਿੱਖੀ ਟਿੱਪਣੀ ਕੀਤੀ ਗਈ ਹੈ। ਉਨ੍ਹਾਂ ਹੈਰਾਨੀ ਪ੍ਰਗਟਾਉਂਦਿਆਂ ਕਿਹਾ ਕਿ ਪਤਾ ਨਹੀਂ ਕਿਸ ਦਾ ਡਰ ਹੈ ਅਤੇ ਕੌਣ ਰੋਕ ਰਿਹਾ ਹੈ, ਜੋ ਇਸ ਮਾਮਲੇ 'ਤੇ ਸਰਕਾਰ ਵੱਲੋਂ ਕਾਰਵਾਈ ਨਹੀਂ ਹੋ ਰਹੀ। ਉਨ੍ਹਾਂ ਕਿਹਾ ਕਿ ਉਹ ਇਹ ਮਾਮਲੇ ਵਿਧਾਨ ਸਭਾ ਅਤੇ ਲੋਕਾਂ ਦੀ ਅਦਾਲਤ ਵਿਚ ਇਸ ਲਈ ਉਭਾਰਦੇ ਹਨ ਕਿਉਂਕਿ ਲੋਕ ਜਨਤਕ ਤੌਰ 'ਤੇ ਉਨ੍ਹਾਂ ਕੋਲੋਂ ਇਸ ਬਾਰੇ ਪੁੱਛਦੇ ਹਨ। ਉਨ੍ਹਾਂ ਸਪੱਸ਼ਟ ਕੀਤਾ ਕਿ ਉਨ੍ਹਾਂ ਦਾ ਕਿਸੇ ਨਾਲ ਕੋਈ ਵੈਰ-ਵਿਰੋਧ ਨਹੀਂ ਹੈ ਪਰ ਲੋਕਾਂ ਦੀ ਆਵਾਜ਼ ਨੂੰ ਸਰਕਾਰ ਅੱਗੇ ਰੱਖਣਾ ਉਨ੍ਹਾਂ ਦਾ ਫਰਜ਼ ਹੈ।

## ਮੈਂ ਕਮਜ਼ੋਰ ਮੁੱਖ ਮੰਤਰੀ ਨਹੀਂ: ਚੰਨੀ

**ਮਹਿਲ ਕਲਾਂ:** ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਉਹ ਕਮਜ਼ੋਰ ਮੁੱਖ ਮੰਤਰੀ ਨਹੀਂ ਹਨ ਤੇ ਬੇਅਦਬੀ ਦੇ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਇਸ ਮੌਕੇ ਆਪਣੇ ਸਿਆਸੀ ਵਿਰੋਧੀ ਆਮ ਆਦਮੀ ਪਾਰਟੀ ਅਤੇ ਸ਼੍ਰੋਮਣੀ ਅਕਾਲੀ (ਬਾਦਲ) ਨੂੰ ਨਿਸ਼ਾਨੇ 'ਤੇ ਲਿਆ। ਮੁੱਖ ਮੰਤਰੀ ਨੇ ਸਟੇਜ ਤੋਂ ਆਪਣੇ ਭਾਸ਼ਣ ਦੌਰਾਨ ਜਦ ਮਜ਼ਦੂਰਾਂ ਨੂੰ 5-5 ਮਰਲੇ ਦੇ ਪਲਾਟ ਦੇਣ ਦੀ ਗੱਲ ਸ਼ੁਰੂ ਕੀਤੀ ਤਾਂ ਹੇਠਾਂ ਪੰਡਾਲ 'ਚ ਬੈਠੀਆਂ ਦਰਜਨਾਂ ਔਰਤਾਂ ਨੇ ਹੱਥ ਮਾਰਨੇ ਸ਼ੁਰੂ ਕਰ ਦਿੱਤੇ। ਇਸ 'ਤੇ ਮੁੱਖ ਮੰਤਰੀ ਨੂੰ ਭਾਸ਼ਣ ਦੌਰਾਨ ਕਹਿਣਾ ਪਿਆ ਕਿ ਬੀਬੀ ਹੱਥ ਮਾਰ ਰਹੀ ਹੈ ਕਿ ਸ਼ਾਇਦ ਪਲਾਟ ਨਹੀਂ ਮਿਲੇ। ਫਿਰ ਉਨ੍ਹਾਂ ਇਸ ਮੌਕੇ ਪਲਾਟ ਦੇਣ ਦੇ ਮਾਮਲੇ ਦਾ ਪੰਚਾਇਤਾਂ ਵੱਲ ਇਸ਼ਾਰਾ ਕੀਤਾ।

## ਚੰਨੀ ਦੇ ਕਿਸੇ ਐਲਾਨ 'ਤੇ ਅਮਲ ਨਹੀਂ ਹੋਇਆ: ਮਾਨ



**ਪੱਟੀ:** ਆਮ ਆਦਮੀ ਪਾਰਟੀ ਵੱਲੋਂ 'ਇਕ ਮੌਕਾ ਕੇਜਰੀਵਾਲ ਨੂੰ' ਤਹਿਤ ਪੱਟੀ ਵਿਚ ਕੀਤੀ ਗਈ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਸੂਬਾ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਅਕਾਲੀ ਦਲ ਦੀ ਲੀਡਰਸ਼ਿਪ 'ਤੇ ਤਿੱਖੇ ਸ਼ਬਦੀ ਹਮਲੇ ਕੀਤੇ। ਉਨ੍ਹਾਂ ਮਜਾਹੀਆ ਅੰਦਾਜ਼ ਵਿਚ ਮੁੱਖ ਮੰਤਰੀ ਚੰਨੀ ਨੂੰ 'ਐਲਾਨ ਮੰਤਰੀ' ਦੱਸਦਿਆਂ ਕਿਹਾ ਕਿ ਮੁੱਖ ਮੰਤਰੀ ਚੰਨੀ ਦੇ ਕਿਸੇ ਐਲਾਨ 'ਤੇ ਅੱਜ ਤੱਕ ਅਮਲ ਨਹੀਂ ਹੋ ਸਕਿਆ।

# ਜਾਖੜ ਦੀ ਬਾਗੀ ਸੁਰ ਨੇ ਕਾਂਗਰਸ ਦਾ ਫਿਕਰ ਵਧਾਇਆ

**ਚੰਡੀਗੜ੍ਹ:** 'ਮਿਸ਼ਨ ਪੰਜਾਬ' ਫਤਿਹ ਕਰਨ ਲਈ ਕਾਂਗਰਸ ਪਾਰਟੀ ਸਾਬਕਾ ਪ੍ਰਧਾਨ ਸੁਨੀਲ ਜਾਖੜ ਨੂੰ ਮਨਾਉਣ ਦੀਆਂ ਕੋਸ਼ਿਸ਼ਾਂ ਕਰ ਰਹੀ ਹੈ ਤਾਂ ਜੋ ਸੂਬੇ ਦੇ ਹਿੰਦੂ ਵੋਟ ਬੈਂਕ ਨੂੰ ਖ਼ੁਸ਼ ਕੀਤਾ ਜਾ ਸਕੇ। ਕਾਂਗਰਸ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਹਰੀਸ਼ ਚੌਧਰੀ ਨੇ ਸੁਨੀਲ ਜਾਖੜ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਚੋਣ ਪ੍ਰਚਾਰ ਕਮੇਟੀ ਦੀ ਅਗਵਾਈ ਸੌਂਪੇ ਜਾਣ ਦੀ ਪੇਸ਼ਕਸ਼ ਕੀਤੀ। ਜਦੋਂ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾਉਣ ਦਾ ਐਲਾਨ ਹੋਇਆ ਸੀ ਤਾਂ ਉਦੋਂ ਤਿੰਨ ਦਫ਼ਾ ਸੁਨੀਲ ਜਾਖੜ ਨੂੰ ਉਪ ਮੁੱਖ ਮੰਤਰੀ ਦੇ ਅਹੁਦੇ ਦੀ ਪੇਸ਼ਕਸ਼ ਕੀਤੀ ਗਈ ਸੀ ਪਰ ਉਨ੍ਹਾਂ ਇਹ ਅਹੁਦਾ ਲੈਣ ਤੋਂ ਇਨਕਾਰ ਕਰ ਦਿੱਤਾ ਸੀ। ਉਸ ਸਮੇਂ ਕਾਂਗਰਸੀ ਨੇਤਾ ਰਾਹੁਲ ਗਾਂਧੀ ਨੇ ਜਾਖੜ ਨੂੰ ਨਿੱਜੀ ਤੌਰ 'ਤੇ ਸੱਦ ਕੇ ਉਪ ਮੁੱਖ ਮੰਤਰੀ ਦਾ ਅਹੁਦਾ ਸਵੀਕਾਰ ਕਰਨ ਲਈ ਦਬਾਅ ਵੀ ਪਾਇਆ ਸੀ। ਉਦੋਂ ਜਾਖੜ ਨੇ ਸਪੱਸ਼ਟ ਕਰ ਦਿੱਤਾ ਸੀ ਕਿ ਉਹ ਅਹੁਦਿਆਂ ਦੀ ਦੌੜ ਵਿਚ ਨਹੀਂ ਹਨ। ਹੁਣ ਪਿਛਲੇ ਕੁਝ ਸਮੇਂ ਤੋਂ ਸੁਨੀਲ ਜਾਖੜ ਦੀ ਸਰਗਰਮੀ ਕਾਫੀ ਘੱਟ ਨਜ਼ਰ ਆ ਰਹੀ ਹੈ। ਖ਼ੁਫ਼ੀਆ ਰਿਪੋਰਟਾਂ ਮਿਲਣ ਮਗਰੋਂ ਹਰੀਸ਼ ਚੌਧਰੀ ਨੇ ਹਿੰਦੂ ਭਾਈਚਾਰੇ 'ਚ ਪ੍ਰਭਾਵ ਦੇਣ ਲਈ ਸੁਨੀਲ ਜਾਖੜ ਨੂੰ ਮਨਾਉਣ ਦੇ ਯਤਨ ਵਿੱਢੇ ਹਨ।

ਪੰਜਾਬ ਵਿਚ ਤਿੰਨ ਦਰਜਨ ਦੇ ਕਰੀਬ



ਅਜਿਹੇ ਹਲਕੇ ਹਨ ਜਿੱਥੇ ਹਿੰਦੂ ਵੋਟ ਬੈਂਕ ਜ਼ਿਆਦਾ ਪ੍ਰਭਾਵ ਰੱਖਦਾ ਹੈ। ਕਾਂਗਰਸ ਹਾਈਕਮਾਨ ਨੇ ਚਰਨਜੀਤ ਚੰਨੀ ਨੂੰ ਮੁੱਖ ਮੰਤਰੀ ਬਣਾ ਕੇ ਦਲਿਤ ਪੱਤਾ ਖੇਡ ਲਿਆ ਹੈ ਅਤੇ ਹੁਣ ਦਲਿਤ ਵੋਟ ਬੈਂਕ ਕਾਂਗਰਸ ਨਾਲ ਜੁੜਦਾ ਦਿਖਾਈ ਦੇ ਰਿਹਾ ਹੈ ਪਰ ਹਿੰਦੂ ਭਾਈਚਾਰੇ ਦੀ ਕਿਧਰੇ ਨੁਮਾਇੰਦਗੀ ਨਜ਼ਰ ਨਹੀਂ ਆ ਰਹੀ ਹੈ। ਰਿਪੋਰਟ ਮਿਲਣ ਮਗਰੋਂ ਹੁਣ ਹਾਈਕਮਾਨ ਸਰਗਰਮ ਹੋਇਆ ਹੈ ਅਤੇ ਉਸ ਨੂੰ ਮਹਿਸੂਸ ਹੋ ਰਿਹਾ ਹੈ ਕਿ ਜਾਖੜ ਦੀ ਨਾਰਾਜ਼ਗੀ ਪਾਰਟੀ ਲਈ ਸੁਖਾਵੀਂ ਨਹੀਂ ਹੈ। ਹਰੀਸ਼ ਚੌਧਰੀ ਨੇ ਚੋਣਾਂ ਨੇੜੇ ਹੋਣ ਦੀ ਗੱਲ ਆਖਦਿਆਂ ਜਾਖੜ ਨੂੰ ਸਰਗਰਮ ਹੋਣ ਲਈ ਕਿਹਾ ਹੈ। ਸੂਤਰਾਂ ਮੁਤਾਬਕ ਜਾਖੜ ਨੇ ਪੇਸ਼ਕਸ਼ ਕੀਤੇ ਗਏ ਅਹੁਦੇ ਨੂੰ ਫਿਲਹਾਲ ਠੁਕਰਾ ਦਿੱਤਾ ਹੈ ਪਰ ਉਨ੍ਹਾਂ ਨੂੰ ਮਨਾਉਣ 'ਤੇ ਉਹ ਤਿਆਰ ਵੀ ਹੋ ਸਕਦੇ ਹਨ।

# ਪਟਿਆਲਾ ਦੇ ਕੈਪਟਨ ਹਮਾਇਤੀ ਮੇਅਰ ਦੀ ਕੁਰਸੀ ਖੋਹੀ

**ਪਟਿਆਲਾ**: ਨਗਰ ਨਿਗਮ ਪਟਿਆਲਾ ਦੇ ਮੇਅਰ ਸੰਜੀਵ ਸ਼ਰਮਾ ਬਿੱਟੂ ਨੂੰ ਨਿਗਮ ਦੀ ਮੀਟਿੰਗ ਦੌਰਾਨ ਨਿਰਧਾਰਤ ਨਿਯਮਾਂ ਤਹਿਤ ਬਹੁਮਤ ਨਾ ਸਾਬਤ ਕਰ ਸਕਣ ਕਾਰਨ ਮੇਅਰ ਦੇ ਅਹੁਦੇ ਤੋਂ ਮੁਅੱਤਲ ਕਰ ਦਿੱਤਾ ਗਿਆ ਹੈ। ਇਸ ਦੌਰਾਨ ਹੀ ਸੀਨੀਅਰ ਡਿਪਟੀ ਮੇਅਰ ਯੋਗਿੰਦਰ ਸਿੰਘ ਯੋਗੀ ਨੂੰ ਕਾਰਜਕਾਰੀ ਮੇਅਰ ਵੀ ਚੁਣਿਆ ਗਿਆ ਹੈ।

ਇਸ ਕਾਰਵਾਈ ਨੂੰ ਪੰਜਾਬ ਸਰਕਾਰ ਵੱਲੋਂ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਦਿੱਤਾ ਗਿਆ ਵੱਡਾ ਝਟਕਾ ਮੰਨਿਆ ਜਾ ਰਿਹਾ ਹੈ ਕਿਉਂਕਿ ਬਿੱਟੂ ਕੈਪਟਨ ਖੇਮੇ ਦੇ ਹਮਾਇਤੀ ਹਨ। ਕੈਪਟਨ ਵੱਲੋਂ ਵੱਖਰੀ ਪਾਰਟੀ ਬਣਾਉਣ ਮਗਰੋਂ ਵੀ ਬਿੱਟੂ ਦੇ ਕੈਪਟਨ ਖੇਮੇ ਨਾਲ ਖੜ੍ਹਨ ਕਰਕੇ ਹੀ ਵਿਰੋਧੀ ਧੜੇ ਨੇ ਉਸ ਵਿਰੁੱਧ ਕਾਰਵਾਈ ਅਮਲ 'ਚ ਲਿਆਂਦੀ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਤਿੰਨ ਵਿਧਾਨ ਸਭਾ ਹਲਕਿਆਂ 'ਤੇ ਆਧਾਰਤ 'ਨਗਰ ਨਿਗਮ ਪਟਿਆਲਾ' ਦੇ ਕੁੱਲ 60 ਕੌਂਸਲਰ 'ਚੋਂ 59 ਕਾਂਗਰਸੀ ਅਤੇ ਇਕ ਅਕਾਲੀ ਦਲ ਤੋਂ ਹੈ। ਤਿੰਨ ਹਲਕਿਆਂ ਦੇ ਵਿਧਾਇਕ ਵੀ ਹਾਊਸ ਦੇ ਵੋਟਰ ਮੈਂਬਰ ਹੁੰਦੇ ਹਨ। ਪਿਛਲੇ ਦਿਨੀਂ 40 ਦੇ ਕਰੀਬ ਕੌਂਸਲਰਾਂ ਵੱਲੋਂ ਬਹੁਮਤ ਸਾਬਤ ਕਰਨ ਲਈ ਜਾਰੀ ਕੀਤੇ ਗਏ ਨੋਟਿਸ ਤਹਿਤ ਹੀ ਮੇਅਰ ਵੱਲੋਂ ਇਹ ਮੀਟਿੰਗ ਸੱਦੀ ਗਈ ਸੀ ਜਿਸ ਦੌਰਾਨ ਤਿੰਨਾਂ ਵਿਧਾਇਕਾਂ ਕੈਪਟਨ ਅਮਰਿੰਦਰ ਸਿੰਘ (ਪਟਿਆਲਾ ਸ਼ਹਿਰੀ), ਬ੍ਰਹਮ ਮਹਿੰਦਰਾ



(ਪਟਿਆਲਾ ਸ਼ਹਿਰੀ) ਤੇ ਹਰਿੰਦਰਪਾਲ ਸਿੰਘ ਚੰਦੂਮਾਜਰਾ (ਸਨੌਰ) ਸਮੇਤ ਕੁੱਲ 62 ਵੋਟਰ ਮੈਂਬਰਾਂ ਨੇ ਸ਼ਿਰਕਤ ਕੀਤੀ।

ਇਕ ਕੌਂਸਲਰ ਗੈਰ-ਹਾਜਰ ਰਿਹਾ, ਉਥੇ ਹੀ ਅਕਾਲੀ ਵਿਧਾਇਕ ਹਰਿੰਦਰਪਾਲ ਚੰਦੂਮਾਜਰਾ ਨੇ ਕਾਂਗਰਸ ਖਿਲਾਫ ਰੋਸ ਵਜੋਂ ਵੋਟ ਨਹੀਂ ਪਾਈ। ਇਸ ਤਰ੍ਹਾਂ ਬਾਕੀ 61 ਵਿਚੋਂ ਬਿੱਟੂ ਨੇ 25 ਵੋਟਾਂ ਹਾਸਲ ਕੀਤੀਆਂ ਜਦਕਿ ਬਹੁਮਤ ਸਾਬਤ ਕਰਨ ਲਈ 31 ਵੋਟਾਂ ਲੋੜੀਂਦੀਆਂ ਸਨ ਜਿਸ ਕਰਕੇ ਹੀ ਮੇਅਰ ਨੂੰ ਮੁਅੱਤਲ ਕੀਤਾ ਗਿਆ ਹੈ।

# ਉਤਰਾਖੰਡ ਤੇ ਯੂ.ਪੀ 'ਚ ਭਾਜਪਾ ਲਈ ਪ੍ਰਚਾਰ ਕਰਾਂਗਾ: ਅਮਰਿੰਦਰ

**ਚੰਡੀਗੜ੍ਹ:** ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅੱਜ ਖੁੱਲ੍ਹ ਕੇ ਸਿਆਸੀ ਤੌਰ ਉਤੇ ਭਾਜਪਾ ਦੀ ਹਮਾਇਤ 'ਚ ਨਿੱਤਰ ਆਏ ਹਨ। ਅਮਰਿੰਦਰ ਸਿੰਘ ਨੇ ਕਿਹਾ ਕਿ ਉਹ ਅਗਲੀਆਂ ਉਤਰ ਪ੍ਰਦੇਸ ਅਤੇ ਉਤਰਾਖੰਡ ਦੀਆਂ ਚੋਣਾਂ ਵਿਚ ਭਾਜਪਾ ਲਈ ਪ੍ਰਚਾਰ ਕਰਨਗੇ ਜਿਥੋਂ ਸਿੱਖ ਵਸੋਂ ਜਿਆਦਾ ਹੈ। ਉਨ੍ਹਾਂ ਕਿਹਾ ਕਿ ਉਹ ਇਹ ਵੀ ਚਾਹੁੰਦੇ ਹਨ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉਨ੍ਹਾਂ ਲਈ ਪੰਜਾਬ ਚੋਣਾਂ ਵਿਚ ਚੋਣ ਪ੍ਰਚਾਰ ਕਰਨ। ਅਮਰਿੰਦਰ ਨੇ ਕਿਹਾ ਕਿ ਉਹ ਆਪਣੀ ਨਵੀਂ ਪਾਰਟੀ ਦੀ ਰਜਿਸਟ੍ਰੇਸ਼ਨ



ਹੋਣ ਦੀ ਉਡੀਕ ਕਰ ਰਹੇ ਹਨ। ਅਮਰਿੰਦਰ ਸਿੰਘ ਨੇ ਕਿਹਾ ਕਿ ਕਾਂਗਰਸ ਹੁਣ ਅਗਲਾ ਨਿਸ਼ਾਨਾ ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ ਨੂੰ ਬਣਾ ਸਕਦੀ ਹੈ।

ਉਨ੍ਹਾਂ ਇਹ ਵੀ ਕਿਹਾ ਕਿ ਜੋ ਨਵੇਂ ਖੇਤੀ ਕਾਨੂੰਨ ਬਣਾਏ ਗਏ ਸਨ, ਉਹ ਕਿਸਾਨਾਂ ਦੇ ਹਿੱਤ ਵਿਚ ਨਹੀਂ ਸਨ, ਹੁਣ ਉਹ ਕਾਨੂੰਨ ਵਾਪਸੀ ਤੋਂ ਖੁਸ਼ ਹਨ। ਚੇਤੇ ਰਹੇ ਕਿ ਅਮਰਿੰਦਰ ਸਿੰਘ ਪਹਿਲਾਂ ਹੀ ਆਖ ਚੁੱਕੇ ਹਨ ਕਿ ਜਦੋਂ ਖੇਤੀ ਕਾਨੂੰਨਾਂ ਦਾ ਮਸਲਾ ਨਿੱਬੜ ਗਿਆ ਤਾਂ ਉਸ ਮਗਰੋਂ ਉਹ ਪੰਜਾਬ ਵਿਚ ਭਾਜਪਾ ਨਾਲ ਗੱਠਜੋੜ ਕਰ ਸਕਦੇ ਹਨ। ਸਿਆਸੀ ਮਾਹਿਰ ਆਖਦੇ ਹਨ ਕਿ ਅਗਲੀਆਂ ਪੰਜਾਬ ਚੋਣਾਂ ਵਿਚ ਇਹ ਗੱਠਜੋੜ ਸੰਭਵ ਹੈ।

## ਕੈਪਟਨ ਦੀ ਪਾਰਟੀ ਦੇ ਪ੍ਰਧਾਨ ਖਿਲਾਫ ਦਰਜ ਹੈ ਕੇਸ

**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਬਣਾਈ ਗਈ ਨਵੀਂ ਪਾਰਟੀ ਦੇ ਪ੍ਰਧਾਨ ਸੁਖਿੰਦਰ ਸਿੰਘ ਅਤੇ ਉਸ ਦੀ ਪਤਨੀ ਤੇ ਪੁੱਤਰ ਖਿਲਾਫ ਸੀ.ਬੀ.ਆਈ. ਨੇ 2019 ਵਿੱਚ ਧੋਖਾਧੜੀ ਦਾ ਕੇਸ ਦਰਜ ਕੀਤਾ ਸੀ। ਸੀ.ਬੀ.ਆਈ. ਦਾ ਦਾਅਵਾ ਸੀ ਕਿ ਸੁਖਿੰਦਰ ਸਿੰਘ ਨੇ ਕਥਿਤ ਤੌਰ 'ਤੇ ਬੈਂਕ ਨਾਲ 33 ਕਰੋੜ ਰੁਪਏ ਦੀ ਧੋਖਾਧੜੀ ਕੀਤੀ ਸੀ। ਪ੍ਰਾਪਤ ਜਾਣਕਾਰੀ ਅਨੁਸਾਰ ਸੀ.ਬੀ.ਆਈ. ਨੇ 29 ਅਕਤੂਬਰ ਨੂੰ ਇਕ ਵਾਰ ਫਿਰ ਚੰਡੀਗੜ੍ਹ ਸਥਿਤ ਸੁਖਿੰਦਰ ਸਿੰਘ ਦੇ ਘਰ ਵਿਚ ਛਾਪਾ ਮਾਰਿਆ ਸੀ। ਦੱਸਣਯੋਗ ਹੈ ਕਿ ਚੋਣ ਕਮਿਸ਼ਨ ਕੋਲ ਜਮ੍ਹਾਂ ਕਰਵਾਏ ਗਏ ਦਸਤਾਵੇਜ਼ਾਂ ਵਿਚ ਪੰਜਾਬ ਲੋਕ ਕਾਂਗਰਸ ਪਾਰਟੀ ਦਾ ਪ੍ਰਧਾਨ ਸੁਖਿੰਦਰ ਸਿੰਘ, ਜਨਰਲ ਸਕੱਤਰ ਗੁਰਮੇਹਰ ਸਿੰਘ ਸੇਖੋਂ ਤੇ ਖਜ਼ਾਨਚੀ ਸੁਖਸਿਮਰਨ ਸਿੰਘ ਹਨ।

# ਪ੍ਰਨੀਤ ਕੌਰ ਨੂੰ ਨੋਟਿਸ ਪਿੱਛੋਂ ਕੈਪਟਨ ਦਾ ਗੁੱਸਾ ਸਤਵੇਂ ਆਸਮਾਨ 'ਤੇ

## ਪੰਜਾਬ ਮਾਮਲਿਆਂ ਦੇ ਇੰਚਾਰਜ ਹਰੀਸ਼ ਚੌਧਰੀ 'ਤੇ ਤਿੱਖੇ ਨਿਸ਼ਾਨੇ



**ਚੰਡੀਗੜ੍ਹ:** ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਾਂਗਰਸ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਹਰੀਸ਼ ਚੌਧਰੀ ਨੂੰ ਨਿਸ਼ਾਨੇ 'ਤੇ ਲਿਆ ਹੈ। ਹਰੀਸ਼ ਚੌਧਰੀ ਨੇ ਸੰਸਦ ਮੈਂਬਰ ਅਤੇ ਕੈਪਟਨ ਦੀ ਪਤਨੀ ਪ੍ਰਨੀਤ ਕੌਰ ਨੂੰ ਨੋਟਿਸ ਜਾਰੀ ਕੀਤਾ ਹੈ। ਕੈਪਟਨ ਨੇ ਕਿਹਾ ਕਿ ਰਾਜਸਥਾਨ ਵਿਚ ਹਰੀਸ਼ ਚੌਧਰੀ ਨੂੰ ਕਤਲ ਕੇਸ ਵਿਚ ਮੁਲਜ਼ਮ ਵਜੋਂ ਨਾਮਜ਼ਦ ਹੋਣ ਕਰਕੇ ਮੰਤਰੀ ਦੇ ਅਹੁਦੇ ਤੋਂ ਬਰਖ਼ਾਸਤ ਕੀਤਾ ਗਿਆ ਹੈ ਪਰ ਹੁਣ ਇਹ ਨੇਤਾ ਪੰਜਾਬ ਵਿਚ ਮੁੱਖ ਮੰਤਰੀ ਦੀ ਤਾਕਤ ਅਤੇ ਵਿਸ਼ੇਸ਼ ਅਧਿਕਾਰਾਂ ਦਾ ਆਨੰਦ ਮਾਣ ਰਿਹਾ ਹੈ।

ਉਨ੍ਹਾਂ ਕਿਹਾ ਕਿ ਚੌਧਰੀ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਰਬੜ ਸਟੈਂਪ ਸਮਝ ਕੇ ਹਦਾਇਤਾਂ ਦੇ ਰਿਹਾ ਹੈ। ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਹਰੀਸ਼ ਚੌਧਰੀ ਦਾ ਕੈਬਨਿਟ ਮੀਟਿੰਗਾਂ ਅਤੇ ਅਧਿਕਾਰੀਆਂ ਦੀਆਂ ਮੀਟਿੰਗਾਂ ਵਿਚ ਸ਼ਾਮਲ ਹੋਣਾ ਗੈਰਸੰਵਿਧਾਨਕ ਹੈ। ਉਨ੍ਹਾਂ ਕਿਹਾ ਕਿ ਹਰੀਸ਼ ਚੌਧਰੀ ਇਕ ਮੰਤਰੀ ਦੇ ਬੰਗਲੇ ਵਿਚ ਰਹਿ ਰਿਹਾ ਹੈ ਅਤੇ ਪੰਜਾਬ ਭਵਨ ਵਿਚ ਬੈਠ ਕੇ ਮੁੱਖ ਮੰਤਰੀ, ਵਜ਼ੀਰਾਂ ਅਤੇ ਹੋਰਾਂ ਨੂੰ ਹੁਕਮ ਜਾਰੀ ਕਰ ਰਿਹਾ ਹੈ। ਉਨ੍ਹਾਂ ਸੁਆਲ ਉਠਾਏ ਹਨ ਕਿ ਹਰੀਸ਼ ਚੌਧਰੀ ਦੇ ਖਰਚਿਆਂ ਦਾ ਭੁਗਤਾਨ ਕੌਣ ਕਰ ਰਿਹਾ ਹੈ। ਚੇਤੇ ਰਹੇ ਕਿ ਹਰੀਸ਼ ਚੌਧਰੀ ਨੇ ਬੀਤੇ ਦਿਨੀਂ ਕੈਪਟਨ ਅਮਰਿੰਦਰ ਸਿੰਘ ਨੂੰ ਕਟਹਿਰੇ ਵਿਚ ਖੜ੍ਹਾ ਕਰਦਿਆਂ ਭਾਜਪਾ ਨਾਲ ਰਲੇ ਹੋਣ ਦੇ ਇਲਜ਼ਾਮ ਲਗਾਏ ਸਨ।

ਕੈਪਟਨ ਨੇ ਸਫਾਈ ਦਿੰਦਿਆਂ ਕਿਹਾ ਕਿ ਮੁੱਖ ਮੰਤਰੀ ਰਹਿੰਦਿਆਂ ਜੇਕਰ ਉਹ ਪ੍ਰਧਾਨ ਮੰਤਰੀ ਜਾਂ ਭਾਜਪਾ ਨਾਲ ਕੋਈ ਸਾਂਝੇਦਾਰੀ ਰੱਖਦੇ ਤਾਂ ਉਨ੍ਹਾਂ ਕਿਸਾਨ ਅੰਦੋਲਨ ਦੀ ਹਮਾਇਤ ਨਹੀਂ ਕਰਨੀ ਸੀ।

ਉਨ੍ਹਾਂ ਕਿਹਾ ਕਿ ਉਹ ਸੂਬੇ ਦੇ ਮੁੱਖ ਮੰਤਰੀ ਅਤੇ ਗ੍ਰਹਿ ਮੰਤਰੀ ਹੋਣ ਦੇ ਨਾਤੇ ਪਹਿਲਾਂ ਪ੍ਰਧਾਨ ਮੰਤਰੀ ਅਤੇ ਅਮਿਤ ਸ਼ਾਹ ਨੂੰ ਮਿਲੇ ਸਨ। ਕੈਪਟਨ ਨੇ ਇਹ ਵੀ ਕਿਹਾ ਕਿ ਹਰੀਸ਼ ਚੌਧਰੀ ਨੇ ਪੰਜਾਬ ਵਿਚ ਪੱਕਾ ਟਿਕਾਣਾ ਬਣਾ ਲਿਆ ਹੈ ਜਦੋਂ ਕਿ ਇੰਚਾਰਜ ਨੂੰ ਸੂਬੇ ਵਿਚ ਪੱਕੇ ਤੌਰ 'ਤੇ ਰਹਿਣ ਦੀ ਜ਼ਰੂਰਤ ਨਹੀਂ ਹੁੰਦੀ ਹੈ ਕਿਉਂਕਿ ਉਸ ਨੇ ਤਾਂ ਆਪਸੀ ਤਾਲਮੇਲ ਅਤੇ ਪਾਰਟੀ ਹਾਈਕਮਾਨ ਨੂੰ ਫੀਡ ਬੈਕ ਹੀ ਦੇਣੀ ਹੁੰਦੀ ਹੈ। ਅਮਰਿੰਦਰ ਸਿੰਘ ਨੇ ਕਿਹਾ ਕਿ ਉਨ੍ਹਾਂ 14 ਇੰਚਾਰਜਾਂ ਨਾਲ ਕੰਮ ਕੀਤਾ ਹੈ ਪਰ ਕਿਸੇ ਨੇ ਪੱਕਾ ਟਿਕਾਣਾ ਬਣਾਉਣਾ ਤਾਂ ਦੂਰ ਦੀ ਗੱਲ, ਪੰਜਾਬ ਵਿਚ ਕਦੇ ਬਹੁਤਾ ਦਖਲ ਵੀ ਨਹੀਂ ਦਿੱਤਾ ਸੀ।

# ਪੰਜਾਬੀ ਭਾਸ਼ਾ ਨੂੰ ਸੁਰਜੀਤ ਕਰਨ ਦਾ ਸੱਦਾ ਦਿੱਤਾ



**ਨਵੀਂ ਦਿੱਲੀ:** ਜੰਮੂ ਕਸ਼ਮੀਰ ਦੇ ਸਾਬਕਾ ਰਾਜਪਾਲ ਐਨ.ਐਨ. ਵੋਹਰਾ ਨੇ ਪੰਜਾਬੀ ਭਾਸ਼ਾ ਨੂੰ ਸੁਰਜੀਤ ਕਰਨ ਦਾ ਸੱਦਾ ਦਿੰਦਿਆਂ ਕਿਹਾ ਕਿ ਇਹ ਭਾਸ਼ਾ ਲੋਪ ਹੋ ਰਹੀ ਹੈ ਤੇ ਇਸ ਦੇ ਅਮੀਰ ਸਾਹਿਤ ਦਾ ਹੋਰਨਾਂ ਭਾਸ਼ਾਵਾਂ 'ਚ ਅਨੁਵਾਦ ਕਰਨ ਦੀ ਲੋੜ ਹੈ। ਪੰਜਾਬ ਕੇਡਰ ਦੇ ਸਾਬਕਾ ਆਈ.ਏ.ਐਸ. ਅਧਿਕਾਰੀ ਸ੍ਰੀ ਵੋਹਰਾ ਜਿਨ੍ਹਾਂ ਦੀਆਂ ਪਰਿਵਾਰਕ ਜੜ੍ਹਾਂ ਅਣਵੰਡੇ ਪੰਜਾਬ ਵਿਚ ਸਨ, ਇਥੇ ਸਿੱਖ 'ਮਨੁੱਖਤਾਵਾਦੀ ਲੇਖਕ' ਕੁਲਵੰਤ ਸਿੰਘ ਵਿਰਕ ਦੀ ਜਨਮ ਸ਼ਤਾਬਦੀ ਨੂੰ ਸਮਰਪਿਤ ਤਿੰਨ ਦਿਨਾਂ ਕੌਮਾਂਤਰੀ ਕਾਨਫਰੰਸ 'ਹਿੰਦੁਸਤਾਨ ਦੀ ਵੰਡ' ਦੇ ਉਦਘਾਟਨੀ ਸਮਾਰੋਹ ਨੂੰ ਸੰਬੋਧਨ ਕਰ ਰਹੇ ਸਨ। ਇਹ ਕਾਨਫਰੰਸ ਦਿੱਲੀ ਯੂਨੀਵਰਸਿਟੀ ਅਧੀਨ ਆਉਂਦੇ ਮਾਤਾ ਸੁੰਦਰੀ ਮਹਿਲਾ ਕਾਲਜ ਵੱਲੋਂ ਕਰਵਾਈ ਜਾ ਰਹੀ ਹੈ।

ਸ੍ਰੀ ਵੋਹਰਾ ਨੇ ਇਹ ਕਾਨਫਰੰਸ ਕਰਵਾਉਣ ਦੇ ਕਾਲਜ ਦੇ ਫੈਸਲੇ ਦੀ ਸ਼ਲਾਘਾ ਕੀਤੀ। ਇਸ ਕਾਨਫਰੰਸ ਵਿਚ ਦੇਸ਼ ਭਰ 'ਚੋਂ ਅਤੇ ਪਾਕਿਸਤਾਨ ਤੋਂ ਵਕਤਾ ਸ਼ਾਮਲ ਹਨ। ਉਨ੍ਹਾਂ ਕਾਲਜ ਦੇ ਪ੍ਰਿੰਸੀਪਲ ਹਰਪ੍ਰੀਤ ਕੌਰ ਅਤੇ ਕਾਨਫਰੰਸ ਦੇ ਕਨਵੀਨਰ ਡਾ. ਵੀਨਾਕਸ਼ੀ ਸ਼ਰਮਾ ਨੂੰ ਪੰਜਾਬੀ ਸਾਹਿਤ ਦਾ ਅਨੁਵਾਦ ਕਰਨ ਦੇ ਕੰਮ ਵਿਚ ਸਾਹਿਤ ਅਕਾਦਮੀ ਨੂੰ ਸ਼ਾਮਲ ਕਰਨ ਅਤੇ ਕਿਫਾਇਤੀ ਦਰਾਂ 'ਤੇ ਇਨ੍ਹਾਂ ਨੂੰ ਪ੍ਰਕਾਸ਼ਿਤ ਕਰਨ ਲਈ ਨੈਸ਼ਨਲ ਬੁੱਕ ਟਰੱਸਟ ਦੀ ਮਦਦ ਲੈਣ ਲਈ ਕਿਹਾ। ਸ੍ਰੀ ਵੋਹਰਾ ਨੇ ਕਿਹਾ, "ਭਾਰੀ ਮਾਤਰਾ ਵਿਚ ਅਜਿਹਾ ਪੰਜਾਬੀ ਸਾਹਿਤ ਮੌਜੂਦ ਹੈ ਜਿਸ ਦਾ ਹੋਰਨਾਂ ਭਾਸ਼ਾਵਾਂ ਵਿਚ ਅਨੁਵਾਦ ਕਰਨ ਦੀ ਲੋੜ ਹੈ।" ਉਨ੍ਹਾਂ ਵੰਡ ਦੀਆਂ ਕਹਾਣੀਆਂ ਦੇ ਦਸਤਾਵੇਜ਼ੀਕਰਨ ਦੀ ਲੋੜ 'ਤੇ ਵੀ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਕੁਝ ਹੀ ਸਾਲਾਂ 'ਚ ਅਣਵੰਡੇ ਹਿੰਦੁਸਤਾਨ ਵਾਲੀ ਪੀੜ੍ਹੀ ਚਲੀ ਜਾਵੇਗੀ। ਇਹੀ ਸਮਾਂ ਹੈ ਉਨ੍ਹਾਂ ਦੀਆਂ ਯਾਦਾਂ ਨੂੰ ਇਕੱਤਰ ਕਰਨ ਦਾ।ਇਸ ਦੌਰਾਨ ਵੰਡ ਬਾਰੇ ਬੋਲਦਿਆਂ ਸ੍ਰੀ ਵੋਹਰਾ ਨੇ ਕਿਹਾ, "ਪਾਕਿਸਤਾਨ ਨੇ ਇਸਲਾਮਿਕ ਮੁਲਕ ਬਣਨਾ ਪਸੰਦ ਕੀਤਾ ਜਦਕਿ ਭਾਰਤ ਨੇ ਸਮਾਜਵਾਦੀ ਜਮਹੂਰੀਅਤ ਬਣਨ ਦਾ ਰਾਹ ਚੁਣਿਆ। ਦੋਵੇਂ ਮੁਲਕ ਆਪੋ-ਆਪਣੀਆਂ ਰਾਹਾਂ 'ਤੇ ਤੁਰ ਪਏ। ਪਾਕਿਸਤਾਨ ਦੀ ਸ਼ੁਰੂਆਤ ਇਕ ਲੋਕਤੰਤਰ ਵਜੋਂ ਹੋਈ ਸੀ, ਪਰ 1958 ਵਿਚ ਫੌਜੀ ਜਰਨੈਲਾਂ ਨੇ ਸੱਤਾ 'ਤੇ ਕਬਜ਼ਾ ਕਰ ਲਿਆ। ਅਸੀਂ ਪਾਕਿਸਤਾਨ ਵਿਚ ਬਹੁਤ ਘੱਟ ਸਮਾਂ ਨਾਗਰਿਕ ਸ਼ਾਸਨ ਦੇਖਿਆ ਪਰ ਇਹ ਮੁਲਕ ਵੱਡੀ ਪੱਧਰ 'ਤੇ ਪਾਕਿਸਤਾਨੀ ਫੌਜ ਦੀ ਨਿਗਰਾਨੀ ਹੇਠ ਹੈ। ਸਾਨੂੰ ਇਹ ਦੇਖਣ ਹੋਵੇਗਾ ਕਿ ਦੋਹਾਂ ਦੇਸ਼ਾਂ ਵਿਚਾਲੇ ਸ਼ਾਂਤੀ ਅਤੇ ਹਾਲਾਤ ਆਮ ਵਰਗੇ ਬਣਾਉਣ ਲਈ ਅਸੀਂ ਕੀ ਕਰ ਸਕਦੇ ਹਾਂ। ਇਨ੍ਹਾਂ ਦੋਹਾਂ ਮੁਲਕਾਂ ਦੇ ਆਮ ਲੋਕ ਦੁਸ਼ਮਣ ਨਹੀਂ ਹਨ। ਅਸੀਂ ਇਹ ਇੱਛਾ ਕਰ ਸਕਦੇ ਹਾਂ ਕਿ ਅਗਲੀਆਂ ਪੀੜ੍ਹੀਆਂ ਸ਼ਾਂਤੀ ਵਿਚ ਵਿਸ਼ਵਾਸ ਰੱਖਣ।" ਉਨ੍ਹਾਂ ਕਿਹਾ, "ਭਾਰਤ ਨੇ ਕਦੇ ਵੀ ਹਮਲਾਵਰ ਰੁਖ ਨਹੀਂ ਅਪਣਾਇਆ ਅਤੇ ਨਾ ਹੀ ਕਦੇ ਹੋਰਨਾਂ ਦੇਸ਼ਾਂ ਦੀ ਧਰਤੀ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ। ਬਦਕਿਸਮਤੀ ਨਾਲ ਪਾਕਿਸਤਾਨ ਨੇ 1947, 1965, 1971 ਅਤੇ 1999 ਵਿਚ ਜੰਗ ਸ਼ੁਰੂ ਕੀਤੀ ਅਤੇ 1990 ਤੋਂ ਕਸ਼ਮੀਰ ਵਿਚ ਪਾਕਿਸਤਾਨੀ ਫੌਜ ਅਤੇ ਆਈ.ਐਸ.ਆਈ. ਨੇ ਅਸਿੱਧੀ ਜੰਗ ਛੇੜੀ ਹੋਈ ਹੈ।"

# ਅਕਾਲੀ ਦਲ ਦੇ ਦੂਹਰੇ ਸੰਵਿਧਾਨ ਬਾਰੇ ਕੇਸ ਦੀ ਸੁਣਵਾਈ 25 ਫਰਵਰੀ ਨੂੰ



**ਹੁਸ਼ਿਆਰਪੁਰ:** ਹੁਸ਼ਿਆਰਪੁਰ ਦੇ ਸਮਾਜ ਸੇਵੀ ਬਲਵੰਤ ਸਿੰਘ ਖੇੜਾ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੀ ਸਿਆਸੀ ਪਾਰਟੀ ਵਜੋਂ ਮਾਨਤਾ ਰੱਦ ਕਰਨ ਸਬੰਧੀ ਪਾਈ ਪਟੀਸ਼ਨ ਦੀ ਸੁਣਵਾਈ ਦਿੱਲੀ ਹਾਈ ਕੋਰਟ ਨੇ 25 ਫਰਵਰੀ 2022 ਨਿਰਧਾਰਿਤ ਕੀਤੀ ਹੈ।

ਹਾਈ ਕੋਰਟ ਦੇ ਬੈਂਚ ਦੇ ਸਾਹਮਣੇ ਇਹ ਮਾਮਲਾ ਸੁਣਵਾਈ ਲਈ ਆਇਆ ਜਿਸ ਦੌਰਾਨ ਖੇੜਾ ਦੇ ਵਕੀਲ ਇੰਦਰਾ ਉਨਿਆਰ ਨੇ ਮੰਗ ਕੀਤੀ ਕਿ ਪੰਜਾਬ ਵਿਧਾਨ ਸਭਾ ਚੋਣਾਂ, ਜੋ ਕਿਸੇ ਵੇਲੇ ਵੀ ਸੰਭਵ ਹਨ, ਦੇ ਮੱਦੇਨਜ਼ਰ ਮਾਮਲੇ ਦੀ ਸੁਣਵਾਈ ਬਿਨਾਂ ਦੇਰੀ ਕੀਤੀ ਜਾਵੇ। ਖੇੜਾ ਨੇ ਸ਼੍ਰੋਮਣੀ ਅਕਾਲੀ ਦਲ 'ਤੇ ਦੋ ਸੰਵਿਧਾਨ ਰੱਖਣ ਦਾ ਦੋਸ਼ ਲਾਇਆ ਹੈ।

ਪਟੀਸ਼ਨ ਵਿਚ ਉਨ੍ਹਾਂ ਆਖਿਆ ਹੈ ਕਿ ਅਕਾਲੀ ਦਲ ਨੇ ਸਿਆਸੀ ਪਾਰਟੀ ਵਜੋਂ ਖੁਦ ਨੂੰ ਰਜਿਸਟਰ ਕਰਵਾਉਣ ਲਈ ਭਾਰਤ ਦੇ ਚੋਣ ਕਮਿਸ਼ਨ ਨੂੰ ਜੋ ਹਲਫ਼ਨਾਮਾ ਦਿੱਤਾ, ਉਹ ਝੂਠਾ ਸੀ ਕਿਉਂਕਿ ਇਸ ਵਿਚ ਉਸ ਨੇ ਖੁਦ ਨੂੰ ਇਕ ਧਰਮ ਨਿਰਪੱਖ ਪਾਰਟੀ ਦੱਸਿਆ ਜਦਕਿ ਉਹ ਗੁਰਦੁਆਰਾ ਕਮਿਸ਼ਨ ਨੂੰ ਦਿੱਤੇ ਹਲਫ਼ਨਾਮੇ 'ਚ ਖੁਦ ਨੂੰ ਧਾਰਮਿਕ ਦੱਸਦੀ ਹੈ ਤੇ ਗੁਰਦੁਆਰਾ ਚੋਣਾਂ 'ਚ ਖੁੱਲ੍ਹ ਕੇ ਹਿੱਸਾ ਲੈਂਦੀ ਹੈ।

ਖੇੜਾ ਦੇ ਵਕੀਲ ਨੇ ਅਦਾਲਤ ਨੂੰ ਦੱਸਿਆ ਕਿ ਇਹ ਮਾਮਲਾ ਸਾਲ 2004 ਤੋਂ ਲੰਬਿਤ ਹੈ। ਉਨ੍ਹਾਂ ਦੱਸਿਆ ਕਿ ਕੇਸ ਨਾਲ ਸਬੰਧਤ ਸਾਰਾ ਰਿਕਾਰਡ ਅਦਾਲਤ ਕੋਲ ਮੌਜੂਦ ਹੈ ਪਰ ਇਸ ਦੇ ਬਾਵਜੂਦ ਇਹ ਕੇਸ ਲਟਕਦਾ ਆ ਰਿਹਾ ਹੈ। ਉਨ੍ਹਾਂ ਮੰਗ ਕੀਤੀ ਕਿ ਵਿਧਾਨ ਸਭਾ ਚੋਣਾਂ ਅਤੇ ਪਟੀਸ਼ਨਰ ਦੀ ਬਜ਼ੁਰਗ ਅਵਸਥਾ ਨੂੰ ਦੇਖਦਿਆਂ ਇਸ ਕੇਸ ਦੀ ਸੁਣਵਾਈ ਤੁਰਤ ਕੀਤੀ ਜਾਵੇ। ਚੀਫ਼ ਜਸਟਿਸ ਡੀ.ਐਨ. ਪਟੇਲ ਅਤੇ ਜਸਟਿਸ ਜੋਤੀ ਸਿੰਘ ਦੇ ਬੈਂਚ ਨੇ 25 ਫਰਵਰੀ 2022 ਲਈ ਸੁਣਵਾਈ ਨਿਸ਼ਚਿਤ ਕਰ ਦਿੱਤੀ।

# ਮਜੀਠੀਆ ਨੂੰ ਫਸਾਉਣ ਦੀ ਸਾਜ਼ਿਸ਼ ਘੜੀ ਜਾ ਰਹੀ: ਸੁਖਬੀਰ



**ਚੰਡੀਗੜ੍ਹ:** ਅਕਾਲੀ ਦਲ ਨੇ ਦੋਸ਼ ਲਾਇਆ ਹੈ ਕਿ ਸੂਬੇ ਦੀ ਕਾਂਗਰਸ ਸਰਕਾਰ ਨੇ ਅਕਾਲੀ ਨੇਤਾ ਬਿਕਰਮ ਸਿੰਘ ਮਜੀਠੀਆ ਨੂੰ ਨਸ਼ਿਆਂ ਦੇ ਝੂਠੇ ਕੇਸ ਵਿਚ ਫਸਾਉਣ ਦੀ ਵੱਡੀ ਸਾਜ਼ਿਸ਼ ਰਚੀ ਹੈ ਅਤੇ ਉਨ੍ਹਾਂ ਨੂੰ ਝੂਠੇ ਕੇਸ 'ਚ ਫਸਾਉਣ ਲਈ ਮੁੱਖ ਮੰਤਰੀ, ਗ੍ਰਹਿ ਮੰਤਰੀ, ਕਾਂਗਰਸ ਪ੍ਰਧਾਨ ਅਤੇ ਪੁਲਿਸ ਮੁਖੀ ਨੇ ਪਿਛਲੇ ਦਿਨੀਂ ਮੀਟਿੰਗ ਕੀਤੀ ਹੈ।

ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ 5 ਸਾਲਾਂ 'ਚ ਕਾਂਗਰਸ ਸਰਕਾਰ ਨੇ ਵਿਕਾਸ ਕਾਰਜ ਕਰਨ ਦੀ ਥਾਂ ਅਕਾਲੀ ਵਰਕਰਾਂ ਖ਼ਿਲਾਫ਼ ਝੂਠੇ ਪਰਚੇ ਦਰਜ ਕਰਵਾਏ ਹਨ ਅਤੇ ਇਨ੍ਹਾਂ ਝੂਠੇ ਪਰਚਿਆਂ ਦੀ ਜਾਂਚ ਲਈ ਅਕਾਲੀ ਦਲ ਦੀ ਸਰਕਾਰ ਆਉਣ 'ਤੇ ਵਿਸ਼ੇਸ਼ ਕਮਿਸ਼ਨ ਦਾ ਗਠਨ ਹੋਵੇਗਾ ਅਤੇ ਜਿਨ੍ਹਾਂ ਕਾਂਗਰਸੀ ਵਿਧਾਇਕਾਂ ਅਤੇ ਅਧਿਕਾਰੀਆਂ ਨੇ ਮਿਲ ਕੇ ਇਹ ਝੂਠੇ ਪਰਚੇ ਕਰਵਾਏ ਹਨ, ਉਨ੍ਹਾਂ ਖ਼ਿਲਾਫ਼ ਕਾਰਵਾਈ ਹੋਵੇਗੀ।

ਉਨ੍ਹਾਂ ਮੁੱਖ ਮੰਤਰੀ ਨੂੰ ਚੁਣੌਤੀ ਦਿੰਦਿਆਂ ਕਿਹਾ ਕਿ ਨਸ਼ਿਆਂ ਦੇ ਮਾਮਲੇ ਦੀ ਹਾਈਕੋਰਟ ਦੇ ਮੌਜੂਦਾ ਜੱਜ ਤੋਂ ਜਾਂਚ ਕਰਵਾਉਣ, ਸੱਚ ਸਾਹਮਣੇ ਆ ਜਾਵੇਗਾ। ਅਰਵਿੰਦ ਕੇਜਰੀਵਾਲ ਵਰਗੇ, ਜਿਨ੍ਹਾਂ ਨੇ ਪਿਛਲੇ ਸਮੇਂ 'ਚ ਮਜੀਠੀਆ ਉਤੇ ਝੂਠੇ ਦੋਸ਼ ਲਾਏ ਸਨ, ਉਨ੍ਹਾਂ ਨੂੰ ਲਿਖਤੀ ਮੁਆਫੀ ਮੰਗ ਕੇ ਜੇਲ੍ਹ ਜਾਣ ਤੋਂ ਬਚਣਾ ਪਿਆ ਸੀ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਘਬਰਾਹਟ ਵਿਚ ਆ ਕੇ ਬਦਲਾਖੋਰੀ ਦੀਆਂ ਕਾਰਵਾਈਆਂ ਕਰਦੇ ਹੋਏ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨੂੰ ਝੂਠੇ ਕੇਸ 'ਚ ਫਸਾਉਣ ਦੀ ਸਾਜ਼ਿਸ਼ ਰਚ ਰਹੀ ਹੈ, ਜੇਕਰ ਹਿੰਮਤ ਹੈ ਸਰਕਾਰ ਗ੍ਰਿਫਤਾਰ ਕਰੇ, ਅਸੀਂ ਜੇਲ੍ਹ ਭਰੋ ਅੰਦੋਲਨ ਸ਼ੁਰੂ ਕਰਨ ਨੂੰ ਤਿਆਰ ਬੈਠੇ ਹਾਂ। ਸੁਖਬੀਰ ਨੇ ਕਿਹਾ ਕਿ ਚੰਨੀ ਅਤੇ ਸਿੱਧੂ ਦੋਵੇਂ ਆਪਣੀ ਸਰਕਾਰ ਦੀ ਹਰ ਮੋਰਚੇ 'ਤੇ ਨਾਕਾਮਯਾਬੀ ਤੋਂ ਧਿਆਨ ਹਟਾਉਣ ਲਈ ਅਕਾਲੀ ਆਗੂਆਂ ਵਿਰੁੱਧ ਬਦਲਾਖੋਰੀ ਕਰਨ ਲਈ ਇਕ-ਦੂਜੇ ਦੀ ਦੌੜ ਵਿਚ ਲੱਗੇ ਹੋਏ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਚੰਨੀ ਨਹੀਂ ਸਗੋਂ ਸਿੱਧੂ ਹਨ, ਕਿਉਂਕਿ ਚੰਨੀ ਤਾਂ ਇਕ ਡਿਪਟੀ ਕਮਿਸ਼ਨਰ ਨਹੀਂ ਲਗਾ ਸਕੇ, ਜਦਕਿ ਸਿੱਧੂ ਆਪਣੀ ਮਰਜ਼ੀ ਨਾਲ ਵੱਡੇ ਅਹੁਦਿਆਂ ਉਤੇ ਆਪਣੇ ਬੰਦੇ ਬਿਠਾ ਰਹੇ ਹਨ।

## ਜੇਕਰ ਕੁਝ ਨਹੀਂ ਕੀਤਾ ਤਾਂ ਕਾਹਦਾ ਡਰ: ਸਿੱਧੂ

**ਅੰਮ੍ਰਿਤਸਰ:** ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਆਪਣਾ ਹਮਲਾਵਰ ਰੁਖ ਬਰਕਰਾਰ ਰੱਖਿਆ ਹੋਇਆ ਹੈ। ਉਨ੍ਹਾਂ ਆਪਣੀ ਸਰਕਾਰ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਨਿਸ਼ਾਨੇ 'ਤੇ ਲਿਆ। ਉਨ੍ਹਾਂ ਸੁਖਬੀਰ ਨੂੰ ਆਖਿਆ ਕਿ ਜੇਕਰ ਬੇਅਦਬੀ ਮਾਮਲੇ ਵਿਚ ਉਸ ਵੇਲੇ ਦੇ ਡੀ.ਜੀ.ਪੀ. ਜਾਂ ਹੁਣ ਦੇ ਡੀ.ਜੀ.ਪੀ. ਨਾਲ ਉਨ੍ਹਾਂ ਇਕ ਵੀ ਮੀਟਿੰਗ ਕੀਤੀ ਹੋਵੇ ਤਾਂ ਉਹ ਸਿਆਸਤ ਛੱਡ ਦੇਣਗੇ। ਸ੍ਰੀ ਸਿੱਧੂ ਨੇ ਆਖਿਆ ਕਿ ਨਾ ਤਾਂ ਉਨ੍ਹਾਂ ਦੀ ਕੋਈ ਬੱਸ ਚੱਲਦੀ ਹੈ ਅਤੇ ਨਾ ਹੀ ਕੋਈ ਰੇਤੇ ਦੀ ਖੱਡ ਹੈ। ਇਸ ਲਈ ਉਨ੍ਹਾਂ ਨੂੰ ਗ੍ਰਿਫਤਾਰੀ ਦਾ ਕੋਈ ਡਰ ਨਹੀਂ ਤੇ ਉਹ ਆਪਣੀ ਗੱਲ ਬੇਬਾਕੀ ਨਾਲ ਲੋਕਾਂ ਅੱਗੇ ਰੱਖਦੇ ਹਨ। ਉਹ ਅੱਜ ਵੇਰਕਾ ਵਿੱਚ ਕਾਂਗਰਸੀ ਆਗੂਆਂ ਨਾਲ ਮੀਟਿੰਗ ਕਰਨ ਪੁੱਜੇ ਸਨ।

# ਮਿਸ਼ਨ ਪੰਜਾਬ: ਕਾਂਗਰਸ ਨੇ 'ਆਪ' ਦੀਆਂ ਗਾਰੰਟੀਆਂ ਉਤੇ ਚੁੱਕੇ ਸਵਾਲ



**ਅੰਮ੍ਰਿਤਸਰ:** ਦਿੱਲੀ ਦੇ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਵੱਲੋਂ ਪੰਜਾਬ ਵਿਚ ਆ ਕੇ ਦਿੱਤੀਆਂ ਜਾ ਰਹੀਆਂ ਗਾਰੰਟੀਆਂ ਅਤੇ ਕੀਤੇ ਜਾ ਰਹੇ ਐਲਾਨਾਂ ਕਾਰਨ ਹਾਕਮ ਧਿਰ ਕਾਂਗਰਸ ਨੂੰ ਹੱਥਾਂ-ਪੈਰਾਂ ਦੀ ਪੈ ਗਈ ਜਾਪਦੀ ਹੈ।

ਇਸ ਮਾਮਲੇ ਵਿਚ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਆਖਿਆ ਕਿ ਅਜਿਹੇ ਐਲਾਨ ਸਿਰਫ ਜੁਗਾੜ ਅਤੇ ਸਕੀਮਾਂ ਹਨ, ਜੋ ਲੋਕਾਂ ਨੂੰ ਭਰਮਾਉਣ ਲਈ ਹਨ ਅਤੇ ਇਨ੍ਹਾਂ ਨੂੰ ਪੂਰਾ ਕਰਨ ਲਈ ਆਮ ਆਦਮੀ ਪਾਰਟੀ ਕੋਲ ਕੋਈ ਠੋਸ ਆਰਥਿਕ ਆਧਾਰ ਨਹੀਂ ਹੈ। ਸਿੱਧੂ ਨੇ ਕਿਹਾ ਕਿ ਕੀਤੇ ਜਾ ਰਹੇ ਅਜਿਹੇ ਐਲਾਨ ਅਤੇ ਵਾਅਦੇ ਸਿਰਫ ਜੁਗਾੜ ਤੇ ਸਕੀਮਾਂ ਹਨ, ਜੋ ਲੋਕਾਂ ਨੂੰ ਭਰਮਾਉਣ ਲਈ ਲਾਲੀਪੌਪ ਦੇ ਬਰਾਬਰ ਹਨ। ਉਨ੍ਹਾਂ ਕਿਹਾ ਕਿ ਅਜਿਹੇ ਵਾਅਦੇ ਪੂਰੇ ਕਰਨ ਲਈ ਠੋਸ ਆਰਥਿਕ ਯੋਜਨਾ ਹੋਣੀ ਚਾਹੀਦੀ ਹੈ।

ਬਜਟ ਵਿਚ ਇਸ ਸਬੰਧੀ ਲੋੜੀਂਦੀ ਰਕਮ ਰੱਖੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ 26 ਲੱਖ ਨੌਕਰੀਆਂ ਦੇਣ ਦਾ ਵਾਅਦਾ ਮਤਲਬ 93 ਹਜ਼ਾਰ ਕਰੋੜ ਰੁਪਏ ਦਾ ਖਰਚਾ। ਇਸੇ ਤਰ੍ਹਾਂ ਇਕ ਹਜ਼ਾਰ ਰੁਪਏ ਹਰੇਕ ਔਰਤ ਨੂੰ ਦੇਣਾ ਭਾਵ 12 ਹਜ਼ਾਰ ਕਰੋੜ ਰੁਪਏ ਦਾ ਖਰਚਾ ਅਤੇ ਦੋ ਕਿਲੋਵਾਟ ਬਿਜਲੀ ਮੁਫਤ ਦੇਣਾ ਮਤਲਬ 3600 ਕਰੋੜ ਰੁਪਏ ਦਾ ਖਰਚਾ ਹੈ। ਇਹ ਸਾਰਾ ਕੁੱਲ ਖਰਚਾ 1.10 ਲੱਖ ਕਰੋੜ ਰੁਪਏ ਬਣਦਾ ਹੈ, ਜੋ ਕੇਜਰੀਵਾਲ ਨੇ ਹਵਾ ਵਿਚ ਹੀ ਵੰਡ ਦਿੱਤਾ ਹੈ।

ਕਾਂਗਰਸ ਪ੍ਰਧਾਨ ਨੇ ਕਿਹਾ ਕਿ ਪੰਜਾਬ ਦਾ ਕੁੱਲ ਬਜਟ 72 ਹਜ਼ਾਰ ਕਰੋੜ ਰੁਪਏ ਹੈ ਤਾਂ ਬਾਕੀ ਰਕਮ ਕਿੱਥੋਂ ਆਵੇਗੀ। ਉਨ੍ਹਾਂ ਕਿਹਾ ਕਿ ਅਜਿਹੇ ਖੋਖਲੇ ਵਾਅਦੇ ਕਰਨੇ ਬੰਦ ਕੀਤੇ ਜਾਣੇ ਚਾਹੀਦੇ ਹਨ। ਉਨ੍ਹਾਂ ਆਖਿਆ ਕਿ ਦਿੱਲੀ ਅਤੇ ਪੰਜਾਬ ਵਿਚ ਵੱਡਾ ਫਰਕ ਹੈ। ਦਿੱਲੀ ਸਵੈ-ਨਿਰਭਰ ਸੂਬਾ ਹੈ ਪਰ ਪੰਜਾਬ ਸੱਤ ਲੱਖ ਕਰੋੜ ਰੁਪਏ ਦੇ ਕਰਜ਼ੇ ਹੇਠ ਦੱਬਿਆ ਹੋਇਆ ਹੈ। ਇਸ ਦੌਰਾਨ ਉਨ੍ਹਾਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ 100 ਰੁਪਏ ਪ੍ਰਤੀ ਕੇਬਲ ਕੁਨੈਕਸ਼ਨ ਕਰਨ ਦੇ ਐਲਾਨ ਬਾਰੇ ਵੀ ਗੱਲ ਕੀਤੀ। ਉਨ੍ਹਾਂ ਕਿਹਾ ਕਿ ਐਨਾ ਘੱਟ ਰੇਟ ਸੰਭਵ ਨਹੀਂ ਹੈ ਕਿਉਂਕਿ ਟਰਾਈ ਵੱਲੋਂ ਵੀ 130 ਰੁਪਏ ਰੇਟ ਨਿਰਧਾਰਤ ਕੀਤਾ ਗਿਆ ਹੈ ਪਰ ਇਸ ਮਾਮਲੇ ਵਿਚ ਕਾਂਗਰਸ ਮੁੱਖ ਮੰਤਰੀ ਵੱਲੋਂ ਕੀਤੇ ਗਏ ਐਲਾਨ ਦੇ ਨਾਲ ਚੱਟਾਨ ਵਾਂਗ ਖੜ੍ਹੀ ਹੈ ਅਤੇ ਇਸ ਨੂੰ ਪੂਰਾ ਕਰਨ ਲਈ ਯੋਜਨਾਬੰਦੀ ਕੀਤੀ ਜਾਵੇਗੀ। ਵਿਕਾਸ ਕਾਰਜਾਂ ਬਾਰੇ ਕਾਂਗਰਸ ਪ੍ਰਧਾਨ ਨੇ ਕਿਹਾ ਕਿ 14 ਕਰੋੜ ਰੁਪਏ ਪੂਰਬੀ ਵਿਧਾਨ ਸਭਾ ਹਲਕੇ ਅਤੇ 10 ਕਰੋੜ ਰੁਪਏ ਉੱਤਰੀ ਵਿਧਾਨ ਸਭਾ ਹਲਕੇ ਵਿਚ ਸੜਕਾਂ 'ਤੇ ਲੁੱਕ ਪਾਉਣ ਦੇ ਕੰਮ ਲਈ ਖਰਚ ਕੀਤੇ ਜਾਣਗੇ। ਇਹ ਸਾਰੇ ਕੰਮ ਅੰਮ੍ਰਿਤਸਰ ਇੰਪਰੂਵਮੈਂਟ ਟਰੱਸਟ ਵੱਲੋਂ ਕਰਵਾਏ ਜਾਣਗੇ। ਇਸ ਤੋਂ ਇਲਾਵਾ 70 ਤੋਂ 80 ਕਰੋੜ ਰੁਪਏ ਦੇ ਕੰਮ ਹੋਣ ਵਾਲੇ ਹਨ, ਜੋ ਜਲਦੀ ਹੀ ਮੁਕੰਮਲ ਹੋਣਗੇ।

# ਹੁਣ ਸੰਸਾਰ ਭਰ ਵਿਚ ਕਰੋਨਾ ਦੇ ਨਵੇਂ ਰੂਪ 'ਓਮੀਕਰੋਨ' ਦੀ ਦਹਿਸ਼ਤ

**ਸਿਡਨੀ:** ਕਰੋਨਾ ਵਾਇਰਸ ਦੇ ਨਵੇਂ ਸਰੂਪ 'ਓਮੀਕਰੋਨ' ਕਾਰਨ ਇਕ ਵਾਰ ਫਿਰ ਦਹਿਸ਼ਤ ਦਾ ਮਾਹੌਲ ਬਣ ਗਿਆ ਹੈ। ਓਮੀਕਰੋਨ ਪਿਛਲੇ ਚਾਰ ਦਿਨਾਂ ਵਿਚ ਅੱਠ ਦੇਸ਼ਾਂ ਵਿਚ ਮਾਰ ਕਰ ਚੁੱਕਾ ਹੈ। ਇਨ੍ਹਾਂ ਵਿਚ ਦੱਖਣੀ ਅਫਰੀਕਾ, ਇਜ਼ਰਾਇਲ, ਹਾਂਗਕਾਂਗ, ਬੋਤਸਵਾਨਾ, ਬੈਲਜੀਅਮ, ਜਰਮਨੀ, ਚੈਕ ਗਣਰਾਜ ਤੇ ਬਰਤਾਨੀਆ ਸ਼ਾਮਲ ਹੈ। ਆਸਟਰੇਲੀਆ, ਜਰਮਨੀ ਅਤੇ ਇੰਗਲੈਂਡ 'ਚ 'ਓਮੀਕਰੋਨ' ਦੇ ਕੇਸ ਮਿਲੇ ਹਨ। ਇੰਗਲੈਂਡ 'ਚ ਦੋ ਅਤੇ ਆਸਟਰੇਲੀਆ ਤੇ ਜਰਮਨੀ 'ਚ ਇਕ-ਇਕ ਵਿਅਕਤੀ 'ਚ ਨਵੀਂ ਲਾਗ ਦੇ ਲੱਛਣ ਪਾਏ ਗਏ ਹਨ। ਓਮੀਕਰੋਨ ਦਾ ਪਹਿਲਾ ਮਾਮਲਾ ਦੱਖਣੀ ਅਫਰੀਕਾ ਵਿਚ 9 ਨਵੰਬਰ ਨੂੰ ਪਾਇਆ ਗਿਆ ਸੀ। ਯੂਰਪ, ਬ੍ਰਿਟੇਨ, ਅਮਰੀਕਾ, ਇਜ਼ਰਾਈਲ ਅਤੇ ਸ੍ਰੀਲੰਕਾ ਸਮੇਤ ਹੋਰ ਮੁਲਕਾਂ ਨੇ ਵੀ ਯਾਤਰਾ 'ਤੇ ਪਾਬੰਦੀਆਂ ਲਾਗੂ ਕੀਤੀਆਂ ਹਨ।

ਦੱਖਣੀ ਅਫਰੀਕਾ ਨੇ 24 ਨਵੰਬਰ ਨੂੰ ਵਿਸ਼ਵ ਸਿਹਤ ਸੰਸਥਾ ਨੂੰ ਜਾਣਕਾਰੀ ਦਿੱਤੀ ਸੀ। ਡਬਲਿਊ.ਐਚ.ਓ. ਨੇ ਦੱਖਣੀ ਏਸ਼ਿਆਈ ਦੇਸ਼ਾਂ ਨੂੰ ਕਰੋਨਾ ਦੇ ਨਵੇਂ ਰੂਪ ਤੋਂ ਚੌਕਸ ਰਹਿਣ ਲਈ ਕਿਹਾ ਸੀ।



ਇਧਰ, 'ਓਮੀਕਰੋਨ' ਤੋਂ ਸੁਰੱਖਿਆ ਦੇ ਮੱਦੇਨਜ਼ਰ ਜਾਰੀ ਸੱਜਰੇ ਦਿਸ਼ਾ-ਨਿਰਦੇਸ਼ਾਂ ਵਿਚ ਭਾਰਤ ਦੇ ਕੇਂਦਰੀ ਸਿਹਤ ਮੰਤਰਾਲੇ ਨੇ ਕੌਮਾਂਤਰੀ ਯਾਤਰੀਆਂ ਲਈ ਪਿਛਲੇ 14 ਦਿਨਾਂ ਦੀ ਯਾਤਰਾ ਹਿਸਟਰੀ ਸਾਂਝੀ ਕਰਨੀ ਲਾਜ਼ਮੀ ਕਰ ਦਿੱਤੀ ਹੈ। ਸਿਹਤ ਮੰਤਰਾਲੇ ਵੱਲੋਂ ਜਾਰੀ ਨਵੀਆਂ ਸੇਧਾਂ ਮੁਤਾਬਕ ਯੂਕੇ, ਦੱਖਣੀ ਅਫਰੀਕਾ, ਹਾਂਗ ਕਾਂਗ ਤੇ ਹੋਰਨਾਂ ਜੋਖਮ ਵਾਲੇ ਮੁਲਕਾਂ ਤੋਂ ਆਉਣ ਵਾਲੇ ਯਾਤਰੀਆਂ ਨੂੰ ਆਨਲਾਈਨ ਏਅਰ ਸੁਵਿਧਾ ਪੋਰਟਲ 'ਤੇ ਫਾਰਮ ਭਰ ਕੇ ਪਿਛਲੇ 14 ਦਿਨਾਂ ਦੀ ਯਾਤਰਾ ਹਿਸਟਰੀ ਵਿਖਾਉਣੀ ਹੋਵੇਗੀ।

ਯਾਤਰਾ ਤੋਂ ਪਹਿਲਾਂ 72 ਘੰਟੇ ਪੁਰਾਣੀ ਆਰ.ਸੀ-ਪੀ.ਸੀ.ਆਰ. ਨੈਗੇਟਿਵ ਰਿਪੋਰਟ ਵੀ ਨਾਲ ਟੈਗ ਕਰਨੀ ਹੋਵੇਗੀ। ਇਸ ਵਾਇਰਸ ਦੇ ਜੋਖਮ ਵਾਲੇ ਦੇਸ਼ਾਂ ਵਿਚ ਬਰਤਾਨੀਆ, ਦੱਖਣੀ ਅਫਰੀਕਾ, ਚੀਨ, ਬੋਤਸਵਾਨਾ, ਬ੍ਰਾਜ਼ੀਲ, ਬੰਗਲਾਦੇਸ਼, ਚੀਨ, ਮੌਰੀਸਸ, ਨਿਊਜ਼ੀਲੈਂਡ, ਜ਼ਿੰਬਾਬਵੇ, ਸਿੰਗਾਪੁਰ, ਹਾਂਗਕਾਂਗ ਅਤੇ ਇਜ਼ਰਾਇਲ ਸ਼ਾਮਲ ਹਨ। ਨਵੀਂ ਹਦਾਇਤਾਂ ਵਿਚ ਮੰਤਰਾਲੇ ਨੇ ਕਿਹਾ ਕਿ ਉਪਰੋਕਤ ਦੇਸ਼ਾਂ ਤੋਂ ਆਉਣ ਵਾਲੇ ਯਾਤਰੀਆਂ ਨੂੰ ਪਹੁੰਚਣ ਤੋਂ ਪਹਿਲਾਂ ਆਪਣਾ ਕੋਵਿਡ-19 ਦਾ ਸੈਂਪਲ ਜਮ੍ਹਾਂ ਕਰਵਾਉਣਾ ਹੋਵੇਗਾ। ਹਦਾਇਤਾਂ ਮੁਤਾਬਕ, ਅਜਿਹੇ ਯਾਤਰੀਆਂ ਨੂੰ ਹਵਾਈ ਅੱਡਾ ਛੱਡਣ ਜਾਂ ਸਬੰਧਤ ਉਡਾਣ ਲੈਣ ਤੋਂ ਪਹਿਲਾਂ ਆਪਣੇ ਦਿੱਤੇ ਗਏ ਟੈਸਟਾਂ ਦੇ ਨਤੀਜੇ ਦੀ ਉਡੀਕ ਕਰਨੀ ਹੋਵੇਗੀ। ਟੈਸਟ ਨੈਗੇਟਿਵ ਆਉਣ ਮਗਰੋਂ ਉਹ ਸੱਤ ਦਿਨ ਘਰ 'ਚ ਇਕਾਂਤਵਾਸ ਰਹਿਣਗੇ ਅਤੇ ਭਾਰਤ ਵਿਚ ਪਹੁੰਚਣ ਦੇ ਅੱਠਵੇਂ ਦਿਨ ਮੁੜ ਟੈਸਟ ਕਰਵਾਉਣਾ ਹੋਵੇਗਾ। ਜੇ ਟੈਸਟ ਫਿਰ ਵੀ ਨੈਗੇਟਿਵ ਆਉਂਦਾ ਹੈ ਤਾਂ ਅਗਲੇ ਸੱਤ ਦਿਨ ਉਨ੍ਹਾਂ ਨੂੰ ਖੁਦ ਸਿਹਤ ਦਾ ਧਿਆਨ ਰੱਖਣਾ ਹੋਵੇਗਾ।

## 'ਦੱਖਣ-ਪੂਰਬੀ ਏਸ਼ਿਆਈ ਮੁਲਕ ਚੌਕਸ ਰਹਿਣ'

**ਨਵੀਂ ਦਿੱਲੀ:** ਕਰੋਨਾ ਵਾਇਰਸ ਦੇ ਨਵੇਂ ਸਰੂਪ ਦਾ ਪਤਾ ਲੱਗਣ ਅਤੇ ਕੇਸਾਂ 'ਚ ਵਾਧੇ ਕਾਰਨ ਵਿਸ਼ਵ ਸਿਹਤ ਸੰਸਥਾ (ਡਬਲਿਊ.ਐਚ.ਓ.) ਨੇ ਦੱਖਣ-ਪੂਰਬੀ ਏਸ਼ਿਆਈ ਖਿੱਤੇ ਦੇ ਮੁਲਕਾਂ ਨੂੰ ਕਿਹਾ ਹੈ ਕਿ ਉਹ ਨਿਗਰਾਨੀ ਵਧਾਉਣ, ਜਨ ਸਿਹਤ ਨੂੰ ਮਜ਼ਬੂਤ ਬਣਾਉਣ, ਸਮਾਜਿਕ ਉਪਰਾਲੇ ਕਰਨ ਅਤੇ ਵੈਕਸੀਨੇਸ਼ਨ ਕਵਰੇਜ ਵਧਾਉਣ ਵੱਲ ਧਿਆਨ ਦੇਣ। ਸੰਸਥਾ ਨੇ ਕਿਹਾ ਕਿ ਤਿਉਹਾਰਾਂ ਤੇ ਜਸ਼ਨਾਂ ਦੌਰਾਨ ਸਾਰੇ ਇਹਤਿਆਤੀ ਕਦਮ ਉਠਾਏ ਜਾਣ ਤੇ ਭੀੜ ਅਤੇ ਵੱਡੇ ਇਕੱਠ ਕਰਨ ਤੋਂ ਗੁਰੇਜ਼ ਕੀਤਾ ਜਾਵੇ।

# ਬਿਹਾਰ, ਝਾਰਖੰਡ ਤੇ ਯੂ.ਪੀ. ਸਭ ਤੋਂ ਵੱਧ ਗਰੀਬ ਰਾਜ



**ਨਵੀਂ ਦਿੱਲੀ:** ਨੀਤੀ ਆਯੋਗ ਵੱਲੋਂ ਗਰੀਬੀ ਬਾਰੇ ਜਾਰੀ ਬਹੁਮੁਖੀ ਸੂਚੀ (ਐਮ.ਪੀ.ਆਈ.) ਮੁਤਾਬਕ ਬਿਹਾਰ, ਝਾਰਖੰਡ ਤੇ ਉੱਤਰ ਪ੍ਰਦੇਸ਼ ਭਾਰਤ ਦੇ ਸਭ ਤੋਂ ਗਰੀਬ ਰਾਜ ਹਨ। ਸੂਚੀ ਮੁਤਾਬਕ ਬਿਹਾਰ ਦੀ 51.91 ਪ੍ਰਤੀਸ਼ਤ ਆਬਾਦੀ ਗਰੀਬ ਹੈ, ਝਾਰਖੰਡ ਦੀ 42.16 ਤੇ ਯੂਪੀ ਦੀ 37.79 ਪ੍ਰਤੀਸ਼ਤ ਆਬਾਦੀ ਗਰੀਬ ਹੈ।

ਗਰੀਬੀ ਦੇ ਮਾਮਲੇ ਵਿਚ ਮੱਧ ਪ੍ਰਦੇਸ਼ ਦਾ ਨੰਬਰ ਚੌਥਾ ਹੈ ਜਿਥੇ 36.65 ਪ੍ਰਤੀਸ਼ਤ ਆਬਾਦੀ ਗਰੀਬ ਹੈ। ਮੇਘਾਲਿਆ ਦਾ ਪੰਜਵਾਂ ਨੰਬਰ ਹੈ ਜਿਸ ਦੀ 32.67 ਫੀਸਦ ਆਬਾਦੀ ਗਰੀਬ ਹੈ। ਕੇਰਲਾ (0.71 ਫੀਸਦ), ਗੋਆ (3.76 ਫੀਸਦ), ਸਿੱਕਿਮ (3.82 ਫੀਸਦ), ਤਾਮਿਲਨਾਡੂ (4.89 ਫੀਸਦ) ਤੇ ਪੰਜਾਬ (5.59 ਫੀਸਦ) ਅਜਿਹੇ ਰਾਜ ਹਨ ਜਿਥੇ ਗਰੀਬੀ ਸਭ ਤੋਂ ਘੱਟ ਹੈ। ਰਿਪੋਰਟ ਮੁਤਾਬਕ ਭਾਰਤ ਦਾ ਕੌਮੀ ਐਮ.ਪੀ.ਆਈ. ਗਰੀਬੀ ਮਾਪਣ ਲਈ ਆਲਮੀ ਪੱਧਰ ਉਤੇ ਪ੍ਰਵਾਨਿਤ ਤੇ ਪਰਿਪੱਕ ਤਰੀਕੇ ਅਪਨਾਉਂਦਾ ਹੈ ਜਿਸ ਨੂੰ ਆਕਸਫੋਰਡ ਯੂਨੀਵਰਸਿਟੀ ਤੇ ਸੰਯੁਕਤ ਰਾਸ਼ਟਰ ਦੀ ਏਜੰਸੀ ਵੀ ਵਰਤਦੀ ਹੈ। ਇਸ ਵਿਚ ਘਰਾਂ 'ਚ ਆਉਂਦੀਆਂ ਕਈ ਔਕੜਾਂ ਤੇ ਹੋਰ ਕਮੀਆਂ ਨੂੰ ਸ਼ਾਮਲ ਕੀਤਾ ਜਾਂਦਾ ਹੈ।

ਰਿਪੋਰਟ ਮੁਤਾਬਕ ਐਮ.ਪੀ.ਆਈ. ਵਿਚ ਸਿਹਤ, ਸਿੱਖਿਆ ਤੇ ਜੀਵਨ ਪੱਧਰ ਨੂੰ ਦੇਖਿਆ ਜਾਂਦਾ ਹੈ। ਜੀਵਨ ਪੱਧਰ ਦੇ 12 ਪੱਖਾਂ ਨੂੰ ਪਰਖਿਆ ਜਾਂਦਾ ਹੈ, ਇਨ੍ਹਾਂ ਵਿਚ ਪੋਸ਼ਣ, ਬੱਚਿਆਂ ਦੀ ਮੌਤ ਦਰ, ਉਨ੍ਹਾਂ ਦੀ ਸਾਂਭ-ਸੰਭਾਲ, ਸਕੂਲੀ ਸਿੱਖਿਆ ਦੇ ਸਾਲ, ਉੱਥੇ ਹਾਜ਼ਰੀ, ਖਾਣਾ ਪਕਾਉਣ ਦੇ ਸਰੋਤ, ਸੈਨੀਟੇਸ਼ਨ, ਪੀਣ ਵਾਲੇ ਪਾਣੀ, ਬਿਜਲੀ, ਘਰ, ਸੰਪਤੀ ਤੇ ਬੈਂਕ ਖਾਤੇ ਸ਼ਾਮਲ ਹਨ।

## ਲਾਹੌਰ ਦੁਨੀਆ ਦਾ ਸਭ ਤੋਂ ਪ੍ਰਦੂਸ਼ਿਤ ਸ਼ਹਿਰ, ਦਿੱਲੀ ਦਾ ਨੰਬਰ ਦੂਜਾ

**ਲਾਹੌਰ:** ਪਾਕਿਸਤਾਨ ਦੀ ਸਭਿਆਚਾਰਕ ਰਾਜਧਾਨੀ ਲਾਹੌਰ ਦੇ ਉਤੇ ਧੁੰਦ ਦੇ ਸੰਘਣੇ ਬੱਦਲ ਛਾ ਗਏ ਹਨ ਤੇ ਇਸ ਦੇ ਨਾਲ ਹੀ ਇਹ ਦੁਨੀਆ ਦਾ ਸਭ ਤੋਂ ਪ੍ਰਦੂਸ਼ਿਤ ਸ਼ਹਿਰ ਬਣ ਗਿਆ। ਇਕ ਸਵਿੱਸ ਹਵਾ ਗੁਣਵੱਤਾ ਨਿਗਰਾਨ ਕੰਪਨੀ ਨੇ ਇਹ ਜਾਣਕਾਰੀ ਦਿੱਤੀ। 'ਆਈਕਿਊਏਅਰ' ਨੇ ਕਿਹਾ ਕਿ ਲਾਹੌਰ ਪ੍ਰਦੂਸ਼ਿਤ ਸ਼ਹਿਰਾਂ ਦੀ ਉਸ ਦੀ ਸੂਚੀ ਵਿਚ ਸਭ ਤੋਂ ਉੱਪਰ ਹੈ ਤੇ ਅਮਰੀਕੀ ਪੈਮਾਨੇ ਮੁਤਾਬਕ ਲਾਹੌਰ ਦਾ ਹਵਾ ਗੁਣਵੱਤਾ ਇੰਡੈਕਸ (ਏ.ਕਿਊ.ਆਈ.) 203 ਰਿਹਾ ਜਦਕਿ ਦਿੱਲੀ ਦੂਜੇ ਨੰਬਰ ਉਤੇ ਹੈ। ਉਥੇ ਦਾ ਏਕਿਊਆਈ 183 ਦਰਜ ਕੀਤਾ ਗਿਆ ਹੈ।

## ਪਰਵਾਸੀਆਂ ਦੀ ਕਿਸ਼ਤੀ ਡੁੱਬੀ; 31 ਮੌਤਾਂ

**ਪੈਰਿਸ:** ਇੰਗਲਿਸ਼ ਚੈਨਲ ਪਾਰ ਕਰਦੇ ਹੋਏ ਕਿਸ਼ਤੀ ਡੁੱਬਣ ਕਾਰਨ ਬਰਤਾਨੀਆ ਜਾ ਰਹੇ ਘੱਟੋ-ਘੱਟ 31 ਪਰਵਾਸੀਆਂ ਦੀ ਮੌਤ ਹੋ ਗਈ। ਫਰਾਂਸ ਦੇ ਗ੍ਰਹਿ ਮੰਤਰੀ ਨੇ ਇਸ ਨੂੰ ਪਰਵਾਸੀਆਂ ਦੇ ਖਤਰਨਾਕ ਪਰਵਾਸ ਨਾਲ ਜੁੜੀ ਹੁਣ ਤੱਕ ਦੀ ਸਭ ਤੋਂ ਵੱਡੀ ਤ੍ਰਾਸਦੀ ਦੱਸਿਆ ਹੈ। ਗ੍ਰਹਿ ਮੰਤਰੀ ਗੈਰਾਲਡ ਦਾਰਮੈਨਿਨ ਨੇ ਕਿਹਾ ਕਿ ਅਨੁਮਾਨ ਹੈ ਕਿ ਕਿਸ਼ਤੀ 'ਤੇ 34 ਲੋਕ ਸਵਾਰ ਸਨ। ਉਨ੍ਹਾਂ ਕਿਹਾ ਕਿ ਅਧਿਕਾਰੀਆਂ ਨੂੰ 31 ਲਾਸ਼ਾਂ ਮਿਲੀਆਂ ਜਿਨ੍ਹਾਂ ਵਿਚ ਪੰਜ ਮਹਿਲਾਵਾਂ ਅਤੇ ਇਕ ਲੜਕੀ ਸ਼ਾਮਲ ਹੈ ਜਦਕਿ ਦੋ ਜਣਿਆਂ ਨੂੰ ਬਚਾਅ ਲਿਆ ਗਿਆ ਹੈ। ਇਕ ਵਿਅਕਤੀ ਅਜੇ ਵੀ ਲਾਪਤਾ ਹੈ। ਯਾਤਰੀ ਕਿਸ ਦੇਸ਼ ਤੋਂ ਹਨ, ਇਸ ਦਾ ਅਜੇ ਪਤਾ ਨਹੀਂ ਲੱਗ ਸਕਿਆ ਹੈ।

## ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਵਲੋਂ ਇਮੀਗ੍ਰੇਸ਼ਨ ਵਕੀਲਾਂ ਅਤੇ ਪਟੀਸ਼ਨਰਾਂ ਲਈ ਜ਼ਰੂਰੀ ਸੂਚਨਾ!

ਸਾਰੇ ਪਟੀਸ਼ਨਰ ਅਤੇ ਇਮੀਗ੍ਰੇਸ਼ਨ ਵਕੀਲਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸ. ਸਿਮਰਨਜੀਤ ਸਿੰਘ ਮਾਨ ਵਲੋਂ ਸਤੰਬਰ 2019 ਵਿਚ ਜਾਰੀ ਕੀਤੀ ਗਈ ਚਿੱਠੀ ਅਤੇ ਪਿਛਲੇ ਦਿਨੀਂ ਇਸ ਸਬੰਧੀ ਕੁਝ ਹੋਰ ਦਸਤਾਵੇਜ਼ ਅਮਰੀਕਾ ਦੀ ਇਮੀਗ੍ਰੇਸ਼ਨ ਨੂੰ ਭੇਜੇ ਗਏ ਹਨ।

**1 ਸ਼੍ਰੋਮਣੀ ਅਕਾਲੀ ਦਲ (ਅ) ਅਮਰੀਕਾ, ਪਾਰਟੀ ਦੇ ਕੌਮੀ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਵਲੋਂ ਮਾਨਤਾ ਪ੍ਰਾਪਤ ਹੈ। ਕਿਸੇ ਵੀ ਹੋਰ ਜਥੇਬੰਦੀ ਜਿਸ ਤਰ੍ਹਾਂ ਯਥ ਅਕਾਲੀ ਦਲ ਅੰਮ੍ਰਿਤਸਰ ਯੂ.ਐਸ.ਏ. ਆਈਐਨਸੀ ਜਾਂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਵੈਸਟ ਮਾਨਤਾ ਪ੍ਰਾਪਤ ਨਹੀ ਹਨ।**

**2 WWW.sadausa.org ਇਹ ਵੈੱਬਸਾਈਟ ਹੀ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਦੀ ਮਾਨਤਾ ਪ੍ਰਾਪਤ ਹੈ, ਜਿਸ ਨੂੰ ਪਾਰਟੀ ਦੇ ਪ੍ਰਧਾਨ ਸ.ਸਿਮਰਨਜੀਤ ਸਿੰਘ ਮਾਨ ਵਲੋਂ ਮਾਨਤਾ ਦਿੱਤੀ ਗਈ ਹੈ, ਜਿਸ ਦੇ ਰਾਹੀਂ ਮੈਂਬਰਸ਼ਿਪ ਲਈ ਜਾ ਸਕਦੀ ਹੈ।**

**3 ਕਿਸੇ ਵੀ ਤਰ੍ਹਾਂ ਦੀ ਮੈਂਬਰਸ਼ਿਪ ਆਈਡੀ ਚਿੱਠੀ ਜਾਂ ਕੋਈ ਸੁਪੋਰਟ ਲੈਟਰ ਅਮਰੀਕਾ ਵਿਚ ਨਹੀਂ ਦਿੱਤਾ ਜਾਵੇਗਾ।**

**4 ਪੰਜਾਬ ਵਿਚ ਜਾਂ ਹੋਰ ਸਬਿਆਂ ਵਿਚ ਜ਼ਿਲ੍ਹਾ ਜਥੇਦਾਰ, ਜਨਰਲ ਸੈਕਟਰੀ ਜਾਂ ਕੋਈ ਹੋਰ ਅਹੁਦੇਦਾਰ ਕਿਸੇ ਵੀ ਤਰ੍ਹਾਂ ਦਾ ਸੁਪੋਰਟ ਲੈਟਰ ਜਾਂ ਕੋਈ ਚਿੱਠੀ ਜਾਰੀ ਨਹੀਂ ਕਰ ਸਕਦੇ।**

**5 ਕਿਸੇ ਵੀ ਤਰ੍ਹਾਂ ਦੀ ਮੈਂਬਰਸ਼ਿਪ ਆਈਡੀ ਜਾਂ ਚਿੱਠੀ ਸਿਰਫ ਫਤਹਿਗੜ੍ਹ ਸਾਹਿਬ ਦਫਤਰ ਤੋਂ ਸ. ਸਿਮਰਨਜੀਤ ਸਿੰਘ ਮਾਨ ਦੇ ਹਸਤਾਖਰਾਂ ਨਾਲ ਹੀ ਜਾਰੀ ਹੋਵੇਗੀ।**

**ਅਮਰੀਕਾ ਦੇ ਇਮੀਗ੍ਰੇਸ਼ਨ ਵਿਭਾਗ ਨੂੰ ਇਸ ਮੁੱਦੇ ਦੀ ਜਾਣਕਾਰੀ ਸ. ਸਿਮਰਨਜੀਤ ਸਿੰਘ ਮਾਨ ਵਲੋਂ ਦੇ ਦਿੱਤੀ ਗਈ ਹੈ। ਜਥੇਬੰਦੀ ਦੇ ਵਕੀਲ ਵੀ ਇਸ ਮੁੱਦੇ ਬਾਰੇ ਇਮੀਗ੍ਰੇਸ਼ਨ ਵਿਭਾਗ ਨਾਲ ਲਗਾਤਾਰ ਰਾਬਤੇ ਵਿਚ ਹਨ।**

### ਜਾਰੀ ਕਰਤਾ:

**ਪੰਜ ਮੈਂਬਰੀ ਕਮੇਟੀ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ**
**ਸੁਰਜੀਤ ਸਿੰਘ ਕੁਲਾਰ (ਪ੍ਰਧਾਨ), ਰੁਪਿੰਦਰ ਸਿੰਘ ਬਾਠ (ਸਕੱਤਰ ਜਨਰਲ)**
**ਜੀਤ ਸਿੰਘ ਆਲੋਅਰਖ (ਕੌਮੀ ਜਨਰਲ ਸਕੱਤਰ),**
**ਮੱਖਣ ਸਿੰਘ ਕਲੇਰ (ਜਨਰਲ ਸਕੱਤਰ), ਬੂਟਾ ਸਿੰਘ ਖੜੌਦ (ਕਨਵੀਨਰ)**

# ਭਾਰਤ ਨੇ ਓਮੀਕਰੋਨ ਦੇ ਸੰਭਾਵੀ ਖਤਰੇ ਤੋਂ ਰਾਜਾਂ ਨੂੰ ਖਬਰਦਾਰ ਕੀਤਾ

**ਨਵੀਂ ਦਿੱਲੀ:** ਕੋਵਿਡ-19 ਦੀ ਨਵੇਂ ਸਰੂਪ ਤੋਂ ਪੈਦਾ ਹੋਏ ਖਤਰੇ ਨੂੰ ਦੇਖਦਿਆਂ ਕੇਂਦਰ ਨੇ ਸਾਰੇ ਸੂਬਿਆਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ (ਯੂਟੀਜ਼) ਨੂੰ ਚੌਕਸ ਕਰਦਿਆਂ ਕੰਟੇਨਮੈਂਟ ਜ਼ੋਨਾਂ, ਸਰਗਰਮ ਨਿਗਰਾਨੀ, ਟੈਸਟਿੰਗ, ਹੌਟ ਸਪੌਟ ਦੀ ਨਿਗਰਾਨੀ, ਟੀਕਾਕਰਨ ਵਧਾਉਣ ਤੇ ਸਿਹਤ ਢਾਂਚੇ ਦੀ ਮਜ਼ਬੂਤੀ ਵੱਲ ਧਿਆਨ ਦੇਣ ਲਈ ਕਿਹਾ ਹੈ। ਸੱਜਰੇ ਦਿਸ਼ਾ-ਨਿਰਦੇਸ਼ਾਂ ਵਿੱਚ ਸਿਹਤ ਮੰਤਰਾਲੇ ਨੇ ਕੌਮਾਂਤਰੀ ਯਾਤਰੀਆਂ ਲਈ ਪਿਛਲੇ 14 ਦਿਨਾਂ ਦੀ ਯਾਤਰਾ ਹਿਸਟਰੀ ਸਾਂਝੀ ਕਰਨੀ ਲਾਜ਼ਮੀ ਕਰ ਦਿੱਤੀ ਹੈ। ਸਿਹਤ ਮੰਤਰਾਲੇ ਵੱਲੋਂ ਜਾਰੀ ਨਵੀਆਂ ਸੇਧਾਂ ਮੁਤਾਬਕ ਯੂਕੇ, ਦੱਖਣੀ ਅਫਰੀਕਾ, ਹਾਂਗ ਕਾਂਗ ਤੇ ਹੋਰਨਾਂ ਜੋਖਮ ਵਾਲੇ ਮੁਲਕਾਂ ਤੋਂ ਆਉਣ ਵਾਲੇ ਯਾਤਰੀਆਂ ਨੂੰ ਆਨਲਾਈਨ ਏਅਰ ਸੁਵਿਧਾ ਪੋਰਟਲ 'ਤੇ ਫਾਰਮ ਭਰ ਕੇ ਪਿਛਲੇ 14 ਦਿਨਾਂ ਦੀ ਯਾਤਰਾ ਹਿਸਟਰੀ ਵਿਖਾਉਣੀ ਹੋਵੇਗੀ। ਯਾਤਰਾ ਤੋਂ ਪਹਿਲਾਂ 72 ਘੰਟੇ ਪੁਰਾਣੀ ਆਰਸੀ-ਪੀਸੀਆਰ ਨੈਗੇਟਿਵ ਰਿਪੋਰਟ ਵੀ ਨਾਲ ਟੈਗ ਕਰਨੀ ਹੋਵੇਗੀ। ਉਧਰ ਰਾਜਾਂ ਤੇ ਯੂਟੀਜ਼ ਨੂੰ ਮਾਪਦੰਡਾਂ ਦੀ ਸੂਚੀ ਜਾਰੀ ਕਰਦਿਆਂ ਕੇਂਦਰੀ ਸਿਹਤ ਸਕੱਤਰ ਰਾਜੇਸ਼ ਭੂਸ਼ਨ ਨੇ ਕੌਮਾਂਤਰੀ ਮੁਸਾਫਰਾਂ ਦੀ ਨਿਗਰਾਨੀ, ਸੈਂਪਲ ਇਕੱਠੇ ਕਰਨ ਤੇ ਇਸ ਫਿਕਰਮੰਦੀ ਵਾਲੇ ਵਾਇਰਸ ਨਾਲ ਨਜਿੱਠਣ ਲਈ ਪ੍ਰਭਾਵੀ ਪਹੁੰਚ ਨੂੰ ਸਖਤੀ ਨਾਲ ਲਾਗੂ ਕਰਨ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਜਿਨ੍ਹਾਂ ਮੁਲਕਾਂ 'ਚ ਵਾਇਰਸ ਦੀ ਇਹ ਨਵੀਂ ਕਿਸਮ ਮਿਲੀ ਹੈ, ਸਰਕਾਰ ਨੇ ਉਨ੍ਹਾਂ ਮੁਲਕਾਂ ਨੂੰ ਪਹਿਲਾਂ ਹੀ 'ਜੋਖਮ' ਵਾਲੇ ਵਰਗ 'ਚ ਸ਼ਾਮਲ ਕਰ ਦਿੱਤਾ ਹੈ ਤੇ ਉਨ੍ਹਾਂ ਮੁਲਕਾਂ ਤੋਂ ਭਾਰਤ ਆਉਣ ਵਾਲੇ ਕੌਮਾਂਤਰੀ ਮੁਸਾਫਰਾਂ ਲਈ ਵਾਧੂ ਮਾਪਦੰਡ ਲਾਗੂ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ, 'ਇਸ ਫਿਕਰਮੰਦੀ ਵਾਲੇ ਵਾਇਰਸ ਕਾਰਨ ਪੈਦਾ ਹੋਏ ਸੰਭਾਵੀ ਖਤਰੇ ਨੂੰ ਦੇਖਦਿਆਂ ਹਰ ਖੇਤਰ 'ਚ ਸਖਤ ਕੰਟੇਨਮੈਂਟ, ਸਰਗਰਮ ਨਿਗਰਾਨੀ, ਟੀਕਾਕਰਨ ਵਧਾਉਣ ਤੇ ਕਰੋਨਾ ਨਾਲ ਨਜਿੱਠਣ ਸਬੰਧੀ ਢੁਕਵੇਂ ਮਾਪਦੰਡ ਅਪਨਾਉਣ ਦੀ ਲੋੜ ਹੈ।' ਉਨ੍ਹਾਂ ਕਿਹਾ ਕਿ ਇਹ ਜ਼ਰੂਰੀ ਹੈ ਕਿ ਵੱਖ ਵੱਖ ਮੁਲਕਾਂ ਤੋਂ ਆਉਣ ਵਾਲੇ ਕੌਮਾਂਤਰੀ ਮੁਸਾਫਰਾਂ ਦੀ ਨਿਗਰਾਨੀ ਲਈ ਰੋਗ ਨਿਗਰਾਨ ਨੈਟਵਰਕ ਸਰਗਰਮ ਹੋਵੇ। ਮੁਸਾਫਰਾਂ ਦੀ ਟੈਸਟਿੰਗ ਵੱਡੇ ਪੱਧਰ 'ਤੇ ਹੋਵੇ ਤੇ ਸਾਰੇ ਪਾਜ਼ੇਟਿਵ ਸੈਂਪਲ ਜਾਂਚ ਲਈ ਇਨਸਾਕੋਗ ਲੈਬਾਰਟਰੀਆਂ 'ਚ ਭੇਜੇ ਜਾਣ। ਉਨ੍ਹਾਂ ਕਿਹਾ ਕਿ ਰਾਜਾਂ ਨੂੰ ਕਰੋਨਾ ਟੈਸਟਿੰਗ ਦਾ ਢਾਂਚਾ ਮਜ਼ਬੂਤ ਕਰਨਾ ਚਾਹੀਦਾ ਹੈ ਤੇ ਟੈਸਟਿੰਗ ਸਬੰਧੀ ਦਿਸ਼ਾ ਨਿਰਦੇਸ਼ ਸਖਤੀ ਨਾਲ ਲਾਗੂ ਕਰਨੇ ਚਾਹੀਦੇ ਹਨ। -ਪੀਟੀਆਈ



## ਪ੍ਰਭਾਵਿਤ ਦੇਸ਼ਾਂ ਤੋਂ ਆਉਣ ਵਾਲਿਆਂ ਦਾ ਕਰੋਨਾ ਟੈਸਟ

**ਨਵੀਂ ਦਿੱਲੀ:** ਕੇਂਦਰ ਨੇ ਓਮੀਕਰੋਨ ਦੇ ਵਧਦੇ ਖਤਰੇ ਦੇ ਮੱਦੇਨਜ਼ਰ ਨਵੇਂ ਦਿਸ਼ਾ ਨਿਰਦੇਸ਼ ਜਾਰੀ ਕੀਤੇ ਹਨ। ਓਮੀਕਰੋਨ ਪ੍ਰਭਾਵਿਤ ਦੇਸ਼ਾਂ ਤੋਂ ਆਉਣ ਵਾਲੇ ਯਾਤਰੀਆਂ ਦਾ ਹਵਾਈ ਅੱਡੇ 'ਤੇ ਹੀ ਕਰੋਨਾ ਟੈਸਟ ਕਰਨਾ ਜ਼ਰੂਰੀ ਕੀਤਾ ਗਿਆ ਹੈ। ਬਾਹਰ ਜਾਣ ਵਾਲੇ ਯਾਤਰੀਆਂ ਨੂੰ 72 ਘੰਟੇ ਪਹਿਲਾਂ ਕੀਤੇ ਗਏ ਕਰੋਨਾ ਟੈਸਟ ਦੀ ਰਿਪੋਰਟ ਦੇਣੀ ਪਵੇਗੀ। ਪਾਜ਼ੇਟਿਵ ਪਾਏ ਜਾਣ ਵਾਲੇ ਵਿਅਕਤੀਆਂ ਨੂੰ ਸੱਤ ਦਿਨ ਇਕਾਂਤਵਾਸ ਕੀਤਾ ਜਾਵੇਗਾ, ਉਨ੍ਹਾਂ ਦਾ ਅੱਠਵੇਂ ਦਿਨ ਦੁਬਾਰਾ ਟੈਸਟ ਹੋਵੇਗਾ ਤੇ ਪੀੜਤ ਮਰੀਜ਼ ਨੂੰ ਅਗਲੇ ਸੱਤ ਦਿਨ ਆਪੇ ਨਿਗਰਾਨੀ ਰੱਖਣੀ ਪਵੇਗੀ।

## ਮੌਤਾਂ ਦਾ 'ਅਸਲ' ਅੰਕੜਾ ਪੇਸ਼ ਕਰੇ ਸਰਕਾਰ: ਰਾਹੁਲ

**ਨਵੀਂ ਦਿੱਲੀ:** ਕਾਂਗਰਸ ਨੇ ਦੇਸ਼ ਵਿਚ ਕੋਵਿਡ-19 ਕਰਕੇ ਹੋਈਆਂ ਮੌਤਾਂ ਦਾ ਅਸਲ ਤੇ ਇਤਬਾਰੀ ਅੰਕੜਾ ਪੇਸ਼ ਕੀਤੇ ਜਾਣ ਦੀ ਮੰਗ ਕੀਤੀ ਹੈ। ਪਾਰਟੀ ਨੇ ਕਿਹਾ ਕਿ ਜਿਨ੍ਹਾਂ ਪਰਿਵਾਰਾਂ ਦੇ ਜੀਅ ਕਰੋਨਾ ਮਹਾਮਾਰੀ ਦੀ ਭੇਟ ਚੜ੍ਹ ਗਏ, ਉਨ੍ਹਾਂ ਨੂੰ ਚਾਰ-ਚਾਰ ਲੱਖ ਰੁਪਏ ਦਾ ਮੁਆਵਜ਼ਾ ਦਿੱਤਾ ਜਾਵੇ। ਕਰੋਨਾ ਵਾਇਰਸ ਪੀੜਤਾਂ ਨੂੰ ਮੁਆਵਜ਼ਾ ਦਿਵਾਉਣ ਲਈ ਸਰਕਾਰ 'ਤੇ ਦਬਾਅ ਬਣਾਉਣ ਦੀ ਪਾਰਟੀ ਦੀ ਮੁਹਿੰਮ ਦੇ ਹਿੱਸੇ ਵਜੋਂ ਕਾਂਗਰਸ ਆਗੂ ਰਾਹੁਲ ਗਾਂਧੀ ਨੇ ਕਰੋਨਾ ਮਹਾਮਾਰੀ ਦੀ ਦੂਜੀ ਲਹਿਰ ਦੌਰਾਨ ਮੁਸੀਬਤਾਂ ਝੱਲਣ ਵਾਲੇ ਪਰਿਵਾਰਾਂ ਦੀ ਇਕ ਵੀਡੀਓ ਟਵਿੱਟਰ 'ਤੇ ਸਾਂਝੀ ਕੀਤੀ ਹੈ।

ਪੰਜਾਬ ਟਾਈਮਜ਼

ਸਨਿਚਰਵਾਰ, 4 ਦਸੰਬਰ 2021

# ਕਿਸਾਨ ਅੰਦੋਲਨ ਅਤੇ ਸਿਆਸਤ

ਪੰਜਾਬ ਤੋਂ ਉਠਿਆ ਮਿਸਾਲੀ ਕਿਸਾਨ ਅੰਦੋਲਨ ਹੁਣ ਅਗਲੇ ਪੜਾਅ ਅੰਦਰ ਦਾਖਲ ਹੋ ਗਿਆ ਹੈ। ਮੋਦੀ ਸਰਕਾਰ ਵੱਲੋਂ ਤਿੰਨ ਖੇਤੀ ਕਾਨੂੰਨ ਰੱਦ ਕੀਤੇ ਜਾਣ ਤੋਂ ਬਾਅਦ ਹੁਣ ਹੋਰ ਕਿਸਾਨ ਮੰਗਾਂ 'ਤੇ ਪਿੜ ਭਖਣ ਲੱਗ ਪਿਆ ਹੈ। ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ) ਨਾਲ ਜੁੜੇ ਮਸਲੇ ਵਿਚਾਰਨ ਹਿਤ ਕਮੇਟੀ ਬਣਾਉਣ ਲਈ ਗੱਲ ਅਗਾਂਹ ਤੁਰ ਪਈ ਹੈ। ਹੁਣ ਸਰਕਾਰ ਨੇ ਇਸ ਮਸਲੇ 'ਤੇ ਵਿਚਾਰ ਹਿਤ ਪੰਜ ਕਿਸਾਨ ਆਗੂਆਂ ਦੇ ਨਾਂ ਮੰਗੇ ਹਨ। ਜ਼ਿਕਰਯੋਗ ਹੈ ਕਿ ਮੋਦੀ ਸਰਕਾਰ ਨੇ ਤਿੰਨੇ ਖੇਤੀ ਕਾਨੂੰਨ ਕਿਸੇ ਵੀ ਕਿਸਾਨ ਜਥੇਬੰਦੀ ਜਾਂ ਹੋਰ ਕਿਸੇ ਧਿਰ ਨਾਲ ਸਲਾਹ ਮਸ਼ਵਰਾ ਕੀਤੇ ਬਗੈਰ ਹੀ ਬਣਾ ਦਿੱਤੇ ਸਨ। ਇਸ ਮਾਮਲੇ ਵਿਚ ਸਰਕਾਰ ਇੰਨੀ ਕਾਹਲੀ ਸੀ ਕਿ ਇਸ ਨੇ ਤਾਂ ਸਬੰਧਤ ਬਿੱਲ ਪਾਸ ਕਰਵਾਉਣ ਲਈ ਸੰਸਦ ਦੇ ਸੈਸ਼ਨ ਦੀ ਵੀ ਉਡੀਕ ਨਹੀਂ ਕੀਤੀ ਸਗੋਂ ਤੁਰੰਤ ਆਰਡੀਨੈਂਸ ਜਾਰੀ ਕਰਕੇ ਇਨ੍ਹਾਂ ਨੂੰ ਜਾਰੀ ਕਰ ਦਿੱਤਾ ਸੀ। ਕਾਨੂੰਨ ਤਾਂ ਇਹ ਬਾਅਦ ਵਿਚ ਸਤੰਬਰ ਮਹੀਨੇ ਸੰਸਦ ਵਿਚੋਂ ਪਾਸ ਹੋਣ ਤੋਂ ਬਆਦ ਹੀ ਬਣੇ ਸਨ। ਉਸ ਵਕਤ ਸਰਕਾਰ ਨੂੰ ਲੱਗਦਾ ਸੀ ਕਿ ਕਰੋਨਾ ਸਬੰਧੀ ਚੱਲ ਰਹੇ ਲੌਕਡਾਊਨ ਕਾਰਨ ਲੋਕ ਘਰਾਂ ਅੰਦਰ ਦੜੇ ਬੈਠੇ ਹਨ ਅਤੇ ਇਹ ਕਾਨੂੰਨ ਬਿਨਾ ਕਿਸੇ ਹੀਲ-ਹੁੱਜਤ ਪਾਸ ਕਰਵਾ ਲਏ ਜਾਣਗੇ। ਸੰਸਦ ਵਿਚ ਵੱਡੀ ਬਹੁ ਗਿਣਤੀ ਦੇ ਸਿਰ 'ਤੇ ਸਰਕਾਰ ਨੇ ਅਜਿਹਾ ਕਰ ਵੀ ਲਿਆ ਪਰ ਲੋਕਾਂ ਦੇ ਹੜ੍ਹ ਅਤੇ ਹਠ ਅੱਗੇ ਇਸ ਨੂੰ ਆਖਰਕਾਰ ਕਾਨੂੰਨ ਵਾਪਸ ਲੈਣੇ ਪਏ।

ਮੋਦੀ ਸਰਕਾਰ ਦੀ ਕਾਨੂੰਨ ਵਾਪਸੀ ਨੂੰ ਬਹੁਤੇ ਵਿਦਵਾਨਾਂ ਅਤੇ ਵਿਸ਼ਲੇਸ਼ਕਾਂ ਨੇ ਉਤਰ ਪ੍ਰਦੇਸ਼ ਦੀਆਂ ਚੋਣਾਂ ਨਾਲ ਜੋੜਿਆ ਹੈ। ਉਤਰ ਪ੍ਰਦੇਸ਼ ਦੇ ਨਾਲ-ਨਾਲ ਪੰਜਾਬ ਸਮੇਤ ਕੁੱਲ ਪੰਜ ਸੂਬਿਆਂ ਅੰਦਰ ਵਿਧਾਨ ਸਭਾ ਚੋਣਾਂ ਅਗਲੇ ਸਾਲ ਦੇ ਸ਼ੁਰੂ ਵਿਚ ਹੀ ਹੋਣੀਆਂ ਹਨ। ਉਤਰ ਪ੍ਰਦੇਸ਼, ਖਾਸ ਕਰਕੇ ਉਤਰ ਪ੍ਰਦੇਸ਼ ਦੇ ਪੱਛਮੀ ਹਿੱਸੇ ਤੋਂ ਇਹ ਖਬਰਾਂ ਲਗਾਤਾਰ ਆ ਰਹੀਆਂ ਹਨ ਕਿ ਕੇਂਦਰ ਦੀ ਮੋਦੀ ਸਰਕਾਰ ਅਤੇ ਸੂਬੇ ਦੀ ਯੋਗੀ ਸਰਕਾਰ ਖਿਲਾਫ ਲੋਕਾਂ ਅੰਦਰ ਰੋਹ ਅਤੇ ਰੋਸ ਆਏ ਦਿਨ ਵਧ ਰਿਹਾ ਹੈ। ਉਤਰ ਪ੍ਰਦੇਸ਼ ਵਿਚ ਮੁੱਖ ਮੰਤਰੀ ਯੋਗੀ ਆਦਿਤਿਆ ਨਾਥ ਅਤੇ ਭਾਰਤੀ ਜਨਤਾ ਪਾਰਟੀ ਦੇ ਕੇਂਦਰੀ ਨੇਤਾਵਾਂ ਵਿਚਕਾਰ ਵੀ ਰੱਫੜ ਚੱਲ ਰਿਹਾ ਹੈ। ਹਾਲਾਤ ਇਸ ਤਰ੍ਹਾਂ ਦੇ ਬਣੇ ਹਨ ਕਿ ਉਤਰ ਪ੍ਰਦੇਸ਼ ਵਿਚ ਭਾਰਤੀ ਜਨਤਾ ਪਾਰਟੀ ਦਾ ਪਲੜਾ ਫਿਲਹਾਲ ਹੌਲਾ ਪੈ ਰਿਹਾ ਹੈ। ਉਂਜ ਵੀ, ਉਤਰ ਪ੍ਰਦੇਸ਼ ਦੀਆਂ ਚੋਣਾਂ ਨੇ ਸੂਬੇ ਅਤੇ ਮੁਲਕ ਦੀ ਸਮੁੱਚੀ ਸਿਆਸਤ ਉਤੇ ਸਿੱਧਾ ਅਸਰ ਪਾਉਣਾ ਹੈ। ਇਨ੍ਹਾਂ ਹਾਲਾਤ ਵਿਚ ਹੀ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਅਤੇ ਮੋਦੀ ਸਰਕਾਰ ਨੇ ਤਿੰਨੇ ਖੇਤੀ ਕਾਨੂੰਨ ਵਾਪਸ ਲੈਣ ਦਾ ਫੈਸਲਾ ਕੀਤਾ ਹੈ। ਅਸਲ ਵਿਚ ਇਹ ਪਾਰਟੀ ਚਾਹੁੰਦੀ ਹੈ ਕਿ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ-ਪਹਿਲਾਂ ਅਜਿਹੇ ਵਿਰੋਧ ਵਾਲੇ ਮਸਲੇ ਜਿਵੇਂ ਕਿਵੇਂ ਨਜਿੱਠ ਲਏ ਜਾਣ।

ਉਂਜ, ਇਸ ਮਾਮਲੇ ਵਿਚ ਧਿਆਨ ਦੇਣ ਵਾਲਾ ਮੁੱਦਾ ਇਹ ਹੈ ਕਿ ਮੋਦੀ ਸਰਕਾਰ ਨੇ ਨਵੇਂ ਖੇਤੀ ਕਾਨੂੰਨ ਭਾਵੇਂ ਵਾਪਸ ਲੈ ਲਏ ਹਨ ਪਰ ਨੀਤੀ ਅਤੇ ਰਣਨੀਤੀ ਦੇ ਪੱਧਰ 'ਤੇ ਇਹ ਆਪਣੇ ਪਹਿਲੇ ਪੈਂਡੜੇ ਉਤੇ ਅੱਜ ਵੀ ਕਾਇਮ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਾਨੂੰਨ ਵਾਪਸੀ ਵੇਲੇ ਇਹ ਜ਼ੋਰ ਦੇ ਕੇ ਕਿਹਾ ਕਿ ਇਹ ਕਾਨੂੰਨ ਕਿਸਾਨਾਂ ਦੇ ਫਾਇਦੇ ਲਈ ਹੀ ਸਨ ਪਰ ਉਹ ਅਤੇ ਉਨ੍ਹਾਂ ਦੀ ਟੀਮ ਕਿਸਾਨਾਂ ਨੂੰ ਇਨ੍ਹਾਂ ਕਾਨੂੰਨਾਂ ਦੇ ਪਾਇਦੇ ਸਮਝਾਉਣ ਵਿਚ ਕਾਮਯਾਬ ਨਹੀਂ ਹੋਏ। ਇਸ ਦਾ ਸਾਫ ਅਤੇ ਸਪਸ਼ਟ ਮਤਲਬ ਇਹ ਹੈ ਕਿ ਸਰਕਾਰ ਆਪਣੀਆਂ ਇਨ੍ਹਾਂ ਨੀਤੀਆਂ ਤੋਂ ਟੱਸ ਤੋਂ ਮੱਸ ਨਹੀਂ ਹੋਈ। ਕਾਨੂੰਨ ਵਾਪਸੀ ਦਾ ਫੈਸਲਾ ਇਸ ਨੂੰ ਚੋਣਾਂ ਵਿਚ ਹੋਣ ਵਾਲੇ ਨੁਕਸਾਨ ਤੋਂ ਬਚਣ ਲਈ ਮਜਬੂਰੀ ਵਿਚ ਕਰਨਾ ਪਿਆ ਹੈ। ਹੁਣ ਆਉਣ ਵਾਲਾ ਮਸਾਂ ਦੱਸੇਗਾ ਕਿ ਭਾਰਤੀ ਜਨਤਾ ਪਾਰਟੀ ਇਸ ਨੁਕਸਾਨ ਤੋਂ ਬਚ ਜਾਵੇਗੀ ਜਾਂ ਨਹੀਂ। ਇਸ ਪੱਖ ਤੋਂ ਕਿਸਾਨ ਜਥੇਬੰਦੀਆਂ ਅਤੇ ਇਸ ਦੇ ਆਗੂਆਂ ਨੂੰ ਸ਼ਾਬਾਸ਼ ਦੇਣੀ ਬਣਦੀ ਹੈ ਜਿਹੜੇ ਕਾਨੂੰਨ ਵਾਪਸੀ ਤੋਂ ਬਾਅਦ ਵੀ ਕਿਸਾਨ ਅੰਦੋਲਨ ਨੂੰ ਬਹੁਤ ਤਹੱਮਲ ਨਾਲ ਚਲਾ ਰਹੇ ਹਨ ਅਤੇ ਸਰਕਾਰ ਉਤੇ ਦਬਾਅ ਹੋਰ ਵਧਾ ਰਹੇ ਹਨ। ਇਸ ਦਬਾਅ ਕਰਕੇ ਹੀ ਸਰਕਾਰ ਕਮੇਟੀ ਵਿਚ ਕਿਸਾਨ ਨੁਮਾਇੰਦਿਆਂ ਨੂੰ ਲੈਣ ਲਈ ਮਜਬੂਰ ਹੋਈ ਹੈ। ਆਉਣ ਵਾਲੇ ਦਿਨਾਂ ਦੌਰਾਨ ਸਪਸ਼ਟ ਹੋ ਜਾਵੇਗਾ ਕਿ ਸਰਕਾਰ ਕਿਸਾਨਾਂ ਦੀਆਂ ਹੋਰ ਕਿਹੜੀਆਂ ਕਿਹੜੀਆਂ ਮੰਗਾਂ ਮੰਨਣ ਲਈ ਤਿਆਰ ਹੋਈ ਹੈ।

ਕਾਨੂੰਨ ਵਾਪਸੀ ਦਾ ਸਿੱਧਾ ਸਬੰਧ ਪੰਜਾਬ ਦੀ ਸਿਆਸਤ ਨਾਲ ਵੀ ਹੈ। ਭਾਰਤੀ ਜਨਤਾ ਪਾਰਟੀ ਨੂੰ ਪੰਜਾਬ ਵਿਚ ਮਸਾਂ ਸੁੱਖ ਦਾ ਸਾਹ ਆਇਆ ਹੈ। ਕਿਸਾਨਾਂ ਦੇ ਰੋਹ ਨੇ ਇਸ ਪਾਰਟੀ ਦੀਆਂ ਸਿਆਸੀ ਸਰਗਰਮੀਆਂ ਉਕਾ ਹੀ ਬੰਦ ਕਰਵਾ ਦਿੱਤੀਆਂ ਸਨ। ਇਹ ਪਾਰਟੀ ਭਾਵੇਂ ਦਾਅਵਾ ਤਾਂ ਇਹ ਕਰ ਰਹੀ ਹੈ ਕਿ ਇਹ ਪੰਜਾਬ ਦੀਆਂ ਸਾਰੀਆਂ 118 ਸੀਟਾਂ ਉਤੇ ਚੋਣਾਂ ਲੜੇਗੀ ਪਰ ਹਕੀਕਤ ਕੁਝ ਹੋਰ ਹੈ। ਕੈਪਟਨ ਅਮਰਿੰਦਰ ਸਿੰਘ ਅਤੇ ਸੁਖਦੇਵ ਸਿੰਘ ਢੀਂਡਸਾ ਵਰਗੇ ਆਗੂ ਭਾਵੇ ਸੂਬੇ ਦੀ ਸਿਆਸਤ ਦੀ ਨਵੀਂ ਸਫਬੰਦੀ ਮੁਤਾਬਿਕ ਭਾਰਤੀ ਜਨਤਾ ਪਾਰਟੀ ਵੱਲ ਉਲਰ ਰਹੇ ਹਨ ਪਰ ਇਹ ਗੱਲ ਪੱਕੀ ਹੈ ਕਿ ਕਿਸਾਨ ਅੰਦੋਲਨ ਦਾ ਅਸਰ ਐਤਕੀਂ ਵਿਧਾਨ ਸਭਾ ਚੋਣਾਂ ਉਤੇ ਦੇਖਣ ਨੂੰ ਮਿਲੇਗਾ। ਇਉਂ ਇਸ ਵਾਰ ਚੋਣਾਂ ਦੇ ਪੜ ਅੰਦਰ ਵਧੇਰੇ ਸਿਆਸੀ ਧਿਰਾਂ ਵੀ ਨਜ਼ਰੀਂ ਪੈ ਰਹੀਆਂ ਹਨ। ਦੇਖਣ ਵਾਲਾ ਨੁਕਤਾ ਇਹ ਹੈ ਕਿ ਹਰ ਧਿਰ ਆਪਣੀ ਸਿਆਸਤ ਨੂੰ ਫਿਲਹਾਲ ਕਿਸਾਨਾਂ ਦੁਆਲੇ ਕੇਂਦਰਤ ਕਰ ਰਹੀ ਹੈ। ਇਹ ਕਿਸਾਨ ਅੰਦੋਲਨ ਦੀ ਬਹੁਤ ਵੱਡੀ ਪ੍ਰਾਪਤੀ ਹੈ। ਹੁਣ ਵਿਚਾਰਨ ਵਾਲੀ ਗੱਲ ਇਹ ਹੈ ਕਿ ਇਸ ਸਿਆਸੀ ਕਵਾਇਦ ਵਿਚੋਂ ਕੀ ਪੰਜਾਬ ਅੰਦਰ ਨਵੀਂ ਅਤੇ ਨਰੋਈ ਸਿਆਸਤ ਦਾ ਆਗਾਜ਼ ਹੋ ਸਕੇਗਾ? ਇਹ ਸਾਰਾ ਕੁਝ ਅਜੇ ਭਵਿੱਖ ਦੇ ਗਰਭ ਵਿਚ ਪਿਆ ਹੈ। ਪੰਜਾਬ ਚਿਰਾਂ ਤੋਂ ਨਵੀਂ ਅਤੇ ਨਰੋਈ ਸਿਆਸਤ ਦੀ ਉਡੀਕ ਕਰ ਰਿਹਾ ਹੈ। ਦੇਖਦੇ ਹਾਂ ਕਿ ਇਸ ਪਿੜ ਵਿਚ ਕਿਹੜੀ ਸੂਰਬੀਰ ਧਿਰ ਨਿੱਤਰਦੀ ਹੈ ਅਤੇ ਸੰਕਟ ਵਿਚ ਫਸੇ ਸੂਬੇ ਅਤੇ ਇਸ ਦੇ ਲੋਕਾਂ ਦੇ ਬੇੜੇ ਪਾਰ ਲਾਉਂਦੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਗੱਪਾਂ ਦੇ ਫਲੱਡ ਗੇਟ

ਇਕ-ਦੂਜੇ ਨਾਲੋਂ ਵੱਧ ਛੱਟਾ ਦਿੰਦੇ 'ਗੱਫਿਆਂ' ਦਾ, ਥਾਹ ਪਾਉਂਦੇ ਜਾਪਦੇ ਨੇ ਲਾਲਚਾਂ ਦੇ ਮਾਰਿਆਂ ਦਾ।
ਤਾੜੀ ਜਾਂਦੇ ਵੋਟਰਾਂ ਦਾ ਬਾਅਦ ਵਿਚ ਪਤਾ ਲੱਗੂ, ਕਿੰਨਾ ਕੁ ਯਕੀਨ ਕੀਤਾ ਵਾਅਦਿਆਂ-ਖਿਲਾਰਿਆਂ ਦਾ।
ਆਗੂ ਭਾਵੇਂ ਬਹੁਤ ਤੇ ਸਿਆਸੀ ਦਲ ਅੱਡੋ-ਅੱਡ, 'ਕੁਰਸੀ' ਹੀ ਮੱਲਣੀ ਨਿਸ਼ਾਨਾ ਇਕੋ ਸਾਰਿਆਂ ਦਾ।
ਦਸ ਅਤੇ ਸਾਢੇ ਚਾਰ ਸਾਲ ਜਿਨ੍ਹਾਂ ਰਾਜ ਕੀਤਾ, ਲੋਕਾਂ ਨੂੰ ਭੁਲਾਉਣਾ ਚਾਹੁੰਦੇ ਚੇਤਾ ਕੀਤੇ ਕਾਰਿਆਂ ਦਾ।
ਆਹ ਫਰੀ ਤੇ ਔਹ ਫਰੀ, ਦਿੰਦਾ ਐ 'ਗਰੰਟੀ' ਕੋਈ, ਲੋਕਾਂ ਨੂੰ 'ਪਤੈ' ਇਨ੍ਹਾਂ 'ਸੇਵਾਦਾਰਾਂ' ਭਾਰਿਆਂ ਦਾ।
ਖੋਲ੍ਹ 'ਤੇ 'ਫਲੱਡ ਗੇਟ'ਗੱਪਾਂ ਵਾਲ਼ੇ ਲੀਡਰਾਂ ਨੇ,ਆ ਗਿਆ ਪੰਜਾਬ ਵਿਚ 'ਹੜ੍ਹ' ਦੇਖੋ ਲਾਰਿਆਂ ਦਾ!

# ਜੂਝਦੇ ਪੰਜਾਬ ਦੀ ਕਹਾਣੀ

***ਕੀ ਤਿੰਨ ਖੇਤੀ ਕਾਨੂੰਨਾਂ ਦੀ ਮਨਸੂਖੀ ਕਾਫੀ ਹੈ? ਕਿਸਾਨ ਜਥੇਬੰਦੀਆਂ ਨਾਲ ਸਲਾਹ ਮਸ਼ਵਰਾ ਕਰ ਕੇ ਅਜਿਹਾ ਢਾਂਚਾ ਕਾਇਮ ਕਰਨ ਦੀ ਲੋੜ ਹੈ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਕਿਸਾਨਾਂ ਨੂੰ ਆਪਣੀਆਂ ਜਿਣਸਾਂ ਤੈਅਸ਼ੁਦਾ ਮੁੱਲ ਤੋਂ ਹੇਠਾਂ ਵੇਚਣ ਲਈ ਮਜਬੂਰ ਨਾ ਹੋਣਾ ਪਵੇ।***

ਸਦੀਆਂ ਤੋਂ ਪੰਜ ਦਰਿਆਵਾਂ ਦੀ ਧਰਤੀ ਨੇ ਬਹੁਤ ਉਥਲ-ਪੁਥਲ ਤੇ ਅਣਗਿਣਤ ਹਮਲਾਵਰ ਦੇਖੇ। ਲੋਕਾਂ ਨੇ ਸੰਤਾਪ ਭੋਗਿਆ ਹੈ ਪਰ ਇਸ ਦੇ ਬਾਵਜੂਦ ਖ਼ੁਸ਼ਹਾਲੀ ਵੀ ਮਾਣੀ ਹੈ। ਇੱਥੋਂ ਦੇ ਲੋਕਾਂ ਨੇ ਉਨ੍ਹਾਂ ਤੋਂ ਸਬਕ ਲਿਆ ਤੇ ਉਨ੍ਹਾਂ ਨੂੰ ਮਾਤ ਦਿੱਤੀ। ਇਹ ਬਾਬਾ ਨਾਨਕ ਜੀ ਦੀ ਸਰਜ਼ਮੀਨ ਹੈ ਜਿਨ੍ਹਾਂ ਦੀ ਬਾਣੀ ਨੇ ਇਸ ਧਰਤੀ ਅਤੇ ਇਸ ਦੇ ਲੋਕਾਂ ਦੀ ਰੂਹ ਦੇ ਨਕਸ਼ ਘੜੇ ਹਨ। ਲੰਮੀਆਂ ਉਦਾਸੀਆਂ (ਯਾਤਰਾਵਾਂ) ਤੋਂ ਬਾਅਦ ਗੁਰੂ ਜੀ ਨੇ ਆਪਣੇ ਜੀਵਨ ਦੇ ਆਖ਼ਰੀ ਸਾਲ ਜ਼ਮੀਨ ਜੋਤਦਿਆਂ ਬਿਤਾਏ। ਸਮਾਜ ਦੇ ਹੋਰਨਾਂ ਤਬਕਿਆਂ ਤੋਂ ਇਲਾਵਾ ਅੱਜ ਇਹ ਕਿਸਾਨੀ ਹੀ ਹੈ ਜੋ ਸ਼ਾਇਦ ਗੁਰੂ ਦੇ ਸੰਦੇਸ਼ 'ਤੇ ਬਾਖ਼ੂਬੀ ਪਹਿਰਾ ਦੇ ਰਹੀ ਹੈ। ਇਸ ਨੇ ਲੰਗਰ ਤੇ ਸੇਵਾ ਜ਼ਰੀਏ ਆਪਣੀ ਤਪੱਸਿਆ ਨੂੰ ਕਈ ਵਾਰ

**ਗੁਰਬਚਨ ਜਗਤ**

ਸਿੱਧ ਕੀਤਾ ਹੈ ਤੇ ਹਰ ਵਾਰ ਜਦੋਂ ਵੀ ਕਦੇ ਭੀੜ ਪੈਂਦੀ ਹੈ ਤਾਂ ਇਹੀ ਕਿਸਾਨੀ ਅੱਗੇ ਆਉਂਦੀ ਹੈ।

ਕਿਸਾਨੀ ਦੇ ਹੱਡ ਮਾਸ ਵਿਚ ਗੁਰੂ ਨਾਨਕ ਦੇਵ ਜੀ ਦਾ 'ਨਾਮ ਜਪੋ, ਕਿਰਤ ਕਰੋ, ਵੰਡ ਛਕੋ' ਦਾ ਸਿਧਾਂਤ ਰਚਿਆ ਹੋਇਆ ਹੈ ਤੇ ਇਸ ਨੇ ਹੀ ਹਰੀ ਕ੍ਰਾਂਤੀ ਜ਼ਰੀਏ ਦੇਸ਼ ਨੂੰ ਖ਼ੁਰਾਕ ਦੀ ਆਜ਼ਾਦੀ ਬਖ਼ਸ਼ੀ ਹੈ। ਸਾਡੀ ਫ਼ੌਜ ਦੀਆਂ ਜ਼ਿਆਦਾਤਰ ਰੈਜੀਮੈਂਟਾਂ ਵਿਚ ਕਿਸਾਨਾਂ ਦੇ ਪੁੱਤਰ ਸ਼ਾਮਲ ਹਨ ਜੋ ਦੇਸ਼ ਦੀਆਂ ਸਰਹੱਦਾਂ 'ਤੇ ਸਖ਼ਤੀ ਨਾਲ ਪਹਿਰਾ ਦੇ ਰਹੇ ਹਨ। ਉਹ ਕੁਦਰਤ ਦੇ ਅਜਿਹੇ ਬੱਚੇ ਹਨ ਜਿਨ੍ਹਾਂ ਨੂੰ ਸਾਡੇ ਗੁਰੂਆਂ, ਭਗਤੀ ਲਹਿਰ, ਭਗਤ ਕਬੀਰ, ਬਾਬਾ ਫ਼ਰੀਦ ਅਤੇ ਬੁੱਲ੍ਹੇ ਸ਼ਾਹ ਦੇ ਦਰਸ਼ਨ ਤੋਂ ਤਾਕਤ ਹਾਸਲ ਹੁੰਦੀ ਹੈ। ਭਾਵੇਂ ਸਾਡੀ ਆਪਣੀ ਸਟੇਟ/ਰਿਆਸਤ ਉਨ੍ਹਾਂ ਨੂੰ ਅਤਿਵਾਦੀ ਕਰਾਰ ਦਿੰਦੀ ਹੈ ਪਰ ਤਾਂ ਵੀ ਉਹ ਹਿੰਸਕ ਨਹੀਂ ਹੁੰਦੇ। ਸਿੱਖ ਰੈਜੀਮੈਂਟ, ਜਾਟ ਰੈਜੀਮੈਂਟ, ਪੰਜਾਬ ਰੈਜੀਮੈਂਟ ਅਤੇ ਕਈ ਹੋਰਨਾਂ ਰੈਜੀਮੈਂਟਾਂ ਵਿਚ ਮੁੱਖ ਤੌਰ 'ਤੇ ਦਿਹਾਤੀ ਖੇਤਰਾਂ ਦੇ ਜਵਾਨ ਸ਼ਾਮਲ ਹਨ। ਅਫ਼ਸੋਸ ਦੀ ਗੱਲ ਇਹ ਹੈ ਕਿ ਜਦੋਂ ਲਖੀਮਪੁਰ ਖੀਰੀ ਕਾਂਡ ਵਾਪਰਿਆ ਤਾਂ ਮੀਡੀਆ ਨੇ ਕਸ਼ਮੀਰ ਵਿਚ ਸ਼ਹੀਦ ਹੋਏ ਫ਼ੌਜੀਆਂ ਅਤੇ ਲਖੀਮਪੁਰ ਵਿਚ ਕਤਲ ਕੀਤੇ ਕਿਸਾਨਾਂ ਨਮਿਤ ਕੀਤੇ ਗਏ ਸ਼ਰਧਾਂਜਲੀ ਸਮਾਗਮ ਨੂੰ ਵਿਅੰਗਮਈ ਢੰਗ ਨਾਲ ਦਰਸਾਇਆ ਸੀ।

ਤਕਰੀਬਨ ਪੰਜ ਸੌ ਸਾਲ ਪਹਿਲਾਂ ਬਾਬਰ ਨੇ ਹਿੰਦੋਸਤਾਨ 'ਤੇ ਹਮਲਾ ਕੀਤਾ ਸੀ ਅਤੇ ਇੱਥੋਂ ਦੇ ਲੋਕਾਂ 'ਤੇ ਅਕਹਿ ਕਹਿਰ ਵਰਤਾਇਆ ਸੀ। ਗੁੱਜਰਾਂਵਾਲਾ ਨੇੜੇ ਪੈਂਦੇ ਸੈਦਪੁਰਾ (ਅੱਜ ਕੱਲ੍ਹ ਐਮਨਾਬਾਦ) ਵਿਚ ਕੀਤੇ ਗਏ ਕਤਲੇਆਮ ਨੂੰ ਬਿਆਨ ਕਰਨਾ ਸੌਖਾ ਨਹੀਂ ਸੀ ਤੇ ਬਾਬਾ ਨਾਨਕ ਜੀ ਨੇ ਬਾਬਰਬਾਣੀ ਸਿਰਜ ਕੇ ਇਸ ਦੇ ਖਿਲਾਫ਼ ਆਵਾਜ਼ ਬੁਲੰਦ ਕੀਤੀ ਸੀ ਜਿਸ ਕਰਕੇ ਉਨ੍ਹਾਂ ਨੂੰ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ ਸੀ ਤੇ ਫਿਰ ਰਿਹਾਅ ਕਰ ਦਿੱਤਾ ਗਿਆ ਸੀ ਪਰ ਉਨ੍ਹਾਂ ਸ਼ਾਂਤਮਈ ਸੰਘਰਸ਼ ਦਾ ਬਿਗਲ ਵਜਾ ਦਿੱਤਾ ਸੀ ਜਿਸ ਦੀ ਸ਼ਾਹਦੀ ਗੁਰੂ ਅਰਜਨ ਦੇਵ ਜੀ ਤੇ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਤੋਂ ਵੀ ਮਿਲਦੀ ਹੈ। ਗੁਰੂ ਨਾਨਕ ਦੇਵ ਜੀ ਦਾ ਇਹ ਫਲਸਫ਼ਾ ਸਰਲ, ਪਰ ਬਹੁਤ ਹੀ ਸਸ਼ਕਤ ਸੰਦੇਸ਼ ਨਾਲ ਲਬਰੇਜ਼ ਹੈ ਜਿਸ ਨੇ ਇਸ ਧਰਤੀ ਦੀ ਲੋਕਾਈ ਨੂੰ ਜਗਾਇਆ ਤੇ ਪ੍ਰੇਰਿਆ ਸੀ ਜਿਸ ਬਾਰੇ ਉਰਦੂ ਦੇ ਸ਼ਾਇਰ ਇਕਬਾਲ ਨੇ ਆਪਣੇ ਕਲਾਮ ਵਿਚ ਲਿਖਿਆ ਸੀ- ਫਿਰ ਉਠੀ ਆਖਿਰ ਸਦਾ ਤੌਹੀਦ ਕੀ ਪੰਜਾਬ ਸੇ/ਹਿੰਦ ਕੋ ਇਕ ਮਰਦ-ਏ-ਕਾਮਿਲ ਨੇ ਜਗਾਇਆ ਖ਼ਵਾਬ ਸੇ।

ਇਸੇ ਰਵਾਇਤ ਨੂੰ ਜਾਰੀ ਰੱਖਦਿਆਂ ਪੰਜਾਬ, ਹਰਿਆਣਾ ਤੇ ਉੱਤਰ ਪ੍ਰਦੇਸ਼ ਦੇ ਕਿਸਾਨਾਂ ਦੇ ਅੰਦੋਲਨ ਜਿਸ ਵਿਚ ਹੋਰਨਾਂ ਸੂਬਿਆਂ ਦੇ ਕਿਸਾਨਾਂ ਦਾ ਵੀ ਯੋਗਦਾਨ ਰਿਹਾ ਹੈ, ਨੇ ਇੰਨਾ ਲੰਮਾ ਸਮਾਂ ਇਕਾਗਰਚਿਤ ਹੋ ਕੇ ਸ਼ਾਂਤਮਈ ਢੰਗ ਨਾਲ ਸੰਘਰਸ਼ ਜਾਰੀ ਰੱਖਿਆ ਹੈ। ਕੁਝ ਸ਼ਰਾਰਤੀ ਅਨਸਰਾਂ ਵੱਲੋਂ ਕੀਤੀਆਂ ਗਈਆਂ ਇੱਕਾ ਦੁੱਕਾ ਘਟਨਾਵਾਂ ਨੂੰ ਛੱਡ ਕੇ ਕਿਤੇ ਕੋਈ ਅਮਨ ਕਾਨੂੰਨ ਭੰਗ ਨਹੀਂ ਹੋਇਆ ਤੇ ਨਾ ਹੀ ਉਨ੍ਹਾਂ ਹਿੰਸਾ ਦਾ ਸਹਾਰਾ ਲਿਆ। ਇਹ ਅਸਲੋਂ ਹੀ ਇਕ ਭਰਾਤਰੀ ਭਾਵ ਦਾ ਜਸ਼ਨ ਹੈ ਜਿਸ ਵਿਚ ਇਸ ਖਿੱਤੇ ਦੇ ਸਾਰੇ ਕਿਸਾਨ ਪਰਿਵਾਰਾਂ ਨੇ ਯੋਗਦਾਨ ਪਾ ਕੇ ਇਸ ਨੂੰ ਸਫ਼ਲ ਬਣਾਇਆ ਹੈ। ਲੰਗਰ, ਰਿਹਾਇਸ਼, ਕੱਪੜੇ, ਟਰਾਂਸਪੋਰਟ, ਪਾਣੀ, ਸਾਫ਼ ਸਫ਼ਾਈ ਆਦਿ ਸਾਜ਼ੋ-ਸਾਮਾਨ ਦਾ ਪ੍ਰਬੰਧ ਕਿਸੇ ਚੁਣੌਤੀ ਤੋਂ ਘੱਟ ਨਹੀਂ ਸੀ। ਲੱਖਾਂ ਲੋਕਾਂ ਲਈ ਪ੍ਰਬੰਧ ਕਰਨੇ ਪੈਣੇ ਸਨ। ਲੀਡਰਸ਼ਿਪ ਵੀ ਕਮਾਲ ਦੀ ਰਹੀ ਹੈ ਅਤੇ ਇਸ ਵਿਚ ਖਿੱਤੇ ਦੀਆਂ ਸਾਰੀਆਂ ਕਿਸਾਨ ਜਥੇਬੰਦੀਆਂ ਦੀ ਸ਼ਮੂਲੀਅਤ ਰਹੀ ਹੈ।

ਕਿਸਾਨ ਅੰਦੋਲਨ ਨੇ ਜਿਨ੍ਹਾਂ ਕਦਰਾਂ ਕੀਮਤਾਂ ਦਾ ਹੋਕਾ ਦਿੱਤਾ ਹੈ ਉਹ ਇਹ ਕਿ ਸਾਰੇ ਇਨਸਾਨ ਬਰਾਬਰ ਹਨ, ਔਰਤਾਂ ਤੇ ਮਰਦ ਬਰਾਬਰ ਹਨ। ਇਨ੍ਹਾਂ ਤੋਂ ਇਲਾਵਾ ਬਿਨਾਂ ਸ਼ੱਕ ਲੋਕਾਂ ਨੇ ਲੰਗਰ ਤੇ ਪੰਗਤ ਦੇ ਅਹਿਮ ਸਿਧਾਂਤਾਂ ਦਾ ਪਾਠ ਪੜ੍ਹਿਆ ਹੈ।



ਇਹ ਸਿਧਾਂਤ ਹੀ ਸੰਘਰਸ਼ ਦਾ ਰਾਹ ਦਰਸਾਵੇ ਬਣੇ ਰਹੇ ਹਨ। ਲੋਕ ਇਕੱਠੇ ਰਹਿੰਦੇ ਹਨ, ਇਕੱਠੇ ਲੰਗਰ ਛਕਦੇ ਹਨ ਅਤੇ ਔਰਤਾਂ ਨੇ ਲੰਗਰ ਹੀ ਨਹੀਂ ਸਗੋਂ ਮੰਚ ਅਤੇ ਡਿਸਪੈਂਸਰੀ ਆਦਿ ਦੀ ਸੇਵਾ ਆਦਿ ਵਿਚ ਭਰਵਾਂ ਯੋਗਦਾਨ ਪਾਇਆ ਹੈ ਤੇ ਪ੍ਰਦਰਸ਼ਨਾਂ ਵਿਚ ਵੀ ਮੋਹਰੀ ਕਿਰਦਾਰ ਅਦਾ ਕੀਤਾ ਹੈ।

ਅੰਦੋਲਨ ਨੂੰ ਇਕ ਸਾਲ ਪੂਰਾ ਹੋਣ 'ਤੇ ਸਰਕਾਰ ਨੇ ਇਸ ਦਾ ਹੁੰਗਾਰਾ ਭਰਨਾ ਹੀ ਬਿਹਤਰ ਸਮਝਿਆ ਤੇ ਪ੍ਰਧਾਨ ਮੰਤਰੀ ਨੇ ਗੁਰਪੁਰਬ ਵਾਲੇ ਦਿਨ ਤਿੰਨ ਖੇਤੀ ਕਾਨੂੰਨ ਵਾਪਸ ਲੈਣ ਦਾ ਐਲਾਨ ਕਰ ਦਿੱਤਾ। ਨਾਲ ਹੀ ਉਨ੍ਹਾਂ ਇਹ ਪ੍ਰਵਾਨ ਕੀਤਾ ਕਿ ਸਰਕਾਰ ਤਿੰਨ ਖੇਤੀ ਕਾਨੂੰਨਾਂ ਦੀ ਅਹਿਮੀਅਤ ਮੁਤੱਲਕ ਕਿਸਾਨਾਂ ਦੇ ਇਕ ਛੋਟੇ ਜਿਹੇ ਤਬਕੇ ਨੂੰ ਮਨਾਉਣ ਵਿਚ ਨਾਕਾਮ ਰਹੀ ਹੈ। ਐਮ.ਐਸ.ਪੀ., ਕੇਸ ਵਾਪਸ ਲੈਣ, ਮਾਰੇ ਗਏ ਕਿਸਾਨਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਦੇਣ, ਲਖੀਮਪੁਰ ਖੀਰੀ ਕੇਸ ਵਿਚ ਨਿਆਂ ਦੇਣ ਦੇ ਮੁੱਦਿਆਂ 'ਤੇ ਉਨ੍ਹਾਂ ਕੁਝ ਵੀ ਨਹੀਂ ਆਖਿਆ। ਦਰਅਸਲ, ਦਿੱਲੀ ਮੋਰਚੇ ਵਿਚ ਬੈਠਿਆਂ ਤੇ ਰਾਹ ਵਿਚ ਆਉਂਦੇ ਜਾਂਦਿਆਂ ਮਾਰੇ ਗਏ ਤਕਰੀਬਨ 700 ਕਿਸਾਨਾਂ ਦਾ ਜ਼ਿਕਰ ਤੱਕ ਨਹੀਂ ਕੀਤਾ ਗਿਆ। ਇਸ ਤੋਂ ਇਲਾਵਾ ਗ੍ਰਹਿ ਰਾਜ ਮੰਤਰੀ ਤੋਂ ਪੁੱਛ ਪੜਤਾਲ ਹੋਣੀ ਚਾਹੀਦੀ ਹੈ ਜਿਸ ਦੀਆਂ ਗੱਡੀਆਂ ਦੀ ਅਪਰਾਧ ਲਈ ਵਰਤੋਂ ਕੀਤੀ ਗਈ ਸੀ ਅਤੇ ਉਸ ਦਾ ਬਿਆਨ ਦਰਜ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਉਸ ਨੇ ਅਪਰਾਧ ਕਰਨ ਲਈ ਸਾਜ਼ੋ-ਸਾਮਾਨ ਮੁਹੱਈਆ ਕਰਵਾਇਆ ਸੀ।

ਉਂਝ, ਕਿਸਾਨਾਂ ਦੀਆਂ ਮੰਗਾਂ ਵੱਲ ਵਾਪਸ ਆਉਂਦਿਆਂ ਮੈਂ ਉੱਘੇ ਖ਼ੁਰਾਕ ਤੇ ਖੇਤੀਬਾੜੀ ਮਾਹਿਰ ਦਵਿੰਦਰ ਸ਼ਰਮਾ ਵੱਲੋਂ ਲਿਖੇ ਲੇਖ ਦੇ ਕਥਨ ਦਾ ਹਵਾਲਾ ਦੇਣਾ ਚਾਹੁੰਦਾ ਹਾਂ: "ਖੇਤੀਬਾੜੀ ਵਿਚ ਪ੍ਰਸਤਾਵਿਤ ਬਾਜ਼ਾਰਮੁਖੀ ਸੁਧਾਰ ਸਮੁੱਚੇ ਦੇਸ਼ਾਂ ਤੇ ਮਹਾਦੀਪਾਂ ਵਿਚ ਅਸਫ਼ਲ ਸਿੱਧ ਹੋਏ ਹਨ। ਅਮਰੀਕਾ ਤੋਂ ਲੈ ਕੇ ਆਸਟਰੇਲੀਆ, ਚਿਲੀ ਤੋਂ ਫਿਲਪੀਨਜ਼ ਤੱਕ ਬਾਜ਼ਾਰਾਂ ਨੇ ਮੌਜੂਦਾ ਖੇਤੀਬਾੜੀ ਸੰਕਟ ਨੂੰ ਸਗੋਂ ਹੋਰ ਤੇਜ਼ ਕਰ ਦਿੱਤਾ ਹੈ। ਅਮਰੀਕਾ, ਕੈਨੇਡਾ ਅਤੇ ਹੋਰਨਾਂ ਦੇਸ਼ਾਂ ਵਿਚ ਬਾਜ਼ਾਰ ਨੇ ਦਿੱਕਤਾਂ ਵਿਚ ਵਾਧਾ ਹੀ ਕੀਤਾ ਹੈ ਅਤੇ ਛੋਟੇ ਕਿਸਾਨਾਂ ਨੂੰ ਖੇਤੀਬਾੜੀ 'ਚੋਂ ਬਾਹਰ ਹੀ ਕੀਤਾ ਹੈ ਅਤੇ ਉਨ੍ਹਾਂ ਨੂੰ ਗਰੀਨ ਹਾਊਸ ਗੈਸਾਂ ਦੇ ਵੱਡੇ ਉਤਪਾਦਕ ਬਣਾ ਦਿੱਤਾ ਹੈ। ਇਹ ਯਕੀਨ ਕਰਨਾ ਕਿ ਇਹ ਬਾਜ਼ਾਰ ਭਾਰਤ ਵਿਚ ਕੋਈ ਕਮਾਲ ਕਰ ਦੇਣਗੇ, ਨਿਰਾ ਝੂਠ ਹੈ। 2018 ਵਿਚ ਅਮਰੀਕੀ ਖੇਤੀਬਾੜੀ ਵਿਭਾਗ ਨੇ ਹਿਸਾਬ ਲਾਇਆ ਕਿ ਅੰਤਿਮ ਖਪਤਕਾਰ ਕੀਮਤ ਵਿਚ ਪ੍ਰਤੀ ਡਾਲਰ ਕਿਸਾਨਾਂ ਦੀ ਹਿੱਸੇਦਾਰੀ ਮਹਿਜ਼ 8 ਸੈਂਟ ਤੱਕ ਡਿੱਗ ਗਈ ਹੈ ਤੇ ਇੰਝ ਲੋਪ ਹੋਣ ਕੰਢੇ ਪਹੁੰਚ ਗਈ ਹੈ।" ਇਹ ਕਿਸੇ ਕਿਸਾਨ ਆਗੂ ਜਾਂ ਉਨ੍ਹਾਂ ਦੇ ਹਮਾਇਤੀ ਦਾ ਫਾਰਮੂਲਾ ਨਹੀਂ ਹੈ। ਇਹ ਪ੍ਰਵਾਨਤ ਮਾਹਿਰ ਦਾ ਜਾਂਚਿਆ ਪਰਖਿਆ ਵਿਸ਼ਲੇਸ਼ਣ ਹੈ। ਇਸ ਤੋਂ ਇਲਾਵਾ ਵੀ ਕਿਸਾਨਾਂ ਨੂੰ ਇਹ ਡਰ ਸੀ ਕਿ ਇਹ ਕਾਨੂੰਨ ਤੇ ਇਨ੍ਹਾਂ ਦੇ ਨੇਮ ਖੇਤੀਬਾੜੀ ਨੂੰ ਕਰੋਨੀ ਕਾਰਪੋਰੇਟੀਕਰਨ ਦਾ ਰਾਹ ਪੱਧਰਾ ਕਰ ਦੇਣਗੇ। ਕੁਝ ਸਾਮੰਤੀ ਜਾਗੀਰਦਾਰਾਂ ਦਾ ਏਕਾਧਿਕਾਰ ਖ਼ਤਮ ਕਰਨ ਲਈ ਜ਼ਿਮੀਂਦਾਰੀ ਪ੍ਰਥਾ ਖ਼ਤਮ ਕੀਤੀ ਗਈ ਸੀ। ਇਨ੍ਹਾਂ ਕਾਨੂੰਨਾਂ ਨੇ ਕਿਸਾਨਾਂ ਲਈ ਜ਼ਮੀਨ ਦੇ ਮਾਲਕਾਂ ਤੋਂ ਬੇਜ਼ਮੀਨੇ ਮਜ਼ਦੂਰਾਂ ਵਿਚ ਤਬਦੀਲ ਕਰ ਦੇਣ ਦਾ ਖ਼ਤਰਾ ਖੜ੍ਹਾ ਕਰ ਕੇ ਘੜੀ ਦੀਆਂ ਸੂਈਆਂ ਪਿਛਾਂਹ ਘੁਮਾਉਣ ਦਾ ਕੰਮ ਕੀਤਾ ਸੀ। ਅਰਥਚਾਰੇ ਦੇ ਜੋ ਹਾਲਾਤ ਬਣੇ ਹੋਏ ਹਨ, ਉਸ ਵਿਚ ਕਰੋੜਾਂ ਦੀ ਤਾਦਾਦ ਵਿਚ ਕਿਸਾਨ ਵੀ ਬੇਰੁਜ਼ਗਾਰਾਂ ਦੀ ਕਤਾਰ ਵਿਚ ਸ਼ਾਮਲ ਹੋ ਜਾਣਗੇ ਤੇ ਇੰਝ ਨਸ਼ਿਆਂ ਤੇ ਅਪਰਾਧ ਦਾ ਤੰਦੂਆ ਜਾਲ ਹੋਰ ਫੈਲ ਜਾਵੇਗਾ।

ਕੀ ਕਾਨੂੰਨਾਂ ਦੀ ਮਨਸੂਖ਼ੀ ਕਾਫ਼ੀ ਹੈ? ਕਿਸਾਨ ਜਥੇਬੰਦੀਆਂ ਨਾਲ ਸਲਾਹ ਮਸ਼ਵਰਾ ਕਰ ਕੇ ਇਕ ਢਾਂਚਾ ਕਾਇਮ ਕਰਨ ਦੀ ਲੋੜ ਹੈ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਕਿਸਾਨਾਂ ਨੂੰ ਆਪਣੀਆਂ ਜਿਣਸਾਂ ਤੈਅਸ਼ੁਦਾ ਮੁੱਲ ਤੋਂ ਹੇਠਾਂ ਵੇਚਣ ਲਈ ਮਜਬੂਰ ਨਾ ਹੋਣਾ ਪਵੇ। ਜੇ ਕਿਸਾਨ ਨੂੰ ਕੁਦਰਤੀ ਤੇ ਬਾਜ਼ਾਰ ਦੀਆਂ ਤਾਕਤਾਂ ਦੇ ਰਹਿਮੋ-ਕਰਮ 'ਤੇ ਛੱਡ ਦਿੱਤਾ ਜਾਂਦਾ ਹੈ ਤਾਂ ਬਹੁਤ ਸਾਰੇ ਕਾਰਕਾਂ ਨੂੰ ਧਿਆਨ ਵਿਚ ਰੱਖਣਾ ਪੈਂਦਾ ਹੈ। ਕਿਸਾਨ ਦੀ ਫ਼ਸਲ ਖਰਾਬ ਹੋਣ ਦਾ ਡਰ ਹੁੰਦਾ ਹੈ ਤੇ ਉਸ ਲਈ ਜਲਦੀ ਖਰੀਦ ਦਾ ਪ੍ਰਬੰਧ ਕਰਨਾ ਜ਼ਰੂਰੀ ਹੁੰਦਾ ਹੈ। ਉਸ ਦੀ ਫ਼ਸਲ ਮੀਂਹ, ਗੜਿਆਂ, ਸੋਕੇ, ਮੌਸਮ ਤੇ ਪ੍ਰਦੂਸ਼ਣ ਆਦਿ ਕਰਕੇ ਬਰਬਾਦ ਹੋ ਸਕਦੀ ਹੈ। ਜਲਵਾਯੂ ਤਬਦੀਲੀ ਦੇ ਇਸ ਦੌਰ ਅੰਦਰ ਖੇਤੀਬਾੜੀ ਲਈ ਇਹ ਕਾਰਕ ਹੋਰ ਜ਼ਿਆਦਾ ਜਟਿਲ ਹੋ ਗਏ ਹਨ। ਵਿਕਸਤ ਦੇਸ਼ਾਂ ਦੀਆਂ ਸਰਕਾਰਾਂ ਨੂੰ ਇਸ ਦਾ ਅਹਿਸਾਸ ਹੋ ਗਿਆ ਹੈ ਅਤੇ ਉਹ ਕਿਸਾਨਾਂ ਦੀ ਰਾਖੀ ਲਈ ਸਬਸਿਡੀਆਂ ਦੇ ਰਹੀਆਂ ਹਨ ਕਿਉਂਕਿ ਉਹ ਚੰਗੀ ਤਰ੍ਹਾਂ ਜਾਣਦੀਆਂ ਹਨ ਕਿ ਕਿਸਾਨ ਖੁਰਾਕ ਮੁਹੱਈਆ ਕਰਵਾਉਂਦੇ ਹਨ ਜਿਸਦੇ ਆਸਰੇ ਮਾਨਵਤਾ ਜਿਉਂਦੀ ਤੇ ਪਲਦੀ ਹੈ। ਇਹ ਇਸੇ ਜਿਣਸ ਦੀ ਗੁਣਵੱਤਾ ਤੇ ਮਿਕਦਾਰ ਹੀ ਹੈ ਜੋ ਅਸੀਂ ਨਾ ਕੇਵਲ ਖਾਂਦੇ ਹਾਂ ਸਗੋਂ ਜੋ ਇਕ ਵਿਕਸਤ ਤੇ ਗ਼ਰੀਬ ਮੁਲ਼ਕ ਵਿਚਕਾਰ ਅੰਤਰ ਕਰਦੀ ਹੈ। ਅੰਦੋਲਨ ਦੇ ਜਾਰੀ ਰਹਿੰਦਿਆਂ ਉਭਰੀਆਂ ਕਿਸਾਨਾਂ ਦੀਆਂ ਕੁਝ ਹੋਰ ਮੰਗਾਂ 'ਤੇ ਵੀ ਸਰਕਾਰ ਅਤੇ ਕਿਸਾਨਾਂ ਦਰਮਿਆਨ ਵਿਚਾਰ ਚਰਚਾ ਕੀਤੀ ਜਾਣੀ ਚਾਹੀਦੀ ਹੈ ਤਾਂ ਜੋ ਕੋਈ ਬਿਹਤਰ ਹੱਲ ਨਿਕਲ ਸਕੇ।

ਹੁਣ ਜਦੋਂ ਅਸੀਂ ਮਹਾਮਾਰੀ ਤੋਂ ਉਭਰ ਰਹੇ ਹਾਂ ਤਾਂ ਤਬਦੀਲੀ ਦੀਆਂ ਸ਼ਕਤੀਆਂ ਜ਼ੋਰ ਫੜ ਗਈਆਂ ਹਨ। ਇਸ ਦੇ ਨਾਲ ਹੀ ਜਲਵਾਯੂ ਤਬਦੀਲੀ ਦਾ ਦੌਰ ਜੁੜ ਗਿਆ ਹੈ। ਤਬਦੀਲੀ ਦੀਆਂ ਸ਼ਕਤੀਆਂ ਦੀ ਗੂੰਜ ਸਮੁੱਚੇ ਆਲਮੀ ਵਿੱਤੀ ਪ੍ਰਬੰਧ ਵਿਚ ਸੁਣਾਈ ਦੇ ਰਹੀ ਹੈ ਅਤੇ ਜਿਸ ਦੇ ਸਿੱਟੇ ਵਜੋਂ ਦੁਨੀਆ ਭਰ ਵਿਚ ਮਹਿੰਗਾਈ ਵਧਦੀ ਜਾ ਰਹੀ ਹੈ। ਜਿਣਸਾਂ ਦੀਆਂ ਕੀਮਤਾਂ ਆਸਮਾਨ ਛੂਹ ਰਹੀਆਂ ਹਨ ਜਿਸ ਕਰਕੇ ਭਾਰਤ ਦੀ ਆਤਮ-ਨਿਰਭਰਤਾ ਹੋਰ ਵੀ ਜ਼ਿਆਦਾ ਮਹੱਤਵਪੂਰਨ ਹੋ ਗਈ ਹੈ। ਸਾਡੀ ਖੇਤੀਬਾੜੀ ਦਿਹਾਤੀ ਭਾਰਤ ਨਾਲ ਜੁੜੀ ਹੋਈ ਹੈ ਅਤੇ ਕਿਸਾਨੀ ਇਸ ਦੇਸ਼ ਦੀ ਰੀੜ੍ਹ ਦੀ ਹੱਡੀ ਹੈ ਜੋ ਸਾਡੀਆਂ ਖ਼ੁਰਾਕੀ ਲੋੜਾਂ ਹੀ ਪੂਰੀਆਂ ਨਹੀਂ ਕਰਦੀ ਸਗੋਂ ਸਾਨੂੰ ਆਪਣੇ ਬੱਚਿਆਂ ਦੇ ਰੂਪ ਵਿਚ ਤਾਕਤ ਵੀ ਮੁਹੱਈਆ ਕਰਾਉਂਦੀ ਹੈ ਜੋ ਫ਼ੌਜ ਤੇ ਨੀਮ ਫ਼ੌਜੀ ਦਸਤਿਆਂ ਵਿਚ ਵੱਡੀ ਤਾਦਾਦ ਵਿਚ ਭਰਤੀ ਹੋ ਕੇ ਸਾਡੀਆਂ ਸਰਹੱਦਾਂ ਦੀ ਰਾਖੀ ਕਰਦੇ ਹਨ। ਸਾਡੇ ਦੇਸ਼ ਦਾ ਦਿਲ ਸਮਝੇ ਜਾਂਦੇ ਇਸ ਖੇਤਰ ਵਿਚ ਉਥਲ-ਪੁਥਲ ਪੈਦਾ ਕਰਨੀ ਅਤੇ ਇੰਝ ਆਪਣੀ ਤਾਕਤ ਤੋਂ ਹੱਥ ਧੋ ਲੈਣਾ ਨਿਰੀ ਮੂੜ੍ਹਮੱਤ ਵਾਲੀ ਗੱਲ ਹੋਵੇਗੀ। ਅੰਤ ਵਿਚ ਮੈਂ ਓਲੀਵਰ ਗੋਲਡਸਮਿੱਥ ਦੇ ਕਥਨ ਨਾਲ ਗੱਲ ਮੁਕਾਉਣੀ ਚਾਹੁੰਦਾ ਹਾਂ: ਸੂਰਮਗਤੀ ਵਾਲੀ ਕਿਸਾਨੀ ਆਪਣੇ ਦੇਸ਼ ਦਾ ਵੱਕਾਰ ਹੁੰਦੀ ਹੈ/ਪਰ ਜੇ ਇਕ ਵਾਰੀ ਬਰਬਾਦ ਕਰ ਦਿੱਤੀ ਜਾਵੇ ਤਾਂ ਇਹ ਦੁਬਾਰਾ ਨਹੀਂ ਲੱਭਦੀ... ਪਰ ਸਮੇਂ ਬਦਲ ਗਏ ਹਨ: ਵਪਾਰ ਦੀ ਬੇਕਿਰਕ ਰੇਲਗੱਡੀ ਨੇ ਜ਼ਮੀਨ ਹੜੱਪ ਲਈ ਹੈ ਅਤੇ ਹਾਲ਼ੀਆਂ-ਪਾਲ਼ੀਆਂ ਨੂੰ ਉਜਾੜ ਦਿੱਤਾ ਹੈ।

# ਕਿਸਾਨ ਅੰਦੋਲਨ ਉਪਰ ਉਮੀਦਾਂ ਅਤੇ ਅਸੀਂ-ਤੁਸੀਂ

*ਕਿਸਾਨ ਅੰਦੋਲਨ ਤੋਂ ਸਮਾਜੀ ਬਦਲਾਓ ਦੀਆਂ ਬਹੁਤ ਜ਼ਿਆਦਾ ਉਮੀਦਾਂ ਕੀਤੀਆਂ ਜਾ ਰਹੀਆਂ ਹਨ। ਇਸ ਲੇਖ ਵਿਚ ਉੱਘੇ ਪੱਤਰਕਾਰ ਹਰਤੋਸ਼ ਸਿੰਘ ਬੱਲ ਨੇ ਇਨ੍ਹਾਂ ਸਾਰੇ ਪੱਖਾਂ ਦੀ ਪੜਚੋਲ ਕੀਤੀ ਹੈ। ਲੇਖਕ 'ਕਾਰਵਾਂ' ਮੈਗਜ਼ੀਨ ਦਾ ਸਿਆਸੀ ਸੰਪਾਦਕ ਅਤੇ 'ਵਾਟਰਸ ਕਲੋਜ਼ ਓਵਰ ਅਸ: ਏ ਜਰਨੀ ਅਲੌਂਗ ਦਿ ਨਰਮਦਾ' ਨਾਂ ਦੀ ਮਸ਼ਹੂਰ ਕਿਤਾਬ ਦਾ ਲੇਖਕ ਹੈ।*

ਨਰਿੰਦਰ ਮੋਦੀ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਖਿਲਾਫ ਭਖਿਆ ਕਿਸਾਨ ਅੰਦੋਲਨ ਅਜੋਕੇ ਭਾਰਤ ਵਿਚ ਸਭ ਤੋਂ ਵਿਆਪਕ ਅਤੇ ਨਿਰੰਤਰ ਅੰਦੋਲਨਾਂ ਵਿਚੋਂ ਇਕ ਹੈ। ਆਪਣੀ ਵਿਸ਼ਾਲਤਾ ਅਤੇ ਦ੍ਰਿੜਤਾ ਨਾਲ ਇਹ ਅੰਦੋਲਨ ਵੱਖ-ਵੱਖ ਸਮੂਹਾਂ ਲਈ ਉਮੀਦ ਦੀ ਕਿਰਨ ਬਣਿਆ ਅਤੇ ਹਰ ਕਿਸੇ ਨੂੰ ਇਸ ਤੋਂ ਆਪਣੀਆਂ ਉਮੀਦਾਂ ਹਨ। ਇਨ੍ਹਾਂ ਵਿਚੋਂ ਬਹੁਤ ਸਾਰੀਆਂ ਅਜਿਹੇ ਮੁੱਦਿਆਂ ਨਾਲ ਸੰਬੰਧਤ ਹਨ ਜੋ ਕਦੇ ਵੀ ਅੰਦੋਲਨ ਦਾ ਹਿੱਸਾ ਨਹੀਂ ਸਨ। ਸਰਕਾਰ ਦੀ ਧੜਵੈਲ ਪ੍ਰਚਾਰ ਮਸ਼ੀਨਰੀ ਜਿਸ ਵਿਚ ਲੱਗਭੱਗ ਸਾਰੇ ਮੁੱਖ ਧਾਰਾ ਮੀਡੀਆ ਸ਼ਾਮਿਲ ਹਨ, ਨੇ ਇਨ੍ਹਾਂ ਉਮੀਦਾਂ ਨੂੰ ਹਵਾ ਦਿੱਤੀ ਅਤੇ ਹਰ ਗਲਤੀ ਨੂੰ ਵਧਾ-ਚੜ੍ਹਾ ਕੇ ਪੇਸ਼ ਕੀਤਾ ਅਤੇ ਅੰਦੋਲਨ ਤੇ ਐਸੇ ਸਮੂਹਾਂ ਵਿਚਕਾਰ ਖਾਈ ਨੂੰ ਵਧਾਉਣ ਦਾ ਕੰਮ ਕੀਤਾ। ਇਸ ਨੇ ਅੰਦੋਲਨ ਨੂੰ ਅਜਿਹੇ ਇਮਤਿਹਾਨ 'ਚ ਪਾ ਦਿੱਤਾ ਕਿ ਉਨ੍ਹਾਂ ਨੂੰ ਅਮਲ 'ਚ ਲਾਗੂ ਕਰਨਾ ਸੰਭਵ ਨਹੀਂ ਹੈ।



ਸਿੰਘੂ ਬਾਰਡਰ 'ਤੇ ਲਖਬੀਰ ਸਿੰਘ ਦੇ ਹਜੂਮੀ ਕਤਲ ਨੇ ਜਾਤੀ ਦੇ ਮੁੱਦੇ ਸਮੇਤ ਇਨ੍ਹਾਂ ਮੁੱਦਿਆਂ ਨੂੰ ਇਕ ਵਾਰ ਫਿਰ ਉਘਾੜ ਕੇ ਪੇਸ਼ ਕਰ ਦਿੱਤਾ ਹੈ। ਰਿਪੋਰਟਾਂ ਮੁਤਾਬਕ ਦਲਿਤ

**ਹਰਤੋਸ਼ ਸਿੰਘ ਬੱਲ**
**ਅਨੁਵਾਦ: ਬੂਟਾ ਸਿੰਘ**

ਭਾਈਚਾਰੇ ਦੇ ਲਖਬੀਰ ਨੂੰ ਅਕਤੂਬਰ ਵਿਚ ਨਿਹੰਗ ਸਿੱਖਾਂ ਨੇ ਵੱਢ-ਟੁੱਕ ਕੇ ਮਾਰ ਦਿੱਤਾ ਸੀ। ਉਸ ਉੱਪਰ ਧਾਰਮਿਕ ਗ੍ਰੰਥ ਦੀ ਬੇਅਦਬੀ ਕਰਨ ਦਾ ਇਲਜ਼ਾਮ ਸੀ।

ਇਸ ਘਟਨਾ ਨੂੰ ਧਿਆਨ ਵਿਚ ਰੱਖਦੇ ਹੋਏ, ਇਹ ਦੁਹਰਾਉਣਾ ਬਿਹਤਰ ਹੋਵੇਗਾ ਕਿ ਇਹ ਅੰਦੋਲਨ ਕੀ ਪੇਸ਼ ਕਰਦਾ ਹੈ। ਇਸ ਦਾ ਨਿਸ਼ਾਨਾ ਨਵੇਂ ਕਾਨੂੰਨਾਂ ਤਹਿਤ ਖੇਤੀਬਾੜੀ ਦਾ ਪ੍ਰਸਤਾਵਿਤ ਕਾਰਪੋਰੇਟੀਕਰਨ ਹੈ। ਨਵੇਂ ਕਾਨੂੰਨਾਂ ਨੇ ਉਨ੍ਹਾਂ ਖੇਤਰਾਂ ਵਿਚ ਸਭ ਤੋਂ ਸਖ਼ਤ ਚੁਣੌਤੀ ਦਾ ਸਾਹਮਣਾ ਕੀਤਾ ਹੈ ਜਿੱਥੇ ਖੇਤੀਬਾੜੀ ਸਰਕਾਰੀ ਖ਼ਰੀਦ ਦੇ ਮੌਜੂਦਾ ਮਾਡਲ ਦੇ ਤਹਿਤ ਸੰਗਠਿਤ ਅਤੇ ਟਿਕਾਊ ਹੈ, ਜਿਸ ਨਾਲ ਕਿਸਾਨਾਂ ਨੂੰ ਮਾਮੂਲੀ ਵਿੱਤੀ ਸੁਰੱਖਿਆ ਮਿਲਦੀ ਹੈ। ਪੰਜਾਬ ਤੋਂ ਪੱਛਮੀ ਉੱਤਰ ਪ੍ਰਦੇਸ਼ ਤੱਕ ਵਿਆਪਕ ਤੌਰ 'ਤੇ ਫੈਲੀ ਇਸ ਪੱਟੀ ਦੀ ਜ਼ਮੀਨ ਜ਼ਿਆਦਾਤਰ ਜੱਟ ਸਿੱਖ ਅਤੇ ਹਿੰਦੂ ਜੱਟ ਕਿਸਾਨਾਂ ਦੀ ਹੈ ਅਤੇ ਉਹ ਖੇਤੀ ਵੀ ਕਰਦੇ ਹਨ। ਉਨ੍ਹਾਂ ਨੇ ਹਰੇ ਇਨਕਲਾਬ ਦੌਰਾਨ ਸਰਕਾਰੀ ਲਾਭ ਪ੍ਰੇਰਕਾਂ ਨੂੰ ਸਭ ਤੋਂ ਵਧੀਆ ਅਪਣਾਇਆ।

ਜ਼ਮੀਨ ਦੀ ਮਾਲਕੀ ਅਤੇ ਸੱਤਾ ਵਿਚ ਜਾਤੀ ਅਸਮਾਨਤਾਵਾਂ ਇਨ੍ਹਾਂ ਖੇਤਰਾਂ ਵਿਚ ਸਮਾਜੀ ਸਬੰਧਾਂ ਦੀ ਭਾਰਤੀ ਹਕੀਕਤ ਨੂੰ ਵੀ ਦਰਸਾਉਂਦੀਆਂ ਹਨ। ਕਿਸਾਨ ਲਹਿਰ ਦਾ ਕਾਡਰ ਨਾ ਤਾਂ ਐਸੀਆਂ ਸਮਾਜੀ ਹਕੀਕਤਾਂ ਤੋਂ ਹੈ ਜੋ ਵਿਸ਼ਵ ਮਨੁੱਖ ਹੋਣ ਦੇ ਨੇੜੇ ਹੋਣ ਅਤੇ ਨਾ ਹੀ ਇਨ੍ਹਾਂ ਹਕੀਕਤਾਂ ਨੂੰ ਬਦਲਣ ਦੀ ਸੋਚ ਨਾਲ ਅੰਦੋਲਨ ਕਰ ਰਿਹਾ ਹੈ। ਜਿਸ ਚੀਜ ਨੇ ਅੰਦੋਲਨਕਾਰੀਆਂ ਨੂੰ ਇਕੱਠੇ ਕੀਤਾ ਹੈ, ਉਹ ਇਹ ਅਹਿਸਾਸ ਹੈ ਕਿ ਨਵੇਂ ਕਾਨੂੰਨਾਂ ਰਾਹੀਂ ਪੇਸ਼ ਕੀਤਾ ਗਿਆ ਬਦਲਵਾਂ ਆਰਥਿਕ ਮਾਡਲ ਮੌਜੂਦਾ ਹਾਲਤ ਤੋਂ ਵੀ ਬਦਤਰ ਹੈ। ਖ਼ਾਸ ਕਰਕੇ ਜੱਟ ਅਤੇ ਜਟ ਕਿਸਾਨਾਂ ਲਈ ਅਤੇ ਕਿਉਂਕਿ ਪੇਂਡੂ ਆਰਥਿਕਤਾ ਉਨ੍ਹਾਂ ਦੀ ਆਮਦਨ 'ਤੇ ਟਿਕੀ ਹੋਈ ਹੈ, ਇਸ ਕਰਕੇ ਸਮੁੱਚੇ ਪੇਂਡੂ ਭਾਈਚਾਰੇ ਲਈ। ਬਿਹਾਰ ਵਰਗੇ ਰਾਜਾਂ ਦੀ ਹਾਲਤ ਤੋਂ ਇਸ ਤਬਾਹੀ ਦਾ ਅੰਦਾਜ਼ਾ ਹੋ ਜਾਂਦਾ ਹੈ, ਜਿੱਥੇ ਇਨ੍ਹਾਂ ਕਾਨੂੰਨਾਂ ਦਾ ਇਕ ਰੂਪ ਵਿਨਾਸ਼ਕਾਰੀ ਨਤੀਜਿਆਂ ਦੇ ਬਾਵਜੂਦ ਇਕ ਦਹਾਕੇ ਤੋਂ ਵੱਧ ਸਮੇਂ ਤੋਂ ਲਾਗੂ ਹੈ।

ਅੰਦੋਲਨ ਦੀ ਲੀਡਰਸ਼ਿਪ ਜ਼ਿਆਦਾਤਰ ਇਸ ਪਿਛੋਕੜ ਤੋਂ ਹੈ, ਭਾਵੇਂ ਉਨ੍ਹਾਂ ਦੀਆਂ ਵਿਚਾਰਧਾਰਕ ਅਤੇ ਧਾਰਮਿਕ ਪ੍ਰੇਰਨਾਵਾਂ ਵੱਖਰੀਆਂ ਹਨ। ਪੰਜਾਬ ਵਿਚ ਅੰਦੋਲਨ ਦੇ ਬਹੁਤੇ ਆਗੂ, ਅੰਦੋਲਨ ਦਾ ਮੁੱਖ ਹਮਾਇਤੀ ਖੇਤਰ, ਇਸ ਖੇਤਰ ਵਿਚ ਖੱਬੇ ਪੱਖੀ ਸਰਗਰਮੀ ਦੀ ਲੰਮੀ ਪਰੰਪਰਾ ਤੋਂ ਆਏ ਹਨ ਜੋ ਆਰਥਿਕ ਅਸਮਾਨਤਾਵਾਂ ਦੇ ਆਦੀ ਹੋਣ ਕਾਰਨ ਜਾਤੀ ਦੀ ਹਕੀਕਤ ਨਾਲ ਕਾਰਗਰ ਤਰੀਕੇ ਨਾਲ ਨਜਿੱਠਣ 'ਚ ਨਾਕਾਮ ਰਹੇ। ਭਾਵੇਂ ਅੰਦੋਲਨ ਦੀ ਲੀਡਰਸ਼ਿਪ ਨੇ ਕਿਸੇ ਵੀ ਹੋਰ ਦੇ ਮੁਕਾਬਲੇ ਦੂਜੇ ਭਾਈਚਾਰਿਆਂ ਤੱਕ ਪਹੁੰਚਣ ਦੀ ਕੋਸ਼ਿਸ਼ ਕੀਤੀ ਹੈ, ਇਹ ਲੀਡਰਸ਼ਿਪ ਜ਼ਿਆਦਾਤਰ ਜੱਟ ਸਿੱਖਾਂ ਦੀ ਹੈ। ਪੰਜਾਬ ਤੋਂ ਬਾਹਰੋਂ ਇਸ ਅੰਦੋਲਨ ਦਾ ਇਕਲੌਤਾ ਪ੍ਰਮੁੱਖ ਆਗੂ ਰਾਕੇਸ਼ ਟਿਕੈਤ ਹੈ, ਜੋ ਭਾਰਤੀ ਕਿਸਾਨ ਯੂਨੀਅਨ ਰਾਹੀਂ ਆਪਣੇ ਪਿਤਾ ਦੀ ਖੇਤੀ ਕਾਰਕੁਨ ਦੀ ਵਿਰਾਸਤ 'ਤੇ ਚੱਲ ਰਿਹਾ ਹੈ, ਜੋ ਜਾਟ ਖਾਪ ਦੇ ਸਿਧਾਂਤ 'ਤੇ ਆਧਾਰਿਤ ਹੈ।

ਅੰਦੋਲਨ ਦੇ ਕਾਡਰ ਦਾ ਮੁੱਖ ਹਿੱਸਾ ਖੱਬੇ ਪੱਖੀ ਹੈ ਪਰ ਵੱਡੀ ਗਿਣਤੀ ਵਿਚ ਪ੍ਰਦਰਸ਼ਨਕਾਰੀ ਦੂਜੇ ਪਿਛੋਕੜਾਂ ਤੋਂ ਹਨ। ਪੰਜਾਬ ਵਿਚ ਬਹੁਤ ਸਾਰੇ ਲੋਕ ਸਿੱਖ ਹਨ ਜਿਨ੍ਹਾਂ ਦੀ ਹਰਿਆਣਾ ਅਤੇ ਪੱਛਮੀ ਉੱਤਰ ਪ੍ਰਦੇਸ਼ ਦੇ ਜਾਟ ਕਾਡਰ ਵਾਲੀ ਜ਼ਰਾਇਤੀ ਤਰਜ਼ੇ-ਜ਼ਿੰਦਗੀ ਹੈ ਅਤੇ ਕਬਾਇਲੀ ਆਦਰ ਉਨ੍ਹਾਂ ਵਾਲਾ ਹੈ। ਖੇਤ ਮਜ਼ਦੂਰ ਜਥੇਬੰਦੀਆਂ, ਜੋ ਅੰਸ਼ਕ ਤੌਰ 'ਤੇ ਦਲਿਤਾਂ ਦੀ ਨੁਮਾਇੰਦਗੀ ਕਰਦੀਆਂ ਹਨ, ਅੰਦੋਲਨ ਦੀ ਹਮਾਇਤ ਦਾ ਸਿਰਫ਼ ਇਕ ਨਿੱਕਾ ਜਿਹਾ ਹਿੱਸਾ ਬਣਦੀਆਂ ਹਨ, ਹਾਲਾਂਕਿ ਰਿਪੋਰਟ ਕਰਦੇ ਵਕਤ ਉਨ੍ਹਾਂ ਦੀ ਸਮੂਲੀਅਤ ਨੂੰ ਅਕਸਰ ਹੀ ਉਦਾਰਵਾਦੀ ਮੀਡੀਆ ਦੁਆਰਾ ਵਧਾ-ਚੜ੍ਹਾ ਕੇ ਪੇਸ਼ ਕੀਤਾ ਜਾਂਦਾ ਹੈ।

ਕਾਡਰ ਦਾ ਢਾਂਚਾ ਇਹ ਫ਼ਾਇਦਾ ਦਿੰਦਾ ਹੈ ਕਿ ਹਿੰਦੂਤਵ ਸਰਕਾਰ ਇਸ ਨੂੰ ਆਸਾਨੀ ਨਾਲ ਕਾਬੂ ਨਹੀਂ ਕਰ ਸਕਦੀ। ਇਹ ਹਿੰਦੂਆਂ ਅਤੇ ਸਿੱਖਾਂ ਨੂੰ ਆਪਸ ਵਿਚ ਜੋੜਦਾ ਹੈ। ਇਸ ਕੋਲ ਅੰਦੋਲਨ ਨੂੰ ਲੰਬੇ ਸਮੇਂ ਤੱਕ ਜਾਰੀ ਰੱਖਣ ਲਈ ਸਰੋਤ ਅਤੇ ਪਿਛਲਾ ਤਜਰਬਾ ਹੈ। ਜੋ ਮੋਦੀ ਦੀ ਭਾਰਤੀ ਜਨਤਾ ਪਾਰਟੀ ਅਤੇ ਇਸ ਦੀ ਵਿਚਾਰਧਾਰਾ ਦੇ ਹਮਾਇਤੀ ਹਨ, ਉਹ ਇਨ੍ਹਾਂ ਨੂੰ ਸੰਖਿਆ ਦੇ ਰੂਪ 'ਚ ਆਪਣੇ 'ਚ ਸ਼ਾਮਿਲ ਨਹੀਂ ਕਰ ਸਕਦੇ। ਇਸ ਤਾਕਤ ਨੇ ਸ਼ੁਰੂ ਵਿਚ ਮੋਦੀ ਸਰਕਾਰ ਦੇ ਲਗਭਗ ਸਾਰੇ ਵਿਰੋਧੀਆਂ ਨੂੰ ਅੰਦੋਲਨ ਦੇ ਹੱਕ 'ਚ ਲਾਮਬੰਦ ਕਰ ਦਿੱਤਾ ਪਰ ਅੰਦੋਲਨ ਨੇ ਕਦੇ ਵੀ ਉਨ੍ਹਾਂ ਦੀਆਂ ਆਸਾਂ-ਉਮੀਦਾਂ ਪੂਰੀਆਂ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਅਤੇ ਨਾ ਹੀ ਅੰਦੋਲਨ ਅਜਿਹਾ ਕਰਨ ਲਈ ਸਿਰਜਿਆ ਗਿਆ ਹੈ।

ਸ਼ੁਰੂ ਤੋਂ ਹੀ ਅੰਦੋਲਨ ਦੀ ਮੁੱਖ ਵਿਰੋਧਤਾਈ ਪੰਜਾਬ ਵਿਚ ਖੱਬੇ ਪੱਖੀ ਅਤੇ ਸਿੱਖ ਲੋਕਾਚਾਰ ਵਿਚਕਾਰ ਲੰਬੇ ਸਮੇਂ ਤੋਂ ਚੱਲੀ ਆ ਰਹੀ ਖਿੱਚੋਤਾਣ ਦੁਆਲੇ ਘੁੰਮਦੀ ਰਹੀ ਹੈ। ਇਕ ਸਾਂਝੇ ਸੰਘਰਸ਼ ਵਿਚ ਇਨ੍ਹਾਂ ਵੱਖ-ਵੱਖ ਤਾਕਤਾਂ ਦਾ ਜੁੜਨਾ ਆਪਣੇ ਆਪ ਵਿਚ ਇਕ ਨਵੀਂ ਗੱਲ ਹੈ ਅਤੇ ਇਸ ਜੋੜ ਨੇ ਵਿਆਪਕ ਤੌਰ 'ਤੇ ਕੰਮ ਕੀਤਾ ਹੈ, ਸਿਵਾਏ ਜਿੱਥੇ ਸਿੱਖ ਕੱਟੜਪੰਥੀਆਂ ਨੇ ਅੰਦੋਲਨ ਨੂੰ ਉਨ੍ਹਾਂ ਟੀਚਿਆਂ ਤੱਕ ਲਿਜਾਣ ਦੀ ਕੋਸ਼ਿਸ਼ ਕੀਤੀ ਹੈ ਜਿਨ੍ਹਾਂ ਦਾ ਖੇਤੀਬਾੜੀ ਨਾਲ ਕੋਈ ਸੰਬੰਧ ਨਹੀਂ ਹੈ।

ਅਜਿਹੇ ਬਹੁਤ ਸਾਰੇ ਕੱਟੜਪੰਥੀਆਂ ਨੇ ਜੋ ਭਾਰਤ ਵਿਚ ਤਾਂ ਬਹੁਤ ਘੱਟ ਹਨ ਪਰ ਪਰਵਾਸੀਆਂ ਵਿਚ ਵੱਡੀ ਗਿਣਤੀ 'ਚ ਹਨ, ਖ਼ਾਲਿਸਤਾਨ ਦੇ ਵਿਚਾਰ ਨੂੰ ਅੱਗੇ ਵਧਾਉਣ ਦੀ ਕੋਸ਼ਿਸ਼ ਕੀਤੀ ਹੈ। ਇੰਜ ਜਾਪਦਾ ਹੈ ਕਿ ਪੰਜਾਬ ਵਿਚ ਤਾਂ ਇਸ ਦਾ ਕੋਈ ਲੈਣਾ-ਦੇਣਾ ਨਹੀਂ ਹੈ ਇਸ ਦੀ ਮੌਜੂਦਗੀ ਸਿਰਫ਼ ਸੋਸ਼ਲ ਮੀਡੀਆ ਉੱਪਰ ਹੈ। ਉਨ੍ਹਾਂ ਨੇ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਪੰਥ ਨੂੰ ਵੀ ਪੂਰਾ ਕਰਨ ਦੀ ਕੋਸ਼ਿਸ਼ ਕੀਤੀ ਹੈ ਜਿਸ ਦੇ ਹਮਾਇਤੀਆਂ ਦੀ ਗਿਣਤੀ ਵੱਡੀ ਹੋਣ ਦੇ ਬਾਵਜੂਦ ਸੀਮਤ ਹੈ। ਇਹ ਕੱਟੜਪੰਥੀ ਅਸਲ ਵਿਚ ਅੰਦੋਲਨ ਵਿਚ ਬਹੁਤ ਘੱਟ ਯੋਗਦਾਨ ਪਾਉਂਦੇ ਹਨ ਪਰ ਅੰਦੋਲਨਕਾਰੀ ਸਿੱਖ ਕਿਸਾਨਾਂ ਤੋਂ ਆਪਣੇ ਉਦੇਸ਼ਾਂ ਪ੍ਰਤੀ ਵਫ਼ਾਦਾਰੀ ਦੀ ਮੰਗ ਕਰਨ ਦੇ ਹੱਕਦਾਰ ਸਮਝਦੇ ਹਨ। ਅਜਿਹੀ ਕੋਈ ਵੀ ਭਾਵਨਾ ਅੰਦੋਲਨ ਨੂੰ ਧਾਰਮਿਕ ਲੀਹਾਂ 'ਤੇ ਵੰਡ ਦੇਵੇਗੀ, ਉਨ੍ਹਾਂ ਨੂੰ ਇਸ ਦੀ ਚਿੰਤਾ ਨਹੀਂ ਹੈ, ਕਿਉਂਕਿ ਉਹ ਅੰਦੋਲਨ ਨੂੰ ਭਾਰਤੀ ਰਾਜ ਤੋਂ ਵੱਖਰੀ ਸਿੱਖ ਪਛਾਣ ਨੂੰ ਉਤਸ਼ਾਹਤ ਕਰਨ ਦੇ ਇਕ ਹੋਰ ਸਾਧਨ ਵਜੋਂ ਦੇਖਦੇ ਹਨ।

ਖੱਬੇ ਪੱਖੀ ਲੀਡਰਸ਼ਿਪ ਨੇ ਇਨ੍ਹਾਂ ਅਨਸਰਾਂ ਤੋਂ ਦੂਰ ਰਹਿਣ ਦੀ ਕੋਸ਼ਿਸ਼ ਕੀਤੀ ਹੈ ਜੋ ਲੋਕਾਂ ਦੀ ਸੋਚ ਨੂੰ ਪੰਜਾਬ ਦੇ ਮੁਕਾਬਲੇ ਇਸ ਤੋਂ ਬਾਹਰ ਕਿਤੇ ਜ਼ਿਆਦਾ ਪ੍ਰਭਾਵਤ ਕਰਦੇ ਹਨ। ਭਾਜਪਾ ਪੱਖੀ ਭਾਰਤੀ ਮੀਡੀਆ ਨੇ ਇਨ੍ਹਾਂ ਹਾਸ਼ੀਆਗ੍ਰਸਤ ਅਦਾਕਾਰਾਂ ਨੂੰ ਚੁਣਵੇਂ ਤੌਰ 'ਤੇ ਰਾਸ਼ਟਰੀ ਆਵਾਜ਼ ਦਿੱਤੀ ਹੈ। ਦੀਪ ਸਿੱਧੂ ਵਰਗੇ ਫੇਲ੍ਹ ਐਕਟਰ ਜਿਸ



ਦੀ ਆਪਣੀ ਕੋਈ ਅਸਲੀ ਹੈਸੀਅਤ ਨਹੀਂ ਹੈ, ਨੇ ਖ਼ਾਲਿਸਤਾਨ ਵਰਗੇ ਮੁੱਦਿਆਂ ਉੱਪਰ ਧਿਆਨ ਖਿੱਚ ਕੇ ਚੰਦ ਮਿੰਟਾਂ ਦੀ ਮਸ਼ਹੂਰੀ ਮਾਣ ਲਈ ਹੈ।

ਪਿਛਲੇ ਸਾਲਾਂ ਦੌਰਾਨ ਰਵਾਇਤੀ ਸਿੱਖ ਲੀਡਰਸ਼ਿਪ, ਅਕਾਲੀਆਂ, ਦੇ ਪਤਨ ਨੇ ਇਹ ਕੰਮ ਹੋਰ ਵੀ ਸੌਖਾ ਕਰ ਦਿੱਤਾ ਹੈ। ਜਿਨ੍ਹਾਂ ਕੋਲ ਜਵਾਬ ਦੇਣ ਲਈ ਬਹੁਤ ਕੁਝ ਹੈ ਪਰ ਉਨ੍ਹਾਂ ਨੇ ਕਦੇ ਵੀ ਵੱਖਵਾਦ ਦੀ ਵਕਾਲਤ ਨਹੀਂ ਕੀਤੀ। ਖ਼ਾਲਿਸਤਾਨੀ ਨੈਟਵਰਕ ਦੇ ਹਮੇਸ਼ਾ ਭਾਰਤੀ ਖ਼ੁਫ਼ੀਆ ਤੰਤਰ ਨਾਲ ਨਜ਼ਦੀਕੀ ਸੰਬੰਧ ਰਹੇ ਹਨ, ਜਿਵੇਂ ਕਿ ਸਾਬਕਾ ਖ਼ੁਫ਼ੀਆ ਅਫ਼ਸਰਾਂ ਸਮੇਤ ਕਈ ਲੇਖਕਾਂ ਦੀਆਂ ਕਈ ਤਾਜ਼ਾ ਕਿਤਾਬਾਂ ਵਿਚ ਸਪਸ਼ਟ ਤੌਰ 'ਤੇ ਸਥਾਪਿਤ ਕੀਤਾ ਗਿਆ ਹੈ। ਲਗਾਤਾਰ ਭੜਕਾਹਟ ਦੇ ਬਾਵਜੂਦ ਦੀਪ ਸਿੱਧੂ ਪ੍ਰਤੀ ਭਾਰਤੀ ਸਟੇਟ ਦਾ ਰਵੱਈਆ ਬਹੁਤ ਢਿੱਲ ਦੇਣ ਵਾਲਾ ਸੀ। ਜਦੋਂ ਕਿ ਸ਼ਾਹੀਨ ਬਾਗ਼ ਜਾਂ ਭੀਮਾ-ਕੋਰੇਗਾਓਂ ਨਾਲ ਜੁੜੇ ਲੋਕਾਂ ਨੂੰ ਬਹੁਤ ਗੰਭੀਰ ਨਤੀਜੇ ਭੁਗਤਣੇ ਪੈ ਰਹੇ ਹਨ। ਇਸ ਤੋਂ ਪਤਾ ਲੱਗਦਾ ਹੈ ਕਿ ਸਟੇਟ ਨੇ ਇਸ ਲਾਬੀ ਨੂੰ ਆਪਣੇ ਤਰੀਕੇ ਨਾਲ ਦੋ-ਤਰਫ਼ਾ ਵਰਤਣਾ ਛੱਡਿਆ ਨਹੀਂ ਹੈ।

ਖੱਬੇ ਪੱਖੀ ਲੀਡਰਸ਼ਿਪ ਨੇ ਬਹੁਤੇ ਕਾਡਰਾਂ ਦੇ ਪ੍ਰਭਾਵਸ਼ਾਲੀ ਸਿੱਖ ਸਿਧਾਂਤਾਂ ਨਾਲ ਖੇਡਣ ਰਾਹੀਂ ਇਸ ਵੰਡ ਨੂੰ ਪਾਰ ਕਰਨ ਦੀ ਉਮੀਦ ਕੀਤੀ ਪਰ ਮਜ਼ਬੂਤ ਉਦਾਰਵਾਦੀ ਸਿੱਖ ਆਵਾਜ਼ਾਂ ਦੀ ਅਣਹੋਂਦ 'ਚ, ਇਸ ਨੇ ਅਲੱਗ-ਥਲੱਗ ਤੱਤਾਂ ਨੂੰ ਅੰਦੋਲਨ ਵਿਚ ਸਰਗਰਮ ਭੂਮਿਕਾ ਨਿਭਾਉਣ ਦੀ ਇਜਾਜ਼ਤ ਦੇ ਦਿੱਤੀ। ਇਸ ਮਾਮਲੇ ਵਿਚ ਉਨ੍ਹਾਂ ਅੱਗੇ ਸੀਮਤ ਬਦਲ ਹੋਣ ਦੀ ਸੂਰਤ 'ਚ, ਖੱਬੇ ਪੱਖੀ ਲਫ਼ਾਜ਼ੀ 'ਚ ਕਿਉਂਕਿ ਸਿੱਖ ਭਾਵਨਾਵਾਂ ਨੂੰ ਵਰਤਣ ਦੀ ਕੋਈ ਜਜ਼ਬਾਤੀ ਤਾਕਤ ਨਹੀਂ ਹੈ, ਸੋ ਲੀਡਰਸ਼ਿਪ ਨੇ ਧਰਨਿਆਂ ਨੂੰ ਨਿਹੰਗਾਂ ਵਰਗੇ ਸਮੂਹਾਂ ਦੇ ਮੰਚ ਬਣਨ ਦੀ ਇਜਾਜ਼ਤ ਦੇ ਦਿੱਤੀ ਹੈ ਜਿਨ੍ਹਾਂ ਦਾ ਕਿਸਾਨਾਂ ਦੇ ਮੁੱਦਿਆਂ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਨਿਹੰਗ ਸਿੱਖਾਂ ਵਿਚਲੀ ਲੜਨ-ਭਿੜਨ ਵਾਲੀ ਵਿਵਸਥਾ ਹੋਣ ਕਰਕੇ ਉਨ੍ਹਾਂ ਦਾ ਆਪਣਾ ਹੀ ਕਾਨੂੰਨ ਹੈ। ਇਥੋਂ ਤੱਕ ਕਿ ਕੱਟੜ ਸਿੱਖ ਪੁਜਾਰੀ ਵਰਗ ਦਾ ਵੀ ਉਨ੍ਹਾਂ ਉੱਪਰ ਬਹੁਤ ਘੱਟ ਕੰਟਰੋਲ ਹੈ। ਜਦੋਂ ਨਿਹੰਗਾਂ ਨੇ ਪਾਵਨ ਗ੍ਰੰਥ ਦੀ ਬੇਅਦਬੀ ਦੇ ਬਹਾਨੇ ਵਹਿਸ਼ੀ ਕਤਲ ਨੂੰ ਅੰਜਾਮ ਦਿੱਤਾ ਤਾਂ ਲੀਡਰਸ਼ਿਪ ਕੋਲ ਉਨ੍ਹਾਂ ਤੋਂ ਦੂਰੀ ਬਣਾਉਣ ਤੋਂ ਸਿਵਾਏ ਹੋਰ ਕੋਈ ਚਾਰਾ ਨਹੀਂ ਸੀ ਪਰ ਇਸ ਨੇ ਕਦੇ ਵੀ ਜਵਾਬ ਨਹੀਂ ਦਿੱਤਾ ਕਿ ਉਨ੍ਹਾਂ ਦੀ ਹਮਾਇਤ ਹੀ ਕਿਉਂ ਲਈ ਗਈ ਸੀ। ਇਸ ਦਾ ਇਮਾਨਦਾਰ ਜਵਾਬ ਤਾਂ ਇਹ ਮੰਨਣਾ ਹੋਵੇਗਾ ਕਿ ਵਿਰੋਧ ਪ੍ਰਦਰਸ਼ਨ ਲੀਡਰਸ਼ਿਪ ਦੇ ਕੰਟਰੋਲ ਦੀਆਂ ਸੀਮਾਵਾਂ ਤੋਂ ਪਾਰ ਇਕ ਸਜਿੰਦ ਜੀਵਨ ਹੈ ਅਤੇ ਕੋਈ ਵੀ ਵਿਅਕਤੀ ਜਾਂ ਵਿਅਕਤੀਆਂ ਦਾ ਸਮੂਹ ਇਸ ਦਾ ਪੂਰੀ ਤਰ੍ਹਾਂ ਇੰਚਾਰਜ ਨਹੀਂ ਹੈ।

ਜਦੋਂ ਜਨਵਰੀ 'ਚ ਅੰਦੋਲਨਕਾਰੀ ਦਿੱਲੀ ਦੇ ਲਾਲ ਕਿਲੇ 'ਚ ਜਾ ਵੜੇ, ਉਦੋਂ ਦੀਪ ਸਿੱਧੂ ਵਰਗੇ ਅਨਸਰਾਂ ਅਤੇ ਗੋਦੀ ਮੀਡੀਆ ਵੱਲੋਂ ਮਿਲ ਕੇ ਅੰਦੋਲਨ ਦਾ ਜੋ ਨੁਕਸਾਨ ਕੀਤਾ ਗਿਆ ਉਸ ਦੀ ਪੂਰਤੀ ਹੋਣੀ ਅਜੇ ਬਾਕੀ ਹੈ। ਭਾਰਤੀ ਅਵਾਮ, ਖ਼ਾਸ ਤੌਰ 'ਤੇ ਮੱਧ ਵਰਗ, ਚੰਚਲ ਹੋਣ ਕਾਰਨ ਅਤੇ ਪੇਚੀਦਾ ਮੁੱਦਿਆਂ ਉੱਪਰ ਸੀਮਤ ਸੋਚ ਸ਼ਕਤੀ ਵਾਲਾ ਹੋਣ ਕਾਰਨ ਇਸ ਉੱਪਰ ਮੀਡੀਆ ਦਾ ਮਜ਼ਬੂਤ ਪ੍ਰਭਾਵ ਰਹਿੰਦਾ ਹੈ। ਜਿਸ ਕਾਰਨ ਪੰਜਾਬ ਅਤੇ ਹਰਿਆਣਾ ਤੋਂ ਬਾਹਰ ਅੰਦੋਲਨ ਨੂੰ ਜੋ ਹਮਾਇਤ ਸ਼ੁਰੂ 'ਚ ਮਿਲੀ ਉਹ ਕਾਫ਼ੀ ਘੱਟ ਗਈ ਹੈ। ਲਖਬੀਰ ਸਿੰਘ ਦੇ ਕਤਲ ਦੀ ਜ਼ਿਆਦਾਤਰ ਰਿਪੋਰਟਿੰਗ ਇਸ ਨੂੰ ਹੋਰ ਖ਼ੋਰਾ ਲਾ ਰਹੀ ਹੈ।

ਜੇਕਰ ਸਿੱਖ ਅਤਿਵਾਦ ਅੰਦੋਲਨਾਂ ਉੱਪਰ ਬੋਝ ਬਣਦਾ ਹੈ, ਤਾਂ ਇਕ ਹੋਰ ਹਿੱਸਾ ਬਹੁਤ ਵੱਖਰੀ ਤਰ੍ਹਾਂ ਦੀ ਉਮੀਦ ਲੈ ਕੇ ਆਉਂਦਾ ਹੈ। ਸ਼ੁਰੂ ਤੋਂ ਹੀ, ਅੰਦੋਲਨ ਦੇ ਆਗੂਆਂ ਨੇ ਮਜ਼ਦੂਰਾਂ ਅਤੇ ਦਲਿਤ ਸਮੂਹਾਂ ਨਾਲ ਇਕਮੁੱਠਤਾ ਦਿਖਾਉਣ ਦੀ ਕੋਸ਼ਿਸ਼ ਕੀਤੀ ਹੈ, ਜਿਸ ਨੂੰ ਅਕਸਰ ਵਧਾ-ਚੜ੍ਹਾ ਕੇ ਪੇਸ਼ ਕੀਤਾ ਗਿਆ। ਪ੍ਰਦਰਸ਼ਨ ਵਾਲੀ ਜਗ੍ਹਾ 'ਤੇ ਇਕ ਦਲਿਤ ਉੱਪਰ ਹਮਲਾ ਉਨ੍ਹਾਂ ਨੂੰ ਇਨ੍ਹਾਂ ਦੋਸ਼ਾਂ ਅੱਗੇ ਖ਼ਾਸ ਤੌਰ 'ਤੇ ਨਿਤਾਣੇ ਬਣਾ ਦਿੰਦਾ ਹੈ ਕਿ ਅੰਦੋਲਨ ਤਾਂ ਜ਼ਮੀਨ ਮਾਲਕ ਸਮੂਹਾਂ ਦੇ ਹਿਤਾਂ ਨੂੰ ਅੱਗੇ ਵਧਾਉਣ ਦਾ ਸਾਧਨ ਹੈ। ਖ਼ਾਲਿਸਤਾਨੀਆਂ ਨੂੰ ਭੜਕਾਉਣ ਦਾ ਦੋਸ਼ ਅੰਦੋਲਨ ਨੂੰ ਓਨਾ ਨੁਕਸਾਨ ਨਹੀਂ ਪਹੁੰਚਾਉਂਦਾ, ਜਿੰਨਾ ਇਹ ਦਾਅਵਾ ਕਿ ਲਖਬੀਰ ਦਾ ਕਤਲ ਮਿੱਥ ਕੇ ਕੀਤਾ ਗਿਆ ਜਾਤਪਾਤੀ ਜੁਰਮ ਸੀ।

ਇਸ ਮੁੱਦੇ ਦਾ ਮੁਲਾਂਕਣ ਇਸ ਹਕੀਕਤ ਤੋਂ ਕਰਨਾ ਹੋਵੇਗਾ ਕਿ ਜੇਕਰ ਇਹ ਅੰਦੋਲਨ ਜਿੱਤ ਵੀ ਜਾਂਦਾ ਹੈ ਤਾਂ ਵੀ ਇਸ ਨਾਲ ਪੰਜਾਬ ਵਿਚਲੇ ਜਮਾਤੀ ਜਾਂ ਜਾਤੀ ਸਮੀਕਰਨ ਨਹੀਂ ਬਦਲਣਗੇ। ਫਿਰ ਵੀ ਇਨ੍ਹਾਂ ਹਿੱਸਿਆਂ ਦਰਮਿਆਨ ਇਕਮੁੱਠਤਾ ਦੀ ਕੋਸ਼ਿਸ਼, ਭਾਵੇਂ ਇਹ ਦਾਅਪੇਚਕ ਹੀ ਹੋਵੇ, ਉਨ੍ਹਾਂ ਵਾਹਵਾ ਗਿਣਤੀ ਜੱਟ ਸਿੱਖਾਂ ਦੀ ਉਨ੍ਹਾਂ ਹਕੀਕਤਾਂ ਨਾਲ ਸਮਝੌਤਾ ਕਰਨ ਲਈ ਇਕ ਸ਼ੁਰੂਆਤੀ ਅਤੇ ਦੇਰੀ ਵਾਲੀ ਇੱਛਾ ਨੂੰ ਦਰਸਾਉਂਦੀ ਹੈ ਜਿਨ੍ਹਾਂ ਤੋਂ ਉਹ ਹੁਣ ਤੱਕ ਮੁਨਕਰ ਹੁੰਦੇ ਰਹੇ ਹਨ। ਸ਼ਾਇਦ ਇਸ ਕਾਰਨ ਕਤਲ ਪ੍ਰਤੀ ਅੰਦੋਲਨ ਦੇ ਹਮਾਇਤੀਆਂ ਦਾ ਪ੍ਰਤੀਕਰਮ ਅਤਿਅੰਤ ਬਚਾਓ ਦੀ ਹਾਲਤ 'ਚ ਸੀ। ਕੁਝ ਨੇ ਦਲੀਲ ਦਿੱਤੀ ਕਿ ਜੇਕਰ ਨਿਹੰਗਾਂ ਦੀ ਇਸ ਕਾਰੇ ਨੂੰ ਜਾਇਜ਼ ਠਹਿਰਾਉਣ ਦੀ ਗੱਲ ਸਹੀ ਹੈ, ਤਾਂ ਜੇਕਰ ਅਪਰਾਧੀ ਬ੍ਰਾਹਮਣ ਹੁੰਦਾ ਤਾਂ ਵੀ ਉਨ੍ਹਾਂ ਦਾ ਇਹੀ ਵਹਿਸ਼ੀ ਪ੍ਰਤੀਕ੍ਰਮ ਹੋਣਾ ਸੀ। ਪਰ ਇਸ ਨੁਕਤੇ 'ਤੇ ਜ਼ੋਰ ਦਿੰਦਿਆਂ ਕਈਆਂ ਨੇ ਦਾਅਵਾ ਕੀਤਾ ਕਿ ਸਿੱਖ ਧਰਮ ਵਿਚ ਜਾਤ-ਪਾਤ ਦਾ ਕੋਈ ਮੁੱਦਾ ਨਹੀਂ ਹੈ। ਇਸ ਜਿੰਨਾ ਸਚਾਈ ਤੋਂ ਦੂਰ ਦਾਅਵਾ ਹੋਰ ਕੋਈ ਨਹੀਂ ਹੋ ਸਕਦਾ। ਜਾਤ ਦੀ ਸਮਾਜੀ ਹਕੀਕਤ ਪੰਜਾਬ ਵਿਚ ਤਿੱਖੇ ਰੂਪ 'ਚ ਵਿਆਪਕ ਹੈ ਅਤੇ ਅਕਸਰ ਹੀ ਇਹ ਤਿੱਖੇ ਵਿਤਕਰੇ ਦਾ ਆਧਾਰ ਬਣਦੀ ਹੈ। ਜਦਕਿ, ਸਿੱਖ ਧਰਮ 'ਚ ਜਾਤ-ਪਾਤ ਨੂੰ ਜਾਇਜ਼ ਠਹਿਰਾਉਣ ਦਾ ਕੋਈ ਸਿਧਾਂਤਕ ਆਧਾਰ ਨਹੀਂ ਹੈ ਅਤੇ ਹਾਲਾਂਕਿ ਇਹ ਮੇਲ ਚਾਹੇ ਸਮਾਜ ਨੂੰ ਉਘੜਵੇਂ ਰੂਪ 'ਚ ਅਨਿਆਂਕਾਰੀ ਬਣਾਉਂਦਾ ਹੈ, ਇਹ ਫਿਰ ਵੀ ਹਿੰਦੀ ਪੱਟੀ ਦੇ ਸਮਾਜ ਨਾਲੋਂ ਬਿਹਤਰ ਹੈ।

ਬੇਅਦਬੀ ਦੇ ਮੁੱਦੇ ਨੂੰ ਪੰਜਾਬ ਦੇ ਅਜੋਕੇ ਇਤਿਹਾਸ ਦੇ ਸਨਮੁੱਖ ਦੇਖਿਆ ਜਾਣਾ ਚਾਹੀਦਾ ਹੈ - ਇਕ ਇਤਿਹਾਸ ਜਿਸ ਨੂੰ ਬਾਕੀ ਮੁਲਕ ਅਕਸਰ ਨਜ਼ਰਅੰਦਾਜ਼ ਕਰਦਾ ਹੈ, ਜੋ ਇਸ ਰਾਜ ਵੱਲ ਸਿਰਫ਼ ਉਦੋਂ ਧਿਆਨ ਦਿੰਦਾ ਹੈ ਜਦੋਂ ਇਹ ਬਹੁਤ ਉੱਥਲ-ਪੁੱਥਲ ਵਿਚ ਹੁੰਦਾ ਹੈ। ਪੰਜਾਬ ਵਿਚ ਖਾੜਕੂਵਾਦ ਦੇ ਦੌਰ ਤੋਂ ਬਾਦ ਸਿੱਖ ਧਾਰਮਿਕ ਪਛਾਣ ਚੀੜ੍ਹੀ ਹੁੰਦੀ ਗਈ ਹੈ, ਮੁਲਕ ਦੇ ਜ਼ਿਆਦਾਤਰ ਹਿੱਸਿਆਂ ਵਿਚ ਹਿੰਦੂਤਵ ਦੀ ਵਧ ਰਹੀ ਕਾਂਗ ਦੇ ਪ੍ਰਤੀਕਰਮ ਵਜੋਂ ਇਸ ਅਮਲ 'ਚ ਵਿਆਪਕ ਤੇਜ਼ੀ ਆਈ ਹੈ। ਪੰਜਾਬ ਦੀ ਮੌਜੂਦਾ ਕਾਂਗਰਸ ਸਰਕਾਰ ਤੋਂ ਪਹਿਲਾਂ ਅਕਾਲੀ ਰਾਜ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਬਹੁਤ ਸਾਰੇ ਕਾਂਡਾਂ ਨੇ ਸੂਬੇ ਨੂੰ ਹਿਲਾ ਕੇ ਰੱਖ ਦਿੱਤਾ ਸੀ, ਜਦਕਿ ਉਨ੍ਹਾਂ ਵਿਚੋਂ ਕਿਸੇ ਦੀ ਵੀ ਤਸੱਲੀਬਖ਼ਸ਼ ਜਾਂਚ ਨਹੀਂ ਕਰਵਾਈ ਗਈ।

ਉਸ ਤੋਂ ਬਾਅਦ ਬੇਅਦਬੀ ਦੀ ਕਿਸੇ ਵੀ ਖ਼ਬਰ ਨੇ ਕਥਿਤ ਬੇਅਦਬੀ ਕਾਂਡਾਂ ਦੀ ਗੰਭੀਰਤਾ ਦੇ ਅਨੁਪਾਤ ਨਾਲੋਂ ਕਿਤੇ ਜ਼ਿਆਦਾ ਜਨੂਨ ਪੈਦਾ ਕੀਤਾ ਹੈ। ਜਿਸ ਕਾਰਨ ਅਜਿਆਂ ਦੇ ਕੁਛ ਬਹੁਤ ਹੀ ਘਿਣਾਉਣੇ ਕਾਰਿਆਂ ਵੱਲੋਂ ਦਲਿਤਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਪਿਛਲੇ ਸਾਲ ਕਾਰਵਾਂ ਨੇ ਇਕ 10 ਸਾਲਾਂ ਦੀ ਦਲਿਤ ਲੜਕੀ ਨੂੰ ਬੇਤੁਕੇ ਤੌਰ 'ਤੇ ਐਸੇ ਇਕ ਮਾਮਲੇ 'ਚ ਫਸਾਉਣ ਦੀ ਰਿਪੋਰਟ ਛਾਪੀ ਸੀ, ਜਿਸ ਉੱਪਰ ਇਕ ਗੁਰਦੁਆਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨੇ ਪਾੜਨ ਦਾ ਇਲਜ਼ਾਮ ਲਗਾਇਆ ਗਿਆ ਸੀ, ਜਿੱਥੇ ਉਹ ਬਾਕਾਇਦਗੀ ਨਾਲ ਸੇਵਾ ਕਰਦੀ ਸੀ। ਲੜਕੀ, ਉਸ ਦੇ ਮਾਂ-ਬਾਪ ਅਤੇ ਉਸ ਦੇ ਸੱਤ ਸਾਲਾ ਭਰਾ ਨੂੰ ਅਦਾਲਤ ਵਿਚ ਪੇਸ਼ ਕੀਤੇ ਤੋਂ ਬਿਨਾਂ ਹੀ ਤਿੰਨ ਰਾਤ ਥਾਣੇ 'ਚ ਬੰਦ ਰੱਖਿਆ ਗਿਆ। ਐਸੇ ਮਾਮਲੇ ਸਿਰਫ਼ ਇਹੀ ਦਰਸਾਉਂਦੇ ਹਨ ਕਿ ਭਾਵੇਂ ਦਲਿਤਾਂ ਉੱਪਰ ਗੁਰੂ ਗ੍ਰੰਥ ਸਾਹਿਬ ਤੱਕ ਪਹੁੰਚਣ ਜਾਂ ਗ੍ਰੰਥੀਆਂ ਵਜੋਂ ਸੇਵਾ ਕਰਨ ਉੱਪਰ ਕੋਈ ਰੋਕ ਨਹੀਂ ਹੈ - ਪਰ ਜਦੋਂ ਬੇਅਦਬੀ ਲਈ ਬਲੀ ਦੇ ਬੱਕਰਾ ਲੱਭਣ ਦੀ ਗੱਲ ਆਉਂਦੀ ਹੈ ਤਾਂ ਸਿੱਖ ਭਾਈਚਾਰੇ ਵੱਲੋਂ ਦਲਿਤਾਂ ਨੂੰ ਨਿਸ਼ਾਨਾ ਬਣਾਉਣ ਦੀ ਪੂਰੀ ਸੰਭਾਵਨਾ ਹੁੰਦੀ ਹੈ।

ਇਹ ਕਹਿਣਾ ਜਲਦਬਾਜ਼ੀ ਹੋਵੇਗੀ ਕਿ ਸਿੰਘੂ ਦਾ ਮਾਮਲਾ ਇਸ ਸ਼੍ਰੇਣੀ 'ਚ ਆਉਂਦਾ ਹੈ ਜਾਂ ਨਹੀਂ ਕਿਉਂਕਿ ਇਸ ਬਾਰੇ ਰਿਪੋਰਟਾਂ ਅਜੇ ਆ ਰਹੀਆਂ ਹਨ। ਇਸ ਮਾਮਲੇ ਵਿਚ ਸਿੱਖਾਂ ਦੇ ਪਵਿੱਤਰ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਹੀਂ ਕੀਤੀ ਗਈ ਸਗੋਂ ਇਹ ਤਾਂ ਇਕ ਹੋਰ ਗ੍ਰੰਥ ਦੀ ਕਥਿਤ ਬੇਅਦਬੀ ਹੈ ਜਿਸ ਨੂੰ ਨਿਹੰਗ ਪੂਜਦੇ ਹਨ। ਮੁੱਖ ਧਾਰਾ ਦੇ ਮੀਡੀਆ ਸਮੂਹਾਂ ਨੇ ਅੰਦੋਲਨ ਦੀ ਸਮੁੱਚੀ ਲੀਡਰਸ਼ਿਪ ਨੂੰ ਨਿਸ਼ਾਨਾ ਬਣਾਉਣ 'ਚ ਜੁੱਟ ਜਾਣ ਤੋਂ ਪਹਿਲਾਂ ਨਿਹੰਗਾਂ ਵੱਲੋਂ ਕੀਤੇ ਵਹਿਸ਼ੀ ਕਾਰੇ ਦੀ ਤਸਵੀਰ ਸਾਫ਼ ਹੋਣ ਦਾ ਇੰਤਜ਼ਾਰ ਵੀ ਨਹੀਂ ਕੀਤਾ।


ਜੇਕਰ ਬੇਅਦਬੀ ਅਤੇ ਦਲਿਤਾਂ ਨੂੰ ਨਿਸ਼ਾਨਾ ਬਣਾਉਣਾ ਮੀਡੀਆ ਦੀ ਸੱਚੀਮੁੱਚੀ ਚਿੰਤਾ ਹੁੰਦੀ, ਤਾਂ ਉਪਰੋਕਤ ਵਰਗੇ ਮਾਮਲੇ ਕਦੇ ਵੀ ਬਿਨਾਂ ਰਿਪੋਰਟ ਨਾ ਦਬਾਏ ਜਾਂਦੇ। ਨਿਹੰਗਾਂ ਦੇ ਖ਼ੂਨੀ ਕਾਰੇ ਤੋਂ ਦੂਰੀ ਬਣਾਉਣ ਵਾਲੇ ਸਿੱਖ ਆਗੂਆਂ ਨੂੰ ਨਿਸ਼ਾਨਾ ਬਣਾਉਣ ਵਾਲੇ ਮੀਡੀਆ ਸਮੂਹ ਲਖੀਮਪੁਰ ਖੀਰੀ ਵਿਖੇ ਕੀਤੇ ਗਏ ਬੇਕਿਰਕ ਕਤਲਾਂ ਉੱਪਰ ਮੋਦੀ ਦੀ ਚੁੱਪ ਉੱਪਰ ਸਵਾਲ ਕਰਨ ਬਾਰੇ ਕਦੇ ਨਹੀਂ ਸੋਚਣਗੇ। ਪ੍ਰਧਾਨ ਮੰਤਰੀ ਨੇ ਉੱਥੇ ਆਪਣੇ ਗ੍ਰਹਿ ਰਾਜ ਮੰਤਰੀ ਅਜੈ ਕੁਮਾਰ ਮਿਸ਼ਰਾ ਦੇ ਪੁੱਤਰ ਵੱਲੋਂ ਵਿਰੋਧ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਦਾ ਕਤਲੇਆਮ ਦੀ ਨਿਖੇਧੀ ਕਰਨ ਲਈ ਇਕ ਵੀ ਸ਼ਬਦ ਨਹੀਂ ਬੋਲਿਆ। ਮਿਸ਼ਰਾ ਨੂੰ ਆਪਣੀ ਕੈਬਨਿਟ ਦਾ ਹਿੱਸਾ ਬਣੇ ਰਹਿਣ ਦੇਣ ਦਾ ਮੋਦੀ ਦਾ ਫ਼ੈਸਲਾ ਜੁਰਮ 'ਚ ਉਸ ਦੀ ਮਿਲੀਭੁਗਤ ਦਾ ਇਕਬਾਲ ਹੈ ਕਿਉਂਕਿ ਉਹ ਜਾਣਦਾ ਹੈ ਕਿ ਮਿਸ਼ਰਾ ਦੇ ਪੁੱਤਰ ਨੂੰ ਹੱਲਾਸ਼ੇਰੀ ਆਪਣੇ ਪਿਓ ਤੋਂ ਮਿਲਦੀ ਹੈ।

ਇਸ ਪਿਛੋਕੜ 'ਚ ਕਿਸਾਨ ਅੰਦੋਲਨ ਨੂੰ ਇਸ ਦੇ ਮੂਲ ਟੀਚਿਆਂ ਤੋਂ ਪਰਖਣਾ ਚਾਹੀਦਾ ਹੈ। ਅੰਦੋਲਨ ਦੀ ਕਾਮਯਾਬੀ ਇਹ ਦਰਸਾਏਗੀ ਕਿ ਸਰਕਾਰ ਦੀ ਮਨਮਾਨੀ ਦਾ ਵਿਰੋਧ ਸੰਭਵ ਹੈ, ਕਿ ਮੁਲਕ ਨਾਲੋਂ ਕਾਰਪੋਰੇਟ ਪੱਖੀ ਖ਼ਾਸ ਦ੍ਰਿਸ਼ਟੀ ਦਾ ਪੱਖ ਪੂਰਨ ਵਾਲੇ ਕਾਨੂੰਨਾਂ ਨੂੰ ਚੁਣੌਤੀ ਦਿੱਤੀ ਜਾ ਸਕਦੀ ਹੈ, ਕਿ ਇਕ ਕਾਨੂੰਨ ਨਾਲ ਸਭ ਤੋਂ ਵੱਧ ਪ੍ਰਭਾਵਿਤ ਹੋਣ ਵਾਲੇ ਲੋਕਾਂ ਦੀ ਜਮਹੂਰੀ ਸਹਿਮਤੀ ਅਜੇ ਵੀ ਇਸ ਨੂੰ ਹਕੀਕਤ ਬਣਾਉਣ ਲਈ ਜ਼ਰੂਰੀ ਹੈ। ਅੰਦੋਲਨ ਪਹਿਲਾਂ ਹੀ ਬਹੁਤ ਕੁਝ ਹਾਸਲ ਕਰਨ ਦੀ ਖ਼ਾਤਰ ਹੈ ਅਤੇ ਇਸ ਤੋਂ ਸਮਾਜੀ ਬੇਇਨਸਾਫ਼ੀ ਦੀਆਂ ਡੂੰਘੀਆਂ ਜੜ੍ਹਾਂ ਦੇ ਹਾਲਾਤ ਨੂੰ ਬਦਲਣ ਜਾਂ ਮਾਹੌਲ ਨੂੰ ਨਿਰਮਲ ਕਰਨ ਜਾਂ ਖ਼ਾਲਿਸਤਾਨ ਜਾਂ ਕਿਸੇ ਹੋਰ ਭਾਰਤੀ ਕਾਲਪਨਿਕ ਸੰਸਾਰ ਵਿਚ ਦਾਖ਼ਲ ਹੋਣ ਦੀ ਉਮੀਦ ਕਰਨ ਦੀ ਕੋਈ ਤੁਕ ਨਹੀਂ ਬਣਦੀ। ਕਿਸਾਨ ਲਹਿਰ ਦਾ ਮੁਲਾਂਕਣ ਉਨ੍ਹਾਂ ਉਮੀਦਾਂ ਦੇ ਸਨਮੁੱਖ ਰੱਖ ਕੇ ਨਹੀਂ ਕੀਤਾ ਸਕਦਾ ਜੋ ਉਮੀਦਾਂ ਉਸ ਨੇ ਨਾ ਤਾਂ ਜਗਾਈਆਂ ਹਨ ਤੇ ਨਾ ਹੀ ਉਨ੍ਹਾਂ ਨੂੰ ਪੂਰਾ ਕਰਨ ਦਾ ਦਾਅਵਾ ਕੀਤਾ ਹੈ।

# ਪੰਜਾਬੀ ਸੰਗੀਤ ਦਰਬਾਰੀ ਅਤੇ ਬਾਜ਼ਾਰੀ ਹੋ ਗਿਆ...

*ਦਸਤਾਵੇਜ਼ੀ ਫਿਲਮਸਾਜ਼ ਅਤੇ ਪੱਤਰਕਾਰ ਦਲਜੀਤ ਅਮੀ 'ਪੰਜਾਬ ਟਾਈਮਜ਼' ਲਈ ਲਗਾਤਾਰ ਲਿਖਦੇ ਰਹੇ ਹਨ। ਪਿੱਛੇ ਜਿਹੇ ਉਨ੍ਹਾਂ ਆਪਣੇ ਯੂਟਿਊਬ ਚੈਨਲ 'ਅੱਵਲ ਸਹਾਫੀ' ਲਈ ਉਮਦਾ ਸ਼ਖਸੀਅਤਾਂ ਨਾਲ ਮੁਲਾਕਾਤਾਂ ਦਾ ਸਿਲਸਿਲਾ ਵਿੱਢਿਆ ਹੈ। ਅਸੀਂ ਆਪਣੇ ਪਾਠਕਾਂ ਲਈ ਉਘੇ ਅਤੇ ਨਵੇਂ ਰੰਗ ਦੇ ਗਾਇਕ ਰੱਬੀ ਸ਼ੇਰਗਿੱਲ ਨਾਲ ਕੀਤੀ ਲੰਮੀ ਮੁਲਾਕਾਤ ਛਾਪ ਰਹੇ ਹਨ। ਇਸ ਵਿਚ ਪੰਜਾਬ, ਪੰਜਾਬੀਅਤ ਅਤੇ ਗਾਇਨ ਬਾਰੇ ਵੱਖਰੀਆਂ ਗੱਲਾਂ ਕੀਤੀਆਂ ਗਈਆਂ ਹਨ। ਇਸ ਦਾ ਪਹਿਲਾ ਹਿੱਸਾ ਪਿਛਲੇ ਅੰਕ ਵਿਚ ਛਾਪਿਆ ਗਿਆ ਸੀ। ਐਤਕੀਂ ਦੂਜਾ ਅਤੇ ਆਖਰੀ ਹਿੱਸਾ ਛਾਪਿਆ ਜਾ ਰਿਹਾ ਹੈ।*

## ਖਾਸ ਮੁਲਾਕਾਤ



**ਦਲਜੀਤ ਅਮੀ**
**ਫੋਨ: +91-72919-77145**

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਦਲਜੀਤ ਅਮੀ:** ਕੇਂਦਰ ਸਰਕਾਰ ਦੇ ਪਾਸ ਕੀਤੇ ਤਿੰਨ ਖੇਤੀ ਕਾਨੂੰਨਾਂ ਖਿਲਾਫ ਜਦੋਂ ਕਿਸਾਨ ਮੋਰਚਾ ਸ਼ੁਰੂ ਹੋਇਆ, ਤਾਂ ਉਸ ਵਿਚ ਬਹੁਤ ਸਾਰੇ ਗਾਇਕਾਂ ਨੇ ਕਿਸਾਨੀ ਦੇ ਹੱਕ ਵਿਚ ਗੀਤ ਗਾਏ। ਉਦੋਂ ਇਹ ਦਲੀਲ ਵਾਰ ਵਾਰ ਦਿੱਤੀ ਗਈ ਕਿ ਦੇਖੋ ਹੁਣ ਇਹ ਗਾਇਕ ਲੋਕਾਂ ਦੇ ਪੱਖ ਵਿਚ ਆ ਗਏ ਹਨ, ਲੋਕਾਂ ਦੇ ਸਰੋਕਾਰਾਂ ਦੀ ਗੱਲ ਕਰਦੇ ਹਨ। ਤੁਸੀਂ ਇਸ ਗਾਇਕੀ ਬਾਰੇ ਕੀ ਕਹੋਗੇ?

**ਰੱਬੀ ਸ਼ੇਰਗਿੱਲ:** ਮੇਰੇ ਮੁਤਾਬਕ ਉਹ ਪੰਜਾਬੀ ਸੰਗੀਤ ਦਾ ਖੁਸ਼ਨੁਮਾ ਪ੍ਰਸੰਗ ਹੈ। ਕੰਵਰ ਗਰੇਵਾਲ ਨੇ ਚੰਗੀ ਭੂਮਿਕਾ ਨਿਭਾਈ ਪਰ ਮੈਨੂੰ ਕੰਵਰ ਗਰੇਵਾਲ ਦੇ ਗੀਤਾਂ ਦੇ ਕੁਝ ਬੋਲ ਬੜੇ ਅਜੀਬ ਲੱਗਦੇ ਹਨ; ਮਸਲਨ, 'ਕੋਈ ਖੰਡੇ ਤਿੱਖੇ, ਕੋਈ ਕਿਰਪਾਨ ਕਰੂਗਾ, ਤੈਨੂੰ ਦਿੱਲੀਏ... ਇਕੱਠ ਬੜਾ ਪ੍ਰੇਸ਼ਾਨ ਕਰੂਗਾ'। ਮੈਂ ਦਿੱਲੀ ਦਾ ਰਹਿਣ ਵਾਲਾ ਹਾਂ। ਹਜ਼ਾਰਾਂ ਲੋਕ ਘਰਾਂ ਵਿਚੋਂ ਕੱਢ ਕੇ, ਟੋਟੇ ਟੋਟੇ ਕਰਕੇ, ਜ਼ਲੀਲ ਕਰਕੇ ਮਾਰ ਦਿੱਤੇ ਗਏ ਹੋਣ, ਮੈਂ ਉਸ ਸ਼ਹਿਰ ਤੋਂ ਹਾਂ। ਮੇਰਾ ਫ਼ਿਕਰ ਹਰ ਉਸ ਬੋਲ ਉਤੇ ਜਾਗ ਜਾਂਦਾ ਹੈ। ਜਿਵੇਂ ਫਿਰ ਇੱਕ ਵਾਰ ਸਾਡੀ ਸਾਈ ਫੜਾਉਣ ਵਾਲੀ ਗੱਲ ਹੋ ਰਹੀ ਹੈ। ਪੰਜਾਬ ਨੂੰ ਇੱਕ ਗੱਲ ਸਮਝ ਆ ਜਾਣੀ ਚਾਹੀਦੀ ਹੈ ਕਿ ਕਿਸੇ ਵੀ ਰਿਆਸਤ ਨਾਲ ਤੁਸੀਂ ਹਥਿਆਰਬੰਦ ਲੜਾਈ ਨਹੀਂ ਲੜ ਸਕਦੇ, ਨਹੀਂ ਲੜ ਸਕਦੇ, ਨਹੀਂ ਲੜ ਸਕਦੇ, ਗੱਲ ਖ਼ਤਮ ਹੈ। ਮੈਂ ਦਿੱਲੀ ਤੋਂ ਵੀ ਹਾਂ ਜਿੱਥੇ ਦਸ ਹਜ਼ਾਰ ਬੰਦੇ ਮਰੇ। ਮੈਂ ਮਾਝੇ ਤੋਂ ਵੀ ਹਾਂ ਜਿੱਥੇ ਤਿੰਨ ਪੀੜ੍ਹੀਆਂ ਗ਼ਰਕ ਹੋ ਗਈਆਂ। ਇੱਕ ਖਾੜਕੂਵਾਦ ਵਿਚ ਗ਼ਰਕ ਹੋ ਗਈ। ਇੱਕ ਯਤੀਮੀ ਵਿਚ ਗ਼ਰਕ ਹੋ ਗਈ ਅਤੇ ਹੁਣ ਤੀਜੀ ਪੀੜ੍ਹੀ ਚਿੱਟੇ ਵਿਚ ਗ਼ਰਕ ਹੋ ਰਹੀ ਹੈ।

**ਦਲਜੀਤ ਅਮੀ:** ਹੁਣ ਜਦੋਂ ਤੁਸੀਂ ਗੱਲ ਕਰਦੇ ਹੋ, ਇਸ ਗੀਤ 'ਤੇ ਇਤਰਾਜ਼ ਕਰਦੇ ਹੋ ਤਾਂ ਇਸ ਨੂੰ ਮਝੈਲ ਦਾ ਇਤਰਾਜ਼ ਸਮਝਾਂ ਜਾਂ ਦਿੱਲੀ ਵਾਲੇ ਦਾ; ਜਾਂ ਇਹ ਦੋਵਾਂ ਦਾ ਇਤਰਾਜ਼ ਹੈ?

**ਰੱਬੀ ਸ਼ੇਰਗਿੱਲ:** ਦੋਵਾਂ ਦਾ ਇਤਰਾਜ਼ ਹੈ। ਪੰਜਾਬ ਨੂੰ ਕਹਿ ਦਿਓ ਕਿ ਜੋ ਦਿੱਲੀ ਵਾਲੇ ਹਨ, ਉਹ ਸਿੱਖ ਨਹੀਂ ਹਨ। ਸਾਡਾ ਇਨ੍ਹਾਂ ਨਾਲ ਕੋਈ ਲੈਣਾ ਦੇਣਾ ਨਹੀਂ। ਸਾਨੂੰ ਜਿਹੜੀ ਪਾਰਖੱਤੀ ਦੇਣੀ, ਦੇ ਦਿਓ। ਪੰਜਾਬ ਦੀ ਆਬਾਦੀ ਸ਼ਾਇਦ ਪੌਣੇ ਤਿੰਨ ਕਰੋੜ ਹੈ।

**ਦਲਜੀਤ ਅਮੀ:** ਸਾਡੀ 2011 ਦੀ ਮਰਦਮ ਸ਼ੁਮਾਰੀ ਮੁਤਾਬਕ ਹੈ।

**ਰੱਬੀ ਸ਼ੇਰਗਿੱਲ:** ਉਸ ਮੁਤਾਬਕ ਤਕਰੀਬਨ ਇੰਨੇ ਕੁ ਵਿਦੇਸ਼ਾਂ ਵਿਚ ਹਨ। ਤੁਸੀਂ ਇਨ੍ਹਾਂ ਸਾਰਿਆਂ ਨੂੰ ਪਾਰਖੱਤੀ ਦੇ ਦਿਓ ਅਤੇ ਜਿਸ ਪਾਰਖੱਤੀ ਨੂੰ ਦੂਸਰੇ ਮੰਨਦੇ ਵੀ ਹੋਣ ਕਿਉਂਕਿ ਜੋ ਤੁਸੀਂ ਗੱਲ ਕੀਤੀ, ਉਸ ਦਾ ਪ੍ਰਤੀਕਰਮ ਰੱਦਿ-ਅਮਲ ਹਿੰਦੋਸਤਾਨ ਵਿਚ ਜਿਹੋ ਜਿਹਾ ਹੁੰਦਾ ਹੈ, ਉਹ ਸਾਰਿਆਂ ਨੂੰ ਪਤਾ ਹੈ। ਲਖੀਮਪੁਰ ਖੇਤੀ ਵਿਚ ਜਿਸ ਤਰ੍ਹਾਂ ਸਰਦਾਰ ਨੂੰ ਸ਼ਰੇਆਮ ਜ਼ਲੀਲ ਕਰਕੇ ਕੁੱਟਿਆ ਗਿਆ। ਉਸ ਦੀ ਗੁਦਾ ਵਿਚ ਜਿਸ ਤਰ੍ਹਾਂ ਡੰਡੇ ਵਾੜੇ ਗਏ। ਇਹ ਤਾਂ ਹੁਣੇ ਹੀ ਹੋ ਕੇ ਹਟਿਆ ਹੈ। ਜੇ ਹਾਲੇ ਵੀ ਸਾਨੂੰ ਸਮਝ ਨਹੀਂ ਆ ਰਹੀ, ਹਾਲੇ ਵੀ ਅਸੀਂ ਪੈਂਤੜਾ ਉਹ ਵਰਤਣਾ ਜਿਸ ਦਾ ਸਿੱਧਾ ਅਸਰ ਇਹ ਹੋਵੇਗਾ ਕਿ ਜੋ ਬਾਹਰ ਬੈਠਾ ਪੰਜਾਬੀ ਹੈ, ਉਸ ਨੇ ਦਰੜਿਆ ਜਾਣਾ ਹੈ।

**ਦਲਜੀਤ ਅਮੀ:** ਕੁੱਲ ਮਿਲਾ ਕੇ ਤੁਸੀਂ ਇਹ ਕਹਿਣਾ ਚਾਹ ਰਹੇ ਹੋ ਕਿ ਜੋ ਇਸ ਮੋਰਚੇ ਨਾਲ ਜੁੜੇ ਹੋਏ ਗੀਤ ਹਨ, ਉਨ੍ਹਾਂ ਵਿਚੋਂ ਇੱਕ ਦੋ ਗੀਤਾਂ ਵਿਚ ਕੁਝ ਬੋਲਾਂ ਨੂੰ ਛੱਡ ਕੇ ਬਾਕੀ ਸਭ ਵਧੀਆ ਰੁਝਾਨ ਹੈ।

**ਰੱਬੀ ਸ਼ੇਰਗਿੱਲ:** ਮੈਨੂੰ ਇਓਂ ਲੱਗਦਾ ਹੈ, (ਤੇ) ਮੈਂ ਉਮੀਦ ਕਰਦਾ ਹਾਂ ਕਿ ਮੈਂ ਜਾਤ ਚੇਤਨਾ ਦਾ ਸ਼ਿਕਾਰ ਨਹੀਂ ਲੱਗਾਂਗਾ ਪਰ ਮੈਨੂੰ ਜੱਟਾਂ ਦੀ ਇੱਕ ਗੱਲ ਬੜੀ ਚੰਗੀ ਲੱਗਦੀ ਹੈ ਕਿ ਤੁਸੀਂ ਜੱਟਪੁਣੇ ਨੂੰ ਬਾਹਰ ਨਹੀਂ ਕੱਢ ਸਕਦੇ। ਇਨ੍ਹਾਂ ਵਿਚ ਕੋਈ ਗੱਲ ਹੈ। ਭਾਵੇਂ ਇੱਥੇ ਹੋਵੇ ਜਾਂ ਪੱਛਮੀ ਯੂ.ਪੀ. ਜਾਂ ਹਿਮਾਚਲ ਹੋਵੇ, ਜਿੱਥੇ ਜੋ ਬੈਠੇ ਹਨ, ਉਨ੍ਹਾਂ ਵਿਚ ਜੱਟਪੁਣਾ ਜਾਤੀ ਚੇਤਨਾ ਤੋਂ ਜ਼ਿਆਦਾ ਧਰਤੀ ਪ੍ਰੇਮ ਵਾਂਗ ਹੈ। ਉਹ ਵੀ ਇਸ ਦਾ ਇੱਕ ਪੱਖ ਹੈ। ਇਸ ਦਾ ਇੱਕ ਰੂਪ ਹੈ। ਜੋ ਧਰਤੀ ਪ੍ਰੇਮ ਹੈ, ਜਿਸ ਤਰ੍ਹਾਂ ਮੈਂ ਦੇਖਿਆ ਹੈ ਜੋ ਆਈ.ਟੀ. ਵਿਚ ਲੱਗੇ ਹੋਏ ਹਨ। ਜਿਨ੍ਹਾਂ ਨੇ ਕਦੇ ਗੋਡੀ ਨਹੀਂ ਕੀਤੀ ਹੋਣੀ। ਮੇਰੇ ਵਾਂਗ ਜੋ ਬਿਲਕੁਲ ਸ਼ਹਿਰੀ ਹਨ, ਉਨ੍ਹਾਂ ਦੀਆਂ ਆਂਦਰਾਂ ਨੂੰ ਵੀ ਖਿੱਚ ਪੈਣ ਲੱਗਦੀ ਹੈ। ਇਸ ਦਾ ਅਰਥ ਇਹ ਨਹੀਂ ਕਿ ਅਸੀਂ ਦੂਜਿਆਂ ਉਪਰ ਹਾਵੀ ਹੋਈਏ। ਜੇ ਇਸ ਦਾ ਮਤਲਬ ਇਹ ਬਣਦਾ ਹੈ ਤਾਂ ਮੈਂ ਉਸ ਦਾ ਵਿਰੋਧੀ ਹੈ ਪਰ ਜੱਟਾਂ ਦਾ ਜੋ ਧਰਤ ਪ੍ਰੇਮ ਹੈ, ਜਾਂ ਜੋ ਕੌਮੀਅਤ ਦਾ ਤਸੱਵਰ ਇਨ੍ਹਾਂ ਦੇ ਵਿਚ ਪਤਾ ਨਹੀਂ ਕਿਸ ਤਰ੍ਹਾਂ ਭਰਿਆ ਪਿਆ ਹੈ। ਕਿਉਂਕਿ ਹੋਰ ਕੌਮਾਂ ਵਿਚ ਮੈਂ ਇਸ ਤਰ੍ਹਾਂ ਦਾ ਕੁਝ ਨਹੀਂ ਦੇਖਿਆ। ਇੰਡੀਆ ਵਿਚ ਕਈ ਕੌਮਾਂ ਹਨ, ਇੱਕ ਕੌਮ ਨਹੀਂ ਹੈ।

**ਦਲਜੀਤ ਅਮੀ:** ਤੁਸੀਂ ਜੱਟ ਕੌਮ ਦੀ ਗੱਲ ਕਰ ਰਹੇ ਹੋ, ਅਲਮੋੜਾ ਤੋਂ ਲੈ ਕੇ ਅਟਕ ਤੱਕ।

**ਰੱਬੀ ਸ਼ੇਰਗਿੱਲ:** ਹਾਂ, ਮੈਂ ਇਨ੍ਹਾਂ ਵਿਚ ਬੜਾ ਸੁੱਤਾ ਪਿਆ ਤਾਣਾ ਬਾਣਾ ਦੇਖਦਾ ਹਾਂ। ਉਸ ਨੂੰ ਜ਼ਰਾ ਜਿੰਨਾ ਵੀ ਝਟਕਾ ਲੱਗਦਾ ਹੈ ਤਾਂ ਉਹ ਫਿਰ ਜਾਗ ਪੈਂਦਾ ਹੈ। ਮੈਨੂੰ ਇਹ ਗੱਲ ਬੜੀ ਚੰਗੀ ਲੱਗਦੀ ਹੈ।

**ਦਲਜੀਤ ਅਮੀ:** ਤੁਹਾਡੇ ਚਿਹਰੇ ਉਪਰ ਜੋ ਖੁਸ਼ੀ ਹੈ, ਉਹ ਗੱਲ ਕਰਦਿਆਂ ਸਾਫ਼ ਦੇਖੀ ਜਾ ਸਕਦੀ ਹੈ ਪਰ ਮੈਂ ਵਾਪਸ ਇੱਕ ਗੱਲ ਉਪਰ ਤੁਹਾਨੂੰ ਲੈ ਕੇ ਜਾਂਦਾ ਹਾਂ। ਤੁਸੀਂ ਕਿਹਾ ਸੀ ਕਿ ਪੰਜਾਬ ਦੇ ਪੌਪ ਸੰਗੀਤ ਵਿਚ ਜੋ ਜੱਟ ਪੇਸ਼ ਹੁੰਦਾ ਹੈ, ਉਹ ਆਵਾਰਾ ਹੈ। ਮੈਨੂੰ ਆਵਾਰਾ ਹੋਣ 'ਤੇ ਕੋਈ ਇਤਰਾਜ਼ ਨਹੀਂ; ਦੂਜਾ ਤੁਸੀਂ ਕਿਹਾ ਹੈ ਕਿ ਜੱਟ ਹੈ; ਇਤਰਾਜ਼ ਤਾਂ ਮੈਂ ਇਹ ਵੀ ਨਹੀਂ ਕਰ ਸਕਦਾ ਪਰ ਮੈਨੂੰ ਥੋੜ੍ਹਾ ਜਿਹਾ ਇਹ ਸਪਸ਼ਟ ਕਰੋ।



**ਰੱਬੀ ਸ਼ੇਰਗਿੱਲ:** ਮੈਨੂੰ ਉਸ ਦੀ ਆਵਾਰਗੀ 'ਤੇ ਵੀ ਕੋਈ ਇਤਰਾਜ਼ ਨਹੀਂ ਹੈ। ਜਦੋਂ ਤੱਕ ਤੁਸੀਂ ਕਹਿ ਲਓ, ਮੈਂ ਕਿਸੇ ਬੁਲੰਦੀ 'ਤੇ ਸੀ।

**ਦਲਜੀਤ ਅਮੀ:** ਨਹੀਂ, ਮੈਂ ਇਹ ਕਹਿ ਰਿਹਾ ਹਾਂ ਕਿ ਜਦੋਂ ਉਹ ਆਵਾਰਾ ਅਤੇ ਉਜੱਡ ਇਸ ਮੋਰਚੇ ਦੇ ਸੰਗੀਤ ਵਿਚ ਆਉਂਦਾ ਹੈ ਤਾਂ ਉਹ ਕਿਤੇ ਸੀਲ ਹੋ ਜਾਂਦਾ ਹੈ। ਉਹ ਕਿਸੇ ਨਫ਼ਾਸਤ ਨਾਲ ਬੱਝ ਜਾਂਦਾ ਹੈ, ਜਾਂ ਉਸ ਦਾ ਉਜੱਡਪੁਣਾ ਕਿਸੇ ਲੇਖੇ ਲੱਗ ਜਾਂਦਾ ਹੈ।

**ਰੱਬੀ ਸ਼ੇਰਗਿੱਲ:** ਦੋਵੇਂ ਹੀ ਗੱਲਾਂ ਹਨ। ਜੋ ਨਫ਼ਾਸਤ ਹੈ; ਨਫ਼ਾਸਤ ਮੈਂ ਇਸ ਤਰ੍ਹਾਂ ਸਮਝਦਾ ਹਾਂ ਕਿ ਜੋ ਬੰਦਾ ਪੰਜਾਬੀ ਬੋਲੀ ਨਾਲ ਜੁੜਿਆ ਹੈ, ਜਿਸ ਨੇ ਆਪਣੇ ਬੇਲੀਆਂ ਤੋਂ ਪੰਜਾਬੀ ਨਹੀਂ ਸਿੱਖੀ, ਜਿਸ ਨੇ ਆਪਣੀ ਭਾਬੋ ਤੋਂ ਪੰਜਾਬੀ ਸਿੱਖੀ ਹੈ, ਜਿਸ ਨੇ ਆਪਣੇ ਦਾਦੇ ਤੋਂ ਪੰਜਾਬੀ ਸਿੱਖੀ ਹੈ, ਆਪਣੇ ਪਿੰਡ ਦੇ ਬਜ਼ੁਰਗਾਂ ਤੋਂ ਪੰਜਾਬੀ ਸਿੱਖੀ ਹੈ, ਉਸ ਵਿਚ ਨਫ਼ਾਸਤ ਆਉਣੀ ਸਹਿਜ ਹੈ। ਮੇਰੀ ਭਾਬੋ ਦੇ ਕੋਲ ਅਸੀਂ ਭੈਣ-ਭਰਾਵਾਂ ਰਾਤ ਨੂੰ ਜਾ ਕੇ ਬੈਠਣਾ। ਸੌਣ ਤੋਂ ਪਹਿਲਾਂ ਉਸ ਨੇ ਸਾਨੂੰ ਕੜ੍ਹਿਆ ਹੋਇਆ ਦੁੱਧ ਪਿਲਾਉਣਾ ਅਤੇ ਨਾਲ ਹੀ ਉਸ ਨੇ ਗੱਲਾਂ ਬਾਤਾਂ ਸੁਣਾਉਣੀਆਂ। ਅਸੀਂ ਕਹਿਣਾ- 'ਭਾਬੋ ਕੋਈ ਬਾਤ ਪਾਓ।' ਉਸ ਦੀਆਂ ਜੋ ਬਾਤਾਂ ਹਨ, ਉਸ ਵਿਚ ਬੜੀ ਰੂਹਾਨੀਅਤ, ਕਲਾ, ਖ਼ੂਬਸੂਰਤੀ ਅਤੇ ਸਭ ਕੁਝ ਹੈ। ਜਿਸ ਨੇ ਉਹ ਚੰਗੀ ਤਰ੍ਹਾਂ ਸੁਣੀਆਂ ਹਨ, ਮੈਨੂੰ ਜਾਪਦਾ ਹੈ ਕਿ ਉਹ ਬੰਦਾ ਕਦੇ ਵੀ ਭਟਕ ਨਹੀਂ ਸਕਦਾ।

**ਦਲਜੀਤ ਅਮੀ:** ਇਹ ਦੋਵੇਂ ਗੱਲਾਂ ਜੁੜਦੀਆਂ ਹਨ- ਇੱਕ ਪਾਸੇ ਕੜ੍ਹਿਆ ਦੁੱਧ ਪੀ ਰਹੇ ਹੋ, ਦੂਜੇ ਪਾਸੇ ਕੜ੍ਹੀਆਂ ਗੱਲਾਂ ਸੁਣ ਰਹੇ ਹੋ।

**ਰੱਬੀ ਸ਼ੇਰਗਿੱਲ:** ਕੜ੍ਹੀਆਂ ਗੱਲਾਂ ਸੁਣ ਰਹੇ ਹਾਂ। ਮੈਨੂੰ ਇੰਝ ਲੱਗਦਾ ਹੈ ਕਿ ਸਾਡੇ ਕੋਲ ਅਕਾਦਮਿਕ ਨਫ਼ਾਸਤ ਆ ਗਈ ਹੋਵੇਗੀ। ਯੂਨੀਵਰਸਿਟੀਆਂ ਨੇ ਸਾਨੂੰ ਨਵੇਂ-ਨਵੇਂ ਅਕੀਦੇ ਅਤੇ ਟੀਚਿਆਂ ਦੇ ਜਾਣੂ ਕਰਵਾਇਆ ਪਰ ਸਾਡੀ ਜ਼ਬਾਨ ਦੀ ਪੁਖ਼ਤਗੀ ਹੈ, ਉਹ ਕਿਤੇ ਨਾ ਕਿਤੇ ਗੁਆਚੀ ਹੈ। ਕਿਤੇ ਨਾ ਕਿਤੇ ਉਸ ਨੂੰ ਹੋਰ ਪਿਓਂਦਾਂ ਚੜ੍ਹੀਆਂ ਹਨ। ਚੜ੍ਹਨੀਆਂ ਚਾਹੀਦੀਆਂ ਵੀ ਹਨ, ਨਹੀਂ ਚੜ੍ਹਨੀਆਂ ਚਾਹੀਦੀਆਂ, ਮੈਂ ਨਹੀਂ ਕਹਿ ਸਕਦਾ ਪਰ ਇਉਂ ਲੱਗਦਾ ਹੈ ਕਿ ਸਾਡੀ ਜ਼ਬਾਨ ਥੋੜ੍ਹੀ ਜਿਹੀ ਲੱਸੀ ਹੋਈ ਹੈ। ਇਸ ਨਾਲ ਸਾਡੀ ਨਫ਼ਾਸਤ ਵੀ ਘਟੀ ਹੈ ਪਰ ਜਦੋਂ ਇਹੋ ਜਿਹਾ ਕੋਈ ਵੱਡਾ ਕੌਮੀ ਤਜਰਬਾ ਅਸੀਂ ਹੰਢਾਉਂਦੇ ਹਾਂ ਤਾਂ ਫਿਰ ਬੀਤੇ ਸਮੇਂ ਵਿਚ ਸਾਡੀ ਕੋਈ ਬੀਤੇ ਦੀ ਤੱਤ-ਮੀਮਾਂਸਾ ਜਾਗ ਪੈਂਦੀ ਹੈ। ਇਹ ਮੈਨੂੰ ਇਉਂ ਜਾਪਦਾ ਹੈ। ਕਿਤੇ ਨਾ ਕਿਤੇ ਸਿਕੰਦਰ ਨਾਲ ਲੋਹਾ ਲੈਣ ਵਾਲਾ ਜੋ ਕਬੀਲਾ ਵੀ ਸ਼ਾਇਦ ਮੇਰੇ ਅੰਦਰ ਜਾਗ ਪੈਂਦਾ ਹੈ। ਕਿਤੇ ਨਾ ਕਿਤੇ ਸਿਰ ਤਲੀ ਉਤੇ ਲੈ ਕੇ ਖੰਡਾ ਵਾਹੁਣ ਵਾਲਾ ਓਹ ਵੀ ਮੇਰੇ ਅੰਦਰ ਜਾਗ ਪੈਂਦਾ। ਇਨ੍ਹਾਂ ਸਾਰਿਆਂ ਦੀ ਲੋੜ ਹੁੰਦੀ ਹੈ।

**ਦਲਜੀਤ ਅਮੀ:** ਓਹ ਫ਼ਕੀਰ ਨਹੀਂ ਜਾਗਦਾ ਜੋ ਸਿਕੰਦਰ ਨੂੰ ਕਹਿੰਦਾ ਹੈ- 'ਇੱਕ ਪਾਸੇ ਹੋ ਕੇ ਖੜ੍ਹੋ, ਥੋੜ੍ਹੀ ਧੁੱਪ ਆਉਣ ਦਿਓ।'

**ਰੱਬੀ ਸ਼ੇਰਗਿੱਲ:** ਮਗੈਥਨੀਜ਼ ਨੇ ਲਿਖਿਆ ਹੈ ਡੈਮੋਡਮਸ। ਹੁਣ ਭਾਰਤ ਵਿਚ ਸਵਾਮੀ ਦੰਡਪਾਣੀ ਆਖਣ ਲੱਗੀ ਹੈ। ਮਗੈਥਨੀਜ਼ ਨੇ ਉਸ ਬਾਰੇ ਲਿਖਿਆ। ਮੇਰੇ ਲਈ ਉਹ ਸਾਹਿਤ ਦਾ ਸਭ ਤੋਂ ਜ਼ਿਆਦਾ ਖ਼ੂਬਸੂਰਤ ਟੋਟਾ ਹੈ। ਮੈਂ ਗੁਆਚ ਜਾਂਦਾ ਹਾਂ ਤਾਂ ਉਸ ਨੂੰ ਦੁਬਾਰਾ ਜ਼ਰੂਰ ਪੜ੍ਹਦਾ ਹਾਂ।

**ਦਲਜੀਤ ਅਮੀ:** ਇੱਕ ਗੱਲ ਤੁਸੀਂ ਕਈ ਵਾਰ ਕਹੀ ਹੈ ਕਿ ਜੋ ਪੰਜਾਬੀ ਸੰਗੀਤ ਹੈ, ਮੌਜੂਦਾ ਦੌਰ ਦੇ ਵਿਚ ਜਾਪਦਾ ਹੈ ਕਿ ਉਹ ਸਾਰਾ ਦਰਬਾਰੀ ਹੋ ਗਿਆ ਹੈ। ਇਸ ਦਾ ਕੀ ਮਾਅਨਾ ਹੈ?

**ਰੱਬੀ ਸ਼ੇਰਗਿੱਲ:** ਦਰਬਾਰੀ ਹੀ ਨਹੀਂ, ਬਾਜ਼ਾਰੀ ਹੋ ਗਿਆ ਹੈ।

**ਦਲਜੀਤ ਅਮੀ:** ਮੈਂ ਉਸ ਨੂੰ ਇੰਜ ਦੇਖਦਾ ਹਾਂ ਕਿ ਮੰਡੀ ਦਾ ਵੀ ਦਰਬਾਰ ਹੁੰਦਾ ਹੈ।

**ਰੱਬੀ ਸ਼ੇਰਗਿੱਲ:** ਹਾਂ ਮੰਡੀ ਦਾ ਦਰਬਾਰ। ਸਰਮਾਏਦਾਰ ਦੇ ਦਰਬਾਰ ਦਾ ਪਾਲਤੂ ਕਤੂਰਾ ਕਹਿ ਲਓ। ਸਾਡੀ ਔਕਾਤ ਇੰਨੀ ਕੁ ਹੋ ਗਈ ਹੈ। ਸੱਚੀ ਗੱਲ ਤਾਂ ਇਹ ਹੈ। ਹੁਣ ਪੰਜਾਬੀਆਂ ਦੇ ਸਰੋਕਾਰ ਤਾਂ ਅਸੀਂ ਕਹਿਣੇ ਹੀ ਬੰਦ ਕਰ ਦਿੱਤੇ ਹਨ, ਜਾਂ ਬਿਲਕੁੱਲ ਸਿਧਰੀ ਜਿਹੀ ਗੱਲ ਕਹਿੰਦੇ ਹਾਂ ਕਿ ਮੀਂਹ ਨਹੀਂ ਪਿਆ, ਔੜ ਲੱਗ ਗਈ, ਜਾਂ ਮੇਰੀ ਖੜ੍ਹੀ ਫ਼ਸਲ 'ਤੇ ਗੜੇ ਪੈ ਗਏ। ਇਹੋ ਜਿਹੀਆਂ ਗੱਲਾਂ ਮੈਂ ਸੁਣੀਆਂ ਹਨ ਪਰ ਆਮ ਪੰਜਾਬੀ ਹੈ ਜੋ ਸ਼ਹਿਰ ਵਿਚ ਵਸਿਆ ਹੋਇਆ ਹੈ। ਗ਼ਰੀਬ ਅਬਾਦੀ ਵਾਲਾ, ਰਵਿਦਾਸੀਆਂ ਜਾਂ ਹੋਰ ਹਨ। ਇਨ੍ਹਾਂ ਉਪਰ ਰੋਜ਼ ਦੇ ਤਸ਼ੱਦਦ ਬਾਰੇ ਕਹਾਣੀ ਜਾਂ ਉਸ ਦਾ ਅਕਸ ਮੈਂ ਕਿਤੇ ਵੀ ਨਹੀਂ ਦੇਖਦਾ। ਨਾ ਗੀਤਾਂ ਵਿਚ ਦੇਖਦਾ ਹਾਂ, ਨਾ ਸਾਹਿਤ ਵਿਚ ਦੇਖਦਾ ਹਾਂ, ਨਾ ਹੀ ਟੀ.ਵੀ. 'ਤੇ ਦੇਖਦਾ ਹਾਂ। ਜੋ ਪੰਜਾਬੀ ਔਰਤ ਹੈ, ਉਸ ਨੇ ਆਪਣੇ ਆਪ ਨੂੰ ਪੰਜਾਬੀ ਮਰਦ ਦੀ ਫੂਹੜ ਪਸੰਦ ਦੇ ਅਨੁਸਾਰ ਢਾਲ ਲਿਆ ਹੈ।

**ਦਲਜੀਤ ਅਮੀ:** ਗੀਤਾਂ ਵਿਚ

**ਰੱਬੀ ਸ਼ੇਰਗਿੱਲ:** ਗੀਤਾਂ ਵਿਚ, ਜਾਂ ਜੋ ਸਭਿਆਚਾਰ ਵੰਨਗੀਆਂ ਹਨ ਜਿਨ੍ਹਾਂ ਰਾਹੀਂ ਅਸੀਂ ਸਭਿਆਚਾਰ ਗ੍ਰਹਿਣ ਕਰਦੇ ਹਾਂ। ਸਭ ਤੋਂ ਜ਼ਿਆਦਾ ਅਸਰ ਤੁਸੀਂ ਸੋਸ਼ਲ ਮੀਡੀਆ 'ਤੇ ਦੇਖਦੇ ਹੋ। ਬਣ ਫੱਬ ਕੇ ਤੁਸੀਂ ਸੋਸ਼ਲ ਮੀਡੀਆ ਆਉਣਾ। ਬਣਨਾ-ਫੱਬਣਾ ਆਪਣੀ ਪ੍ਰਕਿਰਤੀ ਦੇ ਮੁਤਾਬਕ ਨਹੀਂ, ਆਪਣੀ ਖ਼ਸਲਤ ਦੇ ਮੁਤਾਬਕ ਨਹੀਂ ਸਗੋਂ ਮੁੰਡਿਆਂ ਦੀ ਫੂਹੜ ਪਸੰਦ ਦੇ ਮੁਤਾਬਕ ਹੈ। ਇਸ ਤਰ੍ਹਾਂ ਤਿਆਰ ਹੋ ਕੇ ਆਪਣੇ-ਆਪ ਨੂੰ ਸੋਸ਼ਲ ਮੀਡੀਆ ਉਪਰ ਪੇਸ਼ ਕਰਨਾ। ਇਸ ਦੀ ਭਰਮਾਰ ਸਾਨੂੰ ਦਿਖਾਈ ਦਿੰਦੀ ਹੈ। ਇਸ ਦਾ ਸਾਡੇ ਸਾਰਿਆਂ 'ਤੇ ਕੁੱਲ ਅਸਰ ਮੈਨੂੰ ਬੜਾ ਫ਼ਿਕਰਮੰਦ ਕਰਦਾ ਹੈ, ਕਿਉਂਕਿ ਮੇਰੀ ਆਪਣੀ ਬੇਟੀ ਹੈ। ਮੇਰਾ ਬੇਟਾ ਵੱਡਾ ਹੋ ਰਿਹਾ ਹੈ। ਮੈਂ ਇਨ੍ਹਾਂ ਦੇ ਉਤੇ ਇਸ ਕਿਸਮ ਦੀ ਫੂਹੜਤਾ ਦੇ ਅਸਰ ਬਾਰੇ ਜ਼ਰੂਰ ਸੋਚਦਾ ਹਾਂ।

**ਦਲਜੀਤ ਅਮੀ:** ਮੈਂ ਜੋ ਤੁਹਾਨੂੰ ਸਵਾਲ ਪੁੱਛਣਾ ਚਾਹੁੰਦਾ ਸੀ, ਤੁਸੀਂ ਕਿਹਾ ਕਿ ਇਹ ਜੋ ਸੰਗੀਤ ਹੈ, ਇਹ ਦਰਬਾਰੀ ਹੈ। ਇਹ ਮੰਡੀ ਦਾ ਦਰਬਾਰੀ ਹੈ। ਇਸ ਮੰਡੀ ਦੇ ਦਰਬਾਰੀ 'ਤੇ ਮੋਰਚੇ ਨਾਲ ਜੁੜ ਕੇ ਰਾਤੋ-ਰਾਤ ਅਕਲ ਦਾ ਮੀਂਹ ਪੈ ਜਾਂਦਾ ਹੈ, ਜਾਂ ਇਸ ਨੂੰ ਕਿਸੇ ਲਗਾਤਾਰਤਾ ਵਿਚ ਦੇਖਿਆ ਜਾ ਸਕਦਾ ਹੈ?

**ਰੱਬੀ ਸ਼ੇਰਗਿੱਲ:** ਨਹੀਂ ਬਿਲਕੁਲ ਦੇਖਿਆ ਜਾ ਸਕਦਾ। ਸਾਰੀਆਂ ਗੱਲਾਂ ਇੱਕੋ ਤਰ੍ਹਾਂ ਦੀਆਂ ਨਹੀਂ ਹੁੰਦੀਆਂ। ਜਿਹੜੇ ਬਾਹਰ ਆਏ ਹਨ, ਉਨ੍ਹਾਂ ਦੇ ਗੀਤਾਂ ਨਾਲ ਮੈਨੂੰ ਤਕਲੀਫ਼ ਹੋ ਸਕਦੀ ਹੈ ਪਰ ਉਨ੍ਹਾਂ ਦੀ ਇਸ ਤਹਿਰੀਕ ਦੇ ਵਿਚ ਨੇਕ ਨੀਅਤ ਉਤੇ ਮੈਂ ਸ਼ੰਕਾ ਨਹੀਂ ਕਰ ਸਕਦਾ। ਬੰਦਾ ਨਾ ਪੂਰਾ ਚੰਗਾ ਹੁੰਦਾ ਹੈ, ਨਾ ਹੀ ਪੂਰਾ ਮਾੜਾ ਹੁੰਦਾ ਹੈ।

**ਦਲਜੀਤ ਅਮੀ:** ਦੂਜਾ ਸਵਾਲ ਮੈਂ ਇਹ ਪੁੱਛ ਰਿਹਾ ਸੀ ਕਿ ਪੰਜਾਬੀ ਸੰਗੀਤ ਵਿਚ ਇਸ ਨੂੰ ਕੋਈ ਇਨਕਲਾਬੀ ਮੋੜ ਮੰਨਿਆ ਜਾ ਸਕਦਾ ਹੈ, ਜਾਂ ਇਹ ਸਿਰਫ਼ ਵਕਤੀ ਹੈ।

**ਰੱਬੀ ਸ਼ੇਰਗਿੱਲ:** ਨਹੀਂ, ਐਸਾ ਇਨਕਲਾਬੀ ਗੀਤ ਮੈਂ ਤਾਂ ਦੇਖਿਆ ਨਹੀਂ। ਕੁਲ ਮਿਲਾ ਕੇ ਜੇ ਤੁਸੀਂ ਕਿਸੇ ਨੂੰ ਇਕਿਸਾਰ ਮੰਨੋਗੇ ਜਿਸ ਨੇ ਲਗਾਤਾਰ ਆਪਣੇ ਪੈਂਤੜੇ 'ਤੇ ਪਹਿਰਾ ਦਿੱਤਾ ਹੈ, ਜਾਂ ਕੁਝ ਸਮਝ ਕੇ ਗੱਲ ਥੋੜ੍ਹੀ ਬਦਲੀ ਵੀ ਹੈ ਕਿਉਂਕਿ ਬਦਲਾਅ ਵੀ ਬਹੁਤ ਜ਼ਰੂਰੀ ਹੈ। ਇਹ ਜ਼ਰੂਰੀ ਨਹੀਂ ਕਿ ਜਿਸ ਨੁਕਤੇ 'ਤੇ ਤੁਸੀਂ ਗੱਲ ਸ਼ੁਰੂ ਕੀਤੀ ਸੀ, ਤੁਸੀਂ ਉਸ ਨੁਕਤੇ 'ਤੇ ਹੀ ਖੜ੍ਹੇ ਜਾਂ ਅੜੇ ਰਹੋ, ਭਾਵੇਂ ਉਹ ਗਲਤ ਹੋਵੇ। ਆਪਣੇ ਅਕੀਦੇ, ਟੀਚੇ ਵਿਚ ਥੋੜ੍ਹਾ ਜਿਹਾ ਬਦਲਾਅ ਲਿਆਉਣਾ ਵੀ ਪ੍ਰੋੜ੍ਹਤਾ ਦੀ ਨਿਸ਼ਾਨੀ ਹੈ। ਇਹੋ ਜਿਹੇ ਕੁਝ ਲੱਛਣ ਮੈਨੂੰ ਜ਼ਰੂਰ ਦਿਖਾਈ ਦਿੱਤੇ ਹਨ। ਉਨ੍ਹਾਂ ਵਿਚੋਂ ਇੱਕ ਨਾਮ ਮੈਂ ਲੈਣਾ ਜ਼ਰੂਰੀ ਸਮਝਦਾ ਹਾਂ। ਉਹ ਕੰਵਰ ਗਰੇਵਾਲ ਹੈ। ਉਸ ਦੀ ਸਮਝ ਨੂੰ ਬਹੁਤ ਹੀ ਫੂਹੜ ਕਹਿ ਲਓ ਕਿ 'ਖੰਡੇ ਤਿੱਖੇ ਕਰਾਂਗੇ, ਦਿੱਲੀਏ ਤੇਰੀ ਐਸੀ ਤੈਸੀ ਕਰਾਂਗੇ' ਉਥੋਂ ਸ਼ੁਰੂ ਹੁੰਦੀ ਹੈ। ਉਸ ਤੋਂ ਬਾਅਦ ਉਸ ਵਿਚ ਸੰਵੇਦਨਾ, ਸੰਜੀਦਗੀ ਹੌਲੀ-ਹੌਲੀ ਗੀਤਾਂ ਦੇ ਵਿਚ ਦੇਖਣ ਨੂੰ ਮਿਲੀ, ਜਿਸ ਨੂੰ ਮੈਂ ਮੁਬਾਰਕ ਸੰਕੇਤ ਸਮਝਦਾ ਹਾਂ।

**ਦਲਜੀਤ ਅਮੀ:** ਤੁਸੀਂ ਇਹ ਕਹਿ ਰਹੇ ਸੀ ਕਿ ਕੰਵਰ ਗਰੇਵਾਲ ਦੇ ਗੀਤ ਦੀ ਸਤਰ ਇਤਰਾਜ਼ਯੋਗ ਹੈ।

**ਰੱਬੀ ਸ਼ੇਰਗਿੱਲ:** ਮੈਨੂੰ ਇਹ ਸਮੱਸਿਆ ਵਾਲੀ ਗੱਲ ਲੱਗਦੀ ਹੈ; ਖ਼ਾਸ ਕਰ ਕਿਉਂਕਿ ਮੈਂ ਦਿੱਲੀ ਤੋਂ ਹਾਂ ਅਤੇ ਮੈਂ ਮਾਝੇ ਤੋਂ ਹਾਂ ਜਿਸ ਤਰ੍ਹਾਂ ਤੁਹਾਨੂੰ ਮੈਂ ਪਹਿਲਾਂ ਦੱਸ ਚੁੱਕਿਆ ਹਾਂ। ਮੈਂ ਤਵਾਰੀਖ਼ੀ ਲਾਸਾਨੀ ਤਸ਼ੱਦਦ ਦੇਖਿਆ ਹੈ। ਤੁਸੀਂ ਕਿਸ ਰਾਹ ਕਿਸ ਤਹਿਰੀਕ ਨੂੰ ਤੋਰਨਾ ਹੈ, ਉਹ ਬੜਾ ਹੀ ਸੰਵੇਦਨਸ਼ੀਲ ਕੰਮ ਹੈ। ਜੋ ਵੀ ਕਲਾਕਾਰ ਹਨ, ਉਨ੍ਹਾਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਇਸ ਬਾਰੇ ਬਹੁਤ ਸੋਚ ਸਮਝ ਕੇ ਗੱਲ ਕਰਨ। ਕਲਾ ਤੋਂ ਬਾਅਦ ਫ਼ਲਸਫ਼ਾ ਪੈਦਾ ਹੁੰਦਾ ਹੈ ਅਤੇ ਫ਼ਲਸਫ਼ੇ ਤੋਂ ਬਾਅਦ ਤਹਿਰੀਕ ਪੈਦਾ ਹੁੰਦੀ ਹੈ। ਕਲਾ ਦੀ ਬਹੁਤ ਜ਼ਰੂਰੀ ਭੂਮਿਕਾ ਹੈ। ਮੈਨੂੰ ਲੱਗਦਾ ਹੈ ਕਿ ਉਹ ਗ਼ੈਰ-ਜ਼ਿੰਮੇਵਾਰੀ ਵਾਲੀ ਗੱਲ ਹੈ। ਮੈਂ ਉਸ ਤੋਂ ਬਾਅਦ ਟਿਕਰੀ ਬਾਰਡਰ ਗਿਆ। ਟਿਕਰੀ ਬਾਰਡਰ ਉਪਰ ਮੈਂ ਉਸ ਨੂੰ ਨੇੜਿਓਂ ਦੇਖਿਆ। ਉਸ ਵਿਚ ਮੈਨੂੰ ਹੋਰ ਧਰਮਾਂ ਪ੍ਰਤੀ ਇੱਜ਼ਤ ਕਰਨ ਵਾਲਾ ਸਰਵਪੱਖੀ ਕਿਰਦਾਰ ਵੀ ਦੇਖਣ ਨੂੰ ਮਿਲਿਆ। ਉਹ ਧੂਣੀ ਲਗਾਉਂਦਾ ਹੈ। ਕਦੇ ਉਹ ਵਾਹਿਗੁਰੂ-ਵਾਹਿਗੁਰੂ ਕਰਦਾ, ਕਦੇ ਰਾਮ-ਰਾਮ ਕਰਦਾ, ਕਦੇ ਅੱਲਾਹ-ਅੱਲਾਹ ਕਰਦਾ। ਅੱਲਾਹ ਹੂ-ਅੱਲਾਹ ਹੂ ਵੀ ਕਰਦਾ। ਇਹ ਸਾਡੇ ਸਾਰਿਆਂ ਦੀ ਸਮੱਸਿਆ ਹੈ ਕਿ ਸਾਡੀਆਂ ਪੰਜਾਬੀਅਤ ਵਿਚ ਤਰ੍ਹਾਂ-ਤਰ੍ਹਾਂ ਦੀਆਂ ਛੱਲਾਂ ਹਨ। ਕਦੇ ਇੱਕ ਮਜ਼ਹਬੀ ਛੱਲ ਹੈ। ਕਦੇ ਉਹ ਪੁਰਾਣੀ ਹਰ ਕਿਸੇ ਨਾਲ ਜੋੜਨ ਵਾਲੀ ਤੰਦ ਆਪਣੇ ਵਿਚ ਵਿਚ ਲੈ ਕੇ ਤੁਰਨ ਵਾਲੀ ਛੱਲ ਹੈ। ਬੁੱਲ੍ਹੇ ਸ਼ਾਹ ਦਾ ਕਲਾਮ ਹੈ, ਬਾਹੂ ਦਾ ਕਲਾਮ ਹੈ। ਮੈਨੂੰ ਲੱਗਦਾ ਹੈ ਕਿ ਜੋ ਪੰਜਾਬੀਅਤ ਦੇ ਕਲਾਸਿਕ ਸ਼ਾਇਰ, ਕਵੀ ਹਨ, ਅਸੀਂ ਪਹਿਲਾਂ ਇਨ੍ਹਾਂ ਨੂੰ ਜਿੰਨਾ ਘੋਖ ਸਕਦੇ ਹਾਂ, ਜਿੰਨਾ ਨਿਚੋੜ ਕੇ ਪੀ ਸਕਦੇ ਹਾਂ, ਕਿਉਂਕਿ ਜੋ ਇਸ ਤਰ੍ਹਾਂ ਦੇ ਮਕਬੂਲ, ਹਰ ਪੱਖੋਂ ਥੰਮ੍ਹ ਸਰੂਪ ਸਾਹਿਤਕਾਰ ਹਨ, ਇਨ੍ਹਾਂ ਵਿਚੋਂ ਸਾਨੂੰ ਤਸਦੀਕਸ਼ੁਦਾ ਪੰਜਾਬੀਅਤ ਦੇ ਤਸੱਵਰ ਦੇ ਦਰਸ਼ਨ ਹੁੰਦੇ ਹਨ। ਇਨ੍ਹਾਂ ਵਿਚ ਮੈਂ ਸ਼ਾਹ ਹੁਸੈਨ ਨੂੰ ਗਿਣਾਂਗਾ, ਬਾਬਾ ਨਾਨਕ ਨੂੰ ਤਾਂ ਗਿਣਾਂਗਾ ਹੀ, ਬਾਬਾ ਫਰੀਦ ਨੂੰ ਵੀ ਗਿਣਾਂਗਾ, ਸ਼ਾਹ ਹੁਸੈਨ ਹਨ, ਬੁੱਲ੍ਹੇ ਸ਼ਾਹ ਹਨ, ਸੁਲਤਾਨ ਬਾਹੂ ਹੈ, ਸ਼ਿਵ ਬਟਾਲਵੀ, ਲਾਲ ਸਿੰਘ ਦਿਲ, ਹਰਿਭਜਨ ਸਿੰਘ ਹਨ। ਇਹ ਸਭ ਮਹਾਂਪੁਰਖ ਹਨ। ਮੇਰੇ ਖ਼ਿਆਲ ਮੁਤਾਬਕ ਆਪਣਾ ਕੁਝ ਰਚਣ ਤੋਂ ਪਹਿਲਾਂ ਇਨ੍ਹਾਂ ਦੀ ਰਚਨਾ ਵਿਚੋਂ ਲੰਘਣਾ ਜ਼ਰੂਰੀ ਹੈ। ਮੈਨੂੰ ਲੱਗਦਾ ਹੈ ਕਿ ਜਿਹੜੀ ਟਕਸਾਲੀ ਪੰਜਾਬੀਅਤ ਹੈ, ਜੋ ਬਚੀ ਹੋਈ ਪੰਜਾਬੀਅਤ ਹੈ, ਜੋ ਕਿਸੇ ਹੋਰ ਵਿਚੋਂ ਲਈ ਪੰਜਾਬੀ ਹੈ, ਜੋ ਅਖ਼ੀਰ ਆਪਣੇ ਕਿਸੇ ਮੁਕਾਮ

*(ਬਾਕੀ ਅਗਲੇ ਸਫੇ 'ਤੇ)*

ਉੱਤੇ ਪਹੁੰਚੀ ਹੈ, ਉਹ ਇਨ੍ਹਾਂ ਥਾਣੀਂ ਲੰਘ ਕੇ ਪਹੁੰਚਦੀ ਹੈ। ਇਹ ਸਾਡੀ ਤਵਾਰੀਖ ਦੇ, ਯਾਤਰਾ ਦੇ ਮਟਰ ਦੇ ਦਾਣੇ ਹਨ ਜਿਨ੍ਹਾਂ ਦੇ ਸਿਰ ਉੱਤੇ ਅਸੀਂ ਆਪਣੇ ਮੁੱਢ ਤੱਕ ਪਹੁੰਚ ਸਕਦੇ ਹਾਂ।

**ਦਲਜੀਤ ਅਮੀ:** ਤੁਸੀਂ ਕਿਹਾ ਕਿ ਇਹ ਅੰਤਿਮ ਪੰਜਾਬੀਅਤ ਹੈ। ਦੁਨੀਆ ਉੱਤੇ ਕੋਈ ਅਜਿਹੀ ਚੀਜ਼ ਹੈ ਜਿਸ ਨੂੰ ਕਿਹਾ ਜਾ ਸਕਦਾ ਹੋਵੇ ਕਿ ਇਹ ਟਕਸਾਲੀ ਹੈ ਜਾਂ ਇਹ ਅੰਤਿਮ ਹੈ।

**ਰੱਬੀ ਸ਼ੇਰਗਿੱਲ:** ਨਹੀਂ, ਕਿਸੇ ਨੂੰ ਟਕਸਾਲੀ ਅੰਤਿਮ ਤਾਂ ਨਹੀਂ ਕਹਿ ਸਕਦੇ ਪਰ ਕਿਸੇ ਨੂੰ ਪ੍ਰਮਾਣਿਕ ਜ਼ਰੂਰ ਕਹਿ ਸਕਦੇ ਹਾਂ। ਕਿਹੜੀ ਚੀਜ਼ ਜਾਂ ਸਾਹਿਤ ਸਾਡੀ ਨੁਮਾਇੰਦਗੀ ਕਰਦਾ ਹੈ।

**ਦਲਜੀਤ ਅਮੀ:** ਉਹ ਸਾਹਿਤ ਜੋ ਨੁਮਾਇੰਦਗੀ ਕਰਦਾ ਹੈ, ਉਸ ਵਿਚ ਵੀ ਵੰਨ-ਸਵੰਨਤਾ ਹੁੰਦੀ ਹੈ ਜਾਂ ਸਿਰਫ ਇੱਕਰੂਪਤਾ?

**ਰੱਬੀ ਸ਼ੇਰਗਿੱਲ:** ਬਿਲਕੁਲ ਵੰਨ-ਸਵੰਨਤਾ ਹੁੰਦੀ ਹੈ।

**ਦਲਜੀਤ ਅਮੀ:** ਅਸੀਂ ਇੱਕ-ਦੂਜੇ ਨਾਲ ਅਸਹਿਮਤ ਹੁੰਦਿਆਂ ਵੀ ਕਿਸੇ ਖਿੱਤੇ, ਬਰਾਦਰੀ ਜਾਂ ਬੋਲੀ ਦੀ ਨੁਮਾਇੰਦਗੀ ਕਰ ਸਕਦੇ ਹਾਂ।

**ਰੱਬੀ ਸ਼ੇਰਗਿੱਲ:** ਬਿਲਕੁਲ ਕਰ ਸਕਦੇ ਹਾਂ। ਯੂਟਿਊਬ ਉੱਤੇ ਕੁਝ ਦੇਖ ਰਿਹਾ ਸੀ, ਇੱਕ ਪੁਰਾਣਾ ਯੂਨਾਨੀ ਰਾਜਾ ਹੈ, ਮਨੈਂਡਰ ਵਨ। ਉਸ ਨੇ ਪੰਜਾਬ ਉੱਤੇ ਪੱਚੀ ਸਾਲ ਰਾਜ ਕੀਤਾ। ਕਹਿੰਦੇ ਹਨ ਬਹੁਤ ਵਧੀਆ ਰਾਜ ਸੀ। ਬਹੁਤ ਵਧੀਆ ਇੰਤਜ਼ਾਮ ਸਨ। ਉਸ ਨੇ ਤਿੰਨ ਵੱਡੇ ਸ਼ਹਿਰ ਬਣਵਾਏ ਸਨ। ਮੇਰੀ ਘਰਵਾਲੀ ਮੇਰੇ ਨਾਲ ਬੈਠੀ ਦੇਖ ਰਹੀ ਸੀ। ਉਸ ਨੇ ਮਨੈਂਡਰ ਦੀ ਤਸਵੀਰ ਅਤੇ ਉਸ ਵੇਲੇ ਦੀਆਂ ਬਰਾਮਦ ਮੂਰਤੀਆਂ ਦੇਖੀਆਂ ਤਾਂ ਕਹਿੰਦੀ ਕਿ ਤੂੰ ਨਿਰਾ-ਪੂਰਾ ਇਸ ਵਰਗਾ ਲੱਗਦਾ ਹੈ। ਕਿਸੇ ਹੋਰ ਨੂੰ ਮੇਰੇ ਅੰਦਰ ਯੂਨਾਨ ਵੀ ਮਹਿਸੂਸ ਹੋਇਆ, ਜਿਹੜਾ ਮੈਨੂੰ ਅੱਜ ਤੱਕ ਨਹੀਂ ਹੋਇਆ। ਤੁਹਾਡੇ ਮੇਰੇ ਅੰਦਰ ਪਤਾ ਨਹੀਂ ਕੀ ਕੁਝ ਬੈਠਾ ਹੈ।

**ਦਲਜੀਤ ਅਮੀ:** ਜਦੋਂ ਤੁਸੀਂ ਪ੍ਰਮਾਣਿਕ ਪੰਜਾਬੀ ਹੋਣ ਦੀ ਦਾਅਵੇਦਾਰੀ ਕਰਦੇ ਹੋ ਤਾਂ ਤੁਹਾਡੇ ਵਿਚੋਂ ਕਿਸੇ ਨੂੰ ਯੂਨਾਨੀ ਨਜ਼ਰ ਆਉਂਦਾ ਹੈ ਤਾਂ ਉਹ ਤੁਹਾਨੂੰ ਖੋਟ ਲੱਗਦੀ ਹੈ ਜਾਂ ਤੁਹਾਨੂੰ ਆਪਣਾ ਸਰਮਾਇਆ ਲੱਗਦਾ ਹੈ?

**ਰੱਬੀ ਸ਼ੇਰਗਿੱਲ:** ਅਸੀਂ ਪੰਜਾਬੀ ਇਸੇ ਤਰ੍ਹਾਂ ਦੇ ਹੀ ਹਾਂ। ਹੋਰ ਪੰਜਾਬੀ ਨਾਰਾਜ਼ ਹੋ ਜਾਣ। ਅਸੀਂ ਖੋਟੇ ਸਿੱਕੇ ਹੀ ਹਾਂ ਪਰ ਹਰ ਥਾਂ ਕੰਮ ਆਉਣ ਵਾਲੇ ਖੋਟੇ ਸਿੱਕੇ ਹਾਂ।

**ਦਲਜੀਤ ਅਮੀ:** ਨਹੀਂ, ਖੋਟ ਬਾਬਤ ਮੈਂ ਇਸ ਮਾਇਨੇ ਦੇ ਵਿਚ ਗੱਲ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ ਕਿ ਕੋਈ ਨਿਰੋਲ, ਪਾਕੀਜ਼ਾ, ਕੋਈ ਅੰਤਿਮ ਜਾਂ ਟਕਸਾਲੀ ਨਾਮ ਦੀ ਚੀਜ਼ ਹੀ ਮਾਇਨੇ ਰੱਖਦੀ ਹੈ ਜਾਂ ਜੋ ਖੋਟੇ ਹੁੰਦੇ ਹਨ, ਇਸ ਵਿਚ ਤਰ੍ਹਾਂ-ਤਰ੍ਹਾਂ ਦੀਆਂ ਚੀਜ਼ਾਂ ਰਲੀਆਂ ਹੁੰਦੀਆਂ ਹਨ।

**ਰੱਬੀ ਸ਼ੇਰਗਿੱਲ:** ਰਲੀਆਂ ਹੁੰਦੀਆਂ ਹਨ।

**ਦਲਜੀਤ ਅਮੀ:** ਸਦਾ ਰਲਦੀਆਂ ਰਹਿੰਦੀਆਂ ਹਨ।

**ਰੱਬੀ ਸ਼ੇਰਗਿੱਲ:** ਜੋ ਅਸੀਂ ਪੁਖਤਗੀ ਦੀ ਭਾਲ ਕਰਦੇ ਹਾਂ, ਉਹ ਯਾਤਰਾ ਵਿਚ ਹੀ ਹੈ। ਸਾਡੀ ਕੌਮ ਦੀ ਯਾਤਰਾ ਵਿਚ ਹੀ ਉਸ ਦੀ ਪ੍ਰਮਾਣਿਕਤਾ ਦੇ ਵਿਚ ਹੀ ਅਸੀਂ ਤੁਸੀਂ ਆਪਣੀ ਪ੍ਰਮਾਣਿਕਤਾ ਭਾਲ ਸਕਦੇ ਹਾਂ।


**ਦਲਜੀਤ ਅਮੀ:** ਤੁਹਾਡੀ ਇਹ ਗੱਲ ਚੰਗੀ ਲੱਗੀ ਕਿਉਂਕਿ ਜਦੋਂ ਆਪਾਂ ਗੱਲਬਾਤ ਸ਼ੁਰੂ ਕੀਤੀ ਤਾਂ ਕੌਮ ਦੀਆਂ ਜੜ੍ਹਾਂ ਅਤੇ ਘਾਹ ਨਾਲ ਜੁੜੀ ਹੋਈ ਤਸ਼ਬੀਹ ਨਾਲ ਸ਼ੁਰੂ ਕੀਤੀ ਸੀ, ਹੁਣ ਮੈਂ ਹਵਾ ਦੀ ਗੱਲ ਕੀਤੀ ਪਰ ਜਦੋਂ ਹੁਣ ਅਸੀਂ ਯਾਤਰਾ ਤੱਕ ਆ ਗਏ ਹਾਂ ਤਾਂ ਆਉਣ ਵਾਲਾ ਯਾਤਰੀ ਵੀ ਸਾਡਾ ਆਪਣਾ ਹੁੰਦਾ ਅਤੇ ਜਿੱਥੇ ਜਾਂਦੇ ਹਾਂ, ਉਹ ਥਾਂ ਵੀ ਸਾਡੀ ਆਪਣੀ ਹੁੰਦੀ ਹੈ।

**ਰੱਬੀ ਸ਼ੇਰਗਿੱਲ:** ਮੈਂ ਇੱਕ ਗੱਲ ਆਖਾਂਗਾ। ਜਿੱਥੇ ਅਸੀਂ ਜਾਂਦੇ ਹਾਂ, ਉਹ ਤੁਹਾਡੀ ਮੇਰੀ ਚੋਣ ਹੈ। ਜੇ ਸਾਡੇ ਨਾਲ ਕੋਈ ਮਿਲਾਵਟ ਹੋ ਰਹੀ ਹੈ, ਉਸ ਮਿਲਾਵਟ ਨੂੰ ਬਾਹਰ ਕੱਢਣਾ ਜਾਂ ਰੱਖਣਾ ਇਹ ਵੀ ਚੋਣ ਹੈ। ਸਭ ਕੁਝ ਚੋਣ ਹੈ।

**ਦਲਜੀਤ ਅਮੀ:** ਜਦੋਂ ਅਸੀਂ ਕਿਸੇ ਵੀ ਤਹਿਜ਼ੀਬ ਦੀ ਗੱਲ ਕਰਦੇ ਹਾਂ, ਉਸ ਦਾ ਝਰਨਾ ਸਦਾ ਹੀ ਵਗਦਾ ਰਹਿੰਦਾ ਹੈ ਕਿ ਤੁਹਾਡੇ ਕੋਲ ਕੀ ਆਇਆ? ਜੋ ਤੁਹਾਡੇ ਕੋਲ ਆਇਆ, ਉਸ ਵਿਚੋਂ ਕਿਸ ਚੀਜ਼ ਨੂੰ ਅੱਗੇ ਲੈ ਕੇ ਜਾਣਾ, ਕਿਸ ਨੂੰ ਰੱਦ ਕਰਨਾ ਜਾਂ ਕਿਸ ਨੂੰ ਸੁਧਾਰ ਕੇ ਅੱਗੇ ਲੈ ਕੇ ਜਾਣਾ ਹੈ। ਇਹ ਤਾਂ ਸਦੀਵੀ ਕੰਮ ਹੀ ਹੈ।

**ਰੱਬੀ ਸ਼ੇਰਗਿੱਲ:** ਤੁਹਾਡਾ ਕਹਿਣਾ ਸਹੀ ਹੈ ਪਰ ਜੋ ਬਹੁਤ ਵੱਡੀ ਉਥਲ-ਪੁਥਲ ਹੈ, ਉਸ ਦੀ ਬਹੁਤ ਵੱਡੀ ਕੀਮਤ ਦੇਣੀ ਪੈਂਦੀ ਹੈ; ਜਿਵੇਂ ਆਸਟਰੇਲੀਆ ਵਿਚ ਤੁਸੀਂ ਹਿੰਦੋਸਤਾਨ ਦਾ ਬੂਟਾ ਨਹੀਂ ਲੈ ਕੇ ਜਾ ਸਕਦੇ। ਤੁਸੀਂ ਲੈ ਕੇ ਜਾ ਸਕਦੇ ਹੋ, ਕਈ ਲੈ ਕੇ ਗਏ ਵੀ ਹਨ, ਜਿਵੇਂ ਅੰਗਰੇਜ਼ ਉੱਥੇ ਕੁੱਤਾ ਲੈ ਕੇ ਗਏ। ਉਸ ਨੂੰ ਡਿੰਗੋ ਕਹਿੰਦੇ ਹਨ। ... ਉੱਥੋਂ ਦੇ ਮਾਹੌਲ ਵਿਚ ਉਸ ਨੇ ਬਹੁਤ ਖ਼ੌਰੂ-ਪਾਊ ਭੂਮਿਕਾ ਅਦਾ ਕੀਤੀ ਹੈ। ਉਸ ਨੇ ਹੋਰ ਜੀਵਾਂ ਦਾ ਬਹੁਤ ਘਾਣ ਕੀਤਾ ਹੈ ਪਰ ਉਹ ਉੱਥੋਂ ਦਾ ਬਣ ਰਿਹਾ ਹੈ। ਪਤਾ ਨਹੀਂ ਕਿੰਨੀ ਦੇਰ ਵਿਚ ਬਣੇਗਾ ਪਰ ਉਸ ਖਿੱਤੇ ਨੂੰ ਕੀਮਤ ਅਦਾ ਕਰਨੀ ਪੈ ਰਹੀ ਹੈ। ਜੋ ਸਾਡੇ ਵਿਚ ਮਿਲਾਵਟ ਪੈ ਰਹੀ ਹੈ ਜਾਂ ਖੋਟ ਪੈ ਰਹੀ ਹੈ ਤਾਂ ਮੈਂ ਇਸ ਦੀ ਦੂਜਿਆਂ ਨੂੰ ਤਬਾਹ ਕਰਨ ਦੀ ਸਮਰੱਥਾ ਬਾਰੇ ਫਿਕਰਮੰਦ ਜ਼ਰੂਰ ਹਾਂ। ਮੈਂ ਪੰਜਾਬੀਅਤ, ਪੰਜਾਬੀ ਜ਼ਬਾਨ ਬਾਰੇ ਫ਼ਿਕਰਮੰਦ ਜ਼ਰੂਰ ਹਾਂ। ਮੈਨੂੰ ਪੰਜਾਬੀ ਜ਼ਬਾਨ ਦਾ ਹਿੰਦੀ ਦੇ ਬਨਿਸਬਤ ਕਮਤਰ ਹੈਸੀਅਤ ਵੱਲ ਵੱਧਣਾ, ਫਿਕਰ ਵਿਚ ਪਾਉਂਦਾ ਹੈ। ਜਿਸ





ਜ਼ਬਾਨ ਨੇ ਬਾਬਾ ਫਰੀਦ ਵਰਗਾ ਮੁਕੰਮਲ ਸ਼ਾਇਰ ਪੈਦਾ ਕੀਤਾ ਹੈ, ਉਸ ਨਾਲ ਇਸ ਤਰ੍ਹਾਂ ਦੀ ਤ੍ਰਾਸਦੀ ਹੋਵੇ, ਇਹ ਤੁਹਾਨੂੰ-ਮੈਨੂੰ ਹੀ ਸਵਾਲਾਂ ਦੇ ਘੇਰੇ ਵਿਚ ਖੜ੍ਹਾ ਕਰਦੀ ਹੈ ਪਰ ਮੈਂ ਇੰਨਾ ਜ਼ਰੂਰ ਕਹਿੰਦਾ ਹਾਂ ਕਿ ਤੁਹਾਨੂੰ-ਮੈਨੂੰ, ਹੋਰ ਪੰਜਾਬੀਆਂ ਨੂੰ ਆਪਣੀ ਯਾਤਰਾ ਚੁਣਨ ਦਾ, ਆਪਣੀ ਲੀਹ ਉੱਤੇ ਤੁਰਨ ਦਾ ਹੱਕ ਹੈ। ਮੈਂ ਆਪਣੀ ਜ਼ਿੰਦਗੀ ਵਿਚ ਬਹੁਤ ਵਾਰ ਲੀਹੋਂ ਲੱਥਾ ਹਾਂ। ਜੇ ਤੁਸੀਂ ਮੇਰੇ ਮਾਤਾ-ਪਿਤਾ ਨੂੰ ਪੁੱਛ ਕੇ ਦੇਖੋ, ਤਾਂ ਹੋ ਸਕਦਾ ਹੈ ਕਿ ਉਹ ਮੇਰੀ ਜ਼ਿੰਦਗੀ ਦੀਆਂ ਔਧੀਆਂ ਤੋਂ ਵੱਧ ਚੋਣਾਂ ਨਾਲ ਰਜ਼ਾਮੰਦ ਨਾ ਹੋਣ ਪਰ ਮੈਂ ਆਪਣੀ ਜ਼ਿੰਦਗੀ ਦੇ ਉੱਤੇ ਤੁਰਿਆ ਹਾਂ।

**ਦਲਜੀਤ ਅਮੀ:** ਤੁਸੀਂ ਕਹਿ ਰਹੇ ਹੋ ਕਿ ਤੁਸੀਂ ਕਈ ਵਾਰ ਲੀਹੋਂ ਲੱਥੇ ਹੋ, ਤੇ ਉਹ ਕਹਿਣ ਕਿ ਇਹ ਪੱਕਾ ਹੀ ਲੀਹੋਂ ਲੱਥਾ ਹੈ।

**ਰੱਬੀ ਸ਼ੇਰਗਿੱਲ:** ਹਾਂ ਉਹ ਇਹ ਕਹਿਣ। ਉਸ ਤਰ੍ਹਾਂ ਮੈਂ ਨਹੀਂ ਕਹਿ ਸਕਦਾ ਕਿ ਲੀਹ ਕਿਹੜੀ ਹੈ, ਤੇ ਕਿਸ ਉੱਤੇ ਤੁਰਨਾ ਹੈ।

**ਦਲਜੀਤ ਅਮੀ:** ਪਰ ਲੀਹਾਂ ਤਾਂ ਲੀਹ ਤੋਂ ਲੱਥਣ ਉੱਤੇ ਬਣਦੀਆਂ ਹਨ।

**ਰੱਬੀ ਸ਼ੇਰਗਿੱਲ:** ਜੋ ਇਸ਼ਕ ਹੈ, ਤੁਹਾਡਾ ਪੰਜਾਬੀਅਤ ਨਾਲ ਜੁੜਨਾ ਇਸ਼ਕ ਵਾਂਗੂ ਹੀ ਹੈ। ਜੇ ਮੈਂ ਤੁਹਾਨੂੰ ਪੁੱਛਾਂ ਕਿ ਜਦੋਂ ਤੁਹਾਨੂੰ ਇਸ਼ਕ ਹੋਇਆ ਸੀ, ਉਸਦਾ ਅਹਿਸਾਸ ਤੁਹਾਨੂੰ ਯਾਦ ਹੈ? ਮੈਂ ਉਮੀਦ ਰੱਖਦਾ ਹਾਂ ਕਿ ਜ਼ਿਆਦਤਰ ਲੋਕਾਂ ਨੂੰ ਉਹ ਅਹਿਸਾਸ ਯਾਦ ਹੋਵੇਗਾ ਪਰ ਬਾਹਰੋਂ ਕੋਈ ਦੇਖ ਕੇ ਤੁਹਾਨੂੰ ਇਹ ਕਹਿ ਸਕਦਾ ਹੈ ਕਿ ਇਸ ਬੰਦੇ ਨੂੰ ਇਸ਼ਕ ਹੈ। ਬਾਹਰਲਾ ਬੰਦਾ ਆ ਕੇ ਕਹੇ ਕਿ ਤੁਹਾਨੂੰ ਇਸ਼ਕ ਨਹੀਂ ਹੈ, ਕੀ ਉਹ ਗੱਲ ਝੂਠ ਹੋ ਸਕਦੀ ਹੈ? ਇਸ਼ਕ ਨੂੰ ਜੇਕਰ ਕੋਈ ਹੋਰ ਨਹੀਂ ਵੀ ਸਮਝ ਰਿਹਾ ਤਾਂ ਤੁਹਾਡੇ ਹੱਡ, ਤੁਹਾਡਾ ਲੂੰ-ਲੂੰ, ਤੁਹਾਡਾ ਕਣ-ਕਣ ਤੁਹਾਨੂੰ ਦੱਸ ਰਿਹਾ ਕਿ ਤੁਹਾਨੂੰ ਇਸ਼ਕ ਹੈ।

**ਦਲਜੀਤ ਅਮੀ:** ਤੁਹਾਡੇ ਅਹਿਸਾਸ ਵਿਚ ਵਸਿਆ ਹੈ।

**ਰੱਬੀ ਸ਼ੇਰਗਿੱਲ:** ਤੁਹਾਡੇ ਅਹਿਸਾਸ ਦੇ ਵਿਚ ਵਸਿਆ ਹੈ। ਪੰਜਾਬੀਅਤ ਨੂੰ ਮੈਂ ਇਸ ਤਰ੍ਹਾਂ ਹੀ ਦੇਖਦਾ ਹਾਂ, ਜੇ ਤੁਹਾਡੇ ਨਾਲ ਕਦੇ ਕਿਸੇ ਨੇ ਇਸ਼ਕ ਕੀਤਾ, ਜੇ ਜ਼ਬਾਨ ਵਿਚ ਤੁਹਾਡੇ ਨਾਲ ਪਿਆਰ ਹੋਇਆ ਹੈ। ਮੇਰੀ ਖੁਸ਼ਕਿਸਮਤੀ ਹੈ ਕਿ ਮੈਨੂੰ ਪਿਆਰ ਪੰਜਾਬੀ ਜ਼ਬਾਨ ਵਿਚ ਮਿਲਿਆ। ਹੋ ਸਕਦਾ ਹੈ ਕਿਸੇ ਨੂੰ ਦੂਜੀ ਜ਼ਬਾਨ ਵਿਚ ਮਿਲਿਆ ਹੋਵੇ ਜਾਂ ਕਿਸੇ ਹੋਰ ਤਰੀਕੇ ਦੇ ਨਾਲ ਮਿਲਿਆ ਹੋਵੇ ਪਰ ਮੈਂ ਉਨ੍ਹਾਂ ਸਾਰਿਆਂ ਨੂੰ ਅਰਜ਼ੋਈ ਜ਼ਰੂਰ ਕਰਨੀ ਚਾਹਾਂਗਾ ਕਿ ਜਿਸ ਕਿਸੇ ਨੂੰ ਇਸ਼ਕ, ਮੁਹੱਬਤ, ਪਿਆਰ ਪੰਜਾਬੀ ਜਾਂ ਪੰਜਾਬੀਅਤ ਵਿਚ ਮਿਲਿਆ, ਉਹ ਉਸ ਨੂੰ ਤਸਦੀਕ ਜ਼ਰੂਰ ਕਰਨ। ਉਸ ਨੂੰ ਆਪਣੇ ਖ਼ਿਆਲਾਂ ਵਿਚ ਜ਼ਰੂਰ ਰੱਖੋ। ਸਿਰਫ਼ ਇੰਨਾ ਹੀ। ਫਿਰ ਤੁਹਾਡਾ ਹਰ ਕਰਮ ਜੇ ਇਸ ਇਸ਼ਕ ਦੇ ਨਾਲ ਸਰਸ਼ੋਰ ਹੈ ਤਾਂ ਮੈਂ ਉਮੀਦ ਕਰਦਾ ਹਾਂ ਕਿ ਪੰਜਾਬੀਅਤ ਖੁਦ-ਬ-ਖੁਦ ਆਪਣਾ ਵਹਿਣ ਲੱਭ ਲਏਗੀ।

**ਦਲਜੀਤ ਅਮੀ:** ਤੁਸੀਂ ਵਹਿਣ ਦੀ ਗੱਲ ਕੀਤੀ। ਲੀਹ ਦੀ ਗੱਲ ਕੀਤੀ। ਜਦੋਂ ਤੁਸੀਂ ਗੀਤ ਲਿਖਦੇ ਹੋ, ਗਾਉਂਦੇ ਹੋ, ਇਸ ਵੇਲੇ ਵੀ ਗੀਤਾਂ ਦੇ ਗਾਇਕੀ ਦੇ ਆਪਣੇ ਵਹਿਣ, ਲੀਹਾਂ ਹਨ। ਉਹ ਲੀਹਾਂ ਮੰਡੀ ਦੇ ਨਾਲ ਜੁੜੀਆਂ ਹੋਈਆਂ ਹਨ। ਹਰ ਬੰਦਾ ਜੋ ਗਾਇਕ ਹੈ, ਉਹ ਦਾਅਵਾ ਕਰਦਾ ਹੈ ਜਾਂ ਕਰਨਾ ਚਾਹੁੰਦਾ ਹੈ ਕਿ ਉਸ ਨੂੰ ਇੰਨੇ ਲੱਖ ਲੋਕਾਂ ਨੇ ਯੂਟਿਊਬ ਉੱਤੇ ਦੇਖਿਆ। ਇਹ ਸਾਰੇ ਦੇਖਣ ਵਾਲੇ ਆਪ-ਮੁਹਾਰੇ, ਬਗ਼ੈਰ ਕਿਸੇ ਇਸ਼ਤਿਹਾਰ ਦੇ ਆਏ ਸਨ।

**ਰੱਬੀ ਸ਼ੇਰਗਿੱਲ:** ਕਈਆਂ ਨੂੰ ਦੇਖਣ ਵਾਲੇ ਇੰਨੇ ਹਨ ਜਿੰਨੇ ਦਸ ਪੰਜਾਬ ਹੋਣ!

ਮੈਂ ਉਸ ਵਿਚ ਲਹਿੰਦਾ ਪੰਜਾਬ ਵਿਚ ਗਿਣ ਰਿਹਾ ਹਾਂ ਕਿਉਂਕਿ ਮੈਂ ਇਸ ਦਾ ਭੇਤੀ ਹਾਂ। ਜੇ ਤੁਸੀਂ ਆਪਣੇ ਇਸ ਵੀਡੀਓ ਨੂੰ ਦੇਖਣ ਵਾਲਿਆਂ ਦੀ ਗਿਣਤੀ ਦਸ ਲੱਖ ਚਾਹੁੰਦੇ ਹੋ ਤਾਂ ਉਸ ਦੀ ਵੀ ਕੀਮਤ ਹੈ। ਤੁਸੀਂ ਚੈੱਕ ਉੱਤੇ ਉਹ ਰਕਮ ਲਿਖਣੀ ਚਾਹੋਗੇ ਤਾਂ ਤੁਹਾਡੇ ਇਸ ਵੀਡੀਓ ਨੂੰ ਦੇਖਣ ਵਾਲਿਆਂ ਦੀ ਗਿਣਤੀ ਦਸ ਲੱਖ ਹੋ ਜਾਵੇਗੀ। ਇਸ ਤਰ੍ਹਾਂ ਦਾ ਮਾਹੌਲ, ਰਵਾਇਤ ਬਣ ਚੁੱਕੀ ਹੈ। ਸਾਨੂੰ ਇਸ ਤੋਂ ਜਾਣੂ ਹੋਣਾ ਚਾਹੀਦਾ ਹੈ।

**ਦਲਜੀਤ ਅਮੀ:** ਤੁਸੀਂ ਜਾਣੂ ਹੋ। ਤੁਸੀਂ ਆਪ ਕਿਹਾ ਕਿ ਤੁਸੀਂ ਭੇਤੀ ਹੋ। ਤੁਹਾਨੂੰ ਪਤਾ ਹੈ ਕਿ ਕਿਸ ਤਰ੍ਹਾਂ ਗਾਇਕੀ ਜਾਂ ਗੀਤਾਂ ਵਿਚੋਂ ਪੈਸੇ ਕਮਾਏ ਜਾਂਦੇ ਹਨ ਜਾਂ ਕਿਸ ਤਰੀਕੇ ਦੇ ਨਾਲ ਮਕਬੂਲ ਹੋਇਆ ਜਾਂਦਾ ਹੈ। ਭੇਤੀ ਬੰਦਾ ਰਾਜ ਸਿੰਘ ਵਰਗਾ ਗੀਤ ਕਿਉਂ ਅਤੇ ਕਿਵੇਂ ਲਿਖ ਲੈਂਦਾ?

**ਰੱਬੀ ਸ਼ੇਰਗਿੱਲ:** ਕਿਉਂਕਿ ਮੈਨੂੰ ਬੇਇੰਤਹਾ ਪਿਆਰ ਮਿਲਿਆ। ਮੇਰੀ ਭਾਬੋ ਨੇ ਮੈਨੂੰ ਬੇਇੰਤਹਾ ਪਿਆਰ ਕੀਤਾ। ਮੈਨੂੰ ਮੇਰੇ ਪਿਓ ਨੇ ਦਿਨ ਵਿਚ ਤਿੰਨ ਵਾਰ ਚੂਰੀ ਦੀਆਂ ਬੁਰਕੀਆਂ ਖੁਆਈਆਂ ਹਨ। ਮੈਨੂੰ ਪਿਆਰ ਹੈ।

**ਦਲਜੀਤ ਅਮੀ:** ਤੁਸੀਂ ਉਸ ਪਿਆਰ ਅਤੇ ਚੂਰੀ ਦਾ ਕਰਜ਼ਾ ਉਤਾਰ ਰਹੇ ਹੋ ਜਦੋਂ ਤੁਸੀਂ ਰਾਜ ਸਿੰਘ ਉੱਤੇ ਗੀਤ ਬਣਾਉਂਦੇ ਹੋ।

**ਰੱਬੀ ਸ਼ੇਰਗਿੱਲ:** ਜੋ ਅੱਜ ਖੇਤੀ ਸੰਕਟ ਨਾਲ ਜੂਝ ਰਹੇ ਹਨ, ਮੈਂ ਉਨ੍ਹਾਂ ਸਾਰਿਆਂ ਵਿਚ ਆਪਣੇ ਪਿਓ ਨੂੰ ਦੇਖਦਾ ਹਾਂ। ਆਪਣੇ ਦਾਦੇ ਅਤੇ ਭਾਬੋ ਨੂੰ ਦੇਖਦਾ ਹਾਂ। ਮੈਨੂੰ ਨਹੀਂ ਪਤਾ, ਮੈਂ ਜਾਣ ਬੁੱਝ ਕੇ ਕੋਸ਼ਿਸ਼ ਨਹੀਂ ਕੀਤੀ। ਇਸ ਗੀਤ ਨੂੰ ਆਪਣੇ ਕੋਲ ਸਾਂਭਿਆ ਮੈਨੂੰ ਵੀਹ ਸਾਲ ਹੋ ਗਏ ਸਨ। ਰਾਜ ਸਿੰਘ ਸੰਗਰੂਰ ਜ਼ਿਲ੍ਹੇ ਦਾ ਵਾਸੀ ਸੀ।

**ਦਲਜੀਤ ਅਮੀ:** ਚੰਗਾਲੀ ਕਲਾਂ ਦਾ।

**ਰੱਬੀ ਸ਼ੇਰਗਿੱਲ:** ਬੜੀ ਪੁਰਾਣੀ ਗੱਲ ਹੈ। ਇਹ ਕੋਈ ਨਵੀਂ ਗੱਲ ਨਹੀਂ ਕਿ ਮੈਂ ਇੰਨੇ ਸਾਲ ਨਹੀਂ ਗਾਇਆ ਪਰ ਇੱਕ ਵੇਲਾ ਐਸਾ ਆਇਆ ਜਦੋਂ ਮੈਂ ਗਾਏ ਬਗ਼ੈਰ ਨਹੀਂ ਰਹਿ ਸਕਿਆ। ਮੈਂ ਜ਼ਿੰਦਗੀ ਪੰਜਾਬ ਵਿਚ ਨਹੀਂ ਜਿਉਂਦਾ ਹਾਂ। ਬਸ ਮੈਂ ਇੰਨਾ ਆਖਾਂਗਾ ਕਿ ਪੰਜਾਬ ਮੇਰੇ ਲਈ ਦਰਦ ਦਾ ਸਬਬ ਹੈ ਕਿਉਂਕਿ ਮੇਰੇ ਚਿੱਤ ਚੇਤਿਆਂ ਵਿਚ ਜਿਹੋ-ਜਿਹਾ ਪੰਜਾਬ ਵਸਦਾ, ਓਹ ਪੰਜਾਬ ਮੈਂ ਹੁਣ ਨਹੀਂ ਦੇਖਦਾ। ਮੇਰੇ ਪੰਜਾਬ ਵਿਚ ਪਿੰਡ ਵਿਚ ਬੈਠਾ ਬੰਦਾ, ਵੱਟ ਉੱਤੇ ਬੈਠਾ ਬੰਦਾ ਵੀ ਕੋਈ ਧੁਰ ਅਜ਼ਲਾਂ ਦੀ ਗੱਲ ਕਰ ਸਕਦਾ ਹੈ। ਉਸ ਵਿਚ ਬੜੇ ਗਹਿਰ-ਗੰਭੀਰ ਡੂੰਘੇ ਅਤੇ ਕਮਾਲ ਦੀ ਗੱਲ ਕਰਨ ਵਾਲੇ ਲੋਕ ਮੌਜੂਦ ਸਨ। ਹੁਣ ਜੋ ਮੈਂ ਦੇਖਦਾ ਹਾਂ, ਜਿਵੇਂ ਮੈਂ ਤੁਹਾਨੂੰ ਦੱਸਿਆ, ਸਾਡੀ ਜੋ ਮੌਜੂਦਾ ਪੀੜ੍ਹੀ ਹੈ, ਇਹ ਬਹੁਤ ਹੀ ਪੜ੍ਹੀ-ਲਿਖੀ ਅਤੇ ਅਨਪੜ੍ਹ ਹੈ। ਇਸ ਦਾ ਅਜੀਬ ਸੁਮੇਲ ਜਾਂ ਮੁਜੱਸਮਾ ਜਾਂ ਅਜੀਬ ਹੀ ਨਮੂਨਾ ਹੈ।

**ਦਲਜੀਤ ਅਮੀ:** ਇਹ ਗੱਲ ਵੀ ਅਕਹਿ ਹੀ ਹੋ ਗਈ ਹੈ।

**ਰੱਬੀ ਸ਼ੇਰਗਿੱਲ:** ਇਹ ਵੀ ਅਕਹਿ ਗੱਲ ਹੈ ਕਿ ਸਾਰੇ ਪੜ੍ਹੇ ਲਿਖੇ ਹਨ ਅਤੇ ਸਾਰੇ ਹੀ ਅਨਪੜ੍ਹ ਹਨ। ਜਹਾਲਤ ਇਸ ਕਿਸਮ ਦੀ ਹੈ ਕਿ ਕਈ ਗੱਲਾਂ ਹੋ ਨਹੀਂ ਸਕਦੀਆਂ। ਅੱਜ ਮੈਂ ਪੰਜਾਬ ਵਿਚ ਬੈਠ ਕੇ ਇਹ ਇੰਟਰਵਿਊ ਕਰ ਰਿਹਾ ਹੋਵਾਂ ਤਾਂ ਮੈਂ ਇਹ ਗੱਲ ਨਹੀਂ ਕਹਿ ਸਕਦਾ। ਪੰਜਾਬ ਵਿਚ ਝੋਨਾ, ਪਾਣੀ ਨੂੰ ਕਿਸ ਤਰ੍ਹਾਂ ਬਰਬਾਦ ਕਰਦਾ ਹੈ, ਇਹ ਗੱਲ ਨਹੀਂ ਹੋ ਸਕਦੀ। ਸੰਯੁਕਤ ਕਿਸਾਨ ਮੋਰਚੇ ਨਾਲ ਵੀ ਨਹੀਂ ਹੋ ਸਕਦੀ। ਸਾਡੀ ਖੇਤੀ ਕੁਦਰਤ ਦੇ ਹਰ ਨਿਯਮ ਦੇ ਵਿਰੁੱਧ ਜਾ ਰਹੀ ਹੈ। ਪੰਜਾਬ ਵਿਚ ਜੰਗਲ ਦਾ ਕਿੰਨਾ ਘਾਣ ਹੋਇਆ ਹੈ, ਇਸ ਦੀ ਕੋਈ ਗੱਲ ਨਹੀਂ ਕਰ ਸਕਦੇ। ਮੇਰੇ ਪਿਤਾ ਜੀ ਖੇਤ ਦੇ ਕੰਮ ਕਰਦਿਆਂ ਤੁਹਾਨੂੰ ਪਰਸੋਂ ਨੂੰ ਹੋਣ ਵਾਲੇ ਮੀਂਹ ਦੀ ਪੱਕੀ ਜਾਣਕਾਰੀ ਦੇ ਸਕਦੇ ਸਨ। ਉਹ ਕਹਿੰਦੇ ਸਨ ਪੁਰਾ ਵਗਦਾ ਹੈ, ਬੱਦਲ ਆਉਣ ਲੱਗੇ ਹਨ; ਜਾਂ ਪਹਾੜ ਤੋਂ ਹਵਾ ਵਗਦੀ ਹੈ, ਅੱਜ ਮੀਂਹ ਪਵੇਗਾ। 'ਆਪਾਂ ਚਲੋ ਚਲੀਏ ਕਾਕਾ, ਇੱਥੇ ਮੀਂਹ ਪੈਣ ਵਾਲਾ ਹੈ।' ਇਹੋ ਜਿਹੀਆਂ ਗੱਲਾਂ ਮੇਰੇ ਪਿਤਾ ਜੀ ਆਮ ਕਰਦੇ ਸਨ। ਮੇਰਾ ਪਿੰਡ ਚੱਕ ਮਿਸ਼ਰੀ ਖਾਂ ਤਹਿਸੀਲ ਅਜਨਾਲਾ ਹੈ। ਇੱਥੇ ਮੇਰੇ ਪਿਤਾ ਜੀ ਨੇ ਤਮਾਮ ਜਨੌਰ ਦੇਖੇ ਹਨ। ਬਘਿਆੜ ਦੇਖਿਆ। ਸਾਡੇ ਪਿੰਡ ਕੋਲ ਇੱਕ ਹੋਰ ਪਿੰਡ ਸੀ, ਉਸ ਦੱਸਦੇ ਸਨ- 'ਮੈਂ ਇੱਥੇ ਆਹ ਦੇਖਿਆ, ਇੱਥੇ ਆਹ ਦੇਖਿਆ।' ਜੋ ਜੰਗਲ ਸੀ, ਉਹ ਤੁਹਾਡੇ-ਮੇਰੇ ਅੰਦਰ ਵਸਦਾ ਸੀ। ਕਈ ਲੋਕ ਕਹਿੰਦੇ ਹਨ ਕਿ ਜਿਹੜੇ ਜੱਟਾਂ ਦਾ ਵਿਰਕ ਗੋਤ ਹੈ, ਉਨ੍ਹਾਂ ਨੇ ਅਖੀਰ ਵਿਚ ਸੁਸਤ ਜੀਵਨ ਸ਼ੈਲੀ ਨੂੰ ਅਪਣਾਇਆ। ਉਨ੍ਹਾਂ ਨੇ ਬਹੁਤ ਚਿਰਾਂ ਬਾਅਦ ਵਾਹੀ ਕਰਨੀ ਸ਼ੁਰੂ ਕੀਤੀ। ਉਨ੍ਹਾਂ ਨੇ ਬੜੀ ਦੇਰ ਤੱਕ ਖ਼ਾਨਾਬਦੋਸ਼ ਜ਼ਿੰਦਗੀ ਬਤੀਤ ਕੀਤੀ। ਉਨ੍ਹਾਂ ਦੇ ਭੂਗੋਲਿਕ ਖਿੱਤੇ ਦਾ ਅਹਿਸਾਸ ਤੁਹਾਡੇ-ਮੇਰੇ ਤੋਂ ਕਿਤੇ ਡੂੰਘਾ ਹੈ। ਉਹ ਗੱਲਾਂ ਹੁਣ ਨਹੀਂ ਹਨ। ਉਨ੍ਹਾਂ ਨੂੰ ਲੁਪਤ ਹੁੰਦਿਆਂ ਦੇਖ ਕੇ ਤਕਲੀਫ ਹੁੰਦੀ ਹੈ। ਪਾਨੀਨੀ ਜਿਨ੍ਹਾਂ ਜੱਟਾਂ ਦੀ ਗੱਲ ਕਰਦਾ ਹੈ, ਉਹ ਜੱਟ ਖਾਨਾਬਦੋਸ਼ ਹਨ। ਜੱਟ ਉਹ ਇਸ ਕਰਕੇ ਕਿਉਂਕਿ ਉਨ੍ਹਾਂ ਨੇ ਔਕ ਦਾ ਦੁੱਧ ਲਗਾ ਕੇ ਜਟਾਵਾਂ ਬਣਾ ਰੱਖੀਆਂ ਹਨ। ਉਹ ਢੱਗੇ ਲੈ ਕੇ ਮੀਲਾਂ ਤੱਕ, ਕਈ ਕੋਹਾਂ ਦੀ ਯਾਤਰਾ ਕਰਦੇ ਹਨ। ਉਹ ਜੱਟ ਅੱਜ ਕਿੱਥੇ ਹੈ, ਇਸ ਬਾਰੇ ਮੈਂ ਜ਼ਰੂਰ ਸੋਚਦਾ ਹਾਂ। ਮੈਂ ਨਿਰਾ-ਪੂਰਾ ਜ਼ਿਮੀਂਦਾਰਾ ਜੱਟ ਜਾਂ ਜੱਟ ਤਬੀਅਤ, ਮੈਂ ਇਸ ਨਾਲ ਭੋਰਾ ਵੀ ਇਤਫ਼ਾਕ ਨਹੀਂ ਰੱਖਦਾ। ਮੇਰਾ ਧਰਮ ਰਾਜਾ ਨਹੀਂ ਮੰਨਦਾ। ਮੈਂ ਜੇ ਆਪਣੇ ਬੱਚਿਆਂ ਨੂੰ ਕੁਝ ਤਸੱਵੁਰ ਦੇਣਾ ਹੋਵੇ ਤਾਂ ਜੰਗਲ ਦੇ ਰਹਿਣ ਵਾਲਾ, ਜੰਗਲ ਦੇ ਨਾਲ ਸਮਤੋਲ ਬਣਾ ਕੇ ਚੱਲਣ ਵਾਲਾ ਜੱਟਪਣਾ ਵਿਰਸੇ ਵਿਚ ਦੇਣਾ ਚਾਹਾਂਗਾ, ਜੋ ਮੇਰੇ ਕੋਲ ਨਹੀਂ ਹੈ ਪਰ ਇੱਕ ਉਮੀਦ ਹੈ। ਉਹ ਗੱਲਾਂ ਅੱਜ ਉਸ ਪੰਜਾਬ ਵਿਚ ਨਹੀਂ ਹੋ ਸਕਦੀਆਂ। ਉਸ ਪੰਜਾਬ ਵਿਚ ਜਾਣ ਨੂੰ ਜੀਅ ਨਹੀਂ ਕਰਦਾ; ਜਾਂ ਤਾਂ ਉੱਥੇ ਬਹੁਤ ਅਕਾਦਮਿਕ ਗੱਲ ਜਾਂ ਖੱਬੇ ਪੱਖੀ ਮਾਰਕਸ ਦੀ ਗੱਲ ਕਰਦੇ ਹਨ, ਸੱਜੇ ਪੱਖੀ ਭਾਈ ਸੰਤੋਖ ਸਿੰਘ ਦੀ ਗੱਲ ਕਰਦੇ ਹਨ। ਇਨ੍ਹਾਂ ਦੋਵਾਂ ਵਿਚ ਕੋਈ ਗੱਲ ਹੋ ਸਕਣੀ ਜਾਂ ਰਜ਼ਾਮੰਦੀ ਹੋ ਸਕਣੀ, ਬੜੀ ਔਖੀ ਗੱਲ ਜਾਪਦੀ ਹੈ। ਜੋ ਸਾਡਾ ਸੰਕਟ ਹੈ, ਇਸ ਬਾਰੇ ਸਾਡੀ ਆਪਣੀ ਨਵੀਂ ਮੌਲਿਕ ਸੋਚ ਬਣ ਰਹੀ ਹੋਵੇ, ਇਹ ਵੀ ਨਹੀਂ ਦਿਸਦਾ। ਖੇਤੀ ਸੰਕਟ ਬਹੁਤ ਵਿਸ਼ਾਲ ਹੋ ਚੁੱਕਾ ਹੈ। ਪਹਿਲਾਂ ਸਾਡੀ ਖੇਤੀ ਪੈਸਾ ਮੁਖੀ ਨਹੀਂ ਸੀ। ਤੁਸੀਂ ਵੀ ਸ਼ਾਇਦ ਪਿੰਡਾਂ ਵਿਚ ਜਾ ਕੇ ਦੇਖਿਆ ਹੋਵੇਗਾ, ਖੇਤਾਂ ਵਿਚ ਸਬਜ਼ੀਆਂ ਵੀ ਲੱਗਦੀਆਂ ਸਨ, ਚਰ੍ਹੀ ਵੀ ਬੀਜੀ ਜਾਂਦੀ ਸੀ, ਸਭ ਕੁਝ ਹੁੰਦਾ ਸੀ। ਕਣਕ ਅਤੇ ਝੋਨੇ ਵਾਲੀ ਖੇਤੀ, ਜਿਸ ਨਾਲ ਪਾਣੀ ਦਾ ਘਾਣ ਹੋਇਆ ਹੈ, ਇਸ ਬਾਰੇ ਕੋਈ ਸਹਿਜ ਸਮਝ ਬਣੀ ਹੋਵੇ, ਇਹ ਦਿਖਾਈ ਨਹੀਂ ਦਿੰਦਾ। ਜੇਠ ਹਾੜ੍ਹ ਵਿਚ ਪੂਰਾ ਪੰਜਾਬ ਝੀਲ ਬਣ ਜਾਂਦਾ ਹੈ। ਉਸ ਵਿਚ ਸ਼ਹਿਰ ਤੋਂ ਆਏ ਕਿਸੇ ਬੰਦੇ ਨੂੰ ਡੀ.ਡੀ.ਐਲ.ਜੇ. (ਦਿਲਵਾਲੇ ਦੁਲਹਨੀਆ ਲੇ ਜਾਏਂਗੇ) ਜਾਂ ਸ਼ਾਹਰੁਖ ਖਾਨ ਵਾਲਾ ਪੰਜਾਬ ਦਿਸਦਾ ਹੋਵੇ ਤਾਂ ਉਸ ਨੂੰ ਦਿਸਦਾ ਹੋਵੇ ਪਰ ਮੈਨੂੰ ਨਹੀਂ ਦਿਖਾਈ ਦਿੰਦਾ। ਜਦੋਂ ਅਸੀਂ ਸਕੂਲ ਪੜ੍ਹਦੇ ਸੀ, ਰੋਪੜ ਵਿਚ ਜੰਗਲ ਹੇਠ ਰਕਬਾ ਉਸ ਸਮੇਂ 7.8 ਫ਼ੀਸਦ ਮੰਨਿਆ ਜਾਂਦਾ ਸੀ। ਪੂਰੇ ਪੰਜਾਬ ਦਾ ਜੰਗਲ ਹੇਠ ਰਕਬਾ ਰੋਪੜ ਜ਼ਿਲ੍ਹੇ ਵਿਚ ਹੁੰਦਾ ਸੀ। ਅੱਜ ਦੀ ਤਰੀਕ ਵਿਚ ਉਹ ਇੱਕ ਫ਼ੀਸਦ ਤੋਂ ਵੀ ਘੱਟ ਹੈ। ਇਹ ਮੇਰੀ ਜ਼ਿੰਦਗੀ ਵਿਚ ਹੋਇਆ। ਅਸੀਂ ਇਹੋ ਜਿਹੀਆਂ ਗੱਲਾਂ ਆਪਣੇ ਸਾਹਮਣੇ ਹੁੰਦੀਆਂ ਦੇਖ ਰਹੇ ਹਾਂ। ਪੰਜਾਬ ਦੇ 85 ਫ਼ੀਸਦ ਜ਼ਿਲ੍ਹਿਆਂ ਵਿਚ ਪਾਣੀ ਦਾ ਪੱਧਰ ਹੇਠਾਂ ਡਿੱਗ ਚੁੱਕਾ ਹੈ। ਇਸ ਬਾਰੇ ਗੱਲ ਹੀ ਨਹੀਂ ਹੋ ਸਕਦੀ ਕਿਉਂਕਿ ਇਹ ਸਵਾਲ ਮੇਰੀ ਮੁੱਛ ਨਾਲ ਜੁੜਿਆ ਹੋਇਆ ਹੈ। ਮੇਰੇ ਸਭਿਆਚਾਰ ਦੀ ਗੱਲ ਹੈ ਅਤੇ ਮੈਂ ਗੱਦਾਰ ਹਾਂ ਜੇ ਇਹ ਗੱਲ ਕੀਤੀ। ਜਿੱਥੇ ਇਹ ਗੱਲਾਂ ਹੋ ਨਹੀਂ ਸਕੀਆਂ ਤਾਂ ਫਿਰ ਉੱਥੇ ਚੰਗਾ ਹੈ। ਜਿਵੇਂ ਮੁਹੰਮਦ ਸਾਹਿਬ ਕਹਿੰਦੇ ਹਨ ਕਿ ਜਿੱਥੇ ਕਹਿ ਨਹੀਂ ਸਕਦਾ, ਉੱਥੇ ਤੂੰ ਗੱਲਾਂ ਦਿਲ ਵਿਚ ਹੀ ਯਾਦ ਰੱਖ। ਜਿਹੜੀ ਗੱਲ ਤੂੰ ਨਹੀਂ ਕਹਿ ਸਕਦਾ, ਉਹ ਆਪਣੇ ਦਿਲ ਵਿਚ ਹੀ ਦੁਹਰਾ ਲਓ। ਮੈਂ ਹੁਣ ਪੰਜਾਬ ਤੋਂ ਦੂਰ ਰਹਿ ਕੇ ਗੱਲ ਨੂੰ ਦਿਲ ਵਿਚ ਦੁਹਰਾ ਲੈਂਦਾ ਹਾਂ। ਤੁਹਾਡੇ ਵਰਗੇ ਦਰਦੀਆਂ ਨਾਲ ਗੱਲ ਸਾਂਝੀ ਕਰ ਲੈਂਦੇ ਹਾਂ। ਇਸ ਤਰ੍ਹਾਂ ਹੀ ਦਿਲ ਹਲਕਾ ਹੋ ਜਾਂਦਾ ਹੈ ਪਰ ਜਦੋਂ ਤੱਕ ਪੰਜਾਬ ਇਸ ਬਾਰੇ ਅਤੇ ਹਰ ਗੱਲ ਵਿਚ ਸਾਜ਼ਿਸ਼ ਨਹੀਂ ਦੇਖੇਗਾ ਜਾਂ ਆਪਣੇ ਗਿਰੇਵਾਨ ਵਿਚ ਨਿਗਾਹ ਨਹੀਂ ਮਾਰੇਗਾ, ਮੈਨੂੰ ਨਹੀਂ ਲੱਗਦਾ ਕਿ ਅਸੀਂ ਇਸ ਦਾ ਕੋਈ ਸਦੀਵੀ ਹੱਲ ਲੱਭ ਸਕਦੇ ਹਾਂ। ਅਸੀਂ ਇਹੋ ਜਿਹਾ ਪੰਜਾਬ ਆਪਣੇ ਬੱਚਿਆਂ ਨੂੰ ਦੇ ਸਕਦੇ ਹਾਂ ਜਿਸ ਵਿਚ ਉਨ੍ਹਾਂ ਦਾ ਕੱਲ੍ਹ, ਮੁਸਤਕਬਿਲ ਵੀ ਹਿਫਾਜ਼ਤ ਵਿਚ ਰਹੇ, ਪੰਜਾਬੀਅਤ ਵੀ ਹਿਫਾਜ਼ਤ ਵਿਚ ਰਹੇ। ਇਹੋ ਜਿਹਾ ਕੋਈ ਮੰਜ਼ਰ ਨਹੀਂ ਦਿਸਦਾ।

**ਦਲਜੀਤ ਅਮੀ:** ਇੱਕ ਗੱਲ ਹੈ ਕਿ ਆਉਣ ਵਾਲੀ ਪੀੜ੍ਹੀ ਦੇ ਆਪਣੇ ਉੱਦਮ ਉੱਤੇ, ਉਨ੍ਹਾਂ ਦੀ ਤਾਕਤ ਉੱਤੇ ਵੀ ਕੁਝ ਗੱਲਾਂ ਛੱਡੀਆਂ ਜਾ ਸਕਦੀਆਂ ਹਨ ਅਤੇ ਉਨ੍ਹਾਂ ਤੋਂ ਉਮੀਦ ਕੀਤੀ ਜਾ ਸਕਦੀ ਹੈ ਕਿ ਉਹ ਬਿਹਤਰ ਕੱਲ੍ਹ ਵੱਲ ਲੈ ਕੇ ਜਾਣਗੇ।

... ਰੱਬੀ ਨੇ ਬਹੁਤ ਸਾਰੀਆਂ ਗੱਲਾਂ ਕੀਤੀਆਂ ਹਨ। ਮੀਲਾਂ ਕੋਹਾਂ ਦਾ ਸਫਰ ਉਨ੍ਹਾਂ ਨੇ ਕਈ ਹਵਾਲਿਆਂ ਦੇ ਨਾਲ ਕੀਤਾ। ਰੱਬੀ ਨੇ ਕੁਝ ਗੀਤ ਅਜਿਹੇ ਗਾਏ ਹਨ ਜਿਨ੍ਹਾਂ ਬਾਰੇ ਇਹ ਕਿਹਾ ਜਾਂਦਾ ਕਿ ਉਹ ਪੰਜਾਬ ਲਈ ਮਾਅਨੇ ਰੱਖਦੇ ਹਨ ਪਰ ਜਿਸ ਕਿਸਮ ਦੀ ਗਿਣਤੀ-ਮਿਣਤੀ ਨਾਲ ਗਾਇਕ ਅਤੇ ਗੀਤਾਂ ਬਾਰੇ ਗੱਲਾਂ ਹੁੰਦੀਆਂ ਹਨ, ਉਨ੍ਹਾਂ ਵਿਚ ਉਹ ਪੂਰੇ ਨਹੀਂ ਉੱਤਰਦੇ। ਉਨ੍ਹਾਂ ਨੇ ਇੱਕ ਗੀਤ, ਓਹੀ ਗੀਤ ਸਾਨੂੰ ਸੁਣਾਉਣਾ ਹੈ ਪਰ ਤੁਹਾਡੇ ਵਿਚੋਂ ਜੋ ਚਾਹੁੰਦੇ ਹਨ, ਜਿਨ੍ਹਾਂ ਨੇ ਉਹ ਗੀਤ ਨਹੀਂ ਸੁਣਨਾ, ਉਹ ਆਪਣੀ ਚੋਣ ਆਪ ਕਰ ਸਕਦੇ ਹਨ ਕਿਉਂਕਿ ਹੁਣ ਤੱਕ ਵੀ ਅਸੀਂ ਚੋਣ ਆਪ ਹੀ ਕੀਤੀ ਹੈ ਕਿ ਰੱਬੀ ਦਾ ਗੀਤ ਸੁਣਨਾ ਹੈ ਜਾਂ ਕਿਸੇ ਹੋਰ ਦਾ ਗੀਤ ਸੁਣਨਾ ਹੈ। ... ਹੁਣ ਰੱਬੀ ਗੀਤ ਸੁਣਾਉਣਗੇ। ਰੱਬੀ ਰਾਜ ਸਿੰਘ...

**ਰੱਬੀ ਸ਼ੇਰਗਿੱਲ:**

ਕੁਝ ਗੱਲਾਂ ਕੌੜੀਆਂ
ਕੁਝ ਗੱਲਾਂ ਫਿੱਕੀਆਂ
ਬਚੀਆਂ ਨਾ ਇੱਥੇ
ਗੱਲਾਂ ਕੋਈ ਮਿੱਠੀਆਂ
ਬੈਅ ਹੋ ਜਾਣ ਦੀਆਂ
ਛਪੀਆਂ ਤਰੀਕਾਂ
ਜਿਵੇਂ ਬੋਤਲਾਂ ਤੇ
ਉੱਤੇ ਨਸੀਬਾਂ
ਸੋਚਦਾ ਸੀ ਮਨ ਵਿਚ
ਇਹੋ ਜਿਹਾ ਖਿਆਲ
ਪਾਉਣ ਲੱਗਾ ਰਾਜ ਸਿੰਘ
ਗਲ ਵਿਚ ਫਾਹ
ਕਿਹੀ ਅੱਥਰੀ ਹਵਾ ਹੈ ਵਗੇ
ਕਿੰਦਾਂ
ਪੜ੍ਹ ਕੇ ਕਿਤਾਬਿ-ਜ਼ਿੰਦਗੀ
ਇੱਥੇ ਖਿੱਲਰੇ ਨੇ ਸਾਰੇ ਸਫ਼ੇ
ਕਲ ਆਈ ਕੁੱਤੇ ਮੂੰਹੀ
ਖਾਜ ਹੋਇਆ ਮੁਰਦਾਰ ਗੁਸਾਈਂ
ਰਾਜੇ ਪਾਪ ਕਮਾਂਵਦੇ
ਉਲਟੀ ਵਾੜ ਖੇਤ ਕੋ ਖਾਏ
ਖੇਤ ਕੋ ਖਾਏ ***(ਸਮਾਪਤ)***

# ਓਮ ਪ੍ਰਕਾਸ਼ ਗਾਸੋ ਦੀ ਖੇਡ ਸਿਰਜਣਾ

ਪੰਜਾਬੀ ਖੇਡ ਸਾਹਿਤ

69



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਓਮ ਪ੍ਰਕਾਸ਼ ਗਾਸੋ ਨੱਬਿਆਂ ਨੂੰ ਢੁਕਿਆ ਸਰਗਰਮ ਲੇਖਕ ਹੈ। ਪੰਜਾਬੀ ਦਾ ਸਾਹਿਤ ਰਤਨ। ਸਕੂਲਾਂ 'ਚ ਉਹ ਪੀਟੀ ਮਾਸਟਰ ਹੁੰਦਾ ਸੀ ਤੇ ਕਾਲਜਾਂ ਵਿਚ ਪੰਜਾਬੀ ਦਾ ਪ੍ਰੋਫੈਸਰ। ਉਹ ਸੱਤ ਪੱਤਣਾਂ ਦਾ ਤਾਰੂ ਹੈ ਪਰ ਵੇਖਣ ਨੂੰ ਓਨਾ ਨਹੀਂ ਲੱਗਦਾ, ਜਿੰਨਾ ਹੈਗਾ। ਵੇਖਣ ਨੂੰ ਅਮਲੀ ਜਿਹਾ ਹੀ ਲੱਗਦੈ ਪਰ ਹੈਗਾ ਪੂਰਾ ਸੋਫੀ ਤੇ ਸਿਰੇ ਦਾ ਵਿਦਵਾਨ। ਜਿੰਨੇ ਸਾਲਾਂ ਦੀ ਉਸ ਦੀ ਉਮਰ ਹੈ, ਮਾਨ ਸਨਮਾਨ ਉਦੂੰ ਵੱਧ ਮਿਲ ਚੁੱਕੇ ਨੇ। ਉਸ ਦਾ ਕਿਤੇ ਰੁਬਰੂ ਹੁੰਦਾ ਵੇਖੀਏ ਤਾਂ ਉਂਗਲਾਂ ਨਚਾਉਂਦਾ ਤਮਾਸ਼ਾ ਕਰਦਾ ਲੱਗਦਾ ਹੈ। ਗੱਲਾਂ ਤੋਂ ਗਾਲੜੀ ਜਿਹਾ ਜਾਪਦਾ ਹੈ ਪਰ ਹੈ ਗਹਿਰ ਗੰਭੀਰ। ਅਗਮ ਨਿਗਮ ਦਾ ਜਾਣੀ-ਜਾਣ। ਪੜ੍ਹਨ-ਪੜ੍ਹਾਉਣ ਦੇ ਨਾਲ-ਨਾਲ ਹਜ਼ਾਰਾਂ ਰੁੱਖ-ਬੂਟੇ ਲਾਉਣ ਤੇ ਪਾਲਣ ਵਾਲਾ ਉਹ ਪਰਉਪਕਾਰੀ ਜਿਊੜਾ ਹੈ। ਉਸ ਦੇ ਮਿੱਤਰ ਮੰਡਲ ਦੀਆਂ ਕਿਤਾਬਾਂ ਦਾ ਲੰਗਰ ਕਈ ਸਾਲਾਂ ਤੋਂ ਜਾਰੀ ਹੈ।

ਗਾਸੋ ਦੀਆਂ ਆਪਣੀਆਂ ਕਿਤਾਬਾਂ ਦੀ ਗਿਣਤੀ 50 ਤੋਂ ਟੱਪ ਚੁੱਕੀ ਹੈ। ਇਨਾਮਾਂ ਦੀ ਗਿਣਤੀ ਤਾਂ ਸੌ ਤੋਂ ਵੀ ਟੱਪ ਚੁੱਕੀ ਹੋਵੇਗੀ। ਕੱਪ, ਟਰਾਫੀਆਂ, ਪਲੇਕਾਂ ਤੇ ਸ਼ਾਲਾਂ ਭੂਰੀਆਂ ਨਾਲ ਘਰ ਦਾ ਕੋਈ ਖੱਲ-ਖੂੰਜਾ ਖਾਲੀ ਨਹੀਂ ਰਿਹਾ। ਉਸ ਨੇ ਵੀਹ ਤੋਂ ਵੱਧ ਨਾਵਲ ਲਿਖੇ ਹਨ ਤੇ ਸੈਂਕੜੇ ਫੁਟਕਲ ਲੇਖ। ਬਾਲ ਸਾਹਿਤ ਵੀ ਰਚਿਆ ਤੇ ਖੇਡ ਸਾਹਿਤ ਦੀਆਂ ਭੂਮਿਕਾਵਾਂ ਵੀ ਬੰਨ੍ਹੀਆਂ ਹਨ। ਬੱਚਿਆਂ ਦੀਆਂ ਖੇਡਾਂ ਤੋਂ ਲੈ ਕੇ ਮੱਲਾਂ ਦੀ ਪਹਿਲਵਾਨੀ ਬਾਰੇ ਵੀ ਲਿਖਿਆ ਹੈ। ਪਹਿਲਾਂ ਉਹ ਸਕੂਲਾਂ ਵਿਚ ਖੇਡਾਂ ਦਾ ਪੀਟੀ ਮਾਸਟਰ ਹੀ ਹੁੰਦਾ ਸੀ। ਲੇਖਕ ਤੇ ਪ੍ਰੋਫੈਸਰ ਬਾਅਦ ਵਿਚ ਬਣਿਆ। ਮੁੱਢਲੇ ਰੁਜ਼ਗਾਰ ਵਜੋਂ ਉਸ ਨੇ ਕਈ ਵਰ੍ਹੇ ਬਰਨਾਲੇ ਦੇ ਪੇਂਡੂ ਸਕੂਲਾਂ ਵਿਚ ਪੀਟੀ ਹੋਣ ਦੀ ਵਿਸਲ ਵਜਾਈ। ਵਿਦਿਆਰਥੀਆਂ ਨੂੰ ਕਸਰਤਾਂ ਤੇ ਖੇਡਾਂ ਨਾਲ ਅਨੁਸ਼ਾਸਨ ਵੀ ਸਿਖਾਇਆ। ਸਕੂਲਾਂ ਤੇ ਹੋਰ ਸਾਂਝੀਆਂ ਥਾਵਾਂ 'ਤੇ ਬੇਅੰਤ ਬੂਟੇ ਤੇ ਬ੍ਰਿਛ ਲਾਏ। ਚਾਰ-ਚੁਫੇਰੇ ਹਰਿਆਵਲ ਦਾ ਖੁੱਲ੍ਹਾ ਛੱਟਾ ਦਿੱਤਾ, ਜਿਸ ਦੀ ਗਵਾਹੀ ਫਲ-ਫੁੱਲ ਭਰ ਰਹੇ ਹਨ। ਮਹਿਕਾਂ ਤੇ ਸੁਗੰਧੀਆਂ ਭਰ ਰਹੀਆਂ ਹਨ।

ਖੇਡ ਲੇਖਕ ਨਵਦੀਪ ਗਿੱਲ ਨੇ ਆਪਣੀ ਪੁਸਤਕ 'ਨੌਲੱਖਾ ਬਾਗ' ਵਿਚ ਲਿਖਿਆ, 'ਮੇਰੇ ਪਿਤਾ ਜੀ ਨੂੰ ਉਨ੍ਹਾਂ ਦਾ ਕੁਲੀਗ ਰਹਿਣ ਦਾ ਮਾਣ ਹਾਸਲ ਹੈ। ਇਕੋ ਸਕੂਲ ਵਿਚ ਗਾਸੋ ਜੀ ਪੀਟੀ ਅਤੇ ਮੇਰੇ ਪਿਤਾ ਜੀ ਡੀਪੀਈ ਰਹੇ ਹਨ। ਉਹ ਮੇਰੇ ਪਹਿਲੇ ਆਦਰਸ਼ਕ ਲੇਖਕ ਹਨ, ਜਿਨ੍ਹਾਂ ਵਰਗਾ ਬਣਨਾ ਮੈਂ ਅਕਸਰ ਲੋਚਦਾ।' ਗਾਸੋ ਦੀ ਰਿਸ਼ਟ-ਪੁਸ਼ਟ ਸਿਹਤ ਦਾ ਰਾਜ਼ ਵੀ ਸਰੀਰਕ ਸਿੱਖਿਆ ਅਧਿਆਪਕ ਹੋਣਾ ਹੈ। ਸਕੂਲ ਪੜ੍ਹਾਉਂਦਿਆਂ ਗਾਸੋ ਨੇ ਪੰਜਾਬੀ ਵਿਸ਼ੇ ਵਿਚ ਪੰਜਾਬੀ ਯੂਨੀਵਰਸਿਟੀ ਤੋਂ ਐੱਮਏ. ਐੱਮਫਿਲ. ਕੀਤੀ ਤੇ ਕਾਲਜ ਲੈਕਚਰਾਰ ਬਣੇ। ਉਸ ਦੇ ਤਿੰਨ ਪੁੱਤਰਾਂ ਵਿਚੋਂ ਦੋ ਪੁੱਤਰਾਂ ਸੁਦਰਸ਼ਨ ਤੇ ਰਵੀ ਨੇ ਪੀਐੱਚਡੀ ਕੀਤੀ, ਜੋ ਹੁਣ ਪ੍ਰੋਫੈਸਰ ਹਨ। ਗਾਸੋ ਨੇ ਹਿੰਦੀ ਦੀ ਵੀ ਐੱਮਏ ਕੀਤੀ। ਉਸ ਦਾ ਜਨਮ 9 ਅਪਰੈਲ, 1933 ਨੂੰ ਪੰਡਤ ਗੋਪਾਲ ਦਾਸ ਦੇ ਘਰ ਮਾਤਾ ਉੱਤਮੀ ਦੇਵੀ ਦੀ ਕੁੱਖੋਂ ਹੋਇਆ। ਉਸ ਨੂੰ ਬਚਪਨ ਤੋਂ ਹੀ ਅਣਚਾਹੇ, ਅਣਡਿੱਠੇ ਤੇ ਅਣਗੌਲੇ ਪਲਾਂ ਵਿਚੋਂ ਗੁਜ਼ਰਨਾ ਪਿਆ। ਉਸ ਦਾ ਬਚਪਨ ਸਾਧਾਂ-ਸੰਤਾਂ ਦੇ ਡੇਰਿਆਂ ਵਿਚ ਬੀਤਿਆ ਜਿਸ ਬਾਰੇ ਉਹ ਆਪਣੀ ਸਵੈ-ਜੀਵਨੀ 'ਨਦੀ ਦਾ ਨਾਦ' ਵਿਚ ਲਿਖਦਾ ਹੈ,

'ਹੰਢਿਆਇਆ ਵਾਲੇ ਸਾਧਾਂ ਦਾ, ਉਹ ਪਤਾ ਨਹੀਂ ਕਿਹੜਾ ਨਿਰਮਲਿਆਂ, ਉਦਾਸੀਆਂ, ਬੈਰਾਗੀਆਂ ਦਾ ਡੇਰਾ ਸੀ, ਜਿੱਥੇ ਮੇਰਾ ਬਾਪ ਮੈਨੂੰ ਲੰਡਰ ਜਿਹਾ ਕਤੂਰਾ ਸਮਝ ਕੇ ਛੱਡ ਗਿਆ ਪਰ ਪਤਾ ਨਹੀਂ ਕਿਹੜੀ ਸ਼ਕਤੀ ਸੀ, ਜਿਸ ਨੇ ਮੈਨੂੰ ਲੰਡਰ ਕਤੂਰੇ ਤੋਂ ਅਵਾਰਾ ਕੁੱਤਾ ਨਾ ਬਣਨ ਦਿੱਤਾ। ਸਾਧਾਂ ਦੇ ਡੇਰਿਆਂ 'ਤੇ ਤੇਰਾਂ ਸਾਲ ਗੁਜ਼ਾਰਨ ਵਾਲੇ ਗਾਸੋ ਨੇ ਗਜ਼ਾ ਦੀਆਂ ਰੋਟੀਆਂ ਵੀ ਮੰਗੀਆਂ, ਸਾਧੂਆਂ ਦੀਆਂ ਚਿਲਮਾਂ ਵੀ ਭਰੀਆਂ ਤੇ ਮੰਦਰਾਂ 'ਚ ਖੜਤਾਲਾਂ ਵੀ ਖੜਕਾਈਆਂ। ਗਾਸੋ ਦਾ ਬਚਪਨ ਰੋਹੀ-ਬੀਆਬਾਨ ਤੇ ਸੁੰਨੇ ਖੇਤਾਂ ਦੀਆਂ ਪਗਡੰਡੀਆਂ 'ਤੇ ਬੀਤਿਆ, ਜਿੱਥੇ ਉਸ ਨੂੰ ਪਾਂਧਾ ਬਣਾਉਣ ਲਈ ਤੋਰਿਆ ਗਿਆ ਸੀ ਪਰ ਉਨ੍ਹਾਂ ਹਾਲਾਤਾਂ ਵਿਚ ਉਹ ਪਾਂਧਾ ਬਣਨ ਦੀ ਥਾਂ ਪਾੜ੍ਹਾ ਬਣ ਕੇ ਅਗਾਂਹ ਪਾੜ੍ਹਿਆਂ ਨੂੰ ਪੜ੍ਹਾਉਣ ਲੱਗ ਪਿਆ। ਸਕੂਲਾਂ ਦੀ ਪੀਟੀ ਮਾਸਟਰੀ ਸਮੇਂ ਜੇ ਕਿਸੇ ਜਮਾਤ ਦਾ ਪੀਰੀਅਡ ਖਾਲੀ ਹੁੰਦਾ ਤਾਂ ਗਾਸੋ ਵਿਦਿਆਰਥੀਆਂ ਨੂੰ ਪੰਜਾਬੀ ਜਾਂ ਹਿੰਦੀ ਪੜ੍ਹਾਉਣ ਲੱਗ ਜਾਂਦਾ। ਪਹਿਲੀ ਨਜ਼ਰੇ ਹਰ ਕੋਈ ਉਸ ਨੂੰ ਪੰਜਾਬੀ ਜਾਂ ਹਿੰਦੀ ਦਾ ਅਧਿਆਪਕ ਸਮਝਦਾ। ਵਿਦਿਆਰਥੀਆਂ ਨੂੰ ਪੜ੍ਹਾਉਣ ਦੇ ਨਾਲ-ਨਾਲ ਉਹ ਕਬੱਡੀ ਤੇ ਖੋ-ਖੋ ਵੀ ਖਿਡਾਉਂਦਾ।



ਓਮ ਪ੍ਰਕਾਸ਼ ਗਾਸੋ


ਪੁਸਤਕ ਸਭਿਆਚਾਰ ਪੈਦਾ ਕਰਨ ਲਈ ਗਾਸੋ ਦੀ ਸਭ ਤੋਂ ਵੱਡੀ ਦੇਣ ਮਿੱਤਰ ਮੰਡਲ ਪ੍ਰਕਾਸ਼ਨ ਹੈ। ਮਿੱਤਰ ਮੰਡਲ ਪ੍ਰਕਾਸ਼ਨ ਦੀ ਸਥਾਪਨਾ 1966 ਵਿਚ ਹੋਈ ਸੀ। ਉਦੋਂ ਇਸ ਵਿਚ 200 ਦੋਸਤ ਸ਼ਾਮਲ ਸਨ, ਜਿਨ੍ਹਾਂ ਤੋਂ ਪ੍ਰਤੀ ਵਿਅਕਤੀ 5 ਰੁਪਏ ਲਏ ਗਏ ਅਤੇ ਇਸ ਬਦਲੇ 4 ਪੁਸਤਕਾਂ ਵੰਡਣ ਲਈ ਦਿੱਤੀਆਂ ਗਈਆਂ। ਇਹ ਪੁਸਤਕਾਂ ਗਾਸੋ ਦੇ ਪਹਿਲੇ ਚਾਰ ਨਾਵਲ 'ਸੁਪਨੇ ਤੇ ਸੰਸਕਾਰ', 'ਕੌਪਤਵਾਸ', 'ਆਸ ਅੰਬਰੂ' ਤੇ 'ਮਿੱਟੀ ਦਾ ਮੁੱਲ' ਸਨ। ਉਦੋਂ ਤੋਂ ਪੁਸਤਕਾਂ ਘਰ-ਘਰ ਪਹੁੰਚਾਉਣ ਦੇ ਉਪਰਾਲੇ ਜਾਰੀ ਹਨ। ਮਿੱਤਰ ਮੰਡਲ ਪ੍ਰਕਾਸ਼ਨ ਵੱਲੋਂ ਹੁਣ ਤਕ 50 ਹਜ਼ਾਰ ਤੋਂ ਵੱਧ ਪੁਸਤਕਾਂ ਵੰਡੀਆਂ ਜਾ ਚੁੱਕੀਆਂ ਹਨ ਅਤੇ ਏਨੀਆਂ ਹੀ ਹੋਰ ਵੰਡਣ ਦਾ ਟੀਚਾ ਹੈ। ਪੁਸਤਕ ਦੀ ਕੀਮਤ ਪਹਿਲਾਂ 20 ਰੁਪਏ ਹੁੰਦੀ ਸੀ, ਫਿਰ 5 ਰੁਪਏ ਦਾ ਵਾਧਾ ਕਰ ਦਿੱਤਾ ਗਿਆ। 100 ਰੁਪਏ ਵਿਚ ਪਾਠਕ ਨੂੰ ਪਹਿਲਾਂ 5 ਪੁਸਤਕਾਂ ਮਿਲਦੀਆਂ ਸਨ ਹੁਣ 4 ਮਿਲਦੀਆਂ ਹਨ। ਕੋਈ ਖੁਸ਼ੀ, ਗਮੀ, ਵਿਆਹ-ਸ਼ਾਦੀ, ਪਾਰਟੀ, ਸੇਵਾਮੁਕਤੀ ਜਾਂ ਹੋਰ ਕੋਈ ਵੀ ਸਮਾਗਮ ਹੋਵੇ ਗਾਸੋ ਹੋਰੀਂ ਕਿਤਾਬਾਂ ਦੇ ਝੋਲੇ ਭਰ ਕੇ ਪਹੁੰਚ ਜਾਂਦੇ ਹਨ।

ਗਾਸੋ ਦੀ ਪੁਸ਼ਾਕ ਸਾਦੀ ਜਿਹੀ ਪੋਚਵੀਂ ਪਗੜੀ, ਜੇਬ ਤੇ ਖੀਸੇ ਵਾਲਾ ਝੱਗਾ, ਜੇਬ 'ਚ ਪੈੱਨ, ਖੀਸੇ 'ਚ ਬੱਸ ਦਾ ਕਿਰਾਇਆ, ਝੱਗੇ ਦੇ ਰੰਗ ਦਾ ਪਜਾਮਾ ਤੇ ਦੇਸੀ ਜੁੱਤੀ ਜਾਂ ਗੁਰਗਾਬੀ ਦਾ ਹੁੰਦੈ। ਅੱਖਾਂ 'ਤੇ ਮੋਟੀਆਂ ਐਨਕਾਂ ਤੇ ਖੱਬੇ ਮੋਢੇ 'ਤੇ ਲਮਕਦਾ ਖੱਦਰ ਦਾ ਖਾਕੀ ਝੋਲਾ ਹੁੰਦੈ, ਜਿਸ ਵਿਚ ਕਿਤਾਬਾਂ ਨਾਲ ਪੋਣੇ 'ਚ ਬੱਧੇ ਘਰ ਦੇ ਮਿੱਸੇ ਪਰਾਂਠੇ ਹੁੰਦੇ ਨੇ। ਆਪ ਤਾਂ ਖਾਣੇ ਹੀ ਹੁੰਦੇ ਨੇ ਉਹ ਨਾਲ ਦਿਆਂ ਨੂੰ ਵੀ ਖੁਆਉਂਦਾ ਰਹਿੰਦੈ। ਅੱਸੀ ਸਾਲ ਦੀ ਉਮਰ ਤਕ ਹੀਰੇ ਹਿਰਨ ਵਾਂਗ ਕਿਸੇ ਨੂੰ ਡਾਹੀ ਨਹੀਂ ਸੀ ਦਿੰਦਾ ਪਰ ਹੁਣ ਖੱਬੀ ਲੱਤ ਤੋਂ ਵੀਚਕ ਜਿਹਾ ਮਾਰਨ ਲੱਗ ਪਿਐ ਤੇ ਦੰਦਾਂ ਵਿਚ ਵੀ ਪਾੜ ਪੈਣੇ ਸ਼ੁਰੂ ਹੋ ਗਏ ਨੇ। ਉਂਜ ਹੈ ਅਜੇ ਵੀ ਪੂਰੀ ਚੜ੍ਹਦੀ ਕਲਾ ਵਿਚ।

ਦਸਵੀਂ ਉਸ ਨੇ ਰਿੜ-ਖਿੜ ਕੇ ਪਾਸ ਕੀਤੀ ਸੀ। ਦਸਵੀਂ ਕਰਨ ਪਿੱਛੋਂ ਉਸ ਨੂੰ ਪਤਾ ਨਹੀਂ ਸੀ ਲੱਗ ਰਿਹਾ ਕੀ ਕੀਤਾ ਜਾਵੇ? ਕਿਸੇ ਪੀਟੀ ਮਾਸਟਰ ਨੇ ਦੱਸ ਪਾਈ ਕਿ ਉਸ ਵਾਂਗ ਮਦਰਾਸ ਤੋਂ ਕੋਰਸ ਕਰ ਲਵੇ ਤਾਂ ਪੀਟੀ ਮਾਸਟਰ ਦੀ ਨੌਕਰੀ ਵੱਟ 'ਤੇ ਪਈ ਐ। ਗਾਸੋ ਨੇ ਮਦਰਾਸ ਤੋਂ ਪੀਟੀਆਈ ਦਾ ਕੋਰਸ ਕਰ ਲਿਆ ਤਾਂ ਸੱਚੀਂ ਪੀਟੀ ਮਾਸਟਰ ਲੱਗ ਗਿਆ, ਜਿਸ ਨਾਲ ਉਹ ਆਪ ਤੇ ਉਸ ਦਾ ਪਰਿਵਾਰ ਪੈਰਾਂ ਸਿਰ ਹੋ ਗਿਆ। ਵਿਆਹ ਉਸ ਦਾ ਛੋਟੀ ਉਮਰ ਵਿਚ ਹੀ ਹੋ ਗਿਆ ਸੀ। ਸੁੱਖ ਨਾਲ ਤਿੰਨ ਪੁੱਤਰਾਂ ਤੇ ਦੋ ਧੀਆਂ ਦਾ ਬਾਪ ਹੈ। ਉਹ ਖੇਡ ਵਿੱਦਿਆ ਦਾ ਚੰਗਾ ਗਿਆਤਾ ਹੈ, ਜਿਸ ਨੇ ਕਈ ਖੇਡ ਪੁਸਤਕਾਂ ਦੀਆਂ ਭੂਮਿਕਾਵਾਂ ਲਿਖੀਆਂ ਤੇ ਪੰਜਾਬੀ ਖੇਡ ਸਾਹਿਤ ਵਿਚ ਸੀਰ ਪਾਇਆ। 1999 ਵਿਚ ਛਪੀ ਪਿਆਰਾ ਸਿੰਘ ਰਸ਼ੀਨ ਦੀ ਪੁਸਤਕ 'ਕੁਸ਼ਤੀ ਅਖਾੜੇ' ਦੀ ਭੂਮਿਕਾ ਬੰਨ੍ਹਦਿਆਂ ਉਸ ਨੇ ਲਿਖਿਆ,

ਇਕ ਵਡਮੁੱਲੀ ਰਚਨਾ

ਕੁਦਰਤ ਦੇ ਵਿਸ਼ਾਲ ਅਖਾੜੇ ਵਿਚ ਸਦੀਆਂ ਤੋਂ ਹੀ ਨਹੀਂ ਸਗੋਂ ਯੁਗਾਂ-ਯੁਗਾਂ ਤੋਂ ਮਨੁੱਖ, ਜ਼ਿੰਦਗੀ ਨੂੰ ਸੁਚੱਜਾ ਬਣਾਉਣ ਲਈ ਦੋ ਹੱਥ ਕਰਦਾ ਆ ਰਿਹਾ ਹੈ। ਉਮਰਾਂ ਦੇ ਇਸ ਅਭਿਆਸ ਵਿਚ ਬਹੁਤ ਸਾਰੇ ਦਾਅ-ਪੇਚ ਵਰਤੋਂ ਵਿਚ ਆਉਂਦੇ ਰਹੇ। ਅੰਤ ਨੂੰ ਇਹ ਦਾਅ-ਪੇਚ, ਵਿੱਦਿਆ ਤੇ ਵਿਗਿਆਨ ਦਾ ਸੰਦੇਸ਼ ਧਾਰਨ ਕਰ ਕੇ, ਸਮੇਂ, ਸਮਾਜ, ਸੰਸਕ੍ਰਿਤੀ, ਸਭਿਆਚਾਰ ਅਤੇ ਸਭਿਅਤਾ ਦੀ ਮਲਕੀਅਤ ਬਣ ਬੈਠੇ। ਜਿੱਤ-ਹਾਰ ਦੀ ਇਸ ਲੰਮੀ ਕਹਾਣੀ ਨੇ ਮਨੁੱਖ ਨੂੰ ਮੱਲ ਬਣਾਇਆ। ਮੱਲ ਦਾ ਮਤਲਬ ਹੁੰਦਾ ਹੈ, ਭੁਜਾ ਨਾਲ ਲੜਨ ਵਾਲਾ ਬਲਵਾਨ ਬੰਦਾ। ਮੱਲ ਯੁੱਧ ਦੀ ਭੂਮੀ ਨੂੰ ਅਖਾੜਾ ਆਖਿਆ ਜਾਂਦਾ ਹੈ। 'ਸਭੁ ਤੇਰਾ ਖੇਲੁ ਅਖਾੜਾ ਜੀਉ'। ਮੱਲ ਨੂੰ ਪਹਿਲਵਾਨ ਵੀ ਆਖਿਆ ਜਾਂਦਾ ਹੈ। ਪਹਿਲਵਾਨ ਦਾ ਅਰਥ ਵੀ ਸੂਰਬੀਰ, ਬਹਾਦਰ ਤੇ ਯੋਧਾ ਹੀ ਹੁੰਦਾ ਹੈ।




ਸੂਰਬੀਰਤਾ ਦੇ ਕਿਰਦਾਰ ਵਿਚ ਮੋਹਰੀ ਪੰਜਾਬ, ਜ਼ਿੰਦਗੀ ਨੂੰ ਸਦਾ ਸ਼ਰਧਾ ਨਾਲ ਸਵੀਕਾਰ ਕਰਦਾ ਰਿਹਾ। ਪੰਜਾਬ ਜ਼ਿੰਦਗੀ ਦਾ ਉਪਾਸ਼ਕ ਹੈ। ਉਮਰਾਂ ਦੇ ਅਰਥਾਂ ਨੂੰ ਸਮਝਣ ਵਾਲੀਆਂ ਕੌਮਾਂ ਸਿਆਣੀਆਂ ਹੁੰਦੀਆਂ ਹਨ। ਉਮਰਾਂ ਦੇ ਅਰਥਾਂ ਦੀ ਲੱਭਤ ਮਿਹਨਤ ਵਿਚੋਂ ਮਿਲਦੀ ਹੈ। ਮਿਹਨਤ ਕਰਨ ਵਾਲੇ ਮਨੁੱਖ ਮੱਲ ਬਣਦੇ ਹਨ। ਘੰਟਿਆਂ-ਬੱਧੀ ਮਿੱਟੀ ਦੇ ਅਖਾੜੇ ਵਿਚ ਮਿਹਨਤ ਕਰਨ ਵਾਲਾ ਮੱਲ, ਸਮਾਜ ਦੀ ਮਹਿਕ ਤੇ ਟਹਿਕ ਬਣ ਕੇ ਜਿੱਤ ਦੀ ਗੁਰਜ ਨੂੰ ਆਪਣੇ ਮੋਢੇ 'ਤੇ ਰੱਖਣ ਦਾ ਹੱਕਦਾਰ ਹੁੰਦਾ ਹੈ।

ਪਾਨਿਨੀ ਕਾਲ ਵਿਚ ਜਦੋਂ ਪੰਜਾਬ ਸਪਤ ਸਿੰਧੂ ਸੀ ਉਸ ਸਮੇਂ ਅੱਠ ਕਿਸਮ ਦੀਆਂ ਕੁਸ਼ਤੀਆਂ ਹੁੰਦੀਆਂ ਸਨ। ਉਨ੍ਹਾਂ ਵਿਚੋਂ ਇਕ ਭੇਡੂ ਕੁਸ਼ਤੀ ਵੀ ਸੀ। ਜਿਸ ਤਰ੍ਹਾਂ ਭੇਡੂ ਟਕਰਾਉਂਦੇ ਹਨ, ਇੰਝ ਹੀ ਮੱਲ ਟਕਰਾਉਂਦੇ ਸਨ। ਨਿਰਸੰਦੇਹ, ਬਦਲਦੇ ਸਮੇਂ ਨਾਲ ਜ਼ਿੰਦਗੀ ਦੇ ਬਾਹਰੀ ਪੈਂਤੜੇ ਬਦਲਦੇ ਰਹਿੰਦੇ ਹਨ ਪਰ ਇਨ੍ਹਾਂ ਬਾਹਰਲੇ ਪੈਂਤੜਿਆਂ ਨਾਲ ਜ਼ਿੰਦਗੀ ਦਾ ਮੂਲ ਨਹੀਂ ਬਦਲਦਾ। ਪੰਜਾਬ ਦੇ ਪਹਿਨਾਵੇ ਵਿਚ ਲੰਗੋਟ ਦੀ ਆਪਣੀ ਵਿਸ਼ੇਸ਼ ਥਾਂ ਹੈ। ਹਨੂਮਾਨ ਅਤੇ ਭੈਰੋਂ ਯਤੀ ਨੂੰ ਪੰਜਾਬ, ਸ਼ਕਤੀ ਦੇ ਪ੍ਰਤੀਕ ਵਾਂਗ ਪੂਜਦਾ ਰਿਹਾ। ਹਨੂਮਾਨ ਦਾ ਲੰਗੋਟ ਤੇ ਹਨੂਮਾਨ ਦਾ ਰੋਟ ਪੰਜਾਬੀ ਸਭਿਆਚਾਰ ਦਾ ਪੂਜਨੀਕ ਪ੍ਰਕਰਨ ਬਣਿਆ ਰਿਹਾ। ਪੰਜਾਬ ਭਗਤੀ ਅਤੇ ਸ਼ਕਤੀ ਦਾ ਕੇਂਦਰ ਹੈ। ਭਗਤੀ ਅਤੇ ਸ਼ਕਤੀ ਨੂੰ ਹੀ ਸੰਤ ਅਤੇ ਸਿਪਾਹੀ ਦੇ ਸੋਹਣੇ ਤੇ ਸੁਚੱਜੇ ਸੰਬੋਧਨ ਦੀ ਥਾਂ ਮਿਲੀ ਹੈ।

ਪੰਜਾਬ ਦੇ ਪੁੱਤ, ਹੋਣਹਾਰ ਜੀਵਨ-ਧਾਰਾ ਦੇ ਕਾਰਜਸ਼ੀਲ ਕਰਿੰਦੇ ਹਨ। ਅਭਿਆਸ, ਕਿਰਤ, ਕਰਮ, ਸੰਜਮ, ਸਾਧਨਾ, ਸਮਰੱਥਾ, ਸੰਘਰਸ਼, ਸਹਿਯੋਗ, ਮਨੋਰੰਜਨ, ਮੁਕਾਬਲੇ, ਮੱਲਾਂ ਮਾਰਨੀਆਂ, ਮੱਲ ਬਣ ਕੇ ਰਹਿਣਾ, ਪੰਜਾਬੀ ਜੁੱਸੇ ਦਾ ਜ਼ਰੂਰੀ ਅੰਗ ਹੈ। ਨਿਰਸੰਦੇਹ ਪੰਜਾਬ ਦੇ ਇਸ ਸੁਭਾਅ ਨੂੰ ਅੱਜ ਖੋਰਾ ਲਾਇਆ ਜਾ ਰਿਹਾ ਹੈ। ਪੰਜਾਬੀ ਸਭਿਆਚਾਰ ਦੀ ਸਵੱਛ ਤੇ ਸੁੰਦਰ ਪਿਰਤ ਬਣੀ ਰਹੀ ਹੈ ਕਿ ਸਵੇਰਸਾਰ ਕਿਸੇ 'ਮੱਲ' ਦੇ ਦਰਸ਼ਨ ਹੋ ਜਾਣ ਤਾਂ ਸਾਰਾ ਦਿਨ ਸੁਭਾਗਾ ਬੀਤਦਾ ਹੈ। ਇਸ ਲੋਕ-ਕਹਾਵਤ ਦਾ ਅਰਥ ਬੜਾ ਸਾਫ਼ ਹੈ ਕਿ ਤੰਦਰੁਸਤ, ਸੂਰਤ ਤੇ ਸੀਰਤ ਦਾ ਮਾਲਕ ਪਹਿਲਵਾਨ, ਜ਼ਿੰਦਗੀ ਦੀ ਖ਼ੁਸ਼ਨੁਮਾ ਕਹਾਣੀ ਕਹਿਣ ਵਾਲਾ ਜਿਊਂਦਾ ਜਾਗਦਾ ਹੋਣਹਾਰ ਪੁਰਸ਼ ਹੁੰਦਾ ਹੈ।

ਪਹਿਲਵਾਨ ਫੱਕਰ ਤੇ ਦਰਵੇਸ਼ ਹੁੰਦੇ ਹਨ। ਇਨ੍ਹਾਂ ਫੱਕਰਾਂ ਤੇ ਦਰਵੇਸ਼ਾਂ ਦੀ ਜ਼ਿੰਦਗੀ, ਘਾਲਣਾ, ਮਿਹਨਤ, ਮੁਸ਼ੱਕਤ, ਮਜਬੂਰੀ ਅਤੇ ਮਹਿਕ ਵਾਂਗ ਹੁੰਦੀ ਹੈ। ਇਨ੍ਹਾਂ ਦਰਵੇਸ਼ਾਂ ਤੇ ਫੱਕਰਾਂ ਬਾਰੇ ਲਿਖਣ ਵਾਲਾ ਲੇਖਕ ਪਿਆਰਾ ਸਿੰਘ ਆਪ ਵੀ ਦਰਵੇਸ਼ ਦਿਲ ਦਾ ਬੰਦਾ ਹੈ। ਸ਼ੌਕ ਦਾ ਕੋਈ ਮੁੱਲ ਨਹੀਂ ਹੁੰਦਾ। ਕੁਝ ਸ਼ੌਕ ਸਿਦਕ, ਸਿਰੜ, ਸੁੰਦਰਤਾ, ਸੰਗਰਾਮ, ਸਮਰੱਥਾ, ਸੰਘਰਸ਼ ਅਤੇ ਸਾਦਗੀ ਵਾਲੇ ਹੁੰਦੇ ਹਨ। ਪਹਿਲਵਾਨੀ ਦਾ ਸ਼ੌਕ ਸਮਾਜਿਕ ਜ਼ਿੰਦਗੀ ਨੂੰ ਚਾਰ ਚੰਨ ਲਾਉਣ ਵਾਲਾ ਹੈ। ਕਦੇ ਸਮਾਂ ਸੀ ਜਦੋਂ ਮੱਲ ਪੰਜਾਬੀ ਸਭਿਆਚਾਰ ਦਾ ਸ਼ਿੰਗਾਰ ਬਣੇ ਹੋਏ ਸਨ। ਆਮ ਬੋਲ-ਚਾਲ ਵਿਚ 'ਮੱਲ' ਸ਼ਬਦ ਦਾ ਸੰਬੋਧਨ, ਸੁਚੱਜਾ, ਪਿਆਰਾ ਤੇ ਸਤਿਕਾਰ ਵਾਲਾ ਬੋਲ ਹੁੰਦਾ ਸੀ। ਕਿਹਾ ਜਾਂਦਾ ਸੀ, 'ਕਿਉਂ ਬਈ ਮੱਲਾ ਕਿੱਥੋਂ ਦੇ ਤਿਆਰੇ ਨੇ', 'ਮੱਲ ਬਣ ਕੇ ਆਈਂ ਤੇ ਜ਼ਰਾ ਕੁ ਮੇਰੀ ਮਦਦ ਕਰੀਂ', 'ਕੀ ਹਾਲ ਐ ਮੱਲ ਦਾ' ਤੇ 'ਮੱਲਾ ਬੈਠਣ ਨੂੰ ਜ਼ਰਾ ਕੁ ਥਾਂ ਤਾਂ ਦੇਵੀਂ' ਆਦਿ।

ਪਹਿਲਵਾਨ, ਅਖਾੜੇ ਦੀ ਮਿੱਟੀ ਨੂੰ ਮਾਣਯੋਗ ਸਮਝਦਾ ਹੈ। ਇਸ ਮਰਿਆਦਾ ਮੁਤਾਬਕ ਪਹਿਲਵਾਨ ਲਈ ਅਖਾੜਾ ਪੂਜਨੀਕ ਹੁੰਦਾ ਹੈ ਤੇ ਉਹ ਇਸ ਅਖਾੜੇ ਵਿਚ ਆਪਣੇ ਦਾਅ-ਪੇਚ ਦੁਆਰਾ ਜਿੱਤ ਵੱਲ ਵਧਦਾ ਹੈ। 'ਦਾਓ' ਜਿਸ ਨੂੰ ਅਸੀਂ ਆਮ ਤੌਰ 'ਤੇ 'ਦਾਅ' ਆਖਦੇ ਹਾਂ ਦਾ ਭਾਵ ਹੁੰਦਾ ਹੈ, ਘਾਤ, ਯੋਗ ਮੌਕਾ, ਸਮਾਂ, ਵੇਲਾ ਜਾਂ ਅਵਸਰ। ਪੇਚ ਦਾ ਅਰਥ ਬਣਦਾ ਹੈ, ਘੁਮਾਓ, ਉਲਝਣ, ਛਲ ਤੇ ਕਪਟ ਆਦਿ। ਪਹਿਲਵਾਨ ਲਈ ਆਪਣੇ ਗੁਰੂ ਦੀ ਬੜੀ ਮਹੱਤਤਾ ਹੁੰਦੀ ਹੈ। ਗੁਰੂ ਅੰਗਦ ਦੇਵ ਜੀ ਤੇ ਗੁਰੂ ਹਰਗੋਬਿੰਦ ਸਾਹਿਬ ਹੋਰਾਂ ਨੇ ਪੰਜਾਬ ਵਿਚ ਅਖਾੜਿਆਂ ਦੀ ਪਿਰਤ ਪਾਈ ਸੀ। ਪੁਸਤਕ 'ਭਾਰਤ ਦੇ ਰੁਸਤਮ ਪਹਿਲਵਾਨ' ਦੀ ਭੂਮਿਕਾ ਵਿਚੋਂ:

ਭਾਰਤ ਦੀ ਪਹਿਲਵਾਨੀ ਪਰੰਪਰਾ

ਸੰਸਾਰਕ ਜ਼ਿੰਦਗੀ ਦੇ ਸੰਸਾਰਕ ਅਖਾੜਿਆਂ ਵਿਚ ਸਮਾਜ ਘੁਲਦਾ ਹੋਇਆ ਜਿੱਤਦਾ ਤੇ ਹਾਰਦਾ ਰਹਿੰਦਾ ਹੈ। ਕਦੇ ਮੁਸ਼ਕਲਾਂ ਬੰਦੇ ਨੂੰ ਢਾਹ ਲੈਂਦੀਆਂ ਹਨ ਤੇ ਕਦੇ ਬੰਦਾ ਮੁਸ਼ਕਲਾਂ 'ਤੇ ਕਾਬੂ ਪਾ ਕੇ ਉਨ੍ਹਾਂ ਉਤੇ ਸਵਾਰ ਹੋ ਬੈਠਦਾ ਹੈ। ਸਮਾਜਿਕ ਅਖਾੜਿਆਂ ਤੋਂ ਬਿਨਾਂ ਪਹਿਲਵਾਨਾਂ ਨੇ ਕੁਸ਼ਤੀ ਕਲਾ ਦੀ ਪ੍ਰਾਪਤੀ ਲਈ ਅਖਾੜੇ ਬਣਾਏ ਹੁੰਦੇ ਹਨ। ਧਰਤੀ ਉਤੇ ਗੁੱਡੇ ਉਹ ਅਖਾੜੇ ਪਹਿਲਵਾਨਾਂ ਲਈ ਪਵਿੱਤਰ ਹੁੰਦੇ ਹਨ। ਭਲਾ ਹੋਵੇ ਜੇਕਰ ਸਾਡਾ ਸਮਾਜ ਜ਼ਿੰਦਗੀ ਵਿਚ ਘੋਲ ਕਰਨ ਵਾਲੇ ਅਖਾੜਿਆਂ ਨੂੰ ਪੂਜਨੀਕ ਸਮਝਣ ਲੱਗ ਪਵੇ:

ਪਹਿਲਵਾਨ ਸਭਿਆਚਾਰਕ ਵਿਰਸੇ ਦੀ ਪਵਿੱਤਰਤਾ ਦੇ ਸੰਸਕ੍ਰਿਤਕ ਸੂਤਰ ਹੁੰਦੇ ਹਨ।

ਪਹਿਲਵਾਨ ਸਵਾਸਥ ਦਾਰਸ਼ਨਿਕ ਦੀ ਸੁਚੱਜੀ ਦਿੱਖ ਹੁੰਦੇ ਹਨ।

ਪਹਿਲਵਾਨ ਪੂਜਨੀਕ ਪਰੰਪਰਾ ਦੀ ਪਛਾਣ ਹੁੰਦੇ ਹਨ।

ਪਹਿਲਵਾਨ ਪ੍ਰੇਰਨਾ ਦੇ ਪ੍ਰਤੀਕ ਹੁੰਦੇ ਹਨ।

ਪਹਿਲਵਾਨ ਤਾਂ ਰੱਬ ਦਾ ਰੂਪ ਹੁੰਦੇ ਹਨ।

ਦਰਵੇਸ਼ ਦਿਲਾਂ ਦੇ ਮਾਲਕ, ਪਹਿਲਵਾਨ ਫੱਕਰ ਉਮਰ ਦੀ ਉਪਾਸ਼ਨਾ ਕਰਦਿਆਂ-ਕਰਦਿਆਂ ਧਰਤੀ ਮਾਂ ਦੀ ਮਿੱਟੀ ਨੂੰ ਆਪਣੇ ਮੱਥੇ ਦਾ ਸੁਭਾਗ ਸਮਝਦੇ ਰਹਿੰਦੇ ਹਨ।

ਪਹਿਲਵਾਨ ਸ਼ਕਤੀ ਦਾ ਸੂਚਕ ਹੁੰਦੇ ਹਨ।

ਪਹਿਲਵਾਨ ਪੂਜਨੀਕ ਹੁੰਦੇ ਹਨ।

ਪਹਿਲਵਾਨ ਸਾਧਾਂ ਵਰਗੇ ਹੁੰਦੇ ਹਨ।

ਹਨੂਮਾਨ ਲਈ ਜਿੱਥੇ ਮੰਨ ਤੇ ਮੰਨੀ ਦੇ ਚੜ੍ਹਾਵੇ ਦੀ ਪਰੰਪਰਾ ਹੈ, ਉਥੇ ਹਨੂਮਾਨ ਦੀ ਮੂਰਤੀ ਉਤੇ ਲੰਗੋਟ ਦੇ ਚੜ੍ਹਾਵੇ ਦੀ ਸ਼ਰਧਾ ਦਾ ਪ੍ਰਚਲਨ ਵੀ ਬਣਿਆ ਹੋਇਆ ਹੈ। ਕਿੱਕਰ ਸਿੰਘ, ਗਾਮਾ ਅਤੇ ਕਰਤਾਰ ਸਿੰਘ ਆਦਿ ਪਹਿਲਵਾਨਾਂ ਬਾਰੇ ਪੜ੍ਹਦਿਆਂ ਇੰਜ ਮਹਿਸੂਸ ਹੁੰਦਾ ਹੈ ਜਿਵੇਂ ਅਗਿਆਤ ਅੱਖਰਾਂ ਦੇ ਅੰਗ-ਸੰਗ ਤੁਰਦੇ-ਤੁਰਦੇ ਕਿਸੇ ਅਣਪਛਾਤੀ ਸਿਖਰ ਦੀ ਪੂਜਾ ਕਰਨ ਲੱਗ ਪਏ ਹੋਈਏ। ਇਸ ਪੁਸਤਕ ਦੇ ਪੜ੍ਹਨ ਨਾਲ ਜਿਵੇਂ ਰਾਜਿਆਂ- ਮਹਾਰਾਜਿਆਂ, ਨਵਾਬਾਂ ਦੇ ਸ਼ੌਕ, ਪਿੰਡਾਂ, ਰਿਆਸਤਾਂ, ਇਲਾਕਿਆਂ, ਰਿਆਸਤਾਂ ਤੇ ਖਿੱਤਿਆਂ ਦੇ ਕਰਮ ਦੀ ਪੂਰਤੀ ਕਰਨ ਵਾਲੇ ਇਤਿਹਾਸ ਦੀਆਂ ਗੱਲਾਂ ਆਪ ਮੁਹਾਰੇ ਹੀ ਅਸਾਡੇ ਆਪੇ ਵਿਚ ਰਚ-ਮਿਚ ਗਈਆਂ ਹੋਣ।

ਪਹਿਲਵਾਨੀ ਦੇ ਅਤਿ ਉੱਤਮ ਗੁਣਾਂ ਵਿਚੋਂ ਜਾਤ-ਪਾਤ, ਫਿਰਕਿਆਂ, ਮਜ਼੍ਹਬਾਂ, ਸੰਕੀਰਣਤਾ ਤੇ ਸੰਪਰਦਾਇਕਤਾ ਦੀ ਕੋਈ ਥਾਂ ਨਹੀਂ। ਪਹਿਲਵਾਨ ਖੁਸ਼ਇਖ਼ਲਾਕ ਜ਼ਿੰਦਗੀ ਦੀਆਂ ਖ਼ੁਸ਼ੀਆਂ ਦੇ ਸੋਮੇ ਹੁੰਦੇ ਹਨ। ਬਹਾਦਰੀ, ਸੂਰਬੀਰਤਾ, ਸ਼ਕਤੀ, ਸਮਰੱਥਾ ਅਤੇ ਸੰਘਰਸ਼ ਕਾਰਨ ਪਹਿਲਵਾਨੀ ਦੀ ਪਛਾਣ ਬਣੀ ਰਹਿੰਦੀ ਹੈ। ਪਹਿਲਵਾਨ ਦੇ ਹੋਣਹਾਰ ਜੁੱਸੇ ਦੇ ਹੁਨਰ ਨੂੰ ਵੇਖ ਕੇ ਆਮ ਆਦਮੀ ਨੂੰ ਵੀ ਪ੍ਰੇਰਨਾ ਮਿਲਦੀ ਰਹਿੰਦੀ ਹੈ। ਪਹਿਲਵਾਨੀ ਪ੍ਰਤਿਭਾ ਦੀ ਖ਼ੁਸ਼ਬੂਦਾਰ ਖ਼ੂਬਸੂਰਤੀ ਦੇ ਪ੍ਰਭਾਵ ਸਦਕਾ ਆਮ ਆਦਮੀ ਦੀ ਅੰਤਰਿਕਤਾ ਅੰਦਰ ਵੀ ਹੌਸਲਾ ਠਾਠਾਂ ਮਾਰਨ ਲੱਗ ਪੈਂਦਾ ਹੈ। ਇਸ ਤਰ੍ਹਾਂ ਇਸ ਪੁਸਤਕ ਨੂੰ ਅਣਪਛਾਤੇ ਕਿਰਦਾਰ ਦੀ ਕਰਾਮਾਤੀ ਕਿਰਤ ਵਜੋਂ ਸਵੀਕਾਰ ਕਰ ਸਕਦੇ ਹਾਂ ਕਿਉਂਕਿ ਇਸ ਪੁਸਤਕ ਦੁਆਰਾ ਭਾਰਤ ਦੀ ਪਹਿਲਵਾਨੀ ਪ੍ਰੰਪਰਾ ਦੇ ਪੜਾਅ ਦੀ ਇਤਿਹਾਸਕ ਜਾਣਕਾਰੀ ਵਾਲਾ ਇਕ ਮਹੱਤਵਪੂਰਨ ਅਧਿਆਏ ਮੂਰਤੀਮਾਨ ਹੋ ਸਕਿਆ ਹੈ।

(ਬਾਕੀ ਅਗਲੇ ਸਫੇ 'ਤੇ)

# ਬੇਈਮਾਨੀ ਵਿਚ ਵੀ ਅਸੂਲਾਂ ਦਾ ਪਾਬੰਦ ਰਿਸ਼ਵਤਖ਼ੋਰ

ਮਾਨਸ ਤੋਂ ਦੇਵਤਾ

1998 ਵਿਚ ਮੇਰੇ 'ਪੰਜਾਬੀ ਟ੍ਰਿਬਿਊਨ' ਦਾ ਸੰਪਾਦਕ ਲੱਗਣ ਤੋਂ ਕੁਛ ਹੀ ਸਮੇਂ ਮਗਰੋਂ ਮੇਰਾ ਦਿੱਲੀ ਦਾ ਮਿੱਤਰ ਚੰਨਣ ਸਿੰਘ ਨਿੱਝਰ, ਜੀਹਨੂੰ ਉਹਦੇ ਨੇੜਲੇ ਸਭ ਚੰਨੀ ਆਖਦੇ ਸਨ, ਆਪਣੀ ਪਤਨੀ ਸਮੇਤ ਮੇਰੇ ਕੋਲ ਆ ਟਿਕਿਆ। ਉਹ ਲੇਖਕ ਤਾਂ ਨਹੀਂ ਸੀ ਪਰ ਪਾਠਕ ਬੜੀ ਲਗਨ ਵਾਲਾ ਸੀ। ਮੇਰੇ ਦਿੱਲੀ ਪਹੁੰਚਣ ਤੋਂ ਪਹਿਲਾਂ ਤੋਂ ਉਸ ਦੀ ਜਸਵੰਤ ਸਿੰਘ ਕੰਵਲ ਨਾਲ ਬਹੁਤ ਨੇੜਲੀ ਦੋਸਤੀ ਸੀ। ਕੰਵਲ ਨੇ ਹੀ ਸਾਡੀ ਜਾਣ-ਪਛਾਣ ਕਰਵਾਈ, ਜੋ ਛੇਤੀ ਹੀ ਦੋਵਾਂ ਪਰਿਵਾਰਾਂ ਦੀ ਦੋਸਤੀ ਬਣ ਗਈ। ਕੁਝ ਸਮੇਂ ਵਿਚ ਹੀ ਸਾਡੇ ਦੋਵੇਂ ਪਰਿਵਾਰ ਇਕੋ ਪਰਿਵਾਰ ਦਾ ਰੂਪ ਧਾਰ ਗਏ।



ਗੁਰਬਚਨ ਸਿੰਘ ਭੁੱਲਰ
ਫੋਨ: +807-636-3058

ਚੰਨੀ ਬੱਬਰ ਲਹਿਰ ਦੇ ਸੰਗਰਾਮੀਏ ਅਤੇ ਚਰਚਿਤ ਪੁਸਤਕ 'ਬੱਬਰ ਅਕਾਲੀ ਲਹਿਰ ਦਾ ਇਤਿਹਾਸ' ਦੇ ਲੇਖਕ ਮਿਲਖਾ ਸਿੰਘ ਨਿੱਝਰ ਦਾ ਪੁੱਤਰ ਸੀ, ਜਿਸ ਨੂੰ ਅਸੀਂ ਸਭ ਭਾਈਆ ਜੀ ਆਖਦੇ ਸਾਂ। ਭਾਈਆ ਜੀ ਨਾਲ ਮੇਰੀ ਨੇੜਤਾ ਚੰਨੀ ਵਾਲੇ ਰਾਹੋਂ ਹੀ ਹੋਈ ਸੀ। ਉਹ ਉਰਦੂ ਵਿਚ ਕੁਝ ਜਮਾਤਾਂ ਪੜ੍ਹੇ ਹੋਏ ਸਨ ਪਰ ਪੰਜਾਬੀ ਲਿਖਣ-ਪੜ੍ਹਨ 'ਚ ਉਨ੍ਹਾਂ ਦਾ ਹੱਥ ਤੰਗ ਹੀ ਸੀ। ਇਸ ਲਈ ਉਹ ਆਪ ਲਹਿਰ ਵਿਚ ਸ਼ਾਮਲ ਰਹੇ ਹੋਣ ਦੇ ਤੇ ਇਤਿਹਾਸ ਲਿਖਣ ਦੀ ਜ਼ੋਰਦਾਰ ਇੱਛਾ ਦੇ ਬਾਵਜੂਦ ਏਡੇ ਵੱਡੇ ਕੰਮ ਨੂੰ ਹੱਥ ਪਾਉਣ ਤੋਂ ਝਿਜਕਦੇ ਸਨ। ਆਖ਼ਰ ਸੋਧ-ਸੁਧਾਈ, ਸੰਪਾਦਨ ਤੇ ਪ੍ਰਕਾਸ਼ਨ ਸਮੇਤ ਮੇਰੀ ਮੁਕੰਮਲ ਸਹਿਯੋਗ ਦੀ ਪੇਸ਼ਕਸ਼ ਉਨ੍ਹਾਂ ਤੋਂ ਬੱਬਰ ਲਹਿਰ ਦਾ ਇਹ ਇਤਿਹਾਸ ਲਿਖਵਾਉਣ ਦੀ ਮੁੱਖ ਪ੍ਰੇਰਕ ਬਣੀ।

ਚੰਨੀ-ਜੋੜੀ ਦਾ ਸਾਡੇ ਕੋਲ ਚੰਡੀਗੜ੍ਹ ਆ ਕੇ ਰਹਿਣਾ '84 ਦੇ ਸਿੱਖ ਕਤਲੇਆਮ ਨਾਲ ਜਾ ਜੁੜਦਾ ਸੀ। ਕੁਰਬਾਨੀ ਵਾਲੇ ਦੇਸ਼ਭਗਤ ਪਿਤਾ ਦਾ ਪੁੱਤਰ ਹੋਣ ਦੇ ਨਾਤੇ ਉਸ ਨੂੰ ਪਰਿਵਾਰ ਸਮੇਤ ਲੁਕ-ਛਿਪ ਕੇ ਕੱਟੇ ਦੰਗਿਆਂ ਦੇ ਦਿਨ ਬਹੁਤ ਪ੍ਰੇਸ਼ਾਨ ਕਰਦੇ। ਉਹਦਾ ਕਹਿਣਾ ਸੀ, ਦਿੱਲੀ ਹੁਣ ਰਹਿਣ ਯੋਗ ਨਹੀਂ ਰਹਿ ਗਈ! ਜਿੱਥੇ ਸੁਤੰਤਰਤਾ-ਸੰਗਰਾਮੀਆਂ ਦੇ ਪਰਿਵਾਰਾਂ ਨੂੰ ਜਾਨ ਬਚਾਉਣ ਵਾਸਤੇ ਲੁਕਦੇ ਫਿਰਨਾ ਪੈਂਦਾ ਹੈ, ਉਥੇ ਕੀ ਰਹਿਣਾ!

ਜਿਉਂ ਹੀ ਆਵਾਜਾਈ ਬੇਖ਼ਤਰਾ ਹੋਈ, ਉਹਨੇ ਚੰਡੀਗੜ੍ਹ ਜਾ ਕੇ ਪਲਾਟ ਖ਼ਰੀਦਿਆ ਅਤੇ ਮਕਾਨ ਪਾਉਣਾ ਸ਼ੁਰੂ ਕਰ ਦਿੱਤਾ। ਕੰਧਾਂ ਉੱਸਰ ਗਈਆਂ ਅਤੇ ਲੈਂਟਰ ਪੈ ਗਏ ਭਾਵ, ਮਕਾਨ ਦਾ ਨੰਗਾ ਢਾਂਚਾ ਖੜ੍ਹਾ ਹੋ ਗਿਆ। ਏਨੇ ਸਮੇਂ ਵਿਚ ਸਿੱਧੇ ਨੁਕਸਾਨ, ਖ਼ਾਸ ਕਰਕੇ ਜਾਨੀ ਨੁਕਸਾਨ ਦੀ ਮਾਰ ਵਿਚ ਆਏ ਪਰਿਵਾਰਾਂ ਤੋਂ ਇਲਾਵਾ ਬਾਕੀ ਸਭਨਾਂ ਲਈ ਜੀਵਨ ਲਗਭਗ ਸਾਧਾਰਨ ਤੋਰ ਤੁਰਨ ਲੱਗ ਪਿਆ। ਇਸ ਮਾਹੌਲ ਦੇ ਹਵਾਲੇ ਨਾਲ ਚੰਨੀ ਦੇ ਇਕੋ-ਇਕ ਬੇਟੇ ਨੇ ਵੀ ਕਹਿ ਦਿੱਤਾ ਕਿ ਹੁਣ ਜਦੋਂ ਹਾਲਾਤ ਸਾਧਾਰਨ ਵਰਗੇ ਹੋ ਗਏ ਹਨ, ਉਹ ਦਿੱਲੀ ਹੀ ਟਿਕਿਆ ਰਹਿਣਾ ਚਾਹੇਗਾ। ਉਸ ਲਈ ਦਿੱਲੀ ਦਾ ਕੰਮ-ਧੰਦਾ ਛੱਡ ਕੇ ਚੰਡੀਗੜ੍ਹ ਜਾਣਾ ਤੇ ਉਥੇ ਨਵੇਂ ਸਿਰਿਉਂ ਕਾਰੋਬਾਰ ਖੜ੍ਹਾ ਕਰਨਾ ਸੰਭਵ ਨਹੀਂ ਹੋਵੇਗਾ।

ਪਰਿਵਾਰਕ ਵਿਚਾਰ-ਚਰਚਾ ਦਾ ਨਤੀਜਾ ਇਹ ਨਿਕਲਿਆ ਕਿ ਪਰਿਵਾਰ ਦਿੱਲੀ ਰਹਿੰਦਾ ਰਿਹਾ ਅਤੇ ਚੰਡੀਗੜ੍ਹ ਵਾਲਾ ਨੰਗ-ਮੁਨੰਗਾ ਢਾਂਚਾ ਉਵੇਂ ਦਾ ਉਵੇਂ ਖੜ੍ਹਾ ਰਹਿ ਗਿਆ। ਹੁਣ ਚੰਨੀ ਸਾਡੇ ਕੋਲ ਇਸ ਮੰਤਵ ਨਾਲ ਆਇਆ ਸੀ ਕਿ ਉਸ ਢਾਂਚੇ ਨੂੰ ਕੋਠੀ ਦੀ ਸ਼ਕਲ ਦੇ ਦੇਵੇ ਅਤੇ ਆਖ਼ਰ ਨੂੰ ਜਾਂ ਤਾਂ ਵੇਚ ਦੇਵੇ ਜਾਂ ਕਿਰਾਏ 'ਤੇ ਦੇ ਦੇਵੇ।

ਵਿਚਕਾਰ ਬਾਰਾਂ ਸਾਲ ਬੀਤ ਗਏ ਸਨ। ਉਸ ਨੇ ਕਿਹਾ, 'ਸ਼ਾਇਦ ਕੁਛ ਸਰਕਾਰੀ ਮਹਿਕਮਿਆਂ ਨਾਲ ਵਾਹ ਪਵੇ। ਮੈਨੂੰ ਤਾਂ ਜੀਵਨ ਵਿਚ ਅਜਿਹੇ ਕੰਮਾਂ ਦਾ ਕੋਈ ਅਨੁਭਵ ਰਿਹਾ ਹੀ ਨਹੀਂ। ਚੇਤੇ 'ਤੇ ਜ਼ੋਰ ਪਾ ਕੇ ਉਸ ਨੇ ਅਜਿਹੀਆਂ ਗੱਲਾਂ ਦਾ ਜਾਣਕਾਰ ਇਕ ਵਾਕਿਫ਼ ਬੰਦਾ ਪਛਾਣ ਲਿਆ। ਉਹਨੇ ਦੱਸਿਆ ਕਿ ਪਹਿਲਿਆਂ ਮਨਜ਼ੂਰੀਆਂ ਨੂੰ ਬਹੁਤ ਸਮਾਂ ਹੋ ਗਿਆ। ਕਈ ਨੇਮ ਬਦਲ ਜਾਂਦੇ ਹਨ, ਕਈ ਟੈਕਸ ਨਵੇਂ ਲੱਗ ਜਾਂਦੇ ਹਨ ਜਾਂ ਪਹਿਲੇ ਵਧ ਜਾਂਦੇ ਹਨ। ਮੁੱਕਦੀ ਗੱਲ, ਜੇ ਕਿਸੇ ਮਹਿਕਮੇ ਕੋਲ ਜਾਣ ਦੀ ਕੋਈ ਕਾਨੂੰਨੀ ਲੋੜ ਨਾ ਵੀ ਹੋਵੇ, ਉਹ ਤਦ ਵੀ ਏਨੇ ਸਮੇਂ ਦੀ ਵਿੱਥ ਨਾਲ ਕੰਮ ਦੁਬਾਰਾ ਸ਼ੁਰੂ ਹੋਇਆ ਦੇਖ ਕੇ ਆ ਦਰਸ਼ਨ ਦੇਣਗੇ ਤੇ ਕਹਿਣਗੇ, ਸਾਨੂੰ ਪੁੱਛੇ-ਦੱਸੇ ਬਿਨਾਂ ਹੀ ਤੁਸੀਂ ਕੀ ਕਰਨ ਲੱਗ ਪਏ ਮਹਾਰਾਜ? ਉਹ ਮੁਸਕਰਾਇਆ, 'ਚਾਹ-ਪਾਣੀ' ਤਾਂ ਹਰ ਕੋਈ ਲਵੇਗਾ ਹੀ!

ਚੰਨੀ ਨੇ ਮੇਰੇ ਨਾਲ ਇਹ ਗੱਲ ਬੜੀ ਘਬਰਾਹਟ ਜਿਹੀ ਨਾਲ ਸਾਂਝੀ ਕੀਤੀ। ਉਸ ਦੀ ਮੁਸ਼ਕਿਲ ਇਹ ਸੀ ਕਿ ਉਸ ਨੂੰ ਚਾਹ-ਪਾਣੀ, ਭਾਵ ਰਿਸ਼ਵਤ ਦੇਣ ਦਾ ਕੋਈ ਅਨੁਭਵ ਨਹੀਂ ਸੀ। ਉਸ ਦੀ ਨੌਕਰੀ ਵੀ ਅਜਿਹੀ ਰਹੀ ਸੀ, ਜਿਸ ਵਿਚ ਆਮ ਲੋਕਾਂ ਨਾਲ ਵਰਤੋਂ-ਵਿਹਾਰ ਦਾ ਕੋਈ ਆਧਾਰ ਨਹੀਂ ਸੀ ਹੁੰਦਾ ਤੇ ਇਸ ਲਈ ਕਿਸੇ ਚਾਹਵਾਨ ਕਰਮਚਾਰੀ ਲਈ ਵੀ ਰਿਸ਼ਵਤ ਦੀ ਕੋਈ ਗੁੰਜਾਇਸ਼ ਨਹੀਂ ਸੀ ਹੁੰਦੀ। ਚੰਨੀ ਤਾਂ ਸੰਸਕਾਰਾਂ ਤੇ ਪਰਵਰਿਸ਼ ਦੇ ਪੱਖੋਂ ਹੀ ਅਜਿਹੀਆਂ ਗੱਲਾਂ ਤੋਂ ਦੂਰ ਭੱਜਦਾ ਸੀ। ਉਹ ਏਅਰਲਾਈਨਜ਼ ਵਿਚੋਂ ਇੰਜਨੀਅਰ ਦੀ ਪਦਵੀ ਤੋਂ ਸੇਵਾ-ਮੁਕਤ ਹੋਇਆ ਸੀ।

ਮੈਂ ਸਮਝਾਇਆ ਕਿ ਉਹ ਤਾਂ ਹੱਥ ਗਰਮ ਕਰੇ ਬਿਨਾਂ ਤੈਨੂੰ ਫ਼ਾਈਲ ਦੇ ਦਰਸ਼ਨ ਤਕ ਨਹੀਂ ਕਰਵਾਉਣਗੇ ਤੇ ਮੂੰਹ ਪਾੜ ਕੇ ਮਾਇਆ ਮੰਗਣਗੇ, ਇਸ ਸੂਰਤ ਵਿਚ ਤੈਨੂੰ ਕੀ ਪ੍ਰੇਸ਼ਾਨੀ ਹੈ! ਮੈਨੂੰ ਪੂਰੀ ਜ਼ਿੰਦਗੀ ਵਿਚ ਸਿਰਫ਼ ਇਕ ਵਾਰ ਅਜਿਹਾ ਦਫ਼ਤਰੀ ਵਾਹ ਪਿਆ ਸੀ ਤੇ ਮੇਰਾ ਅਨੁਭਵ ਬਹੁਤ ਦਿਲਚਸਪ ਹੋਣ ਦੇ ਨਾਲ-ਨਾਲ ਗਿਆਨ-ਵਧਾਊ ਵੀ ਰਿਹਾ ਸੀ। ਮੈਂ ਉਹ ਕਿੱਸਾ ਉਹਨੂੰ ਕਹਿ ਸੁਣਾਇਆ।

ਜਿਸ ਪਲਾਟ ਉਤੇ ਮੇਰਾ ਘਰ ਹੈ, ਅਜਿਹੇ ਪਲਾਟ ਸਰਕਾਰ ਨੇ ਸਾਨੂੰ 99 ਸਾਲ ਦੀ ਲੀਜ਼ 'ਤੇ ਦਿੱਤੇ ਹੋਏ ਸਨ। ਹਰ ਸਾਲ ਲੀਜ਼ ਦੇ ਪੈਸੇ ਵਸੂਲੇ



ਜਾਂਦੇ ਜੋ ਹੌਲੀ-ਹੌਲੀ ਵਧਾਏ ਜਾਂਦੇ ਰਹਿੰਦੇ ਸਨ। 99 ਸਾਲ ਪਿੱਛੋਂ ਲੀਜ਼ ਨਵਿਆਈ ਜਾਣੀ ਸੀ। ਵਿਚ-ਵਿਚਾਲੇ ਕਈ ਪੀੜ੍ਹੀਆਂ ਲੰਘ ਜਾਣੀਆਂ ਸਨ। ਕੀ ਪਤਾ ਉਦੋਂ ਕਿਸ ਰਾਜੇ ਦੀ ਕੌਣ ਪਰਜਾ ਹੋਣੀ ਸੀ! ਲੀਜ਼ ਦਾ ਇਕੋ ਵੱਡਾ ਘਾਟਾ ਸੀ। ਜੇ ਘਰ ਵੇਚਣਾ ਹੋਵੇ, ਸਰਕਾਰ ਦੀ ਆਗਿਆ ਜ਼ਰੂਰੀ ਸੀ, ਜੋ ਕੋਈ ਸੌਖਾ ਕੰਮ ਵੀ ਨਹੀਂ ਸੀ ਤੇ ਨਫ਼ੇ ਦਾ ਵੱਡਾ ਹਿੱਸਾ ਵੀ ਸਰਕਾਰ ਮਾਰ ਜਾਂਦੀ ਸੀ। ਲੋਕਾਂ ਨੇ ਇਹਦਾ ਵਧੀਆ ਹੱਲ ਮੁਖ਼ਤਿਆਰਨਾਮੇ ਦੇ ਰੂਪ ਵਿਚ ਕੱਢਿਆ ਹੋਇਆ ਸੀ। ਵਿਕਰੇਤਾ ਖ਼ਰੀਦਦਾਰ ਨੂੰ ਕਾਨੂੰਨੀ ਮੁਖ਼ਤਿਆਰਨਾਮਾ ਲਿਖ ਦਿੰਦਾ ਸੀ। ਅੱਧੀ ਦਿੱਲੀ ਇਉਂ ਵਿਕੀ ਹੋਈ ਸੀ। ਸਭ ਆਖਦੇ ਸਨ ਕਿ ਦਿੱਲੀ ਵਿਚ ਇਕ ਮਾਮਲਾ ਵੀ ਅਜਿਹਾ ਨਹੀਂ ਸੀ ਸੁਣਿਆ ਗਿਆ ਕਿ ਕਿਸੇ ਮਾਲਕ ਨੇ ਪੈਸੇ ਲੈ ਕੇ ਕਦੀ ਬਾਅਦ ਵਿਚ ਖ਼ਰੀਦਦਾਰ ਦਾ ਮੁਖ਼ਤਿਆਰਨਾਮਾ ਰੱਦ ਕਰ ਦਿੱਤਾ ਹੋਵੇ।

ਆਖ਼ਰ ਸਰਕਾਰੀ ਮਹਿਕਮੇ ਨੇ ਸੋਚਿਆ ਕਿ ਪਲਾਟ ਲੀਜ਼ ਦੀ ਥਾਂ ਫ਼ਰੀਹੋਲਡ ਕਰਦਿਆਂ ਇਕੋ ਵਾਰ ਮੋਟੀ ਮਾਇਆ ਵਸੂਲ ਕੇ ਆਪਣੇ ਖ਼ਜ਼ਾਨੇ ਭਰਪੂਰ ਕਿਉਂ ਨਾ ਕਰ ਲਏ ਜਾਣ! ਫ਼ਰੀਹੋਲਡ ਦਾ ਭਾਵ ਸੀ, ਵੇਚਣ ਦੇ ਅਧਿਕਾਰ ਸਮੇਤ ਮੁਕੰਮਲ ਮਾਲਕੀ। ਪਲਾਟ ਦੇ ਆਕਾਰ ਦੇ ਹਿਸਾਬ ਨਾਲ ਮਾਇਆ ਦੱਸ ਦਿੱਤੀ ਗਈ। ਮੈਂ ਉਨ੍ਹਾਂ ਦੇ ਮੰਗੇ ਹੋਏ ਸਾਰੇ ਕਾਗ਼ਜ਼-ਪੱਤਰ ਡਰਾਫ਼ਟ ਸਮੇਤ ਭੇਜ ਦਿੱਤੇ। ਹੁਕਮ ਹੋਇਆ, ਅਮਕੀ ਤਾਰੀਖ਼ ਦੋ ਗਵਾਹ ਲੈ ਕੇ ਆ ਜਾਓ। ਮੈਂ ਦੋ ਲੇਖਕ ਮਿੱਤਰਾਂ ਨੂੰ ਲੈ ਕੇ ਦਫ਼ਤਰ ਪਹੁੰਚ ਗਿਆ। ਕਲਰਕ ਦੇਵਤਾ ਨੂੰ ਨਾਂ ਦੱਸਿਆ ਤੇ ਫ਼ਾਈਲ ਬਾਰੇ ਪੁੱਛਿਆ। ਉਹਨੇ ਦਰਾਜ਼ ਵਿਚੋਂ ਫ਼ਾਈਲ ਕੱਢ ਕੇ ਦਿਖਾਈ ਅਤੇ 'ਫ਼ਾਈਲ ਤਾਂ ਤਿਆਰ ਹੈ ਜੀ' ਆਖ ਕੇ ਦਰਾਜ਼ ਵਿਚ ਹੀ ਰੱਖ ਦਿੱਤੀ।

ਮੈਂ ਹੱਥ ਵਧਾਇਆ, 'ਵਾਪਸ ਕਿਉਂ ਰੱਖ ਦਿੱਤੀ! ਕਿਰਪਾ ਕਰੋ, ਮੈਂ ਜਾਵਾਂ।' ਉਹ ਮੁਸਕਰਾਇਆ, 'ਪਹਿਲਾਂ ਤੁਸੀਂ ਵੀ ਤਾਂ ਕਿਰਪਾ ਕਰੋ ਚਾਹ-ਪਾਣੀ ਦੀ।'

ਮੈਂ ਮਚਲਾ ਬਣ ਕੇ ਕਿਹਾ, 'ਸੁੱਕੀ ਚਾਹ ਕਿਉਂ ਜੀ, ਨਾਲ ਸਮੋਸੇ ਵੀ। ਉਠੋ, ਕੈਂਟੀਨ ਕਿਧਰ ਹੈ ਕਿ ਉਹ ਇਥੇ ਭੇਜ ਦੇਣਗੇ?'

ਉਹਨੇ ਹੱਥ ਵਧਾਇਆ, 'ਅਸੀਂ ਆਪੇ ਮਗਰੋਂ ਪੀ ਲਵਾਂਗੇ, ਤੁਸੀਂ ਨਕਦ ਹੀ ਦੇ ਦਿਓ।'

ਮੈਂ ਫੇਰ ਮੂਰਖ ਬਣਨਾ ਠੀਕ ਸਮਝਿਆ, 'ਬਾਥਰੂਮ ਕਿਧਰ ਹੈ? ਮੈਂ ਬਟੂਏ ਵਿਚੋਂ ਕੱਢ ਕੇ ਮੁੱਠੀ ਵਿਚ ਛੁਪਾ ਲਿਆਵਾਂ।'

ਉਹ ਬੇਧੜਕ ਬੋਲਿਆ, 'ਤੁਸੀਂ ਬੇਫ਼ਿਕਰ ਹੋ ਕੇ ਪਰਸ ਖੋਲ੍ਹੋ ਤੇ ਐਨੀ ਮਾਇਆ ਮੇਰੇ ਹਵਾਲੇ ਕਰੋ।' ਮੈਂ ਵੱਡੇ ਸਾਰੇ ਕਮਰੇ ਵਿਚ ਨਜ਼ਰ ਫੇਰ ਕੇ ਡਰ ਦਾ ਨਾਟਕ ਕੀਤਾ, 'ਦਰਜਨ ਦੇ ਕਰੀਬ ਤੁਹਾਡੇ ਸਹਿਕਰਮੀ ਬੈਠੇ ਹਨ। ਹਰ ਇਕ ਦੇ ਮੇਜ਼ ਕੋਲ ਮਜਮਾ ਲਗਿਆ ਹੋਇਆ ਹੈ। ਏਨੀ ਖ਼ਲਕਤ ਦੇ ਸਾਹਮਣੇ...?' ਉਹਨੇ ਗੱਲ ਮੁਕਦੀ ਕਰਨੀ ਠੀਕ ਸਮਝੀ, 'ਇਹ ਸਾਰੀ ਖ਼ਲਕਤ ਤਾਂ ਤੁਹਾਡੇ ਵਾਂਗ ਪੈਸੇ ਦੇਣ ਵਾਲੀ ਹੈ। ਤੇ ਮੇਰੇ ਸਹਿਕਰਮੀ ਇਕ ਦੂਜੇ ਦੇ ਨੋਟਾਂ ਵੱਲ ਦੇਖ ਕੇ ਈਰਖਾ ਨਹੀਂ ਕਰਦੇ ਕਿਉਂਕਿ ਸ਼ਾਮ ਨੂੰ ਸਭ ਨੇ ਇਕੋ ਮੇਜ਼ ਉਤੇ ਜੇਬਾਂ ਖ਼ਾਲੀ ਕਰਨੀਆਂ ਹਨ। ਉਸ ਢੇਰੀ ਵਿਚੋਂ ਉਪਰਲਿਆਂ ਦਾ ਹਿੱਸਾ ਪਾਸੇ ਰੱਖ ਕੇ ਬਾਕੀ ਸਭ ਨੂੰ ਬਰਾਬਰ-ਬਰਾਬਰ ਮਾਲ ਮਿਲ ਜਾਂਦਾ ਹੈ। ਸਾਰੀ ਦੁਨੀਆ ਵਿਸ਼ਵਾਸ ਤੇ ਈਮਾਨਦਾਰੀ ਉਤੇ ਹੀ ਖੜ੍ਹੀ ਹੈ, ਸਰਦਾਰ ਸਾਹਿਬ!... ਹੁਣ ਤੁਸੀਂ ਆਪਣਾ ਦੋਵਾਂ ਦਾ ਸਮਾਂ ਖ਼ਰਾਬ ਨਾ ਕਰੋ।'

ਚੰਨੀ ਨੂੰ ਆਪਬੀਤੀ ਸੁਣਾ ਕੇ ਮੈਂ ਕਿਹਾ, 'ਘਬਰਾ ਨਾ, ਸਭ ਆਪੇ ਹੀ ਮੰਗਣਗੇ। ਉਨ੍ਹਾਂ ਦਾ ਰੋਜ਼ ਦਾ ਕੰਮ ਹੈ।' ਬਾਕੀ ਸਭ ਤਾਂ ਚਲੋ ਠੀਕ ਹੀ ਸੀ, ਇਕ ਕੰਮ ਬੜਾ ਕਸੂਤਾ ਸੀ। ਬਿਜਲੀ ਵਾਲਿਆਂ ਨੇ ਚੰਨੀ ਦੇ ਘਰ ਕੋਲ ਖੰਭਾ ਲਾਉਣ ਸਮੇਂ ਉਹਦੀ ਇਕ ਸਟੇਅ ਵਿਹਲਾ ਤੇ ਸੁੰਨਾ ਪਿਆ ਘਰ ਦੇਖ ਕੇ ਉਹਦੇ ਅਗਲੇ ਵਿਹੜੇ ਦੇ ਵਿਚਾਲੇ ਗੱਡ ਦਿੱਤੀ ਸੀ। ਉਹਨੂੰ ਪੁਟਵਾ ਕੇ ਕਿਸੇ ਨਵੀਂ ਥਾਂ ਲੁਆਉਣਾ ਕਾਫ਼ੀ ਭੱਜ-ਭਜਾਈ ਤੇ ਮੋਟਾ ਚਾਹ-ਪਾਣੀ ਲੋੜਦਾ ਸੀ। ਅਰਜ਼ੀ ਤੁਰਦੀ-ਤੁਰਦੀ ਆਖ਼ਰ ਉਸ ਬਾਬੂ ਕੋਲ ਪਹੁੰਚ ਗਈ ਜਿਸ ਨੇ ਕਿਸੇ 'ਵੱਡੇ ਸਾਹਿਬ' ਦੇ ਦਸਤਖ਼ਤ ਕਰਵਾ ਕੇ ਦੇਣੇ ਸਨ। ਉਨ੍ਹਾਂ ਦਸਤਖ਼ਤਾਂ ਪਿੱਛੋਂ ਸਟੇਅ ਪੁੱਟੀ ਜਾਣੀ ਸੀ।

ਚੰਨੀ ਬਟੂਏ ਵਿਚ ਮਾਇਆ ਪਾ ਕੇ ਪਹੁੰਚ ਗਿਆ। ਬਾਬੂ ਨੇ ਫ਼ਾਈਲ ਇਹਦੇ ਹਵਾਲੇ ਕਰ ਕੇ ਕਿਹਾ, 'ਲਉ ਤੁਹਾਡਾ ਕੰਮ ਹੋ ਗਿਆ' ਤੇ ਫ਼ਾਈਲ ਫੜਾ ਕੇ ਆਪਣੇ ਕੰਮ ਲੱਗ ਗਿਆ। ਚੰਨੀ ਨੂੰ ਪਹਿਲਾਂ ਤਾਂ ਕੁਛ ਹੈਰਾਨੀ ਹੋਈ ਪਰ ਫੇਰ ਸੋਚਿਆ, ਇਹਨੂੰ ਮੈਥੋਂ ਆਪੇ ਦੇ ਦੇਣ ਦੀ ਆਸ ਹੈ। ਹੁਣ ਤੱਕ ਇਹਦੀ ਝਿਜਕ ਪੂਰੀ ਤਰ੍ਹਾਂ ਖ਼ਤਮ ਹੋ ਚੁੱਕੀ ਸੀ। ਇਹਨੇ ਆਪ ਚਾਹ-ਪਾਣੀ ਦੀ ਸੇਵਾ ਪੁੱਛੀ।

ਬਾਬੂ ਨੇ ਪੁੱਛਿਆ, 'ਤੁਹਾਡੀ ਉਮਰ ਕਿੰਨੀ ਹੈ?' ਚੰਨੀ ਤੋਂ ਬਹੱਤਰ ਸਾਲ ਸੁਣ ਕੇ ਉਹ ਬੋਲਿਆ, 'ਮੇਰਾ ਅੰਦਾਜ਼ਾ ਠੀਕ ਹੀ ਨਿਕਲਿਆ।... ਦੇਖੋ, ਸਰਦਾਰ ਸਾਹਿਬ, ਮੇਰਾ ਯਕੀਨ ਹੈ ਕਿ ਬੰਦੇ ਦੇ ਕੁਝ ਅਸੂਲ ਹੋਣੇ ਚਾਹੀਦੇ ਹਨ। ਉਹ ਕੋਈ ਵੀ ਕੰਮ ਕਰੇ, ਉਹਨੂੰ ਆਪਣੇ ਅਸੂਲਾਂ 'ਤੇ ਪਹਿਰਾ ਦੇਣਾ ਚਾਹੀਦਾ ਹੈ। ਉਹ ਕੰਮ ਚਾਹੇ ਚਾਹ-ਪਾਣੀ ਲੈਣ ਦਾ ਹੀ ਕਿਉਂ ਨਾ ਹੋਵੇ! ਮੇਰਾ ਅਸੂਲ ਹੈ ਕਿ ਮੈਂ ਤਿੰਨ ਜਣਿਆਂ ਦਾ ਬਹੁਤ ਸਤਿਕਾਰ ਕਰਦਾ ਹਾਂ। ਨੰਬਰ ਇਕ, ਵਿਧਵਾ ਔਰਤ, ਜਿਸ ਬਦਕਿਸਮਤ ਨੂੰ ਸਮਾਜ ਵਿਚ ਬਹੁਤ ਕਸ਼ਟ ਭੋਗਣੇ ਪੈਂਦੇ ਹਨ। ਨੰਬਰ ਦੋ, ਅਧਿਆਪਕ, ਸਿਰਫ਼ ਉਹ ਅਧਿਆਪਕ ਨਹੀਂ ਜਿਨ੍ਹਾਂ ਤੋਂ ਮੈਂ ਆਪ ਪੜ੍ਹਿਆ ਹਾਂ, ਸਗੋਂ ਹਰ ਟੀਚਰ, ਕਿਉਂਕਿ ਉਨ੍ਹਾਂ ਦੀ ਮਿਹਨਤ ਸਦਕਾ ਹੀ ਪੂਰੇ ਦੇਸ਼ ਨੂੰ ਚਲਾਉਣ ਵਾਲੇ ਛੋਟੇ-ਵੱਡੇ ਸਭ ਤਿਆਰ ਹੁੰਦੇ ਹਨ। ਨੰਬਰ ਤਿੰਨ, ਸੀਨੀਅਰ ਸਿਟੀਜ਼ਨ, ਜਿਨ੍ਹਾਂ ਨੇ ਆਪਣੀ ਸਾਰੀ ਜ਼ਿੰਦਗੀ ਪਰਿਵਾਰ ਤੇ ਸਮਾਜ ਦੇ ਲੇਖੇ ਲਾ ਕੇ ਸਫ਼ੈਦ ਵਾਲ ਕਮਾਏ ਹੁੰਦੇ ਹਨ।...ਕਿਉਂਕਿ ਮੈਂ ਇਨ੍ਹਾਂ ਤਿੰਨਾਂ ਦਾ ਸਤਿਕਾਰ ਕਰਦਾ ਹਾਂ, ਇਸ ਕਰਕੇ ਮੈਂ ਇਨ੍ਹਾਂ ਤਿੰਨਾਂ ਤੋਂ ਹੀ ਚਾਹ-ਪਾਣੀ ਵੀ ਨਹੀਂ ਲੈਂਦਾ। ਜੇ ਮੱਲੋਜ਼ੋਰੀ ਦੇਣਾ ਚਾਹੁਣ, ਤਦ ਵੀ ਨਹੀਂ ਲੈਂਦਾ। ਹੋਰ ਕਿਸੇ ਨੂੰ ਮੈਂ ਛੱਡਦਾ ਨਹੀਂ।...ਜਾਓ, ਸਟੇਅ ਦਾ ਕੰਮ ਕਰਵਾਓ। ਆਪਣੀ ਸਿਹਤ ਦਾ ਧਿਆਨ ਰੱਖਿਆ ਕਰੋ! ਸਰੀਰ ਹੈ ਤਾਂ ਦੁਨੀਆ ਹੈ!'

## ਓਮ ਪ੍ਰਕਾਸ਼ ਗਾਸੋ ਦੀ ਖੇਡ ਸਿਰਜਣਾ

*(ਪਿਛਲੇ ਸਫੇ ਦਾ ਬਾਕੀ)*

### ਗਾਸੋ ਦੀ ਸਾਹਿਤਕ ਸਵੈ-ਜੀਵਨੀ 'ਚੋਂ

ਅਸਾਡੇ ਅਗਵਾੜ ਦੀਆਂ ਚਾਰ-ਪੰਜ ਗਲੀਆਂ ਵਿਚ ਮਹਾਜਨਾਂ ਦੇ ਸਿਰਫ਼ ਦੋ ਘਰ ਸਨ। ਪੰਡਤਾਂ ਦੇ ਪੰਜ ਕੁ ਘਰ ਸਨ। ਉਹ ਮਹਾਜਨ ਤੇ ਪੰਡਤ ਵੀ ਜ਼ਿਮੀਂਦਾਰਾਂ ਵਰਗੇ ਹੀ ਹੁੰਦੇ ਸਨ। ਵੇਖਿਆ ਜਾਵੇ ਤਾਂ ਸਾਦਗੀ ਬਿਨਾਂ ਜ਼ਿੰਦਗੀ ਦੀ ਸਮਝ ਨਹੀਂ ਆ ਸਕਦੀ। ਮੁਸ਼ਕ ਵਾਲੇ ਖਿਆਲ ਖ਼ਰਮਸਤੀ ਪੈਦਾ ਕਰਦੇ ਹਨ। ਆਪਣੇ ਅਗਵਾੜ ਦੀ ਉੱਚੀ ਸਾਰੀ ਆਬੀ ਦੇ ਨਾਲ ਲੱਗਦੇ ਪਹੇ ਵਿਚ ਅਸੀਂ ਅਗਵਾੜ ਦੇ ਅਣਘੜ ਬੱਚੇ 'ਹੋ ਬੱਲ' ਦੀ ਖੇਡ ਖੇਡੀ ਜਾਂਦੇ ਰਹਿੰਦੇ। ਕਦੇ-ਕਦੇ ਆਬੀ ਦੀਆਂ ਰੂੜੀਆਂ 'ਤੇ ਕੱਖ ਕਾਨੇ ਚੁਗਣ ਵਾਲੇ ਗਧਿਆਂ ਦੇ ਟੀਟਣੇ ਖਾਈ ਜਾਂਦੇ ਰਹਿੰਦੇ। ਅੱਜ-ਕੱਲ੍ਹ ਗੱਭਰੂ ਉਮਰ ਦੇ ਤੇ ਕਿਸ਼ੋਰ ਉਮਰ ਦੇ ਦੇਸੀ ਮੁੰਡਿਆਂ ਨੂੰ 'ਹੋ ਬੱਲ ਹੋ ਬੱਲ' ਵਾਲੀ ਖੂੰਡੇ-ਖੂੰਡੀਆਂ ਨਾਲ ਖੇਡੀ ਜਾਣ ਵਾਲੀ ਖੇਡ ਦਾ ਪਤਾ ਹੀ ਨਹੀਂ ਹੋਣਾ। ਇਹ ਦੇਸੀ ਕਿਸਮ ਦੀ ਪੇਂਡੂ ਹਾਕੀ ਹੁੰਦੀ ਸੀ। ਅਸੀਂ ਕਾਲੀਆਂ ਕਿੱਕਰਾਂ, ਪੀਲੇ ਤੂਤਾਂ ਤੇ ਲਾਲ ਬੇਰੀਆਂ ਦੇ ਦਰੱਖਤਾਂ ਤੋਂ ਦੁਸਾਂਗੜ ਕਿਸਮ ਦਾ ਮੋਟਾ ਜਿਹਾ ਜਾਤੂ ਵੱਢ ਕੇ ਲੈ ਆਉਂਦੇ। ਇਸ ਦੇ ਸਿਰੇ 'ਤੇ ਹਾਕੀ ਸਟਿੱਕ ਵਾਂਗ ਖੂੰਡ ਹੁੰਦਾ ਸੀ। ਇਸ ਜਾਤੂ ਨੂੰ ਘਰ ਦੀ ਛੱਤ ਉਤੇ ਧੁੱਪੇ ਸੁੱਟ ਦਿੰਦੇ। ਜਾਤੂ ਸੁੱਕਦਾ ਰਹਿੰਦਾ ਤੇ ਹਾਕੀ ਸਟਿੱਕ ਬਣਦਾ ਰਹਿੰਦਾ। ਲੀਰਾਂ ਇਕੱਠੀਆਂ ਕਰ ਕੇ, ਲੀਰਾਂ ਦੇ ਮੋਟੇ ਸਾਰੇ ਗੋਲੇ ਨੂੰ ਸਣ ਦੀਆਂ ਪਤਲੀਆਂ ਰੱਸੀਆਂ ਨਾਲ ਮੜ੍ਹ ਕੇ ਖਿੱਦੋ ਬਣਾ ਲੈਂਦੇ। ਇੰਝ ਖਿੱਦੋ-ਖੂੰਡੀ ਦੀ ਖੇਡ ਨੂੰ 'ਹੋ ਬੱਲ ਹੋ ਬੱਲ' ਆਖਦੇ ਖੇਡਦੇ ਰਹਿੰਦੇ। 'ਹੋ ਬੱਲ' ਦਾ ਅਰਥ ਹੁੰਦਾ ਸੀ ਆਪਣੀ ਸਾਈਡ 'ਤੇ ਹੋ।

ਜੇ ਸਮਾਜ ਵਿਚਲਾ ਹਰ ਵਰਗ ਦਾ ਬੰਦਾ ਆਪਣੀ ਸਾਈਡ 'ਤੇ ਹੋ ਕੇ ਤੁਰਦਾ ਰਹੇ ਤਾਂ ਸਮਾਜਕ ਦੁਰਘਟਨਾਵਾਂ ਨਾ ਹੋਣ। ਸਾਡੀ ਇਸ ਨਿੱਕੀ ਜਿਹੀ ਪੇਂਡੂਨੁਮਾ ਖੇਡ ਦਾ ਸਾਹਿਤ ਨਾਲ ਸਬੰਧਤ ਪ੍ਰਕਰਨ ਇਹ ਵੀ ਬਣਦਾ ਹੈ ਕਿ ਜਦੋਂ ਕੋਈ ਆਰਥਿਕ, ਸਮਾਜਿਕ ਜਾਂ ਅਧਿਆਤਮਕ ਪ੍ਰਬੰਧ ਆਪਣੇ ਪਾਸੇ ਤੋਂ ਇਕ ਪਾਸੇ ਹੋ ਬੈਠਦੀ ਹੈ ਤਦ ਲੋਕ-ਪੱਖੀ ਚੇਤਨਾ ਸੰਵੇਦਨਸ਼ੀਲ-ਧਾਰਨਾਵਾਂ ਨੂੰ ਅਪਣਾਉਣ ਲੱਗ ਪੈਂਦੀ ਹੈ। ਬੱਸ ਇੰਝ ਮੇਰੀ ਜਿੰਨੀ ਕੁ ਸੰਵੇਦਨਾ ਹੈ, ਉਹ ਬਚਪਨ ਤੋਂ ਹੀ ਆਪਣੇ ਵੱਲ ਹੋ ਕੇ ਤੁਰਨ ਦੀ ਰੁਚੀ ਕਾਰਨ ਰਮਣੀਕ ਬਣੀ ਹੋਈ ਹੈ।

ਦੁਖਾਂਤ ਤਾਂ ਉਸ ਸਮੇਂ ਪੈਦਾ ਹੁੰਦੇ ਹਨ ਜਦ ਦਿਸ਼ਾਹੀਨ ਸਮਾਜ ਅਨਾਰਕੀ ਨੂੰ ਅਪਨਾਉਣ ਲੱਗ ਪੈਂਦਾ ਹੈ। ਸਮਾਜਿਕ ਅਨਾਰਕੀ ਲਈ ਧਾਰਮਿਕ ਸੋਚ ਅਨਰਥ ਸ਼ਬਦ ਦੀ ਵਰਤੋਂ ਕਰਦੀ ਆ ਰਹੀ ਹੈ। ਹੁਣ ਗੱਲ ਸਾਫ਼ ਹੁੰਦੀ ਜਾ ਰਹੀ ਹੈ ਕਿ ਮੇਰੇ ਸੰਸਕਾਰ ਤੰਦਰੁਸਤ ਕਿਵੇਂ ਬਣੇ? ਕੁਦਰਤ ਵਿਚੋਂ ਸਫਾਈ ਤੇ ਸਪੱਸ਼ਟਤਾ ਦੇ ਆਪ ਮੁਹਾਰੇ ਪੈਦਾ ਹੋਣ ਵਾਲੇ ਗੁਣਾਂ ਤੋਂ ਮੈਨੂੰ ਆਸ਼ੀਰਵਾਦ ਮਿਲਦੀ ਰਹੀ। ਵੇਖੋ ਨਾ ਸੂਰਜ, ਹਵਾ, ਸਾਗਰ, ਪਰਬਤ, ਪਾਣੀ, ਧਰਤੀ ਤੇ ਚੰਨ ਆਦਿ ਕਿੰਨੇ ਸੁਤੰਤਰ ਹੁੰਦੇ ਹਨ। ਦਰੱਖਤ ਦੀ ਸੁੰਦਰਤਾ ਨੂੰ ਉਸ ਦੇ ਸੁਤੰਤਰ ਸੁਭਾਅ ਵਿਚੋਂ ਲੱਭਿਆ ਜਾ ਸਕਦਾ ਹੈ। ਕਿਰਨਾਂ ਦੇ ਪਸਾਰ ਦੀ ਸੁਤੰਤਰਤਾ ਕਿੰਨੀ ਸੁੰਦਰ ਹੁੰਦੀ ਹੈ। ਨਦੀ ਦੇ ਵਹਿਣ ਦੀਆਂ ਤਰੰਗਾਂ, ਬੇਮਿਸਾਲ ਸੁੰਦਰਤਾ ਦੀ ਤਰਤੀਬ ਹੁੰਦੀਆਂ ਹਨ। ਸੰਘਣੇ ਜੰਗਲਾਂ ਵਿਚਲ ਦਰੱਖਤਾਂ ਦੇ ਉੱਪਰ ਵੱਲ ਵਧਣ ਦੇ ਕੁਦਰਤੀ ਮੁਕਾਬਲੇ ਮਨਮੋਹਕ ਹੁੰਦੇ ਹਨ। ਹਰ ਇੱਕ ਦਰੱਖਤ ਨੇ ਸੂਰਜ ਤੋਂ ਚਾਨਣ, ਤਪਸ਼ ਅਤੇ ਗਰਮੀ ਪ੍ਰਾਪਤ ਕਰ ਕੇ ਆਪਣੇ ਆਪ ਨੂੰ ਵਧਦੇ-ਫੁੱਲਦੇ ਰੱਖਣਾ ਹੁੰਦਾ ਹੈ। ਸੱਚ ਪੁੱਛੋ ਤਾਂ ਮੇਰੇ ਆਪੇ ਦੇ ਚੁਪਾਸੇ ਨੂੰ ਮੈਂ ਚਹੁਮੁਖੀਆ ਦੀਵਾ ਆਖ ਸਕਦਾ ਹਾਂ। ਮੇਰੇ ਆਪੇ ਦੇ ਚਹੁਮੁਖੀਏ ਦੀਵੇ ਦੀ ਜੋਤ ਲਈ ਮੈਨੂੰ ਕੁਦਰਤੀ ਕਰਮ ਵਿਚੋਂ ਚਾਨਣ ਮਿਲਦਾ ਰਿਹਾ ਤੇ ਇਸ ਕੁਦਰਤੀ ਚਾਨਣ ਕਾਰਨ ਮੈਂ ਅੱਜ ਵੀ ਲਟ-ਲਟ ਬਲਦਾ ਤੇ ਜਜ਼ਬਾਤੀ ਭਾਂਬੜ ਵਾਂਗ ਭਖਦਾ-ਭਖਦਾ ਨਾਵਲ ਲਿਖੀ ਜਾ ਰਿਹਾ ਹਾਂ। ਸੋ ਮੈਂ ਆਪਣੇ ਨਾਵਲਾਂ ਨੂੰ ਜਜ਼ਬਾਤੀ ਭਾਂਬੜ ਆਖ ਸਕਦਾ ਹਾਂ, ਜਿਨ੍ਹਾਂ ਵਿਚਲੀ ਜਨਤਕ-ਜੋਤ ਦੀ ਆਪਣੀ ਵਿਲੱਖਣਤਾ ਹੈ।

#### ਨਿੱਕੀਆਂ-ਨਿੱਕੀਆਂ ਗੱਲਾਂ

ਨਿੱਕੀਆਂ-ਨਿੱਕੀਆਂ ਗੱਲਾਂ ਦਾ ਆਨੰਦ ਚੜ੍ਹਦਾ ਤੇ ਲਹਿੰਦਾ ਪੰਜਾਬ ਮਾਣਦਾ ਰਿਹਾ। ਸਿਆਸੀ ਭੱਖੜ ਨੇ ਲਹਿੰਦੇ ਤੇ ਚੜ੍ਹਦੇ ਪੰਜਾਬ ਨੂੰ ਵੰਡ ਦਿੱਤਾ। ਥੀਉੜੇ ਦੇ ਪਹਾੜਾਂ ਦੀਆਂ ਖਾਣਾ 'ਚੋਂ ਨਿਕਲਦਾ ਸੁਲੇਮਾਨੀ ਲੂਣ ਪੰਜਾਬੀ ਸੁਆਦ ਤੇ ਸਭਿਆਚਾਰ ਦਾ ਅਟੁੱਟ ਅੰਗ ਬਣਿਆ ਰਿਹਾ। ਇਸ ਸੁਲੇਮਾਨੀ ਲੂਣ ਦੀ ਡਲੀ ਪੰਜਾਬੀ ਅਪਣੱਤ ਦੇ ਅੱਖਰ ਉਜਾਗਰ ਕਰਦੀ ਰਹੀ ਕਿਉਂਕਿ ਅੱਜ ਤੋਂ ਚਾਰ ਸਦੀਆਂ ਪਹਿਲਾਂ ਤਾਂ ਸਮੁੰਦਰੀ-ਲੂਣ ਪੰਜਾਬ ਦੀ ਧਰਤੀ ਉਤੇ ਆਇਆ ਹੀ ਨਹੀਂ ਸੀ। ਤਦੇ ਤਾਂ ਲੋਕ ਗੀਤ ਬਣਿਆ, ਮਿੱਤਰਾਂ ਦੀ ਲੂਣ ਦੀ ਡਲੀ ਮਿਸ਼ਰੀ ਬਰੋਬਰ ਜਾਣੀ।

ਦਵੰਦ ਉਥੇ ਛਿੜਦਾ ਹੈ, ਜਿੱਥੇ ਮਨ, ਬਚਨ ਅਤੇ ਕਰਮ ਵੱਖ-ਵੱਖ ਥਿੱਬਾਂ ਉਤੇ ਖੜ੍ਹੇ ਹੁੰਦੇ ਹਨ। ਪੰਜਾਬੀ ਸਭਿਆਚਾਰ ਵਿਚ ਇਹ ਥਿੱਬਾਂ ਤੇ ਵਖੇੜੇ ਨਹੀਂ, ਵੱਖਰਾਪਨ ਨਹੀਂ। ਜਿੱਥੇ ਥਿੱਬਾਂ ਨਹੀਂ ਹੁੰਦੀਆਂ ਉਥੇ ਅੱਖਰ, ਸ਼ਬਦ-ਅਰਥ, ਕਾਰਜ, ਸੋਚ-ਸਮਝ, ਸੰਘਰਸ਼, ਸਮਰੱਥਾ, ਸੁਚੱਜ-ਕੁਚੱਜ ਸਾਰੇ ਦੇ ਸਾਰੇ ਸਾਫ-ਸਪੱਸ਼ਟ ਅਤੇ ਸੁਖਾਵੇਂ ਬਣੇ ਰਹਿੰਦੇ ਹਨ। ਅਪਣੱਤ ਦੇ ਬੋਲਾਂ ਦੀ ਬਹਾਰ ਵਿਚ ਰਿਸ਼ਤਿਆਂ ਦਾ ਸ਼ਿੰਗਾਰ ਧਰਤੀ ਦੇ ਵਿਹੜੇ ਨੂੰ ਪ੍ਰੀਤ ਭਿੱਜੀਆਂ ਗਲਵੱਕੜੀਆਂ ਨਾਲ ਜਕੜ ਲੈਂਦਾ ਹੈ। ਆਵਾਜ਼ਾਂ ਉੱਚੀਆਂ ਹੋ ਆਖਦੀਆਂ ਨੇ,

ਚੰਨ ਚੜ੍ਹਿਆ ਬਾਪ ਦੇ ਖੇੜੇ, ਵੀਰ ਘਰ ਪੁੱਤ ਜੰਮਿਆ।

ਵਿਹੜੇ ਤੇ ਖੇੜੇ ਦੀ ਸੁੱਖ ਮੰਗਣਾ ਅਤੇ ਵਿਹੜੇ ਖੇੜੇ 'ਚ ਆਈਆਂ ਖ਼ੁਸ਼ੀਆਂ 'ਚ ਖੀਵੇ ਹੋ ਜਾਣਾ ਅਪਣੱਤ ਦਾ ਹੀ ਸਬੂਤ ਹੁੰਦਾ ਹੈ।

ਮਾਂ ਦੀ ਗੋਦ, ਬਾਪ ਦੀ ਬੁੱਕਲ, ਭੈਣ ਦਾ ਆਸ਼ੀਰਵਾਦ, ਨਾਨੇ-ਨਾਨੀ ਦੀਆਂ ਸੱਧਰਾਂ, ਦਾਦੀ ਦੀਆਂ ਇੱਛਾਵਾਂ, ਵੱਡੀ ਭਾਬੀ ਤੇ ਭਰਾ ਦੀ ਰੱਖ, ਜ਼ਿੰਦਗੀ ਨੂੰ ਲਾਡਲਾ ਜਿਹਾ ਬਣਾ ਕੇ ਉਤਸ਼ਾਹਿਤ, ਰਮਣੀਕ, ਸੁਖਾਲਾ ਅਤੇ ਸਾਵਾਂ ਬਣਾਈ ਰੱਖਦੀ ਹੈ। ਇਸ ਅਪਣੱਤ ਦਾ ਅਤਿਅੰਤ ਰੰਗੀਨ ਪਹਿਲੂ ਘਰਵਾਲੀ ਦੀਆਂ ਅੱਖਾਂ ਦੇ ਸੰਜੋਗ-ਵਿਯੋਗ ਦੇ ਪਲਾਂ ਸਮੇਂ ਵਹਿੰਦੇ ਅੱਥਰੂਆਂ ਦਾ ਪਾਣੀ ਹੁੰਦਾ ਹੈ। ਪਿਆਰ ਦਾ ਇਹ ਪਾਣੀ ਦਿਲਾਂ ਦਿਆਂ ਪੱਤਣਾਂ ਨੂੰ ਤੋੜ, ਦੂਰ, ਬਹੁਤ ਦੂਰ ਤਕ ਪਸਰੇ ਵਿਯੋਗ ਦੇ ਮਾਰੂਥਲ ਦੇ ਕੱਕੇ ਰੇਤੇ ਨੂੰ ਭਿਉਂ ਕੇ ਸਰਸਬਜ਼ ਕਰ ਦਿੰਦਾ ਹੈ। ਆਸ ਦੇ ਸੂਰਜ ਅਤੇ ਅਪਣੱਤ ਦੀਆਂ ਕਿਰਨਾਂ ਨਾਲ ਬਿਰਹਾ ਦਾ ਵਿਹੜਾ ਰੁਸ਼ਨਾ ਉਠਦਾ ਹੈ:

ਤੈਨੂੰ ਤਾਪ ਚੜ੍ਹੇ ਤੇ ਮੈਂ ਪਈ ਹੂੰਗਾਂ, ਤੇਰੀ ਮੇਰੀ ਇੱਕ ਜਿੰਦੜੀ।

ਪੰਜਾਬ, ਭਾਰਤ ਦੀ ਉਸ ਪੱਕੀ ਡਿਉਢੀ ਵਾਂਗ ਹੈ, ਜਿਸਦੀ ਨੀਂਹ ਵਿੱਚ ਮਰਦਾਨਗੀ ਅਤੇ ਸ਼ਹੀਦੀ ਦੀਆਂ ਪੱਕੀਆਂ ਇੱਟਾਂ ਲੱਗੀਆਂ ਹਨ। ਇਹ ਵੀ ਇੱਕ ਕਾਰਨ ਹੈ ਕਿ ਪੰਜਾਬ ਦੇ ਖੁੱਲ੍ਹੇ-ਖੁਲਾਸੇ ਮਨੁੱਖ ਅਤੇ ਤ੍ਰੀਮਤਾਂ, ਸੰਗ, ਸੰਕੋਚ ਅਤੇ ਫਰੇਬ ਦੇ ਕਿਸੇ ਫਰੇਮ 'ਚ ਜਕੜੇ ਹੋਏ ਨਹੀਂ ਸਗੋਂ ਇਹ ਤਾਂ ਆਪੇ ਦੀ ਇੱਕ ਵਿਸ਼ਾਲ ਮਾਲਾ ਦੇ ਝਿਲਮਿਲ ਕਰਦੇ ਮੋਤੀਆਂ ਵਾਂਗ ਸੁਹਿਰਦਤਾ ਦਾ ਸ਼ਿੰਗਾਰ ਬਣ ਕੇ ਲਿਸ਼ਕਦੇ ਹਨ।

ਜ਼ਿੰਦਗੀ ਦੀ ਬੁੱਕਲ 'ਚ ਬੈਠ ਜਦੋਂ ਕਦੇ ਪੰਜਾਬੀ ਆਪਣੇ ਸੁਰਮਈ ਸੁਪਨਿਆਂ ਨਾਲ ਲਾਡ-ਪਿਆਰ, ਚੋਹਲ-ਮੋਹਲ, ਠੱਠਾ-ਮਖੌਲ ਅਤੇ ਮਸ਼ਕਰੀ ਕਰਨ ਲੱਗਦੇ ਹਨ ਤਾਂ ਇਨ੍ਹਾਂ ਦਾ ਆਪਾ ਸਾਗਰ ਦੀਆਂ ਲਹਿਰਾਂ ਵਾਂਗ ਠਾਠਾਂ ਮਾਰਦਾ ਹੋਇਆ ਆਖਦੈ:

ਤੂੰ ਹਸਦੀ ਦਿਲ ਰਾਜ਼ੀ ਮੇਰਾ,
ਲਗਦੇ ਬੋਲ ਪਿਆਰੇ,
ਚੱਲ ਕਿਧਰੇ ਦੋ ਗੱਲਾਂ ਕਰੀਏ
ਬਹਿ ਕੇ ਨਦੀ ਕਿਨਾਰੇ।
ਲੁਕ-ਲੁਕ ਲਾਈਆਂ
ਪ੍ਰਗਟ ਹੋਈਆਂ ਵੱਜਗੇ ਢੋਲ ਨਗਾਰੇ,
ਸੋਹਣੀਏ ਆ ਜਾ ਨੀ
ਡੁੱਬਦਿਆਂ ਨੂੰ ਰੱਬ ਤਾਰੇ।

# ਲੰਮੀ ਹੇਕ ਦੀ ਰਾਣੀ



ਗੁਰਮੀਤ ਬਾਵਾ ਆਪਣੀਆਂ ਧੀਆਂ ਲਾਚੀ ਬਾਵਾ ਅਤੇ ਗਲੋਰੀ ਬਾਵਾ ਨਾਲ ਇਕ ਪੇਸ਼ਕਾਰੀ ਦੌਰਾਨ।

ਕਲਾ ਪਰਿਕਰਮਾ



ਕੇਵਲ ਧਾਲੀਵਾਲ
ਫੋਨ: +91-98142-99422

ਗੁਰਮੀਤ ਬਾਵਾ ਦਾ ਇਸ ਤਰ੍ਹਾਂ ਤੁਰ ਜਾਣਾ, ਜਿਵੇਂ ਇਕ ਯੁੱਗ ਦਾ ਅੰਤ ਹੋ ਗਿਆ ਹੋਵੇ। ਕੀ ਉਸ ਨੇ ਇੰਜ ਹੀ ਅਚਾਨਕ ਤੁਰ ਜਾਣਾ ਸੀ? ਇਕ ਰਾਤ ਪਹਿਲਾਂ ਤਾਂ ਉਹ ਕਿਸੇ ਦੇ ਵਿਆਹ 'ਤੇ ਸ਼ਗਨਾਂ ਦੇ ਗੀਤ ਗਾ ਰਹੀ ਸੀ। ਜਿਸ ਦਿਨ ਉਸ ਦਾ ਸਸਕਾਰ ਸੀ, ਉਸ ਦਿਨ ਵੀ ਕਿਸੇ ਪ੍ਰੋਗਰਾਮ 'ਤੇ ਗੀਤ ਗਾਉਣ ਜਾਣਾ ਸੀ।

ਜਦੋਂ ਕੋਈ ਸ਼ਖਸੀਅਤ ਸਾਨੂੰ ਹਲੂਣਾ ਜਿਹਾ ਦੇ ਜਾਵੇ ਤੇ ਆਪਣੇ ਲੋਕ ਗੀਤਾਂ ਰਾਹੀਂ ਸਾਨੂੰ ਕਹੇ ਕਿ "ਪੰਜਾਬੀਓ ਸੁੱਤੇ ਕਿਉਂ ਜੇ? ਜਾਗੋ, ਤੁਹਾਡੀ ਮਾਂ ਬੋਲੀ ਤੁਹਾਥੋਂ ਖੁੱਸ ਰਹੀ ਏ, ਤੁਹਾਡਾ ਸਭਿਆਚਾਰ ਕੋਈ ਲੁੱਟ ਕੇ ਲੈ ਚੱਲਿਆ, ਤੁਹਾਡੇ ਲੋਕ ਗੀਤਾਂ, ਤੁਹਾਡੀ ਅਪੱਣਤ, ਤੁਹਾਡੇ ਰਿਸ਼ਤਿਆਂ ਨੂੰ ਕੋਈ ਸੰਨ੍ਹ ਲਾ ਰਿਹਾ ਏ। ਉੱਠੋ, ਕਦਮ ਨਾਲ ਕਦਮ ਮਿਲਾ ਕੇ ਤੁਰੀਏ ਤੇ ਜੋ ਕੁਝ ਵੀ ਆਪਣਾ ਬਚਦਾ ਏ ਬਚਾ ਲਈਏ।" ਇਹ ਹੋਕਾ ਦੇਣ ਵਾਲੀ ਸ਼ਖਸੀਅਤ ਸੀ ਗੁਰਮੀਤ ਬਾਵਾ। ਗੁਰਮੀਤ ਬਾਵਾ ਬਣਨ ਲਈ ਵਰ੍ਹਿਆਂ ਦੇ ਵਰ੍ਹੇ ਲੱਗਦੇ ਨੇ ਜਿਸ ਦੀ ਲੰਮੀ ਹੇਕ ਵਾਂਗੂੰ ਉਸ ਦੀ ਗਾਇਕੀ ਦਾ ਸਫਰ ਵੀ ਬੜਾ ਲੰਮਾ ਰਿਹਾ। ਉਸ ਨੂੰ ਆਪਣੇ ਸਭਿਆਚਾਰ, ਆਪਣੀ ਮਿੱਟੀ ਦੀ ਫਿਕਰ ਸੀ।

ਗੁਰਮੀਤ ਬਾਵਾ (18 ਫਰਵਰੀ 1944-21 ਨਵੰਬਰ 2021) ਦੀ ਆਵਾਜ਼, ਉਸ ਦੇ ਗੀਤਾਂ ਦੀ ਬੁਲੰਦੀ ਬੇਸ਼ੱਕ ਆਸਮਾਨ ਛੂੰਹਦੀ ਸੀ ਪਰ ਆਪ ਉਹ ਨਿਮਰਤਾ ਨਾਲ ਲਬਰੇਜ਼ ਅਤੇ ਆਪਣੀ ਮਿੱਟੀ ਨਾਲ ਜੁੜੀ ਹੋਈ ਸੀ। ਹਮੇਸ਼ਾ ਕਹਿੰਦੀ ਸੀ, "ਮਿੱਟੀ 'ਚ ਬੜੀ ਪਕੜ ਹੁੰਦੀ ਏ, ਬੰਦੇ ਨੂੰ ਜੜ੍ਹਾਂ ਨਾਲ ਜੁੜੇ ਰਹਿਣਾ ਚਾਹੀਦਾ ਏ।" ਗੁਰਮੀਤ ਬਾਵਾ ਲੋਕ ਗਾਇਕੀ ਦੀ ਤੁਰੀ ਫਿਰਦੀ ਸੰਸਥਾ ਸੀ। ਉਹ ਸਟੇਜ 'ਤੇ ਗੀਤ ਗਾਉਂਦਿਆਂ ਆਪ ਕਦੇ ਵੀ ਨਹੀਂ ਸੀ ਨੱਚਦੀ ਪਰ ਸਰੋਤਿਆਂ ਨੂੰ ਨੱਚਣ ਲਾ ਦਿੰਦੀ ਸੀ। ਉਹ ਸਟੇਜ 'ਤੇ ਖੜ੍ਹ ਕੇ ਆਵਾਜ਼ ਦੇ ਦਮ 'ਤੇ ਅਤੇ ਹਿੱਕ ਦੇ ਜ਼ੋਰ ਨਾਲ ਕਿਸੇ ਵੀ ਤਰ੍ਹਾਂ ਦੇ ਮਾਈਕ ਸਾਹਮਣੇ ਗਾ ਲੈਂਦੀ ਸੀ। ਉਸ ਨੇ ਕਦੇ ਵੀ ਕਿਸੇ ਵਿਸ਼ੇਸ਼ ਸਾਊਂਡ ਸਿਸਟਮ ਵਾਸਤੇ ਪ੍ਰਬੰਧਕਾਂ ਨੂੰ ਨਹੀਂ ਸੀ ਕਿਹਾ।

ਗੁਰਮੀਤ ਬਾਵਾ ਨਾਲ ਮੇਰੀ ਪਰਿਵਾਰਕ ਸਾਂਝ ਸੀ। ਉਹ ਵਿਰਸਾ ਵਿਹਾਰ, ਅੰਮ੍ਰਿਤਸਰ ਦੀ ਬਾਨੀ ਮੈਂਬਰ ਸੀ। ਸਾਡੀ ਹਰ ਮੀਟਿੰਗ 'ਤੇ ਪਹੁੰਚਦੀ। ਬਿਮਾਰ ਹੋਣ ਦੇ ਬਾਵਜੂਦ ਅਜੇ ਮਹੀਨਾ ਪਹਿਲਾਂ ਵਿਰਸਾ ਵਿਹਾਰ 'ਚ ਮੀਟਿੰਗ ਲਈ ਪਹੁੰਚੀ ਸੀ। ਦਰਅਸਲ, ਉਹ ਬਹੁਤ ਕਮਜ਼ੋਰ ਹੋ ਗਈ ਸੀ। ਤਕਰੀਬਨ ਦੋ ਸਾਲ ਪਹਿਲਾਂ ਸਦੀਵੀ ਵਿਛੋੜਾ ਦੇ ਗਈ ਧੀ ਲਾਚੀ ਬਾਵਾ ਦੇ ਗਮ ਨੇ ਉਸ ਨੂੰ ਨਿਚੋੜ ਦਿੱਤਾ ਸੀ। ਮੈਨੂੰ ਇਹ ਬਿਲਕੁਲ ਹੀ ਚੇਤੇ ਨਹੀਂ ਕਿ ਮੈਂ ਗੁਰਮੀਤ ਬਾਵਾ ਨੂੰ ਕਦੋਂ ਦਾ ਤੇ ਕਿੰਨਾ ਕੁ ਜਾਣਦਾ ਹਾਂ। ਇੰਜ ਜਾਪਦਾ ਹੈ ਜਿਵੇਂ ਮੈਂ ਗੁਰਮੀਤ ਬਾਵਾ ਨੂੰ ਉਦੋਂ ਤੋਂ ਜਾਣਦਾ ਹਾਂ, ਜਦੋਂ ਤੋਂ ਮੈਂ ਆਪਣੀ ਮਾਂ ਨੂੰ ਜਾਣਦਾ ਹਾਂ, ਜਦੋਂ ਮੈਂ ਆਪਣੀ ਭੈਣ ਕੋਲੋਂ ਪਹਿਲੀ ਵਾਰੀ ਰੱਖੜੀ ਬੰਨ੍ਹਵਾਈ ਸੀ...। ਜੇਕਰ ਰਿਸ਼ਤਿਆਂ ਦੇ ਵਹਿਣ ਤੋਂ ਪਰ੍ਹਾਂ ਹੋ ਕੇ ਦੇਖਾਂ ਤਾਂ ਜਾਪਦਾ ਹੈ ਕਿ ਗੁਰਮੀਤ ਬਾਵਾ ਨੂੰ ਮੈਂ ਉਦੋਂ ਤੋਂ ਜਾਣਦਾ ਹਾਂ ਜਦੋਂ ਕੋਈ ਪਹਿਲਾ ਲੋਕ ਗੀਤ ਕਿਸੇ ਨੇ ਗਾਇਆ ਸੀ। ਗੁਰਮੀਤ ਬਾਵਾ ਲੋਕ ਗੀਤ ਗਾਉਂਦੀ-ਗਾਉਂਦੀ ਆਪ ਲੋਕ ਗੀਤ ਬਣ ਗਈ ਸੀ। ਪਿਛਲੇ 55 ਸਾਲਾਂ ਤੋਂ ਉਸ ਨੇ ਪੰਜਾਬੀਆਂ ਦੇ ਦਿਲਾਂ 'ਤੇ ਆਪਣੇ ਲੋਕ ਗੀਤਾਂ ਰਾਹੀਂ ਰਾਜ ਕੀਤਾ। ਜ਼ਿਕਰਯੋਗ ਹੈ ਕਿ ਉਸ ਨੇ ਹਮੇਸ਼ਾ ਹੀ ਕਿਸੇ ਸਕੂਲ ਦੀ ਅਧਿਆਪਕਾ ਬਣ ਕੇ ਬੱਚਿਆਂ ਨੂੰ ਪੜ੍ਹਾਉਣਾ ਚਾਹਿਆ ਸੀ ਪਰ ਉਹ ਆਪਣੇ ਸੰਗੀਤਕਾਰ ਤੇ ਹੁਨਰਮੰਦ ਪਤੀ ਕਿਰਪਾਲ ਬਾਵਾ ਦੇ ਲੜ ਲੱਗ ਕੇ ਸੰਗੀਤ ਦੇ ਲੜ ਲੱਗੀ ਰਹੀ। ਉਹ ਅਜੇ ਵੀ ਕਈ ਵਾਰੀ ਕਹਿ ਦਿੰਦੀ ਸੀ, "ਮੈਂ ਕਦੋਂ ਗਾਇਕਾ ਬਣਨਾ ਚਾਹਿਆ ਸੀ, ਮੈਂ ਤਾਂ ਸਕੂਲ ਦੀ ਅਧਿਆਪਕਾ ਹੀ ਬਣੀ ਰਹਿਣਾ ਚਾਹੁੰਦੀ ਸੀ।" ਮੈਂ ਉਸ ਨੂੰ ਕਹਿੰਦਾ ਸੀ, "ਭੈਣ ਜੀ, ਤੁਹਾਨੂੰ ਸ਼ਾਇਦ ਪਤਾ ਨਹੀਂ ਕਿ ਤੁਸੀਂ ਅੱਜ ਵੀ ਅਧਿਆਪਕਾ ਈ ਹੋ। ਬੇਸ਼ੱਕ ਤੁਸੀਂ ਕੋਈ ਸਕੂਲ ਨਹੀਂ ਖੋਲ੍ਹਿਆ ਪਰ ਤੁਸੀਂ ਤੁਰੀ ਫਿਰਦੀ ਲੋਕ ਸੰਗੀਤ ਦੀ ਯੂਨੀਵਰਸਿਟੀ ਓ।" ਤੇ ਉਸ ਨੇ ਨਿਰਮਾਣਤਾ ਨਾਲ ਹੱਥ ਜੋੜ ਮੁਸਕਰਾ ਦੇਣਾ। ਗੁਰਮੀਤ ਬਾਵਾ ਨੇ ਆਪਣੀ ਆਵਾਜ਼ ਰਾਹੀਂ ਪੰਜਾਬ ਦੇ ਲੋਕ ਗੀਤ ਸਾਂਭੇ ਅਤੇ ਇਹ ਵਿਰਾਸਤ ਉਸ ਨੇ ਆਪਣੀਆਂ ਧੀਆਂ ਲਾਚੀ ਬਾਵਾ, ਗਲੋਰੀ ਬਾਵਾ ਤੇ ਪੋਪੀ ਬਾਵਾ ਨੂੰ ਵੀ ਦਿੱਤੀ। ਤਿੰਨੇ ਧੀਆਂ ਵੀ ਮਾਂ ਦੇ ਪਾਏ ਪੂਰਨਿਆਂ 'ਤੇ ਤੁਰੀਆਂ।

ਗੁਰਮੀਤ ਬਾਵਾ ਜਦੋਂ ਸੂਹੀ ਫੁਲਕਾਰੀ ਲੈ ਕੇ ਸਟੇਜ 'ਤੇ ਲੰਮੀ ਹੇਕ ਲਗਾਉਂਦੀ ਤਾਂ ਉਸ ਹੇਕ ਵਿਚ ਸਾਂਝੇ ਪੰਜਾਬ ਦੇ ਪੰਜ ਦਰਿਆਵਾਂ ਦੀਆਂ ਲਹਿਰਾਂ ਦੀ ਰਵਾਨੀ ਦਿਸਦੀ। ਸਿੱਠਣੀਆਂ, ਘੋੜੀਆਂ, ਸੁਹਾਗ, ਬੋਲੀਆਂ, ਜੁਗਨੀ, ਜਿੰਦੂਆ, ਵਾਰਾਂ, ਮਲਕੀ ਕੀਮਾ, ਢੋਲ ਸੰਮੀ, ਲੋਰੀਆਂ, ਜਨਮ ਦੇ ਗੀਤ, ਰੁੱਤਾਂ ਦੇ ਗੀਤ, ਤਿਉਹਾਰਾਂ ਦੇ ਗੀਤ, ਕੋਰਾ-ਕੋਰਾ ਕੁੱਜਾ, ਕਹਾਰੋ ਡੋਲੀ ਨਾ ਚਾਇਓ ਵਰਗੇ ਲੋਕ ਗੀਤਾਂ ਨੂੰ ਗਾਉਣ ਵਾਲੀ

ਗੁਰਮੀਤ ਬਾਵਾ ਨੇ ਆਪਣੇ ਸਾਫ ਸੁਥਰੇ ਸਭਿਆਚਾਰ, ਸੰਗੀਤ ਅਤੇ ਲੋਕ ਵਿਰਾਸਤ ਦੇ ਅਕਸ ਨੂੰ ਸਾਰੀ ਉਮਰ ਸਾਂਭੀ ਰੱਖਿਆ। ਉਹ ਚਰਖਾ ਵੀ ਕੱਤ ਲੈਂਦੀ ਸੀ ਅਤੇ ਪੂਣੀਆਂ ਲਾਹ-ਲਾਹ ਢੇਰ ਲਾ ਦਿੰਦੀ ਸੀ। ਉਹਨੂੰ ਚਰਖਾ ਕੱਤਦੀ ਦੇਖ ਕੇ ਇੰਜ ਲੱਗਦਾ ਸੀ ਜਿਵੇਂ ਕਿਸੇ ਕੈਲੰਡਰ ਵਿਚਲੀ ਚਰਖੇ ਵਾਲੀ ਤਸਵੀਰ ਨੇ ਸਾਕਾਰ ਰੂਪ ਲੈ ਲਿਆ ਹੋਵੇ। ਉਸ ਨੇ ਆਪਣੀ ਗਾਇਕੀ ਦੇ ਸਿਰ 'ਤੇ ਦੁਨੀਆ ਦੇ 35 ਮੁਲਕਾਂ ਵਿਚ ਭਾਰਤ ਸਰਕਾਰ ਵੱਲੋਂ ਪ੍ਰਤੀਨਿਧਤਾ ਕੀਤੀ ਤੇ ਪੰਜਾਬ ਦੇ ਲੋਕ ਗੀਤ ਗਾਏ। ਜਦੋਂ ਉਸ ਨੇ ਰੂਸ ਦੀ ਧਰਤੀ 'ਤੇ ਗਾਇਆ ਤਾਂ ਉਸ ਦੀ ਲੰਮੀ ਹੇਕ ਸੁਣ ਕੇ ਰੂਸੀਆਂ ਨੇ ਦੰਦਾਂ 'ਚ ਉਂਗਲਾਂ ਦੱਬ ਲਈਆਂ। ਰੂਸੀਆਂ ਨੂੰ ਸ਼ੱਕ ਸੀ ਕਿ ਸ਼ਾਇਦ ਇਸ ਨੇ ਆਪਣੇ ਗਲੇ ਵਿਚ ਕੋਈ ਪੁਰਜ਼ਾ ਫਿੱਟ ਕੀਤਾ ਹੋਇਆ ਹੈ ਜਿਸ ਨਾਲ ਇੰਨਾ ਉੱਚੀ ਗਾਉਂਦੀ ਹੈ। ਇਕ ਵਾਰੀ ਇਕ ਪਿੰਡ ਦੇ ਅਖਾੜੇ ਵਿਚ ਜਦੋਂ ਉਹਨੇ ਉੱਚੀ ਹੇਕ ਲਗਾਈ ਤਾਂ ਕੁਝ ਚਿਰ ਉਡੀਕਣ ਪਿੱਛੋਂ ਇਕ ਬਜ਼ੁਰਗ ਉੱਚੀ-ਉੱਚੀ ਕਹਿਣ ਲੱਗਾ, "ਬੀਬੀ ਰੱਬ ਦੇ ਵਾਸਤੇ ਆਪਣੀ ਆਵਾਜ਼ ਨੂੰ ਹੇਠਾਂ ਮੋੜ ਲੈ, ਨਹੀਂ ਤੇ ਬੇਹੋਸ਼ ਹੋ ਕੇ ਡਿੱਗ ਪਏਂਗੀ।" ਗੁਰਮੀਤ ਬਾਵਾ ਨੇ ਲੋਕ ਗੀਤ 'ਡਿੱਗ ਪਈ ਨੀ ਗੋਰੀ ਸ਼ੀਸ਼ ਮਹਿਲ ਤੋਂ' ਦੇ ਬੋਲਾਂ ਵਿਚ ਇੰਨੀ ਮਿਠਾਸ ਭਰੀ ਕਿ ਹਰ ਵਿਯੋਗਣ ਦੀ ਪੀੜਾ ਇਸ ਗੀਤ ਵਿਚ ਸਮੋਅ ਗਈ। ਜਦੋਂ ਉਹ ਜੁਗਨੀ ਗਾਉਂਦੀ ਤਾਂ ਆਪ ਵੀ ਜੁਗਨੀ ਹੋ ਜਾਂਦੀ।

ਇਨਾਮਾਂ-ਸਨਮਾਨਾਂ ਦੀ ਗੱਲ ਕਰੀਏ ਤਾਂ ਉਸ ਨੂੰ ਭਾਰਤੀ ਸੰਗੀਤ ਨਾਟਕ ਅਕਾਦਮੀ ਨੇ 'ਰਾਸ਼ਟਰਪਤੀ ਪੁਰਸਕਾਰ', ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਨੇ 'ਸ਼੍ਰੋਮਣੀ ਪੰਜਾਬੀ ਗਾਇਕਾ', ਪੰਜਾਬ ਕਲਾ ਪ੍ਰੀਸ਼ਦ ਨੇ 'ਪੰਜਾਬ ਗੌਰਵ ਪੁਰਸਕਾਰ', ਪੰਜਾਬ ਸੰਗੀਤ ਨਾਟਕ ਅਕਾਦਮੀ ਪੁਰਸਕਾਰ ਅਤੇ ਹੋਰ ਅਨੇਕਾਂ ਸੰਸਥਾਵਾਂ ਨੇ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ। ਮੈਂ ਦੋ ਕੁ ਸਾਲ ਪਹਿਲਾਂ ਪੰਜਾਬ ਸੰਗੀਤ ਨਾਟਕ ਅਕਾਦਮੀ ਵੱਲੋਂ ਗੁਰਮੀਤ ਬਾਵਾ ਦੀ ਜ਼ਿੰਦਗੀ ਦੇ ਸਫਰ ਨੂੰ ਦਸਤਾਵੇਜ਼ੀ ਫਿਲਮ 'ਵਹਿੰਦੇ ਦਰਿਆਵਾਂ ਦੀ ਹੇਕ ਵਰਗੀ ਗੁਰਮੀਤ ਬਾਵਾ' ਦੇ ਰੂਪ ਵਿਚ ਸਾਂਭ ਲਿਆ ਸੀ। ਮੈਂ ਕੁਝ ਸਾਲ ਪਹਿਲਾਂ ਲੋਕ ਵਿਰਾਸਤ ਨਾਲ ਜੁੜੇ ਬਾਵਾ ਦੇ ਗਾਏ ਲੋਕ ਗੀਤਾਂ ਦੀ ਸੀ.ਡੀ. 'ਮਿੱਟੀ ਦੀ ਮਹਿਕ' ਵਿਰਸਾ ਵਿਹਾਰ, ਅੰਮ੍ਰਿਤਸਰ ਵੱਲੋਂ ਤਿਆਰ ਕਰਵਾ ਲਈ ਸੀ। ਅਜੇ ਵੀ ਬੇਸ਼ੁਮਾਰ ਲੋਕ ਗੀਤਾਂ ਦਾ ਖਜ਼ਾਨਾ ਗੁਰਮੀਤ ਬਾਵਾ ਕੋਲ ਸਾਂਭਿਆ ਪਿਆ ਸੀ ਜਿਸ ਨੂੰ ਸਾਂਭਣ ਲੱਗਦੇ ਤਾਂ ਸ਼ਾਇਦ 50 ਸੀ.ਡੀਜ਼. ਬਣ ਜਾਂਦੀਆਂ। ਗੁਰਮੀਤ ਬਾਵਾ ਦੁਨੀਆਦਾਰੀ ਦੇ ਵਲ-ਫਰੇਬਾਂ ਤੋਂ ਪਰ੍ਹੇ ਸੀ। ਉਸ ਲਈ ਸੰਗੀਤ ਹੀ ਸਭ ਕੁਝ ਸੀ। ਉਹ ਆਪਣੇ ਲੋਕ ਗੀਤਾਂ ਰਾਹੀਂ ਆਪਣੀ 'ਮਿੱਟੀ ਦੀ ਮਹਿਕ' ਵੰਡਦੀ ਫਿਰਦੀ ਸੀ।

ਗੁਰਮੀਤ ਬਾਵਾ ਅੱਜ ਸਾਡੇ ਵਿਚਕਾਰ ਨਹੀਂ ਰਹੀ ਪਰ ਉਸ ਦੀ ਲੋਕ ਗਾਇਕੀ ਦੇ ਨਕਸ਼ ਉਸ ਦੀ ਧੀ ਗਲੋਰੀ ਬਾਵਾ ਦੇ ਰੂਪ 'ਚ ਦੇਖ ਰਹੇ ਹਾਂ। ਜਦੋਂ ਤੱਕ ਧਰਤੀ 'ਤੇ ਪੰਜ ਦਰਿਆਵਾਂ ਦੀ ਰਵਾਨੀ ਰਹੇਗੀ, ਗੁਰਮੀਤ ਬਾਵਾ ਦੀ ਆਵਾਜ਼ ਅਤੇ ਉਸ ਦੇ ਗਾਏ ਲੋਕ ਗੀਤ ਲੋਕ ਮਨਾਂ 'ਚ ਗੂੰਜਦੇ ਰਹਿਣਗੇ।



## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 11 ਦਸੰਬਰ 2021 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-511



ਬਚਪਨ ਦੇ ਦਿਨ ਚੇਤੇ ਆਏ, ਮੈਨੂੰ ਪਿੰਡ ਨੂੰ ਫਿਰ ਮੋੜ ਲਿਆਏ।
ਬਹਿ ਰੇਤੇ ਵਿਚ ਘਰ ਬਣਾਉਣੇ, ਚੁੱਕ-ਚੁੱਕ ਬੁੱਕ ਸਿਰ ਵਿਚ ਪਾਉਣੇ।
ਨਾ ਕੋਈ ਫੋੜਾ ਨਾ ਸੀ ਫਿਨਸੀ, ਕੁਦਰਤ ਦੇ ਸੰਗ ਬਿਮਾਰੀ ਵਿਣਸੀ।
ਜਿੰਨਾ ਬੰਦਾ ਨੱਠਦਾ ਕੁਦਰਤ ਤੋਂ ਦੂਰ, ਸਾਥ ਬਿਮਾਰੀਆਂ ਦਾ ਹੈ ਭਰਪੂਰ।

### ਕੈਪਸ਼ਨ ਮੁਕਾਬਲਾ-509



ਨਾਲ ਸਮੇਂ ਦੇ ਬਦਲਣ ਰੁੱਤਾਂ,
ਕੁਦਰਤ ਆਪਣੇ ਰੰਗ ਦਿਖਾਏ।
ਚਾਰੇ ਪਾਸੇ ਰੰਗ ਬਿਖਰਦੇ,
ਬ੍ਰਿਖਾਂ ਉੱਪਰ ਜੋਬਨ ਆਏ।
ਜਦ ਡਾਹਲੀ ਤੋਂ ਪਏ ਵਿਛੋੜਾ,
ਸੁਹਾਗਣ ਧਰਤ ਦੇ ਤਾਈਂ ਬਣਾਏ।
*-ਜਗਮੀਤ ਸਿੰਘ ਪੰਧੇਰ*
*ਕਲਾਹੜ (ਲੁਧਿਆਣਾ)*
*ਫੋਨ: 98783-37222*

---

ਰੁੱਤ ਫਿਰ ਲਿਆਈ ਸੁਨੇਹਾ,
ਪੱਤਝੜ ਸਿਰ 'ਤੇ ਜਾਪੇ,
ਰੰਗ ਪੱਤਿਆਂ ਨੇ ਐਸੇ ਬਦਲੇ,
ਸੇਬ ਕਸ਼ਮੀਰੀ ਜਾਪੇ,
ਵਾਹ ਰੇ! ਕਾਦਰ ਬੇਪ੍ਰਵਾਹ ਤੂੰ,
ਕੀ-ਕੀ ਰੰਗ ਦਿਖਾਵੇਂ,
ਦਿਸੇਂ ਬੁਢਾਪੇ ਵਿਚ ਜਵਾਨ ਤੂੰ,
ਪਲ-ਪਲ ਰੰਗ ਵਟਾਵੇਂ।
*-ਸੇਵਾ ਸਿੰਘ 'ਨੂਰਪੁਰੀ'*

---

ਰੁੱਤ ਵੀ ਕਿੰਨੀ ਹੈ ਹਸੀਨ,
ਇਹ ਸੂਰਜ ਦੀ ਕਿਰਨ
ਜਲ ਦੀ ਬੂੰਦ ਤੋਂ ਛਣ ਕੇ,
ਇੰਦਰ ਧਨੁਸ਼ ਬਣ ਜਾਂਦੀ
ਓਹੀ ਕਿਰਨ,
ਧਰਤੀ 'ਤੇ ਕਿੰਨੇ ਰੰਗ-ਬਿਰੰਗੇ
ਫੁੱਲ ਖਿੜਾਉਂਦੀ।
*-ਬੱਲਾ ਲਬਾਣਾ।*
*ਫੋਨ: 848-235-8344*

---

ਇਕ ਸੇ ਤਾਰ ਬਹਾਰ ਨਾ ਰਹਿੰਦੀ,
ਨਹੀਂ ਇਕ ਸੇ ਤੌਰ ਜ਼ਮਾਨਾ,
ਕੁਦਰਤ ਦੇ ਵੀ ਰੰਗ ਬਿਰੰਗੇ ਰੂਪ,
ਰੁੱਤਾਂ ਮੌਲਦੀਆਂ, ਕਦੇ ਹਰਿਆਈ,
ਕਦੇ ਸੁਨਹਿਰੀ।
ਕਿੰਨਾ ਹਸੀਨ ਹੈ, ਮੌਸਮ ਪਤਝੜ
ਪੂਰੀ ਬੜ੍ਹਕ ਨਾਲ ਡਿੱਗਦੇ ਹਨ
ਪੱਤੇ ਖੜ-ਖੜ ਕਰ,
ਸੁਨਹਿਰੀ ਗਲੀਚਾ ਬਣ ਧਰਤ 'ਤੇ
ਸਾਡੇ ਪੈਰਾਂ ਥੱਲੇ
ਗਦਗਦ ਕਰ ਵਿਛ ਜਾਂਦੇ
ਚੜ੍ਹਦੇ ਸੂਰਜ ਦੀ ਟਿੱਕਰੀ ਜਾਂ
ਛੁਪਦੇ ਸੂਰਜ ਦੀ ਲੋਅ ਵਾਂਗ।
*-ਦਰਸ਼ਨ ਪਾਲ ਦੁਸਾਂਝ।*

## ਦਸਤਾਰ ਸਜਾ ਲੈ ਸਰਦਾਰ ਬਣ ਜਾ

ਦਸਤਾਰ ਸਜਾ ਲੈ ਸਰਦਾਰ ਬਣ ਜਾ,
ਦਸਤਾਰ ਸਜਾ ਲੈ ਕਿਰਦਾਰ ਬਣ ਜਾ,
ਸਾਰੇ ਕਕਾਰ ਪਾ ਕੇ ਪਛਾਣ ਬਣਾ ਲੈ,
ਪਿਆਰੇ ਰੱਬ ਦਾ ਬਰਖੁਰਦਾਰ ਬਣ ਜਾ।
ਸੱਚ ਦੀ ਰਾਹ 'ਤੇ ਚਲਦੇ ਹੀ ਰਹਿਣਾ,
ਇਨਸਾਫ ਦਾ ਖਬਰਦਾਰ ਬਣ ਜਾ।
ਰਾਹ ਫੜ ਉਸ ਰੱਬ ਦੇ ਘਰ ਦੀ,
ਤਕਰਾਰ ਛੱਡ ਸਰਕਾਰ ਬਣ ਜਾ।
ਪਾਲਨ ਕਰ ਕੁਦਰਤੀ ਅਸੂਲਾਂ ਦਾ,
ਹਰ ਖੁਸ਼ੀ ਦਾ ਹੱਕਦਾਰ ਬਣ ਜਾ।
ਦਸਤਾਰ ਤੋਂ ਵੱਡਾ ਤਾਜ ਨਾ ਕੋਈ,
ਖਾਲਸਾ ਬਣ ਸਰਤਾਜ ਬਣ ਜਾ।
ਆਪਣੀ ਤਾਕਤ ਦੀ ਪਛਾਣ ਕਰ,
ਸਿੱਖ ਬਣ ਅਸਰਦਾਰ ਬਣ ਜਾ।
ਜੰਗ 'ਚ ਨਜ਼ਮ ਲਿਖ ਫਤਹਿ ਦੀ,
ਕਵੀ ਬਣ ਕਵੀ ਦਰਬਾਰ ਬਣ ਜਾ।
ਸੋਹਲ ਸਾਰਿਆਂ ਦੀ ਹਿਫਾਜ਼ਤ ਕਰ,
ਕੁਦਰਤ ਦਾ ਚੌਕੀਦਾਰ ਬਣ ਜਾ।
*-ਗੁਰਦੀਪ ਸਿੰਘ ਸੋਹਲ*
*ਫੋਨ: 70621-16710*

# ਨਵ-ਉਦਾਰਵਾਦ ਦਾ ਕੱਚਾ ਚਿੱਠਾ

**ਨਵ-ਉਦਾਰਵਾਦ ਅਸਲ ਵਿਚ ਨਿੱਜੀਕਰਨ ਵੱਲ ਖੁੱਲ੍ਹਦਾ ਰਾਹ ਹੈ। ਸੰਸਾਰ ਦੇ ਜਿਹੜੇ ਵੀ ਮੁਲਕ ਇਸ ਰਾਹ ਤੁਰੇ ਹਨ, ਉਥੇ ਆਰਥਿਕ ਨਾ-ਬਰਾਬਰੀ ਛਾਲਾਂ ਮਾਰ ਕੇ ਵਧੀ ਹੈ ਅਤੇ ਅਮੀਰਾਂ ਤੇ ਗਰੀਬਾਂ ਵਿਚਕਾਰ ਪਾੜਾ ਡੂੰਘਾ ਹੋਇਆ ਹੈ। ਉਘੇ ਲਿਖਾਰੀ ਗੁਰਦੇਵ ਚੌਹਾਨ ਨੇ ਆਪਣੇ ਇਸ ਲੇਖ ਵਿਚ ਭਾਰਤ ਸਮੇਤ ਸੰਸਾਰ ਵਿਚ ਛਾਏ ਨਵ-ਉਦਾਰਵਾਦ ਦੇ ਵੱਖ-ਵੱਖ ਪੱਖਾਂ ਬਾਰੇ ਚਰਚਾ ਕੀਤੀ ਹੈ।**

**ਗੁਰਦੇਵ ਚੌਹਾਨ**

**ਫੋਨ: 647-866-2630**

ਨਵ-ਉਦਾਰਵਾਦ ਨੂੰ ਸਮਝਣ ਲਈ ਸਾਨੂੰ ਆਪਣੀ ਗੱਲ ਵੀਹਵੀਂ ਸਦੀ ਦੇ ਤੀਜੇ ਦਹਾਕੇ ਤੋਂ ਅਤੇ ਖਾਸ ਕਰਕੇ ਪਹਿਲੇ ਅਤੇ ਦੂਜੇ ਸੰਸਾਰ ਯੁੱਧ ਤੋਂ ਛੇਤੀ ਬਾਅਦ ਤੋਂ ਸ਼ੁਰੂ ਕਰਨੀ ਹੋਵੇਗੀ। ਇਸ ਯੁੱਧ ਨੇ ਬਰਤਾਨੀਆ ਅਤੇ ਯੂਰਪੀ ਦੇਸ਼ਾਂ, ਜਿਹੜੇ ਕਿ ਪਹਿਲਾਂ ਹੀ ਆਰਥਿਕ ਮੰਦਹਾਲੀ ਦੇ ਸੰਕਟਾਂ ਤੋਂ ਅਵਾਜ਼ਾਰ ਸਨ, ਨੂੰ ਆਰਥਿਕ ਪੱਖੋਂ ਹੋਰ ਵੀ ਨਿਤਾਣਾ ਕਰ ਦਿੱਤਾ ਸੀ। ਬੇਰੁਜ਼ਗਾਰੀ, ਬਿਮਾਰੀ, ਅਨਪੜ੍ਹਤਾ, ਗਰੀਬੀ, ਨਾ-ਬਰਾਬਰਤਾ, ਯੁੱਧ ਨਾਲ ਤਬਾਹੀ, ਲੋੜੀਂਦੀਆਂ ਵਸਤਾਂ ਦੀ ਥੁੜ੍ਹ, ਘਰ-ਘਰ ਵਿਚ ਕਿਸੇ ਨਾ ਕਿਸੇ ਦੀ ਮੌਤ ਕਾਰਨ ਸੋਗ ਅਤੇ ਘਰੋਗੀ ਅਤੇ ਸਮਾਜਿਕ ਅਸਤ-ਵਿਅਸਤਤਾ, ਆਵਾਜਾਈ ਦੇ ਸਾਧਨਾਂ ਦੀ ਕਮੀ ਆਦਿ ਨਾਲ ਪਿਛੜੇ ਮੁਲਕਾਂ ਦੇ ਨਾਲ ਹੀ ਅਮਰੀਕਾ ਅਤੇ ਬਰਤਾਨੀਆ ਵਰਗੇ ਵਿਕਸਿਤ ਮੁਲਕ ਵੀ ਇਸ ਮੰਦਵਾੜੇ ਅਤੇ ਆਰਥਿਕ ਸੰਕਟ (Economic depression) ਦੀ ਲਪੇਟ ਵਿਚ ਆ ਗਏ ਸਨ। ਇਹੀ ਕਾਰਨ ਸੀ ਕਿ ਮਾਰਕਸੀ ਵਿਚਾਰਾਂ ਵਾਲੇ ਅਰਥ-ਸ਼ਾਸਤਰੀ ਜੋਹਨ ਮੋਨਾਰਡ ਕੇਨਜ਼ (John Monaynard Keynes) ਨੇ ਸਮਾਜਿਕ ਲੋਕਰਾਜੀ ਉਦਾਰਵਾਦ ਜਿਸ ਨੂੰ ਆਧੁਨਿਕ ਉਦਾਰਵਾਦ ਵੀ ਕਿਹਾ ਜਾਂਦਾ ਹੈ, (ਜਿਸ ਵਿਚ ਰਾਜ ਦੇ ਵੱਧ ਅਧਿਕਾਰ ਖੇਤਰ ਹੁੰਦੇ ਹਨ) 'ਤੇ ਜ਼ੋਰ ਦਿੱਤਾ ਕਿਉਂਕਿ ਪੂੰਜੀਪਤੀਆਂ 'ਤੇ ਸਿਰਫ਼ ਸਟੇਟ ਹੀ ਨਕੇਲ ਪਾ ਸਕਦੀ ਸੀ ਅਤੇ ਸਮਾਜਿਕ ਕਲਿਆਣ ਵਾਸਤੇ ਪਬਲਿਕ ਸੈਕਟਰ ਲਈ ਵੱਧ ਫੰਡ ਕਾਇਮ ਕਰ ਸਕਦੀ ਸੀ ਤਾਂ ਕਿ ਬੰਦ ਹੋਏ ਕਾਰਖ਼ਾਨੇ ਚਲਾਏ ਜਾ ਸਕਣ ਅਤੇ ਇਸ ਤਰ੍ਹਾਂ ਆਮ ਲੋੜ ਦੀਆਂ ਵਸਤਾਂ ਦੀ ਮੰਗ ਉਤਪਾਦਨ ਵਿਚ ਵਾਧਾ ਕੀਤਾ ਜਾ ਸਕੇ। ਬੇਰੁਜ਼ਗਾਰੀ ਅਤੇ ਆਰਥਿਕ ਮੰਦਵਾੜੇ, ਗਰੀਬਾਂ ਅਤੇ ਅਮੀਰਾਂ ਵਿਚਕਾਰ ਵਧ ਰਹੇ ਪਾੜੇ ਨੂੰ ਦੂਰ ਕੀਤਾ ਜਾ ਸਕੇ ਅਤੇ ਲੋਕ ਭਲਾਈ ਤੇ ਸਮਾਜਿਕ ਕਲਿਆਣ ਸੰਸਥਾਨਾਂ, ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ, ਖੋਜ ਅਨੁਸੰਧਾਨ ਸੰਸਥਾਨਾਂ, ਹਸਪਤਾਲਾਂ, ਰੇਲਵੇ, ਸੜਕਾਂ, ਹਵਾਈ ਸੇਵਾਵਾਂ, ਤਕਨੀਕੀ ਸਿੱਖਿਆ, ਸਰਕਾਰੀ ਬੈਂਕ ਅਤੇ ਮੰਡੀਆਂ ਵਿਚ ਸਰਕਾਰੀ ਨਿਵੇਸ਼ ਕੀਤਾ ਜਾ ਸਕੇ। ਇਸ ਸਭ ਕੁਝ ਨੂੰ ਬਰਤਾਨੀਆ ਵਿਚ ਲਾਗੂ ਕੀਤਾ ਗਿਆ।

ਅਸੀਂ ਵੇਖਦੇ ਹਾਂ ਕਿ ਭਾਰਤ ਵਿਚ ਵੀ ਆਜ਼ਾਦੀ ਤੋਂ ਛੇਤੀ ਬਾਅਦ ਜਵਾਹਰ ਲਾਲ ਨਹਿਰੂ ਅਤੇ ਇੰਦਰਾ ਗਾਂਧੀ ਦੇ ਸਮੇਂ ਅਜਿਹੀਆਂ ਬਹੁਤ ਸਾਰੀਆਂ ਸਮਾਜ ਕਲਿਆਣ ਸੇਵਾਵਾਂ ਦਾ ਆਰੰਭ ਜਾਂ ਸਰਕਾਰੀਕਰਨ, ਭਾਖੜਾ ਡੈਮ ਅਤੇ ਹੋਰ ਹਾਈਡਰੋ-ਈਲੈਕਟਿਕ ਪ੍ਰਾਜੈਕਟ, ਪੁਲ, ਸੁਰੰਗਾਂ ਦਾ ਨਿਰਮਾਣ ਅਤੇ ਬੀਮਾ ਕੰਪਨੀਆਂ ਅਤੇ ਬੈਂਕਾਂ ਦਾ ਸਰਕਾਰੀਕਰਨ ਇਸੇ ਮਾਰਕਸਵਾਦੀ ਅਤੇ ਕੇਨਜ਼ੀਅਨ ਆਰਥਿਕ ਵਿਚਾਰਧਾਰਾ ਨੂੰ ਲਾਗੂ ਕਰਨ ਦੇ ਉਪਰਾਲੇ ਹਿੱਤ ਸੀ। ਇਸ ਸੋਚ ਪਿੱਛੇ ਇਹ ਦਲੀਲ ਸੀ ਕਿ ਵਿਅਕਤੀ ਆਪਣੇ ਆਪ ਕੁਝ ਨਹੀਂ ਕਰ ਸਕਦੇ ਜਦ ਤਕ ਰਾਜ ਉਸ ਦੀ ਆਰਥਿਕ ਸਹਾਇਤਾ ਲਈ ਨਾ ਬਹੁੜੇ ਕਿਉਂਕਿ ਅਮੀਰ ਵਰਗ ਅਤੇ ਪੂੰਜੀਪਤੀ-ਵਪਾਰੀ ਅਦਾਰਿਆਂ ਦੀ ਲੁੱਟ-ਖਸੁੱਟ ਅਤੇ ਦਮਨਕਾਰੀ ਵਰਤਾਰੇ ਦਾ ਵਿਰੋਧ ਜਾਂ ਟਾਕਰਾ ਕਰਨਾ ਇੱਕਾ-ਦੁੱਕਾ ਵਿਅਕਤੀਆਂ ਜਾਂ ਸਮੁਦਾਇ ਦੇ ਵੱਸ ਤੋਂ ਬਾਹਰ ਦੀ ਗੱਲ ਹੁੰਦੀ ਹੈ। ਇਕ ਤਰ੍ਹਾਂ ਨਾਲ ਇਸ ਨੂੰ ਅਸੀਂ ਸਮਾਜਵਾਦ ਅਤੇ ਪੂੰਜੀਵਾਦ ਦਾ ਮਿਲਗੋਭਾ ਆਰਥਿਕ ਰੂਪ ਵੀ ਕਹਿ ਸਕਦੇ ਹਾਂ।

ਉਂਜ ਇਹ ਵਿਵਸਥਾ ਬਹੁਤੀ ਦੇਰ ਨਾ ਚੱਲ ਸਕੀ। ਆਰਥਿਕ ਮੰਦਵਾੜੇ ਕਾਰਨ ਮੰਗ ਵਿਚ ਆਈ ਗਿਰਾਵਟ, ਵੱਧ ਮਜ਼ਦੂਰੀ ਲਈ ਟਰੇਡ ਯੂਨੀਅਨਾਂ ਦੀਆਂ ਹੜਤਾਲਾਂ ਕਾਰਨ ਬੰਦ ਹੋਏ ਕਾਰਖ਼ਾਨਿਆਂ ਉਪਰੰਤ ਉਤਪਾਦਨ ਵਿਚ ਗਿਰਾਵਟ ਅਤੇ ਕਿੱਲਤਾਂ, ਅੰਤਰ-ਰਾਸ਼ਟਰੀ ਵਪਾਰ ਦੀਆਂ ਜ਼ਰੂਰਤਾਂ ਹਿੱਤ ਟੈਕਸ-ਰਹਿਤ ਅਤੇ ਮੁਕਤ ਮੰਡੀ ਦੀ ਲੋੜ, ਵਿੱਤੀ ਦਿਕਤਾਂ ਕਾਰਨ ਘਾਟੇ ਵਿਚ ਜਾ ਰਹੇ ਸਰਕਾਰੀ ਅਦਾਰਿਆਂ ਦਾ ਨਿੱਜੀਕਰਨ, ਵਿਅਕਤੀ-ਆਜ਼ਾਦੀ ਦੀ ਮੁੜ ਬਹਾਲੀ ਦਾ ਮੁੱਦਾ, ਬਹੁ-ਕੌਮੀ ਕੰਪਨੀਆਂ ਦਾ ਪਸਾਰ, ਆਲਮੀ ਪੱਧਰ 'ਤੇ ਬੈਂਕਾਂ ਦਾ ਫੈਲਾਅ, ਅੰਤਰ-ਰਾਸ਼ਟਰੀ ਮੁਦਰਾ-ਕੰਟਰੋਲ ਵਿਸ਼ਵ ਬੈਂਕ ਅਤੇ ਵਿਸ਼ਵ ਟਰੇਡ ਸੰਗਠਨਾਂ ਅਤੇ ਮੁਦਰਾ ਅਤੇ ਵਿੱਤੀ ਪ੍ਰਬੰਧਾਂ ਦੀ ਸਥਾਪਨਾ, ਆਦਿ ਦੀ ਲੋੜ, ਹਰਕਤ ਵਿਚ ਆ ਰਹੇ ਪੂੰਜੀਪਤੀ ਅਦਾਰਿਆਂ ਵਿਚ ਮਹਿਸੂਸ ਕੀਤੀ ਜਾਣ ਲੱਗੀ। ਬਰਤਾਨੀਆ ਵਿਚ ਕੰਜ਼ਰਵੇਟਿਵ ਪ੍ਰਧਾਨ ਮੰਤਰੀ ਮਾਰਗਰੇਟ ਥੈਚਰ ( 1975-1990) ਅਤੇ ਅਮਰੀਕਾ ਦੇ ਪ੍ਰਧਾਨ ਡੋਨਾਲਡ ਰੀਗਨ ( 1981-89) ਦੇ ਰਾਜ-ਕਾਲਾਂ ਵਿਚ ਕਲਾਸੀਕਲ ਉਦਾਰਵਾਦ ਦੇ (Laissez-faire) ਦੇ ਸੰਕਲਪ ਨੂੰ ਮੁੜ ਅਮਲ ਵਿਚ ਲਿਆਂਦਾ ਗਿਆ। ਇਸ ਵਿਚਾਰਧਾਰਾ ਨੂੰ ਭਾਵੇਂ ਬਹੁਤ ਪਹਿਲਾਂ ਬਰਤਾਨਵੀ ਅਰਥ-ਸ਼ਾਸਤਰੀ, ਐਡਮ ਸਮਿੱਥ, ਮਾਲਥਸ ਅਤੇ ਬਾਅਦ ਵਿਚ ਰੀਕਾਰਡੋ ਨੇ ਫੈਲਾਇਆ ਸੀ, ਸੋ ਹੁਣ ਉਸ ਦਾ ਨਵ-ਉਦਾਰਵਾਦ ਦੇ ਰੂਪ ਵਿਚ ਪੁਨਰ-ਗਠਨ ਹੋ ਗਿਆ ਅਤੇ ਤਥਾ-ਕਥਿਤ ਵਿਅਕਤੀ-ਮੁਕਤੀ ਦੇ ਸੰਕਲਪ ਦਾ, ਜਿਸ ਵਿਚਾਰਧਾਰਾ ਪਿੱਛੇ ਰਿਕ ਵਾਨ ਹੇਅਕ (1899-1972), ਮਿਲਟਨ ਫਰਾਈਡਮੈਨ (1912-2006) ਅਤੇ ਵਿਲਹੈਮਰਾਪਕੇ (1899-1966) ਵਰਗੇ ਆਰਥਿਕ ਵਿਦਵਾਨਾਂ ਦੀਆਂ ਥਿਊਰੀਆਂ ਅਤੇ ਐਂਟੀ-ਮਾਰਕਸਵਾਦੀ ਨਵ-ਆਰਥਿਕ ਨੀਤੀਆਂ ਕੰਮ ਕਰ ਰਹੀਆਂ ਸਨ।

ਇਸ ਦੇ ਚਲਦਿਆਂ ਨਵ-ਉਦਾਰਵਾਦੀ ਆਰਥਿਕ ਉਪਚਾਰ ਭਾਵ ਟੈਕਸ-ਮੁਕਤ, ਆਜ਼ਾਦ ਅਤੇ ਮੁਕਤ ਮੰਡੀ, ਨਿੱਜੀਕਰਨ, ਕਾਮਿਆਂ ਦੇ ਅਧਿਕਾਰਾਂ ਵਿਚ ਕਮੀ, ਵਿੱਤੀ ਆਰਥਿਕਤਾ ਦੀ ਥਾਂ ਉਤਪਾਦਕ ਅਰਥ-ਵਿਵਸਥਾ, ਜਨਤਕ ਸਿਹਤ ਸਕੀਮਾਂ ਅਤੇ ਸੇਵਾਵਾਂ ਵਿਚ ਕਟੌਤੀ, ਗਲੋਬਲ ਵਪਾਰ ਦਾ ਵਿਸਤਾਰ ਅਮਲ ਵਿਚ ਲਿਆਂਦੇ ਗਏ, ਜਿਨ੍ਹਾਂ ਕਾਰਨ ਆਰਥਿਕ ਅਸਮਾਨਤਾ, ਧਨ ਦੀ ਇਕਾਗਰਤਾ, ਵਾਤਾਵਰਨ ਅਤੇ ਮਾਨਵੀ ਹਿੱਤਾਂ ਅਤੇ ਮੁੱਲਾਂ ਅਤੇ ਮੁੱਦਿਆਂ ਵੱਲ ਸਰਕਾਰੀ ਅਤੇ ਕਾਰਪੋਰੇਟੀ ਸਾਜ਼ਸ਼ੀ ਚੁੱਪ, ਉਤਪਾਦਨ ਦੇ ਮੁਕਾਬਲੇ ਸੱਟਾਬਾਜ਼ੀ, ਕੀਮਤਾਂ ਦਾ ਮੰਗ ਅਤੇ ਸਪਲਾਈ ਅਧੀਨ ਨਿਰਧਾਰੀਕਰਨ, ਮੁਢਲੀਆਂ ਸੇਵਾਵਾਂ ਦਾ ਨਿੱਜੀਕਰਨ, ਕਾਰਪੋਰੇਟੀ ਕਰਜ਼ਾ ਮੁਆਫੀਆਂ, ਨਾਨ-ਪਰਫਾਰਮੈਂਸ ਐਸਟਸ ਅਤੇ ਕਾਰਪੋਰੇਟੀ ਬੈਂਕਰਪਸੀਆਂ ਦਾ ਰੁਝਾਨ, ਦਰਾਮਦ ਉੱਤੇ ਟੈਕਸ ਦੀ ਕਟੌਤੀ, ਵਪਾਰਕ ਨੈੱਟਵਰਕਾਂ ਵਿਚ ਵਾਧੇ ਆਦਿ ਨੀਤੀਆਂ ਦੇ ਅਮਲ ਵਿਚ ਆਉਣ ਨਾਲ ਲੋਕਰਾਜੀ ਤਾਕਤਾਂ ਦੀ ਕਮਜ਼ੋਰੀ ਅਤੇ ਜਨ-ਹਿੱਤ ਵਿਰੋਧੀ ਜਾਣ ਵਾਲੀਆਂ ਆਰਥਿਕ ਨੀਤੀਆਂ ਅਤੇ ਗਤੀਵਿਧੀਆਂ ਦਾ ਵਿਕਾਸ ਹੋਇਆ, ਜਿਸ ਮਗਰੋਂ ਭਾਵੇਂ ਆਰਥਿਕ ਖੜੋਤ ਦੇ ਸੰਕਟ ਨੂੰ ਤਾਂ ਵਕਤੀ ਠੱਲ੍ਹ ਪਾਈ ਜਾ ਸਕੀ ਅਤੇ ਪੂੰਜੀਵਾਦੀ ਵਪਾਰੀ ਅਤੇ ਸੰਗਠਨ ਰਾਤੋ-ਰਾਤ ਹੋਰ ਵੀ ਅਮੀਰ ਹੋ ਗਏ ਪਰ ਇਸ ਨਾਲ ਗਰੀਬਾਂ ਅਤੇ ਅਮੀਰਾਂ ਵਿਚਕਾਰ ਪਾੜਾ ਹੋ ਵੀ ਵਧ ਗਿਆ ਅਤੇ ਗਰੀਬੀ ਰੇਖਾ ਉੱਤੇ ਰਹਿ ਰਹੇ ਲੋਕਾਂ ਦੀ ਗਿਣਤੀ ਵੀ।



11 ਮਾਰਚ, 1990 ਨੂੰ ਅਮਰੀਕਾ ਦੀ ਸ਼ਹਿ 'ਤੇ ਸਾਲਵੇਡਾਰ ਐਲੇਂਡਾ ਦੀ ਜਮਹੂਰੀ ਸਰਕਾਰ ਪਲਟਾਅ ਦਿੱਤੀ ਗਈ ਅਤੇ ਫੌਜੀ ਜਰਨੈਲ ਅਗਸਤੋ ਪੈਨੈਸ਼ੇ ਦਾ ਤਾਨਾਸ਼ਾਹ ਰਾਜ ਸਥਾਪਿਤ ਕਰ ਦਿੱਤਾ ਗਿਆ, ਜਿਸ ਅਧੀਨ ਸਾਰੀਆਂ ਜਨਹਿੱਤ ਸੇਵਾਵਾਂ ਦਾ ਨਿੱਜੀਕਰਨ ਹੋਣਾ ਆਰੰਭ ਹੋ ਗਿਆ। ਇਹੀ ਕੁਝ ਬਹੁਤ ਸਾਰੇ ਵਿਕਸਿਤ ਦੇਸ਼ਾਂ ਅਤੇ ਅਵਿਕਸਿਤ ਦੇਸ਼ਾਂ ਦੇ ਲੋਕਰਾਜੀ ਨਿਜ਼ਾਮਾਂ ਦੀਆਂ ਆਰਥਿਕ ਨੀਤੀਆਂ ਨਾਲ ਵੀ ਵਾਪਰਿਆ। ਭਾਵੇਂ ਕਿਸੇ ਹੱਦ ਤਕ ਇਨ੍ਹਾਂ ਵਿਚੋਂ ਕੁਝ ਨੀਤੀਆਂ ਅਧੀਨ 1990-91 ਦੇ ਵਿਸ਼ਵ-ਵਿਆਪੀ ਆਰਥਿਕ ਮੰਦਵਾੜੇ ਅਤੇ ਖੜੋਤ ਦੀ ਰੋਕਥਾਮ ਹੋ ਸਕੀ ਪਰ ਇਹ ਲਾਭ ਛੇਤੀ ਹੀ ਅਲੋਪ ਹੋਣ ਲੱਗੇ। ਭਾਰਤ ਵਿਚ ਵੀ ਵਿੱਤ ਮੰਤਰੀ ਮਨਮੋਹਨ ਸਿੰਘ ਦੇ 1990-91 ਦੌਰਾਨ ਕੀਤੇ ਕੁਝ ਆਰਥਿਕ ਸੁਧਾਰਾਂ ਨੇ ਭਾਰਤ ਦੀ ਆਰਥਿਕ ਖੁਸ਼ਹਾਲੀ ਦੀ ਮੁੜ-ਬਹਾਲੀ ਵਿਚ ਹਾਂ-ਪੱਖੀ ਯੋਗਦਾਨ ਵੀ ਪਾਇਆ ਪਰ ਬਾਅਦ ਵਿਚ ਇਸ ਹਾਂ-ਪੱਖੀ ਰੁਝਾਨ ਦੀ ਕਾਇਮੀ ਬਹੁਤੀ ਦੇਰ ਨਾ ਨਿਭ ਸਕੀ। ਲਗਭਗ ਇਹੀ ਹਾਲ ਯੂਰਪੀ ਮੁਲਕਾਂ ਦੀ ਅਰਥ-ਵਿਵਸਥਾ ਵਿਚ ਵੀ ਦੇਰ ਸਵੇਰ ਪ੍ਰਗਟ ਹੋਣੇ ਸ਼ੁਰੂ ਹੋ ਗਏ।

ਭਾਰਤ ਦੀ ਗੱਲ ਕਰਦਿਆਂ ਇਹ ਤੱਥ ਵੀ ਮਹੱਤਵਪੂਰਨ ਹੈ ਕਿ ਭਾਵੇਂ ਕਾਂਗਰਸ ਦੇ ਰਾਜ ਦੇ ਅਖੀਰਲੇ ਸਾਲਾਂ ਵਿਚ ਵੀ ਨਵ-ਉਦਾਰਵਾਦੀ ਨੀਤੀ ਦਾ ਪੂਰਨ ਤਿਆਗ ਤਾਂ ਨਹੀਂ ਹੋਇਆ, ਜਿਸ ਦੇ ਫਲਸਰੂਪ ਵੱਢੀਖ਼ੋਰੀ, ਬੈਂਕ ਕਰਜ਼ਾ ਘੁਟਾਲੇ ਅਤੇ ਪੂੰਜੀਵਾਦੀ ਤਾਕਤਾਂ ਅਤੇ ਕਾਰਪੋਰੇਟ ਤਾਕਤਾਂ ਦੇ ਸਰਕਾਰੀ ਨੀਤੀ ਅਤੇ ਮੀਡੀਆ ਵਿਚ ਨਿਵੇਸ਼ ਅਤੇ ਦਖ਼ਲ ਨੇ ਲੋਕਰਾਜੀ ਤੰਤਰ ਵਿਚ ਕਮਜ਼ੋਰੀ ਲੈ ਆਂਦੀ, ਪਰ ਫਿਰ ਵੀ ਕਾਫੀ ਹੱਦ ਤੀਕ ਲੰਮੇ ਸਮੇਂ ਤੋਂ ਭਾਰਤ ਵਿਚ ਮਿਸ਼ਰਤ ਆਰਥਿਕਤਾ ਦੀ ਨੀਤੀ ਦਾ ਭਾਵੇਂ ਕਮਜ਼ੋਰ ਹੀ ਸਹੀ, ਪਰ ਬੋਲਬਾਲਾ ਕਾਇਮ ਰਿਹਾ, ਜਿਸ ਦੇ ਫਲਸਰੂਪ ਕੁਝ ਮਹੱਤਵਪੂਰਨ ਲੋਕ ਕਲਿਆਣਕਾਰੀ ਯੋਜਨਾਵਾਂ ਅਤੇ ਸੇਵਾਵਾਂ ਨਵ-ਉਦਾਰਵਾਦ ਦੀਆਂ ਗਰੀਬਾਂ ਵਿਰੋਧੀ ਰਾਜਨੀਤੀਆਂ ਤੋਂ ਬਚੀਆਂ ਰਹੀਆਂ। ਭਾਵੇਂ ਇਹ ਆਰਥਿਕ ਨੀਤੀਆਂ ਕਿਸੇ ਹੱਦ ਤਕ ਦੇਸ਼ ਦੇ ਵਿੱਤੀ ਵਿਕਾਸ ਲਈ ਜ਼ਰੂਰੀ ਵੀ ਸਾਬਤ ਹੋਈਆਂ ਪਰ ਪਿਛਲੇ ਕੁਝ ਸਾਲਾਂ ਤੋਂ ਆਜ਼ਾਦ ਮੰਡੀ ਅਤੇ ਵਪਾਰਕ ਵਿਸ਼ਵੀਕਰਨ ਦੀਆਂ ਸ਼ਰਤਾਂ ਤਹਿਤ ਨਿੱਜੀਕਰਨ ਦੀਆਂ ਨੀਤੀਆਂ ਵਿਚ ਵਾਧੇ, ਵਿਸ਼ਵ-ਬੈਂਕ, ਵਰਲਡ ਟਰੇਡ ਆਰਗੇਨਾਈਜ਼ੇਸ਼ਨ ਅਤੇ ਕੌਮਾਂਤਰੀ ਮੁਦਰਾ-ਕੋਸ਼ ਦੀਆਂ ਸ਼ਰਤਾਂ ਅੱਗੇ ਵਿਸ਼ਵ ਬੈਂਕ ਤੋਂ ਮਿਲਣ ਵਾਲੇ ਆਰਥਿਕ ਸਹਿਯੋਗ ਨੂੰ ਮੁੱਖ ਰੱਖਦਿਆਂ ਭਾਰਤ ਸਰਕਾਰ ਦੇ ਬੇਵਸ ਸਮਰਪਣ ਨੇ ਰਾਜ ਨੂੰ ਅਸਿੱਧੇ ਕਾਰਪੋਰੇਟੀ ਦਖ਼ਲ ਅਤੇ ਅੰਤਰ-ਰਾਸ਼ਟਰੀ ਨਿਵੇਸ਼ ਨੂੰ ਬੜ੍ਹਾਵਾ ਦੇਣ ਲਈ ਮਜਬੂਰ ਕਰ ਦਿੱਤਾ ਹੈ। ਇੰਜ ਘਾਟੇ ਵਿਚ ਜਾ ਰਹੇ ਬਹੁਤ ਸਾਰੇ ਸਰਕਾਰੀ ਉਦਯੋਗ ਅਤੇ ਅਦਾਰੇ ਜਿਨ੍ਹਾਂ ਨੂੰ ਲੋੜੀਂਦੀ ਮਾਇਕ ਸਹਾਇਤਾ ਅਤੇ ਸੋਧਾਂ ਰਾਹੀਂ ਬਚਾਇਆ ਜਾ ਸਕਦਾ ਸੀ, ਉਹ ਵੀ ਨਵ-ਉਦਾਰਵਾਦ ਦੀ ਨੀਤੀ ਹਿੱਤ ਅੰਨ੍ਹੇਵਾਹ ਨਿੱਜੀਕਰਨ ਦੀ ਭੇਟ ਚੜ੍ਹ ਗਏ ਜਾਪਦੇ ਹਨ।

ਜਿੱਥੇ ਨਵ-ਉਦਾਰਵਾਦ ਦੇ ਹੱਕ ਵਿਚ ਕਈ ਵਿਦਵਾਨ ਅਤੇ ਅੰਦੋਲਨ ਨਿੱਤਰੇ ਹਨ, ਜਿਨ੍ਹਾਂ ਵਿਚ ਪਹਿਲਾਂ ਦਿੱਤੇ ਵਿਸ਼ੇਸ਼ ਵਿਚਾਰਵਾਨਾਂ ਤੋਂ ਇਲਾਵਾ ਚਾਰਲਸ ਪੀਟਰਜ਼, ਬਿਲ ਕਲਿੰਟਨ, ਐਲ ਗੋਰੇ, ਚਾਰਲਸ ਗਾਈਡ, ਪੈਂਟਾਲੋਨੀ, ਜੇਮਜ਼ ਬੈਚਨੈਨ ਅਤੇ ਕਈ ਮਿਸ਼ਨ ਜਾਂ ਸੰਗਠਨ ਜਿਵੇਂ ਵਾਸ਼ਿੰਗਟਨ ਕੈਂਨਸੈਂਸਿਜ਼ ਅਤੇ ਸ਼ਿਕਾਗੋ ਬੁਆਏਜ਼ ਆਦਿ ਮੁੱਖ ਹਨ, ਉਥੇ ਹੀ ਕੁਝ ਸਮੇਂ ਤੋਂ ਨਵ-ਉਦਾਰਵਾਦ ਦਾ ਵਿਰੋਧ ਵੀ ਬਹੁਤ ਤਾਕਤ ਫੜ ਰਿਹਾ ਹੈ, ਖਾਸ ਕਰ ਲਤੀਨੀ ਅਤੇ ਦੱਖਣੀ ਅਮਰੀਕੀ ਦੇਸ਼ਾਂ ਅਤੇ ਕੁਝ ਯੂਰਪੀ ਅਤੇ ਸਕੰਡੇਨੇਵੀਅਨ ਦੇਸ਼ਾਂ ਵਿਚ। ਇਸ ਵਿਚਾਰਧਾਰਾ ਦੇ ਵਿਰੋਧ ਵਿਚ ਬਹੁਤ ਸਾਰੇ ਸਮਾਜਿਕ ਸੰਗਠਨ ਅਤੇ ਐਕਟਿਵਿਸਟ ਲਗਾਤਾਰ ਸਰਗਰਮ ਹਨ, ਜਿਨ੍ਹਾਂ ਵਿਚ ਕੁਝ ਵਿਸ਼ੇਸ਼ ਨਾਂ ਹਨ: ਮਾਈਕਲ ਹਡਸਨ, ਰੋਬਰਟ ਪੌਲਿਨ, ਨੌਮਚੌਮਸਕੀ, ਨਾਓਮੀ ਕਲੇਨ, ਮਸ਼ੈਲ ਫੂਕੋ, ਕੌਮਲ ਵੈਸਟ, ਅਮਰਤਿਆ ਸੇਨ, ਜਾਰਜ ਮੌਨਬਿਔਟ, ਗੇਲ ਡਾਈਨ, ਡੇਵਿਡ ਹਾਰਵੀ, ਜ਼ਿਜ਼ੇਕ, ਅਨੁੰਧਤੀ ਰਾਏ, ਜੌਸਫ਼ ਸਟਿਗ ਲਿਫਟਸ ਅਤੇ ਕੈਥੋਲਿਕ ਚਰਚ ਦੇ ਮੌਜੂਦਾ ਪੋਪ, ਫਰਾਂਸਿਜ਼।

ਹੁਣ ਅਸੀਂ ਨਵ-ਉਦਾਰਵਾਦ ਦੇ ਮੁੱਖ ਟੀਚਿਆਂ ਅਤੇ ਇਸ ਵਿਚਾਰਧਾਰਾ ਦੇ ਮੂਲ ਵਿਰੋਧ ਦੇ ਨੁਕਤਿਆਂ ਵੱਲ ਆਉਂਦੇ ਹਾਂ, ਭਾਵ ਨਵ-ਉਦਾਰਵਾਦ ਦੇ ਕੱਚੇ ਚਿੱਠੇ ਵੱਲ। ਅਸਲ ਵਿਚ ਨਵ-ਉਦਾਰਵਾਦ ਮਨੁੱਖ ਨੂੰ ਚਾਰਲਸ ਡਾਰਵਿਨ ਦੇ ਮੁੱਖ ਸਿਧਾਂਤ, 'ਸਿਲੈਕਸ਼ਨ ਆਫ ਦ ਫਿਟਸ', ਦੇ ਸਿਆਸੀ ਢਾਂਚੇ ਵਿਚ ਫਿੱਟ ਕਰਨ ਦੇ ਉਦੇਸ਼ ਤੋਂ ਮੁੱਖ ਪ੍ਰਭਾਵ ਲੈਂਦਾ ਹੈ। ਇੱਥੇ ਫਿੱਟ ਤੋਂ ਭਾਵ ਪੈਸੇ ਦੀ ਤਾਕਤ ਵਲੋਂ ਫਿੱਟ ਤੋਂ ਹੈ ਕਿਉਂਕਿ ਅੱਜ-ਕੱਲ੍ਹ ਤਾਕਤ ਸਰੀਰਕ ਤੋਂ ਮਾਇਕ ਦੇ ਰੂਪ ਵਿਚ ਤਬਦੀਲ ਹੋ ਗਈ ਹੈ। ਦੂਜੇ ਇਹ ਵਿਚਾਰਧਾਰਾ ਪੈਸੇ ਨੂੰ ਮਾਨਵੀ ਜ਼ਿੰਦਗੀ ਅਤੇ ਵਿਅਕਤੀ ਤੋਂ ਉਤਾਂਹ ਰੱਖਦੀ ਹੈ ਅਤੇ ਇਹ ਜ਼ਿੰਦਗੀ ਦੇ ਮੁੱਲਾਂ ਨੂੰ ਮੰਡੀ ਅਤੇ ਬਾਜ਼ਾਰ ਦੇ ਮੁੱਲਾਂ ਵਿਚ ਤਬਦੀਲ ਕਰਨ ਵਾਲੀ ਸਿਆਸੀ ਗਤੀਵਿਧੀ ਹੈ। ਡੇਵਿਡ ਹਾਰਵੀ ਇਸ ਨੂੰ 'ਖੁੱਲ੍ਹਾ ਛੱਡਿਆ, ਬੇ-ਲਗਾਮ ਵਿਅਕਤੀਵਾਦ' ਕਹਿੰਦਾ ਹੈ, ਜਿਹੜਾ ਅਮੀਰ ਵਰਗ ਦੀ ਤਾਕਤ ਵਧਾਉਣ ਲਈ ਇਜਾਦ ਕੀਤਾ ਗਿਆ ਹੈ। ਅਸਲ ਵਿਚ ਇਹ ਪੂੰਜੀਵਾਦੀ ਅਮੀਰ ਵਰਗ ਅਤੇ ਕਾਰਪੋਰੇਟ ਸੈਕਟਰ ਦੀ ਅਧੀਨਗੀ ਵਿਚ ਲਿਆਉਣ ਵਾਲੀ ਵਿਵਸਥਾ ਹੈ। ਇਸ ਨੂੰ ਗ਼ੈਰ-ਹਾਜ਼ਰੀ ਵਾਲਾ ਸਾਮਰਾਜ ਵੀ ਕਿਹਾ ਗਿਆ ਹੈ। ਕਈ ਇਸ ਨੂੰ ਗਰੀਬੀ ਦੇ ਜੁਰਮੀਕਰਨ ਵਾਲੀ ਵਿਵਸਥਾ ਪੈਦਾ ਕਰਨ ਵਾਲਾ ਨਿਜ਼ਾਮ ਕਹਿੰਦੇ ਹਨ, ਜਿਸ ਦੇ ਚਲਦਿਆਂ ਕਾਰਪੋਰੇਟ ਫੰਡਾਂ ਦੀ ਮਦਦ ਕਾਰਨ ਇਸ ਪ੍ਰਬੰਧ ਦਾ ਕਹਿਣਾ ਮੰਨਣ ਵਾਲੀਆਂ ਸਰਕਾਰਾਂ ਅਤੇ ਸੱਤਾਧਾਰੀ ਰਾਜਾਂ 'ਤੇ ਨਿਰੰਤਰ ਕਾਬਜ਼ ਕਰਨ ਅਤੇ ਰਹਿਣ ਲਈ ਕਾਰਪੋਰੇਟ ਅਦਾਰੇ ਮੌਜੂਦਾ ਸਰਕਾਰਾਂ ਦੀ ਮਿਲੀ-ਭੁਗਤ ਨਾਲ ਕਈ ਤਰ੍ਹਾਂ ਦੇ ਪੈਂਤਰੇ ਅਪਨਾਉਂਦੇ ਹਨ, ਜਿਨ੍ਹਾਂ ਵਿਚ ਨਿੱਜੀ ਜਾਇਦਾਦ ਦੇ ਹੱਕਾਂ ਦੀ ਰਖਵਾਲੀ ਦੀ ਜਾਮਨੀ, ਨਿੱਜੀਕਰਨ, ਵਪਾਰ ਅਤੇ ਪੂੰਜੀਪਤੀਆਂ ਦੇ ਆਮਦਨ ਕਰਾਂ ਵਿਚ ਕਟੌਤੀ ਨੂੰ ਆਰਥਿਕ ਖੜੋਤ ਵਿਚੋਂ ਮੁਲਕ ਨੂੰ ਕੱਢਣ ਲਈ ਇਨ੍ਹਾਂ ਦਾ ਜ਼ਰੂਰੀ ਹੋਣਾ ਦਰਸਾਉਣਾ, ਮਿਲਟਰੀ ਨੂੰ ਹੋਰ ਸ਼ਕਤੀਸ਼ਾਲੀ ਬਣਾਉਣ ਦੇ ਉਪਰਾਲੇ ਵਜੋਂ ਅਧਿਕ ਧਨ ਲਈ ਸਰਕਾਰੀ ਬਜਟ ਰੱਖਣਾ, ਅਜਿਹੀ ਵਿਵਸਥਾ ਪੈਦਾ ਕਰਨਾ ਤਾਂ ਕਿ ਆਮ ਜਨਤਾ ਦਾ ਧਿਆਨ ਉਨ੍ਹਾਂ ਦੇ ਅਸੁਰੱਖਿਅਤ ਹੋਣ ਦੇ ਕਲਪਿਤ ਖ਼ਤਰਿਆਂ ਵੱਲ ਖਿੱਚ ਕੇ ਉਨ੍ਹਾਂ ਨੂੰ ਮੂਲ ਮਸਲਿਆਂ ਤੋਂ ਅਵੇਸਲੇ ਰੱਖਣ ਜਾਂ ਅਜਿਹੇ ਸੰਕਟਾਂ ਨੂੰ ਕੂਟਨੀਤਕ ਰਾਜਨੀਤੀ ਜਾਂ 'ਫੁੱਟ ਪਾਓ ਅਤੇ ਰਾਜਨੀਤੀ ਕਰੋ' ਆਦਿ ਲਈ ਵਰਤਿਆ ਜਾ ਸਕੇ, ਜਿਸ ਬਾਰੇ ਨਿਓਮੀ ਕਲੇਨ ਨੇ ਆਪਣੀ ਪ੍ਰਸਿੱਧ ਪੁਸਤਕ (The Shock Treatment) ਵਿਚ ਜ਼ਿਕਰ ਕੀਤਾ ਹੈ। ਨਵ-ਉਦਾਰਵਾਦੀ ਨੀਤੀਆਂ ਸਭਿਆਚਾਰਕ, ਵਾਤਾਵਰਨ ਅਤੇ ਸਥਾਨਿਕਤਾ 'ਤੇ ਵੀ ਬੋਝ ਬਣਦੀਆਂ ਹਨ। ਕਾਰਪੋਰੇਟ ਖੇਤੀ ਦਾ ਵਧੇਰੇ ਮਸ਼ੀਨੀਕਰਨ ਅਤੇ ਰਸਾਇਣੀਕਰਨ ਭੋਇੰ ਦੀ ਉਪਜਾਊ ਤਾਕਤ ਘਟਾ ਦਿੰਦਾ ਹੈ, ਜਿਸ ਰਾਹੀਂ ਪੈਦਾ ਹੋਈ ਮਾਨਸਿਕਤਾ ਜ਼ਮੀਨ ਉੱਤੇ ਮਨੁੱਖ ਦਾ ਸਮਾਜਿਕ ਅਤੇ ਸਭਿਆਚਾਰਕ ਆਧਾਰ ਵੀ ਘਟਾ ਦਿੰਦੀ ਹੈ। ਰਾਕ ਫਾਊਂਡੇਸ਼ਨ ਨੇ ਜ਼ਮੀਨ ਨੂੰ ਰਸਾਇਣਕ ਖਾਦਾਂ ਅਤੇ ਕੀੜੇਮਾਰ ਦਵਾਈਆਂ ਅਤੇ ਬਾਇਓ ਟੈਕਨਾਲੋਜੀ ਨਾਲ ਅੱਧਮੋਈ ਕਰ ਦਿੱਤਾ ਜਾਪਦਾ ਹੈ। ਇਸ ਤੋਂ ਇਲਾਵਾ ਮਜ਼ਦੂਰੀਆਂ ਵਿਚ ਖੜੋਤ ਅਤੇ ਗਤੀਹੀਣਤਾ, ਘੱਟ ਕਾਰੀਗਰ ਕਾਮਿਆਂ ਦੀ ਮੰਡੀ ਲਚੀਲੀ ਨਾ ਹੋਣ ਕਾਰਨ ਅਜਿਹੇ ਕਾਮਿਆਂ ਦਾ ਘਾਣ, ਬਗ਼ੈਰ ਮਿਹਨਤ ਤੋਂ ਪੈਦਾ ਹੋਏ ਸਾਧਨਾਂ ਤੋਂ ਪੂੰਜੀਪਤੀਆਂ ਵਲੋਂ ਆਰਥਿਕ ਕਿਰਾਏ ਦੀ ਵਸੂਲੀ, ਸਮਾਜਿਕ ਕਾਰਜਾਂ, ਜਿਵੇਂ ਵਿੱਦਿਆ, ਸਿਹਤ, ਪੈਨਸ਼ਨ ਆਦਿ ਵਿਚ ਸਰਕਾਰੀ ਖਰਚੇ ਵਿਚ ਕਟੌਤੀ, ਸਰਕਾਰੀ ਕਾਰਜਾਂ ਅਤੇ ਅਧਿਕਾਰ ਖੇਤਰਾਂ ਵਿਚ ਕਟੌਤੀ, ਸਮਾਜਿਕ ਭਲਾਈ ਵਾਲੀਆਂ ਸੰਸਥਾਵਾਂ ਲਈ ਰੱਖੇ ਬਜਟ-ਘਾਟੇ (Deficit Budge) ਵਿਚ ਕਟੌਤੀ, ਰਾਜਸੀ ਸਾਲਾਨਾ ਡੈਫੀਸਿਟ ਬਜਟ ਜਿਹੜਾ ਜ਼ਿਆਦਾਤਰ ਲੋਕ-ਭਲਾਈ ਵਾਲੇ ਖੇਤਰ ਲਈ ਰੱਖਿਆ ਜਾਂਦਾ ਹੈ, ਵਿਚ ਕਟੌਤੀ, ਕਾਰਪੋਰੇਟ ਦੇ ਆਮਦਨੀ ਕਰਾਂ ਵਿਚ ਕਟੌਤੀਕਰਨ, ਸੱਟਾ ਬਾਜ਼ਾਰੀ ਰਾਹੀਂ ਵਿੱਤੀ ਅਸਥਿਰਤਾ, ਹਾਸ਼ੀਆਗਤ ਆਬਾਦੀਆਂ ਦੀ ਅਸਥਿਰਤਾ ਅਤੇ ਅਸਹਿਮਤੀ ਨੂੰ ਅਪਰਾਧੀਕਰਨ ਦੀ ਨੀਤੀ ਰਾਹੀਂ ਨਜਿੱਠਣਾ, ਵਿਸ਼ਵੀਕਰਨ ਦੌਰ ਵਿਚ ਤੇਜ਼ੀ, ਪਬਲਿਕ ਕਾਰਜਾਂ 'ਤੇ ਖਰਚ ਵਿਚ ਕਟੌਤੀ ਕਰਨ ਅਤੇ ਵੱਧ ਤੋਂ ਵੱਧ ਖੇਤਰਾਂ ਦੇ ਨਿੱਜੀਕਰਨ ਅਤੇ ਅਵਿਨਿਯਮਨ (De-regulation) ਦੁਆਰਾ ਅਸਿੱਧੇ ਰੂਪ ਵਿਚ ਬਹੁਤ ਸਾਰੀਆਂ ਵਿੱਤੀ ਸਹੂਲਤਾਂ ਨੂੰ ਅਮੀਰ ਵਰਗ ਅਤੇ ਕਾਰਪੋਰੇਟ ਦੇ ਕਾਰੋਬਾਰੀ, ਵਿੱਤੀ, ਸਮਾਜਿਕ ਅਤੇ ਮਾਇਕ ਹਿੱਤਾਂ ਨੂੰ ਪਰਦਾਨ ਕਰਨ ਵੱਲ ਪੂਰੀ ਤਰ੍ਹਾਂ ਸਰਗਰਮ ਹਨ। ਇਨ੍ਹਾਂ ਸਭ ਗੱਲਾਂ ਦੇ ਫਲਸਰੂਪ ਨਵ-ਉਦਾਰਵਾਦ ਨੂੰ ਹੁਣ ਲੋਕਰਾਜ ਦੇ ਪਤਨ ਅਤੇ ਨਿਘਾਰ ਵਰਗੀਆਂ ਸਮਾਜਿਕ ਅਤੇ ਰਾਜਨੀਤਕ ਪ੍ਰਸਥਿਤੀਆਂ ਦੀ ਜਨਮ ਦਾਤਾ ਹੋਣ ਵਜੋਂ ਵੀ ਜਾਣਿਆ ਜਾਣ ਲੱਗਾ ਹੈ। ਹਾਲਤ ਇਹ ਹੋ ਗਈ ਹੈ ਕਿ ਵਿਕਸਿਤ ਰਾਸ਼ਟਰਾਂ ਦੀਆਂ ਸਰਕਾਰਾਂ ਪੂੰਜੀਵਾਦੀ ਤਾਕਤਾਂ ਅਤੇ ਕਾਰਪੋਰੇਟੀ ਦਬਾਓ ਰਾਹੀਂ ਜਿਹੜਾ ਮੋਟੇ ਰੂਪ ਵਿਚ ਸਰਕਾਰਾਂ ਨੂੰ, ਭਾਵੇਂ ਉਹ ਜਿਹੜੀ ਮਰਜ਼ੀ ਪਾਰਟੀ ਨਾਲ ਸਬੰਧ ਰੱਖਦੀਆਂ ਹੋਣ ਜਾਂ ਕਿਸੇ ਵਿਸ਼ੇਸ਼ ਤਾਕਤਵਰ ਧਾਰਮਿਕ ਵਿਚਾਰਧਾਰਾ ਵਾਲੇ ਤਬਕੇ ਜਾਂ ਸੱਤਾਧਾਰੀ ਧਾਰਮਿਕ ਵਰਗ ਨਾਲ, ਉਹ, ਅਕਸਰ ਵੇਖਣ ਵਿਚ ਆਇਆ ਹੈ, ਕਾਰਪੋਰੇਟੀ ਫੰਡਿੰਗ ਉੱਤੇ ਵੱਧ ਨਿਰਭਰ ਹੁੰਦੀਆਂ ਹਨ ਜਾਂ ਹੋਣ ਵੱਲ ਰੁਚਿਤ ਹੁੰਦੀਆਂ ਹਨ, ਇਸ ਲਈ ਉਹ ਬਾਵਜੂਦ ਦੇਸ਼ ਅੰਦਰ ਚੱਲ ਰਹੇ ਅੰਦੋਲਨਾਂ ਦੇ ਜਿਹੜੇ ਭਾਵੇਂ ਕਿੰਨੇ ਵੀ ਜਾਇਜ਼, ਤਰਕ ਵਾਲੇ ਅਤੇ ਨਿਆਂਸੰਗਤ ਕਿਉਂ ਨਾ ਹੋਣ ਜਿਵੇਂ ਕਿ ਭਾਰਤ ਵਿਚ ਮੌਜੂਦਾ ਖੇਤੀਬਾੜੀ ਕਾਨੂੰਨਾਂ ਨੂੰ ਲੈ ਕੇ ਚੱਲ ਰਹੇ ਕਿਸਾਨ ਅੰਦੋਲਨ ਬਾਰੇ ਆਮ ਤੌਰ 'ਤੇ ਕਿਹਾ ਜਾਂਦਾ ਰਿਹਾ ਹੈ, ਉਹ ਕਾਰਪੋਰੇਟ ਅਤੇ ਕੌਮਾਂਤਰੀ ਵਪਾਰ ਸੰਗਠਨ ਅਤੇ ਵਿਸ਼ਵ ਬੈਂਕ ਦੇ ਦਬਾਓ ਹੇਠ, ਜਿਹੜੇ ਸੱਤਾ 'ਤੇ ਕਾਬਜ਼ ਪਾਰਟੀ ਜਾਂ ਕਾਬਜ਼ ਹੋ ਸਕਣ ਵਾਲੀ ਰਾਜਸੀ ਪਾਰਟੀ ਨੂੰ ਆਰਥਿਕ ਸਹਾਇਤਾ ਦੇ ਰੂਪ ਵਿਚ ਕਰਜ਼ੇ ਦੇ ਕੇ ਅਕਸਰ ਆਰਥਿਕ ਸੰਕਟਾਂ ਤੋਂ ਬਚਾਉਂਦੇ ਰਹੇ ਹੁੰਦੇ ਹਨ ਅਤੇ ਚੋਣਾਂ ਵੇਲੇ ਫੰਡਿੰਗ ਵੀ ਕਰਦੇ ਰਹੇ ਹੁੰਦੇ ਹਨ, ਉਹ ਸਰਕਾਰਾਂ ਕਦੇ ਵੀ ਵਾਹ ਲੱਗਦਿਆਂ ਇਨ੍ਹਾਂ ਪੂੰਜੀ-ਧਾਰਕ ਤਾਕਤਾਂ ਦਾ ਵਿਰੋਧ ਨਹੀਂ ਸਹੇੜ ਸਕਦੀਆਂ।

ਨਵ-ਉਦਾਰਵਾਦ ਦੇ ਕੁਝ ਹੋਰ ਮੁੱਦੇ, ਜਿਨ੍ਹਾਂ ਵੱਲ ਆਰਥਿਕ ਮਾਹਿਰਾਂ ਅਤੇ ਸਮਾਜ ਸੇਵੀਆਂ ਨੇ ਧਿਆਨ ਦਿਵਾਇਆ ਹੈ, ਇਨ੍ਹਾਂ ਵਿਚ ਸਟੇਟ ਦਾ ਹੌਲੀ-ਹੌਲੀ ਪਤਨ ਹੋ ਜਾਣਾ ਸਭ ਤੋਂ ਪ੍ਰਮੁੱਖ ਹੈ। ਨੇੜਲੇ ਭਵਿੱਖ ਵਿਚ ਸਾਰੀਆਂ ਸੱਤਾਧਾਰੀ ਸਰਕਾਰਾਂ ਅਤੇ ਰਾਜਾਂ ਦਾ ਆਪੋ-ਆਪਣੇ ਰਹਿਮ-ਕਰਮ 'ਤੇ ਪਹੁੰਚ ਜਾਣਾ ਲਗਭਗ ਤੈਅ ਹੈ। ਵਿਸ਼ਵ ਪ੍ਰਸਿੱਧ ਅਰਥ-ਵਿਗਿਆਨੀਆਂ ਦਾ ਇਹ ਕਹਿਣਾ ਹੈ। ਸਮਾਜ ਅਣੂ-ਸਮਾਜ (Atomized society) ਵਿਚ ਬਦਲ ਜਾਵੇਗਾ। ਅਜਿਹਾ ਸਮਾਜ ਆਪਸੀ ਸਾਂਝ ਤੋਂ ਨਿਰਲੇਪ ਹੋ ਜਾਵੇਗਾ। ਜ਼ਿੰਦਗੀ ਦੀ ਫ਼ਜ਼ੂਲਤਾ (Absurdity) ਮੁੱਖਰ ਹੋ ਜਾਵੇਗੀ ਅਤੇ ਸਮਾਜ ਆਤਮ-ਘਾਤੀ ਹੋਣ ਵੱਲ ਵੱਧ ਰੁਚਿਤ ਹੋ ਜਾਵੇਗਾ। ਜਾਰਜ ਮੌਨਬਿਔਟ ਦੇ ਆਖਣ ਅਨੁਸਾਰ ਨਵ-ਉਦਾਰਵਾਦ ਦਾ ਸਭ ਤੋਂ ਮਾੜਾ ਪੱਖ ਇਸ ਦਾ ਕੁਦਰਤੀ ਸਾਧਨਾਂ ਦੀ ਦੁਰਵਰਤੋਂ ਹੈ ਅਤੇ ਪਰਿਆਵਰਨ ਦੇ ਮੁੱਦਿਆਂ ਦੀ ਅਵਹੇਲਨਾ। ਖਾਸ ਤੌਰ 'ਤੇ ਮਿੱਟੀ ਦਾ ਦੁਰਉਪਯੋਗ ਜਿਸ ਨਾਲ ਅਗਲੇ 60 ਸਾਲਾਂ ਵਿਚ ਮਨੁੱਖ ਧਰਤੀ ਤੋਂ ਪੂਰੀ ਤਰ੍ਹਾਂ ਟੁੱਟ ਜਾਵੇਗਾ, ਜਿਹੜੀ ਉਸ ਦੀ ਮਾਂ ਹੈ, ਉਸ ਦਾ ਸਾਂਝ ਬਿੰਦੂ। ਜੰਗਲਾਂ ਦਾ ਕੱਟਿਆ ਜਾਣਾ, ਦਿਹਾਤ ਅਤੇ ਪਹਾੜੀ ਖੇਤਰਾਂ ਵਿਚ ਬਨਸਪਤੀ, ਅੰਨ, ਪਸ਼ੂਆਂ, ਦਰੱਖਤਾਂ ਅਤੇ ਪਾਣੀ 'ਤੇ ਨਿਰਭਰ ਲੋਕ ਉਖਾੜ ਦਿੱਤੇ ਜਾਣਗੇ। ਇਹ ਲੋਕ ਬੇ-ਘਰੇ ਹੀ ਨਹੀਂ,

*(ਬਾਕੀ ਸਫਾ 21 'ਤੇ)*

# ਕਰਜ਼ੇ 'ਤੇ ਚੱਲ ਰਿਹਾ ਸੰਸਾਰ ਦਾ ਆਰਥਿਕ ਢਾਂਚਾ

ਅੱਜ ਦੁਨੀਆ ਵਿਚ ਆਰਥਿਕ ਸੰਕਟ ਬਾਰੇ ਬਹਿਸ ਭਖੀ ਹੋਈ ਹੈ। ਉਨ੍ਹਾਂ ਅਰਥ-ਸ਼ਾਸਤਰੀਆਂ ਦੇ ਦਾਅਵੇ ਠੁੱਸ ਹੋ ਗਏ ਹਨ ਜੋ ਸੰਸਾਰ ਅਰਥਚਾਰੇ ਦੇ ਜਲਦੀ ਮੁੜ ਸਿਹਤਮੰਦ ਹੋਣ ਦੀਆਂ ਕਿਆਸ-ਆਰਾਈਆਂ ਲਾ ਰਹੇ ਸਨ। ਇਸ ਸੰਕਟ ਬਾਰੇ ਕਈ ਤਰ੍ਹਾਂ ਦੀਆਂ ਵਿਆਖਿਆਵਾਂ ਹਨ। ਇਨ੍ਹਾਂ ਵਿਆਖਿਆਵਾਂ ਵਿਚੋਂ ਇਸ ਮਰਜ਼ ਨੂੰ ਠੀਕ ਕਰਨ ਲਈ ਵੱਖ-ਵੱਖ ਨੁਸਖੇ ਨਿੱਕਲਦੇ ਹਨ, ਇਸ ਲਈ ਆਰਥਿਕ ਸੰਕਟ ਨੂੰ ਕਿਵੇਂ ਸਮਝਿਆ ਜਾਂਦਾ ਹੈ, ਇਹ ਬਿਲਕੁਲ ਅਮਲੀ ਸਵਾਲ ਹੈ।

ਆਰਥਿਕ ਸੰਕਟ ਨੂੰ ਪਰਿਭਾਸ਼ਿਤ ਕਰਨ ਲਈ ਵੱਖ-ਵੱਖ ਪੈਮਾਨੇ ਮੌਜੂਦ ਹਨ। ਕਈ ਅਰਥ-ਸ਼ਾਸਤਰੀ ਸਰਮਾਏਦਾਰਾ ਅਰਥਚਾਰੇ ਦੀ ਹਾਲਤ ਨੂੰ ਕਾਰੋਬਾਰੀ ਚੱਕਰ ਦੇ ਪੜਾਵਾਂ ਰਾਹੀਂ ਪ੍ਰਗਟਾਉਂਦੇ ਹਨ ਜਿਵੇਂ ਵਿਸਥਾਰ, ਸਿਖਰ, ਸੁੰਗੇੜਾ, ਥਲਵਾਂ ਆਦਿ। ਕਈ ਅਰਥ ਸ਼ਾਸਤਰੀ ਸਰਮਾਏਦਾਰਾ ਅਰਥਚਾਰੇ ਦੀ ਹਾਲਤ ਨੂੰ 2 ਪੜਾਵਾਂ ਵਿਚ ਪ੍ਰਗਟਾਉਂਦੇ ਹਨ, ਜਿਵੇਂ ਉਛਾਲ ਤੇ ਗਿਰਾਵਟ, ਖੁਸ਼ਹਾਲੀ ਤੇ ਮੰਦੀ, ਚੜ੍ਹਾਅ ਤੇ ਉਤਰਾਅ ਆਦਿ। ਸੁੰਗੇੜਾ, ਗਿਰਾਵਟ, ਉਤਰਾਅ, ਮੰਦੀ ਆਦਿ ਸਭ

**ਨਵਜੋਤ**
ਫੋਨ: +91-85578-12341

ਆਰਥਿਕ ਸੰਕਟ ਦੀ ਤੀਖਣਤਾ ਤੇ ਤੀਬਰਤਾ ਦੇ ਮਾਪ ਹਨ। ਇਨ੍ਹਾਂ ਤੋਂ ਬਿਨਾ ਆਰਥਿਕ ਸੰਕਟ ਨੂੰ ਵਪਾਰਕ ਮੰਦੀ, ਸਨਅਤੀ ਸੰਕਟ, ਖੜੋਤ ਆਦਿ ਵੀ ਕਿਹਾ ਜਾਂਦਾ ਹੈ। ਨਿਵੇਸ਼, ਰੁਜ਼ਗਾਰ ਤੇ ਪੈਦਾਵਾਰ ਦਾ ਡਿੱਗਣਾ, ਜਿਣਸਾਂ ਦਾ ਵੱਡੇ ਪੱਧਰ ਉੱਤੇ ਮੰਡੀ ਵਿਚ ਫਸਣਾ, ਛੋਟੇ ਵੱਡੇ ਕਾਰੋਬਾਰਾਂ ਦੀ ਤਬਾਹੀ, ਬੈਂਕਾਂ ਤੇ ਵਿੱਤੀ ਖੇਤਰ ਵਿਚ ਸੰਕਟ ਆਦਿ ਇਨ੍ਹਾਂ ਦੇ ਸਾਂਝੇ ਲੱਛਣ ਹਨ। ਇਨ੍ਹਾਂ ਲੱਛਣਾਂ ਦੇ ਆਧਾਰ ਉੱਤੇ ਆਰਥਿਕ ਸੰਕਟ ਦੀਆਂ ਪਰਿਭਾਸ਼ਾਵਾਂ ਘੜੀਆਂ ਗਈਆਂ ਹਨ। ਮੁੱਖਧਾਰਾ ਅਰਥ-ਸ਼ਾਸਤਰ ਅਨੁਸਾਰ ਆਰਥਿਕ ਮੰਦਵਾੜਾ ਉਹ ਹਾਲਤ ਹੈ ਜਦੋਂ ਕਿਸੇ ਅਰਥਚਾਰੇ ਦੀ ਕੁੱਲ ਘਰੇਲੂ ਪੈਦਾਵਾਰ ਲਗਾਤਾਰ ਦੋ ਤਿਮਾਹੀਆਂ ਦੌਰਾਨ ਸੁੰਗੜਦੀ ਹੈ। ਇੰਝ ਹੀ ਮੁੱਖਧਾਰਾ ਅਰਥ-ਸ਼ਾਸਤਰ ਅਨੁਸਾਰ ਮਹਾਮੰਦੀ ਜਾਂ ਆਰਥਿਕ ਸੰਕਟ ਉਹ ਹਾਲਤ ਹੈ ਜਦੋਂ ਜਾਂ ਤਾਂ ਕੁੱਲ ਘਰੇਲੂ ਪੈਦਾਵਾਰ 10 ਫੀਸਦੀ ਤੋਂ ਵੱਧ ਨਾਲ ਸੁੰਗੜਦੀ ਹੈ, ਤੇ ਜਾਂ ਫਿਰ ਕੁੱਲ ਘਰੇਲੂ ਪੈਦਾਵਾਰ ਵਿਚ ਲਗਾਤਾਰ 3 ਸਾਲ ਗਿਰਾਵਟ ਆਉਂਦੀ ਹੈ। ਕਈ ਅਰਥ-ਸ਼ਾਸਤਰੀ ਇਸ ਪਰਿਭਾਸ਼ਾ ਅਨੁਸਾਰ ਅੱਜ ਤੱਕ ਸਿਰਫ 3 ਮਹਾਮੰਦੀਆਂ ਜਾਂ ਆਰਥਿਕ ਸੰਕਟਾਂ ਨੂੰ ਮੰਨਦੇ ਹਨ: 1873-97 ਦੀ ਮਹਾਮੰਦੀ, 1929-39 ਦੀ ਮਹਾਮੰਦੀ ਤੇ 2008 ਵਿਚ ਸ਼ੁਰੂ ਹੋਈ ਮਹਾਮੰਦੀ। ਪਿਛਲੇ ਸਮੇਂ (ਜੇ ਕਰੋਨਾ ਕਾਲ ਨੂੰ ਛੱਡ ਦਈਏ) ਦੌਰਾਨ ਸੰਸਾਰ ਅਰਥਚਾਰੇ ਤੇ ਦੁਨੀਆ ਦੇ ਵੱਡੇ ਅਰਥਚਾਰਿਆਂ ਦੀ ਕੁੱਲ ਘਰੇਲੂ ਪੈਦਾਵਾਰ ਦੀ ਵਾਧਾ ਦਰ ਨਿਗੂਣੀ ਰਹੀ ਹੈ, ਫਿਰ ਵੀ ਕੁੱਲ ਘਰੇਲੂ ਪੈਦਾਵਾਰ ਵਿਚ ਗਿਰਾਵਟ ਨਾ ਹੋਣ ਕਾਰਨ ਅਰਥ-ਸ਼ਾਸਤਰੀਆਂ ਦਾ ਵੱਡਾ ਹਿੱਸਾ ਸੰਸਾਰ ਅਰਥਚਾਰੇ ਦੀ ਮੌਜੂਦਾ ਹਾਲਤ ਨੂੰ ਆਰਥਿਕ ਸੰਕਟ ਦੇ ਰੂਪ ਵਿਚ ਪ੍ਰਵਾਨ ਨਹੀਂ ਕਰਦਾ।



ਸਰਮਾਏਦਾਰਾ ਅਰਥਚਾਰੇ ਵਿਚ ਪੈਦਾਵਾਰ ਪਿੱਛੇ ਟੀਚਾ ਮੁੱਖ ਤੌਰ ਉੱਤੇ ਮੁਨਾਫਾ ਹੁੰਦਾ ਹੈ ਤੇ ਪੈਦਾਵਾਰ ਲੋਕ ਭਲਾਈ, ਰੁਜ਼ਗਾਰ ਪੈਦਾ ਕਰਨ, ਲੋਕਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਨਹੀਂ ਸਗੋਂ ਵੱਧ ਤੋਂ ਵੱਧ ਮੁਨਾਫਾ ਹਾਸਲ ਕਰਨ ਲਈ ਕੀਤੀ ਜਾਂਦੀ ਹੈ। ਮੁਨਾਫਾ ਕਮਾਉਣ ਵਿਚ ਅਜਿਹੀ ਰੁਕਾਵਟ ਮੌਜੂਦ ਹੈ ਜੋ ਸਰਮਾਏਦਾਰੀ ਵਿਚ ਵਜੂਦ ਸਮੋਈ ਹੈ ਤੇ ਇਹ ਰੁਕਾਵਟ ਸਰਮਾਏਦਾਰਾ ਅਰਥਚਾਰੇ ਦਾ ਨਿਯਮ ਹੈ। ਸਰਮਾਏਦਾਰਾ ਅਰਥਚਾਰੇ ਵਿਚ ਇੱਕ ਸਮੇਂ ਮਗਰੋਂ ਮੁਨਾਫੇ ਦੀ ਦਰ ਘਟਣ ਲਗਦੀ ਹੈ ਤੇ ਲੰਮੇ ਦਾਅ ਵਿਚ ਲਾਜ਼ਮੀ ਹੀ ਮੁਨਾਫੇ ਦੀ ਦਰ ਹੇਠਾਂ ਆਉਂਦੀ ਹੈ।

ਮਸਲਨ, ਜੇ ਪਹਿਲਾਂ ਹਰ 100 ਰੁਪਏ ਪਿੱਛੋਂ ਸਰਮਾਏਦਾਰ ਨੂੰ 5 ਰੁਪਏ ਮੁਨਾਫਾ, ਭਾਵ 5% ਮੁਨਾਫਾ ਹੁੰਦਾ ਸੀ ਤਾਂ ਇਕ ਸਮੇਂ ਬਾਅਦ ਇਸ ਮੁਨਾਫੇ ਦੀ ਦਰ ਵਿਚ ਗਿਰਾਵਟ ਆਵੇਗੀ। ਮੁਨਾਫਾ ਦਰ ਵਿਚ ਇਹ ਗਿਰਾਵਟ ਕੋਈ ਹਵਾ ਹਵਾਈ ਗੱਲ ਨਹੀਂ ਸਗੋਂ ਕਈ ਅਰਥ-ਸ਼ਾਸਤਰੀਆਂ ਨੇ ਅੰਕੜਿਆਂ ਦੇ ਆਧਾਰ ਉੱਤੇ ਸਿੱਧ ਕੀਤਾ ਹੈ ਕਿ ਸੰਸਾਰ ਪੱਧਰ ਤੇ ਮੁਨਾਫਿਆਂ ਦੀ ਦਰ ਪਿਛਲੇ 50 ਸਾਲਾਂ ਵਿਚ ਲਗਾਤਾਰ ਹੇਠਾਂ ਆਈ ਹੈ। ਇੱਕ ਸਮੇਂ ਬਾਅਦ ਮੁਨਾਫੇ ਦੀ ਦਰ ਇੰਨੀ ਹੇਠਾਂ ਆ ਜਾਂਦੀ ਹੈ ਕਿ ਇਹ ਕੁੱਲ ਮੁਨਾਫਿਆਂ ਉੱਤੇ ਹੀ ਸੱਟ ਮਾਰਨ ਲਗਦੀ ਹੈ, ਜਾਂ ਕਹਿ ਲਓ ਕਿ ਸਰਮਾਏਦਾਰਾਂ ਦੇ ਕੁੱਲ ਮੁਨਾਫੇ ਘਟਣ ਲੱਗਦੇ ਹਨ। ਅਜਿਹੇ ਸਮੇਂ ਸਰਮਾਏਦਾਰਾਂ ਲਈ ਪੈਦਾਵਾਰ ਤੇ ਇਸ ਨਾਲ ਸਬੰਧਤ ਸਰਗਰਮੀਆਂ ਜਾਰੀ ਰੱਖਣਾ ਤੇ ਇਨ੍ਹਾਂ ਵਿਚ ਨਿਵੇਸ਼ ਕਰਨਾ ਲਾਹੇਵੰਦਾ ਨਹੀਂ ਸਗੋਂ ਨੁਕਸਾਨਦਾਇਕ ਹੋ ਜਾਂਦਾ ਹੈ। ਮੁਨਾਫਿਆਂ ਦੀ ਤੋਟ ਕਾਰਨ ਉਹ ਪੈਦਾਵਾਰ ਨੂੰ ਪੁਰਾਣੇ ਪੱਧਰ ਤੇ ਵੀ ਚਲਾਉਣ ਦੇ ਅਯੋਗ ਹੁੰਦੇ ਹਨ ਤੇ ਅਰਥਚਾਰਾ ਖੜੋਤ ਦਾ ਸ਼ਿਕਾਰ ਹੋ ਜਾਂਦਾ ਹੈ। ਪੈਦਾਵਾਰ ਵਿਚ ਖੜੋਤ ਨਾਲ ਵੱਡੇ ਪੱਧਰ ਤੇ ਛਾਂਟੀ ਹੁੰਦੀ ਹੈ, ਨਿਵੇਸ਼ ਵਿਚ ਗਿਰਾਵਟ ਆਉਂਦੀ ਹੈ, ਕੁੱਲ ਪੈਦਾਵਾਰ ਸੁੰਗੜ ਜਾਂਦੀ ਹੈ। ਇਸ ਕਰਕੇ ਮੰਡੀ ਵਿਚ ਮਸ਼ੀਨਾਂ, ਕੱਚੇ ਮਾਲ, ਕਿਰਤ ਸ਼ਕਤੀ ਦੀ ਮੰਗ ਘਟ ਜਾਂਦੀ ਹੈ ਤੇ ਛਾਂਟੀ ਨਾਲ ਖਰੀਦ ਸ਼ਕਤੀ ਵਿਚ ਆਈ ਘਾਟ ਨਾਲ ਮੰਡੀ ਵਿਚ ਵਸਤਾਂ ਦੀ ਮੰਗ ਹੇਠਾਂ ਆ ਜਾਂਦੀ ਹੈ ਜਿਸ ਦਾ ਪ੍ਰਗਟਾਵਾ ਮੰਡੀ ਵਿਚ ਫਸੇ ਮਾਲ ਦੇ ਰੂਪ ਵਿਚ ਹੁੰਦਾ ਹੈ। ਪੈਦਾਵਾਰ ਠੱਪ ਹੋਣ ਕਾਰਨ ਸਰਮਾਏਦਾਰ ਆਪਣੇ ਕਰਜ਼ੇ ਮੋੜਨ ਵਿਚ ਅਸਮਰੱਥ ਹੋ ਜਾਂਦੇ ਹਨ ਤੇ ਇਸ ਦਾ ਪ੍ਰਗਟਾਵਾ ਬੈਂਕਾਂ ਤੇ ਵਿੱਤੀ ਖੇਤਰ ਦੇ ਸੰਕਟ ਦੇ ਰੂਪ ਹੁੰਦਾ ਹੈ। ਇਸ ਪੂਰੇ ਹਾਲਾਤ ਨੂੰ ਹੀ ਆਰਥਿਕ ਸੰਕਟ ਕਿਹਾ ਜਾਂਦਾ ਹੈ ਤੇ ਇਸ ਸਭ ਦੇ ਜੜ੍ਹ ਵਿਚ ਹੈ ਸਰਮਾਏਦਾਰੀ ਅੰਦਰ ਲੰਮੇ ਦਾਅ ਵਿਚ ਮੁਨਾਫੇ ਦੀ ਦਰ ਅਤੇ ਆਖਰਕਾਰ ਕੁੱਲ ਮੁਨਾਫੇ ਦਾ ਘਟਣਾ।

ਅੱਜ ਸੰਸਾਰ ਅਰਥਚਾਰਾ ਮੁਨਾਫਾ ਕਾਇਮ ਰੱਖਣ ਵਾਲੇ ਸੰਕਟ ਵਿਚੋਂ ਗੁਜ਼ਰ ਰਿਹਾ ਹੈ। ਆਮ ਹੀ ਇਹ ਸਵਾਲ ਉਠਾਇਆ ਜਾਂਦਾ ਹੈ ਕਿ ਜੇ ਸੰਸਾਰ ਅਰਥਚਾਰੇ ਵਿਚ ਇਹ ਸੰਕਟ ਹੈ ਤਾਂ ਇਸ ਸਮੇਂ ਹਾਲਤ ਮਹਾਮੰਦੀ ਵਾਲੀ ਕਿਉਂ ਨਹੀਂ ਬਣ ਰਹੀ? ਇਸ ਦਾ ਜਵਾਬ ਹੈ ਕਰਜ਼ਾ; ਕਰਜ਼ਾ ਹੀ ਉਹ ਸਾਧਨ ਹੈ ਜਿਸ ਰਾਹੀਂ ਇੱਕ ਹੱਦ ਤੱਕ ਮੁਨਾਫਾ ਕਾਇਮ ਰੱਖਿਆ ਜਾ ਰਿਹਾ ਹੈ ਤੇ ਜਿਸ ਸਹਾਰੇ ਵੱਡੇ ਵੱਡੇ ਸਰਮਾਏਦਾਰ ਆਪਣਾ ਕਾਰੋਬਾਰ ਜਾਰੀ ਰੱਖ ਰਹੇ ਹਨ। ਕਰਜ਼ਾ ਹੀ ਉਹ ਵੈਂਟੀਲੇਟਰ ਹੈ ਜਿਸ ਸਦਕਾ ਇਹ ਮਰੀਜ਼ ਉਰਫ ਸੰਸਾਰ ਅਰਥਚਾਰੇ ਦੇ ਸਾਹ ਚੱਲ ਰਹੇ ਹਨ।

ਕਰਜ਼ੇ ਦੀ ਭੂਮਿਕਾ ਬਾਰੇ ਗੱਲ ਕਰਨ ਤੋਂ ਪਹਿਲਾਂ ਕਰਜ਼ੇ ਸੰਬੰਧੀ ਕੁਝ ਅੰਕੜਿਆਂ 'ਤੇ ਝਾਤ ਮਾਰਦੇ ਹਾਂ। ਕੌਮਾਂਤਰੀ ਮੁਦਰਾ ਕੋਸ਼ ਦੇ ਅੰਦਾਜ਼ੇ ਅਨੁਸਾਰ ਕੌਮਾਂਤਰੀ ਪੱਧਰ 'ਤੇ ਸਰਕਾਰ ਦਾ ਕਰਜ਼ਾ ਸੰਸਾਰ ਦੀ ਕੁੱਲ ਪੈਦਾਵਾਰ ਦਾ 100% ਹੋ ਚੁੱਕਿਆ ਹੈ। ਕਰਜ਼ੇ ਦਾ ਦੂਜਾ ਤੇ ਮੁੱਖ ਰੂਪ ਹਨ ਨਿੱਜੀ ਕਰਜ਼ੇ ਜਿਸ ਵਿਚ ਘਰੇਲੂ ਕਰਜ਼ਾ, ਬੈਂਕਾਂ ਸਿਰ ਕਰਜ਼ਾ, ਕਾਰਪੋਰੇਟ ਕਰਜ਼ਾ ਆਦਿ ਆਉਂਦੇ ਹਨ। ਜੇ ਨਿੱਜੀ ਕਰਜ਼ੇ ਨੂੰ ਵੀ ਲਿਆ ਜਾਵੇ ਤਾਂ ਸੰਸਾਰ ਅਰਥਚਾਰੇ ਸਿਰ ਕੁੱਲ ਕਰਜ਼ਾ ਲਗਭਗ 300 ਖਰਬ ਡਾਲਰ ਹੈ ਜੋ ਸੰਸਾਰ ਦੀ ਕੁੱਲ ਘਰੇਲੂ ਪੈਦਾਵਾਰ ਦਾ 353% ਹੈ!

ਕਰਜ਼ੇ ਦੀ ਪਹਿਲੀ ਭੂਮਿਕਾ ਹੈ ਕਿ ਇਹ ਸਰਮਾਏਦਾਰਾਂ ਦੇ ਮੁਨਾਫੇ ਵਧਾਉਣ ਦੀ ਮਸ਼ੀਨ 'ਚ ਤੇਲ ਦਾ ਕੰਮ ਕਰਦਾ ਹੈ। ਮੁਨਾਫੇ ਖਾਤਰ ਅਜਿਹੇ ਪ੍ਰਾਜੈਕਟਾਂ 'ਚ ਨਿਵੇਸ਼ ਕਰਨ ਲਈ ਜਿਸ ਲਈ ਸਰਮਾਏਦਾਰਾਂ ਦੇ ਆਪਣੇ ਸਰੋਤ ਨਾਕਾਫੀ ਹੁੰਦੇ ਹਨ, ਕਰਜ਼ਾ ਜ਼ਰੂਰੀ ਹੈ। ਇਨ੍ਹਾਂ ਅਰਥਾਂ 'ਚ ਕਰਜ਼ਾ ਨਾ ਸਿਰਫ ਕੁੱਲ ਪੈਦਾਵਾਰ ਤੇਜ਼ੀ ਨਾਲ ਵਧਾਉਣ 'ਚ ਮਦਦਗਾਰ ਹੁੰਦਾ ਹੈ ਸਗੋਂ ਮੁਨਾਫੇ ਹੜੱਪਣ 'ਚ ਸਰਮਾਏਦਾਰਾਂ ਦੀ ਸੇਵਾ ਕਰਦਾ ਹੈ। ਇਸ ਪਿੱਛੋਂ ਕਰਜ਼ੇ ਦੀ ਦੂਜੀ ਭੂਮਿਕਾ ਆਉਂਦੀ ਹੈ। ਜਦੋਂ ਸਰਮਾਏਦਾਰ ਕਰਜ਼ਾ ਚੁਕਾਉਣ ਤੇ ਮੁਨਾਫਾ ਕਮਾਉਣ ਲਈ ਕਾਰੋਬਾਰ ਤੋਰਨ ਦੇ ਅਯੋਗ ਹੋ ਜਾਂਦੇ ਹਨ ਤਾਂ ਇਨ੍ਹਾਂ ਦੀ ਸੇਵਾ ਵਿਚ ਸਰਕਾਰ ਹਾਜ਼ਰ ਹੁੰਦੀ ਹੈ। ਸਰਕਾਰ ਸਿਰ ਕਰਜ਼ਾ ਉਦੋਂ ਹੀ ਵੱਡੀ ਮਾਤਰਾ ਵਿਚ ਵਧਦਾ ਹੈ ਜਦ ਸਰਮਾਏਦਾਰਾਂ ਲਈ ਡਿੱਗਦੇ ਮੁਨਾਫਿਆਂ ਕਾਰਨ ਸਰਕਾਰੀ ਸਰਪ੍ਰਸਤੀ ਬਿਨਾ ਹੋਰ ਮੁਨਾਫੇ ਕਮਾਉਣਾ, ਪੁਰਾਣੇ ਕਰਜ਼ੇ ਵਾਪਸ ਕਰਨਾ ਤੇ ਆਪਣੇ ਕਾਰੋਬਾਰ ਜਾਰੀ ਰੱਖਣਾ ਸੰਭਵ ਨਹੀਂ ਰਹਿੰਦਾ। ਦੁਨੀਆ ਅੰਦਰ ਸਰਕਾਰ ਸਿਰ ਕਰਜ਼ੇ ਨਵ-ਉਦਾਰਵਾਦੀ ਨੀਤੀਆਂ ਦੇ ਸਮੇਂ ਤੋਂ ਹੀ ਤੇਜ਼ੀ ਨਾਲ ਵਧਣ ਲੱਗੇ ਹਨ ਜਿਸ ਦਾ ਕਾਰਨ ਮੁਨਾਫੇ ਦੀ ਦਰ ਵਿਚ ਵੱਡੀ ਗਿਰਾਵਟ ਤੇ ਸਰਮਾਏਦਾਰਾਂ ਸਿਰ ਕਰਜ਼ੇ ਵਿਚ ਵਾਧਾ ਹੈ। ਕਰੋਨਾ ਕਾਲ ਅਤੇ ਉਸ ਮਗਰੋਂ ਜਦ ਸਰਮਾਏਦਾਰਾਂ ਦੇ ਮੁਨਾਫਿਆਂ ਵਿਚ ਵੱਡਾ ਖੋਰਾ ਲੱਗਿਆ ਤਾਂ ਦੁਨੀਆ ਭਰ ਦੀਆਂ ਸਰਕਾਰਾਂ ਨੇ ਆਪਣੇ ਮੁਲਕ ਦੇ ਸਰਮਾਏਦਾਰਾਂ ਦੀ ਮਦਦ ਲਈ ਵੱਡੇ ਵਿੱਤੀ ਘਾਟੇ ਝੱਲੇ। ਇਹ ਵਿੱਤੀ ਘਾਟੇ ਸਰਕਾਰਾਂ ਵੱਲੋਂ ਸਰਮਾਏਦਾਰਾਂ ਨੂੰ ਸਬਸਿਡੀਆਂ, ਰਾਹਤ ਪੈਕਜ, ਕਰਜ਼ਿਆਂ ਉੱਤੇ ਲੀਕ ਫੇਰਨ ਆਦਿ ਕਰਕੇ ਝੱਲੇ ਗਏ ਹਨ।

ਕਰਜ਼ੇ ਰਾਹੀਂ ਮੁਨਾਫਾ ਕਾਇਮ ਰੱਖਣ ਵਾਲਾ ਸੰਕਟ ਹੱਲ ਕਰਨ ਦੀ ਕੋਸ਼ਿਸ਼ ਵਿਚ ਬੁਨਿਆਦੀ ਸਮੱਸਿਆ ਇਹ ਹੈ ਕਿ ਸਰਮਾਏਦਾਰੀ ਵਿਚ ਮੁਨਾਫੇ ਦੀ ਦਰ ਲੰਮੇ ਦਾਅ ਡਿੱਗਦੀ ਹੈ ਤੇ ਇਹ ਉਹ ਸਰੋਤ (ਮੁਨਾਫਾ) ਨੂੰ ਲਗਾਤਾਰ ਸੁਕਾਉਂਦੀ ਹੈ ਜਿਸ ਵਿਚੋਂ ਸਰਮਾਏਦਾਰਾਂ ਨੇ ਕਰਜ਼ੇ ਦੀ ਕਿਸ਼ਤ ਤੇ ਮੂਲ ਰਕਮ ਦਾ ਭੁਗਤਾਨ ਕਰਨਾ ਹੁੰਦਾ ਹੈ। ਅਰਥਚਾਰੇ ਨੂੰ ਕਰਜ਼ੇ ਰਾਹੀਂ ਪੈਰਾਂ ਸਿਰ ਰੱਖਣਾ ਥੋੜ੍ਹ-ਚਿਰਾ ਵਰਤਾਰਾ ਹੈ, ਇਸ ਸੰਕਟ ਨੇ ਆਖਿਰਕਾਰ ਫੁੱਟਣਾ ਹੀ ਹੈ। ਵਧ ਰਿਹਾ ਕਰਜ਼ਾ ਜੋ ਅੱਜ ਮਹਾਮੰਦੀ ਜਿਹੀ ਹਾਲਤ ਨੂੰ ਟਾਲ ਰਿਹਾ ਹੈ, ਇਸ ਨੂੰ ਹੋਰ ਭਿਅੰਕਰ ਰੂਪ ਵਿਚ ਫੁੱਟਣ ਦੀ ਜ਼ਮੀਨ ਤਿਆਰ ਕਰ ਰਿਹਾ ਹੈ।

# ਪ੍ਰੋ. ਪ੍ਰੀਤਮ ਸਿੰਘ ਦਾ ਪੰਜਾਬੀ ਜ਼ਬਾਨ ਪ੍ਰਤੀ ਮੋਹ

ਮੇਰੇ ਭਾਪਾ ਜੀ, ਪ੍ਰੋ. ਪ੍ਰੀਤਮ ਸਿੰਘ ਜੀ ਤੇ ਸੰਤੋਖ ਸਿੰਘ ਧੀਰ ਜੀ ਇਕ ਵਾਰ ਦੁਪਹਿਰੇ ਪੰਜਾਬੀ ਜ਼ਬਾਨ ਉੱਤੇ ਮੰਡਰਾਉਂਦੇ ਖ਼ਤਰੇ ਬਾਰੇ ਵਿਚਾਰ-ਵਟਾਂਦਰਾ ਕਰ ਰਹੇ ਸਨ। ਮੈਨੂੰ ਉਸ ਸਮੇਂ ਉਨ੍ਹਾਂ ਕੋਲ ਬੈਠਣ ਦਾ ਸੁਭਾਗ ਪ੍ਰਾਪਤ ਹੋਇਆ ਤਾਂ ਉਨ੍ਹਾਂ ਦੀਆਂ ਉੱਚ ਪੱਧਰੀ ਵਿਦਵਤਾ ਭਰਪੂਰ ਗੱਲਾਂ ਵਿਚੋਂ ਬਹੁਤ ਕੁਝ ਸਮਝਣ ਨੂੰ ਮਿਲਿਆ। ਕਦੇ ਉਹ ਸ਼ਿਵ ਕੁਮਾਰ ਬਟਾਲਵੀ ਦੀ ਗੱਲ ਕਰਦੇ, ਕਦੇ ਨਾਨਕ ਸਿੰਘ ਜੀ ਬਾਰੇ ਤੇ ਕਦੇ ਮੌਜੂਦਾ ਲੱਚਰ ਗੀਤ-ਸੰਗੀਤ ਬਾਰੇ।

ਭਾਪਾ ਜੀ ਨੇ ਦੱਸਿਆ ਕਿ ਭਾਵੇਂ ਡੇਢ ਲੱਖ ਸਾਲ ਪਹਿਲਾਂ ਜ਼ਬਾਨ ਦਾ ਜ਼ਿਕਰ ਮਿਲਦਾ ਹੈ ਪਰ ਸਾਨੂੰ ਸਿਰਫ 6000 ਸਾਲ ਪਹਿਲਾਂ ਵਾਲੀਆਂ ਬੋਲੀਆਂ ਬਾਰੇ ਹੀ ਪਤਾ ਹੈ ਜਦੋਂ ਇਨ੍ਹਾਂ ਨੂੰ ਲਿਖਣਾ ਸ਼ੁਰੂ ਕੀਤਾ ਗਿਆ। ਪਹਿਲੇ ਮਨੁੱਖ ਤਾਂ ਵੱਖੋ-ਵੱਖ ਤਰ੍ਹਾਂ ਦੀਆਂ ਆਵਾਜ਼ਾਂ ਜਾਂ ਚੀਜ਼ਾਂ ਅਤੇ ਸੀਟੀਆਂ ਦੀ ਵਰਤੋਂ ਕਰਦੇ ਰਹੇ। ਬਾਰ੍ਹਵੀਂ ਸਦੀ ਦੀ ਜਰਮਨੀ ਦੀ ਸਾਧਵੀ ਵੱਲੋਂ ਵਰਤੀ 'ਲਿੰਗੂਆ ਇਗਨੋਤਾ' ਬੋਲੀ ਦਾ ਸਿਰਫ ਜ਼ਿਕਰ ਹੀ ਬਚਿਆ ਹੈ। ਬਾਕੀ ਸਭ ਇਤਿਹਾਸ ਵਿਚੋਂ ਗੁੰਮ ਹੋ ਚੁੱਕਿਆ ਹੈ। ਤਾਮਿਲ ਅਤੇ ਸੰਸਕ੍ਰਿਤ ਸਭ ਤੋਂ ਪੁਰਾਣੀਆਂ ਜ਼ਬਾਨਾਂ ਮੰਨੀਆਂ ਜਾ ਚੁੱਕੀਆਂ ਹਨ ਪਰ ਹੁਣ ਉਹ ਵੀ ਮਰ ਮੁੱਕ ਚੱਲੀਆਂ ਹਨ।

ਭਾਪਾ ਜੀ ਨੇ ਇਹ ਵੀ ਦੱਸਿਆ ਕਿ ਦੁਨੀਆ ਦੀ ਸਭ ਤੋਂ ਔਖੀ ਜ਼ਬਾਨ 'ਮੈਂਡਾਰਿਨ' ਹੈ ਪਰ ਫਿਰ ਵੀ ਉਸ ਨੂੰ ਬੋਲਣ ਵਾਲੇ 100 ਕਰੋੜ ਲੋਕ ਹਨ। ਉਹ ਵੀ ਹੋਰ ਭਾਸ਼ਾਵਾਂ ਸਿੱਖਣ ਦੀ ਚਾਹ ਰੱਖਦੇ ਹਨ ਪਰ ਆਪਣੀ ਜ਼ਬਾਨ ਸਿੱਧ ਕੇ ਨਹੀਂ। ਕਮਾਲ ਤਾਂ ਇਹ ਵੇਖੋ ਕਿ ਅੰਗਰੇਜ਼ੀ ਜ਼ਬਾਨ ਮਸਾਂ ਹਜ਼ਾਰ ਕੁ ਸਾਲ ਪੁਰਾਣੀ ਹੈ, ਫਿਰ ਵੀ ਸਾਰੀ ਦੁਨੀਆ ਵਿਚ ਧੁੰਮਾਂ ਪਾ ਰਹੀ ਹੈ। ਕਾਰਨ ਇਹ ਹੈ ਕਿ ਇਸ ਨੂੰ ਬੋਲਣ ਵਾਲੇ ਧੜਾਧੜ ਇਸ ਵਿਚ ਕਿੱਤਾ ਮੁਹੱਈਆ ਕਰਵਾਉਣ ਵਿਚ ਜੁਟੇ ਹਨ ਤੇ ਨਵੀਆਂ ਖੋਜਾਂ ਵੀ ਲਗਾਤਾਰ ਜਾਰੀ ਰੱਖ ਰਹੇ ਹਨ। ਜ਼ਬਾਨ ਨੂੰ ਪ੍ਰੋਤਸਾਹਿਤ ਕਰਨ ਦਾ ਹਰ ਹੀਲਾ ਵਰਤਿਆ ਜਾਂਦਾ ਹੈ। ਸਾਡੇ ਭੋਲੇ ਲੋਕ ਇਨ੍ਹਾਂ ਨੁਕਤਿਆਂ ਵਿਚ ਅੜ ਕੇ ਅਤੇ ਰੁਜ਼ਗਾਰ ਲੱਭਦੇ ਹੌਲੀ-ਹੌਲੀ ਅੰਗਰੇਜ਼ੀ ਜ਼ਬਾਨ ਤੋਂ ਵੀ ਪੁਰਾਣੀ ਆਪਣੀ ਪੰਜਾਬੀ ਜ਼ਬਾਨ ਨੂੰ ਅਣਜਾਣੇ ਹੀ ਖ਼ਤਮ ਕਰਨ ਵੱਲ ਤੁਰ ਪਏ ਹਨ।



ਮੈਨੂੰ ਚੁਪ ਬੈਠੀ ਨੂੰ ਵੇਖ ਧੀਰ ਅੰਕਲ ਪੁੱਛਣ ਲੱਗੇ, 'ਕਿਉਂ ਬਈ ਡਾਕਟਰ ਬੇਟੀ, ਤੇਰਾ ਕੀ ਖ਼ਿਆਲ ਐ? ਨਵੀਂ ਪੀੜ੍ਹੀ ਸਾਨੂੰ ਤਾਂ ਪੁਰਾਣਾ ਮੰਨ ਕੇ ਪੰਜਾਬੀ ਜ਼ਬਾਨ ਉੱਤੇ ਅੰਗਰੇਜ਼ੀ ਦਾ ਗਿਲਾਫ਼ ਚਾੜ੍ਹਨ ਲੱਗ ਪਈ ਐ। ਹੈ ਕੋਈ ਡਾਕਟਰੀ ਇਲਾਜ?' ਇਸ ਤੋਂ ਪਹਿਲਾਂ ਕਿ ਮੈਂ ਕੁਝ ਬੋਲਦੀ, ਭਾਪਾ ਜੀ ਕਹਿਣ ਲੱਗੇ, 'ਇਸ ਨੇ ਕੀ ਦੱਸਣੈ, ਇਹ ਤਾਂ ਸਰੀਰ ਦੀਆਂ ਬਿਮਾਰੀਆਂ ਵਿਚ ਉਲਝੀ ਪਈ ਐ। ਸੰਨ 1971 ਤੋਂ ਹੁਣ ਤਕ ਸਿਰਫ਼ ਉਹ ਜ਼ਬਾਨਾਂ ਹੀ ਗਿਣੀਆਂ ਜਾ ਰਹੀਆਂ ਹਨ, ਜਿਨ੍ਹਾਂ ਨੂੰ ਬੋਲਣ ਵਾਲੇ 10,000 ਤੋਂ ਵੱਧ ਹਨ। ਇਸ ਦਾ ਮਤਲਬ ਇਹ ਹੋਇਆ ਕਿ 1652 ਜ਼ਬਾਨਾਂ ਤੋਂ ਘਟ ਕੇ ਸਿਰਫ਼ 108 ਜ਼ਬਾਨਾਂ ਹੀ ਜ਼ਿੰਦਾ ਬਚੀਆਂ ਹਨ।'

'ਇਹ ਤਾਂ ਬਹੁਤ ਖ਼ਤਰੇ ਦੀ ਗੱਲ ਹੈ,' ਮੈਂ ਕਿਹਾ।

'ਇਸ ਤੋਂ ਵੀ ਖ਼ਤਰਨਾਕ ਗੱਲ ਇਹ ਹੈ ਕਿ ਪੰਜਾਬੀ ਆਪਣੀ ਮਾਂ ਬੋਲੀ ਉੱਤੇ ਮੰਡਰਾਉਂਦੇ ਖ਼ਤਰੇ ਬਾਰੇ ਚਿੰਤਤ ਨਹੀਂ ਹਨ। ਦੁਨੀਆ ਭਰ ਵਿਚ ਝਾਤ ਮਾਰੀਏ ਤਾਂ ਭਾਰਤ ਵਿਚਲੀਆਂ ਜ਼ਬਾਨਾਂ ਉੱਤੇ ਸਭ ਤੋਂ ਵੱਧ ਮਾਰ ਪੈ ਰਹੀ ਹੈ, ਜਿੱਥੇ ਆਸਟ੍ਰੇਲੀਆ, ਕੈਨੇਡਾ, ਚੀਨ, ਰੂਸ ਤੇ ਅਮਰੀਕਾ ਤੋਂ ਕਿਤੇ ਵੱਧ ਬੋਲੀਆਂ ਖ਼ਾਤਮੇ ਵੱਲ ਜਾ ਰਹੀਆਂ ਹਨ। ਕਬੀਲਿਆਂ ਦੀਆਂ ਜ਼ਬਾਨਾਂ ਜੇ ਹੌਲੀ-ਹੌਲੀ ਖ਼ਤਮ ਹੋ ਗਈਆਂ ਤਾਂ ਸਮਝੋ ਸਾਡੇ ਪਿਛੋਕੜ ਵਿਚੋਂ ਅੱਧਾ ਇਤਿਹਾਸ ਗਾਇਬ ਹੋ ਗਿਆ। ਸਾਡਾ ਸਦੀਆਂ ਤੋਂ ਚੱਲਦਾ ਆਉਂਦਾ ਜੜੀਆਂ-ਬੂਟੀਆਂ ਦਾ ਗਿਆਨ ਅਤੇ ਪੁਰਾਣੇ ਰੀਤੀ-ਰਿਵਾਜਾਂ ਸਮੇਤ ਬਹੁਤ ਵਡਮੁੱਲੀ ਜਾਣਕਾਰੀ ਹਮੇਸ਼ਾ ਲਈ ਗੁੰਮ ਹੋ ਜਾਏਗੀ,' ਭਾਪਾ ਜੀ ਨੇ ਸਮਝਾਇਆ।

ਧੀਰ ਅੰਕਲ ਨੇ ਕਿਹਾ, 'ਬਿਲਕੁਲ ਸਹੀ ਪ੍ਰੋਫੈਸਰ ਸਾਹਿਬ। ਜੇ ਯੂਨੀਵਰਸਿਟੀਆਂ ਵਿਚਲੇ ਸਾਡੇ ਪ੍ਰੋਫੈਸਰ ਇਹ ਨੁਕਤਾ ਸਮਝ ਜਾਣ ਤਾਂ ਕੁਝ ਹੋ ਸਕਦਾ ਹੈ। ਵੇਖੋ ਨਾ, ਉੜੀਸਾ, ਛੱਤੀਸਗੜ੍ਹ, ਮਿਜ਼ੋਰਮ, ਤ੍ਰਿਪੁਰਾ ਤੇ ਮੇਘਾਲਿਆ ਵਿਚ ਪੜ੍ਹੇ-ਲਿਖੇ ਲੋਕਾਂ ਨੇ ਜ਼ਿੰਮਾ ਚੁੱਕ ਕੇ ਆਪੋ-ਆਪਣੀ ਮਾਂ ਬੋਲੀ ਦੀ ਮਹੱਤਤਾ ਬਾਰੇ ਹੋਰਨਾਂ ਨੂੰ ਸਮਝਾਉਣਾ ਸ਼ੁਰੂ ਕੀਤਾ ਹੈ ਤੇ ਬੱਚਿਆਂ ਨਾਲ ਸਿਰਫ ਮਾਂ ਬੋਲੀ ਵਿਚ ਬੋਲਣਾ ਸ਼ੁਰੂ ਕਰ ਦਿੱਤਾ ਹੋਇਆ ਹੈ।'

'ਬਿਲਕੁਲ,' ਭਾਪਾ ਜੀ ਨੇ ਅੱਗੋਂ ਗੱਲ ਤੋਰੀ, 'ਆਪਣੀ ਮਾਂ ਬੋਲੀ ਵਿਚ ਵਧੀਆ ਬਾਲ ਕਹਾਣੀਆਂ, ਕਵਿਤਾਵਾਂ, ਲੇਖ, ਨਾਵਲ, ਫ਼ਿਲਮਾਂ ਆਦਿ ਬਣਾ ਕੇ ਜ਼ਬਾਨ ਵਿਚ ਰੂਹ ਫੂਕੀ ਜਾ ਸਕਦੀ ਹੈ। ਸਭ ਤੋਂ ਵੱਡਾ ਉੱਦਮ ਤਾਂ ਤਕਨੀਕੀ ਮਾਹਿਰਾਂ ਵੱਲੋਂ ਕਰਨਾ ਪੈਣਾ ਹੈ। ਜੇ ਤਕਨੀਕੀ ਵਿਦਿਆ ਆਪਣੀ ਜ਼ਬਾਨ ਵਿਚ ਸਿਖਾਈ ਜਾਏ ਤਾਂ ਜ਼ਬਾਨ ਕਦੇ ਨਹੀਂ ਮਰ ਸਕਦੀ। ਬਿਲਕੁਲ ਇੰਜ ਹੀ ਹਰ ਦਾਦੇ-ਨਾਨੇ ਨੂੰ ਵੀ ਆਪਣੇ ਪੋਤਰੇ-ਦੋਹਤਰਿਆਂ ਤੇ ਪੋਤੀਆਂ-ਦੋਹਤੀਆਂ ਨੂੰ ਮਾਂ ਬੋਲੀ ਦੀਆਂ ਕਹਾਣੀਆਂ ਸੁਣਾ ਕੇ ਮਾਂ ਬੋਲੀ ਦੀ ਨੀਂਹ ਪੱਕੀ ਕਰਨੀ ਚਾਹੀਦੀ ਹੈ।'

ਮੈਂ ਉਤਸੁਕਤਾ ਨਾਲ ਪੁੱਛਿਆ, 'ਭਲਾ ਕਬਾਇਲੀਆਂ ਦੀ ਭਾਸ਼ਾ ਮੁੱਕ ਜਾਣ ਨਾਲ ਹੋਰ ਭਾਸ਼ਾਵਾਂ ਉੱਤੇ ਕੀ ਫ਼ਰਕ ਪਵੇਗਾ?' ਭਾਪਾ ਜੀ ਨੇ ਸਮਝਾਇਆ, 'ਜ਼ਬਾਨ ਨਾਲ ਲੋਕਾਂ ਦੀ ਪਛਾਣ ਜੁੜੀ ਹੁੰਦੀ ਹੈ। ਉਸੇ ਪਛਾਣ ਸਦਕਾ ਹੀ ਉਹ ਆਪਣੀ ਧਰਤੀ ਨਾਲ ਜੁੜਦੇ ਹਨ। ਉਹੀ ਜ਼ਬਾਨ ਉਨ੍ਹਾਂ ਦੀ ਆਪਣੇ ਪੁਰਖਿਆਂ ਨਾਲ ਸਾਂਝ ਗੰਢਦੀ ਹੈ। ਜਦੋਂ ਜ਼ਬਾਨਾਂ ਮਰਨ ਲੱਗ ਜਾਣ ਤਾਂ ਉਨ੍ਹਾਂ ਨਾਲ ਜੁੜੀ ਸੱਭਿਅਤਾ ਤਾਂ ਮਰਨੀ ਹੀ ਹੋਈ ਪਰ ਉਨ੍ਹਾਂ ਦੀ 'ਆਪਣੀ ਧਰਤੀ' ਵੀ ਮਰ ਮੁੱਕ ਜਾਂਦੀ ਹੈ। ਜੇ ਅਜਿਹਾ ਵੱਡੀ ਪੱਧਰ ਉੱਤੇ ਹੋਣ ਲੱਗ ਪਏ ਤਾਂ ਸਭ ਇੱਕੋ ਜਿਹੀ ਦੌੜ ਵਿਚ ਲੱਗ ਜਾਣਗੇ ਤੇ ਆਪੋ ਵਿਚ ਹੀ ਲੜ ਮਰ ਕੇ ਖ਼ਤਮ ਹੋ ਜਾਣਗੇ। ਕਿਸੇ ਨੂੰ ਦੂਜੇ ਬਾਰੇ ਜਾਣਨ ਦੀ ਚਾਹ ਹੀ ਨਹੀਂ ਹੋਵੇਗੀ ਕਿਉਂਕਿ ਸਭ ਇੱਕੋ ਜ਼ਬਾਨ ਰਾਹੀਂ ਇੱਕੋ ਸੱਭਿਅਤਾ ਬਾਰੇ ਰੱਟਦੇ ਇੱਕ-ਦੂਜੇ ਨੂੰ ਕਾਟ ਕਰਨ ਲੱਗ ਪੈਣਗੇ। ਜੇ ਦੋ ਵੱਖੋ-ਵੱਖ ਜਣੇ ਮਿਲਣ ਤਾਂ ਇੱਕ-ਦੂਜੇ ਨੂੰ ਸਮਝਣ ਦੀ ਕੋਸ਼ਿਸ਼ ਕਰਨਗੇ ਤੇ ਦੂਜੇ ਨਾਲ ਜੁੜੇ ਇਤਿਹਾਸ ਵੱਲ ਵੀ ਝਾਤ ਮਾਰਨਗੇ। ਬੇਅੰਤ ਕੁਦਰਤੀ ਇਲਾਜ ਅਤੇ ਦਵਾਈਆਂ ਦੀ ਜਾਣਕਾਰੀ, ਜੋ ਪੁਰਾਤਨ ਸਮੇਂ ਵਿਚ ਸੀ, ਬਹੁਤ ਵਡਮੁੱਲੀ ਪੁਰਾਣੀ ਤਕਨੀਕੀ ਜਾਣਕਾਰੀ ਅਤੇ ਹੋਰ ਵੀ ਬਹੁਤ ਕੀਮਤੀ ਪੁਰਾਣਾ ਸਾਹਿਤ, ਸਭ ਕੁਝ ਖ਼ਤਮ ਹੋ ਜਾਵੇਗਾ। ਇਸੇ ਲਈ ਜ਼ਰੂਰੀ ਹੈ ਨਵੀਂ ਪਨੀਰੀ ਨੂੰ ਆਪਣੀ ਜ਼ਬਾਨ ਨਾਲ ਜੋੜਨਾ। ਉਹ ਭਾਵੇਂ ਦਸ ਹੋਰ ਜ਼ਬਾਨਾਂ ਸਿੱਖਣ ਪਰ ਆਪਣੀ ਮਾਂ ਬੋਲੀ ਸਿੱਧ ਕੇ ਨਹੀਂ।'

ਧੀਰ ਅੰਕਲ ਕਹਿਣ ਲੱਗੇ, 'ਚੱਲ ਬੀਬਾ ਸਿਰਫ਼ ਏਨਾ ਹੀ ਸੋਚ ਕੇ ਵੇਖ ਕਿ ਕੱਲ੍ਹ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਲਿਖੀ ਭਾਸ਼ਾ ਨੂੰ ਸਮਝਣ ਵਾਲਾ ਕੋਈ ਬਚਿਆ ਹੀ ਨਾ ਤਾਂ ਜਿਹੜਾ ਮਰਜ਼ੀ ਆ ਕੇ ਕਹਿ ਦੇਵੇਗਾ ਕਿ ਇਸ ਵਿਚ ਈਸਾ ਮਸੀਹ ਦੀ ਉਸਤਤ ਲਿਖੀ ਹੈ, ਫੇਰ ਸੋਚ ਕੇ ਵੇਖ ਕੀ ਬਣੇਗਾ।'

ਗੱਲ ਤਾਂ ਮੇਰੇ ਪੱਲੇ ਚੰਗੀ ਤਰ੍ਹਾਂ ਪੈ ਗਈ ਸੀ। ਉਸ ਸਮੇਂ ਮੇਰੇ ਜ਼ਿੰਮੇ ਜੋ ਉਨ੍ਹਾਂ ਦੋਵਾਂ ਨੇ ਕੰਮ ਲਾਇਆ ਸੀ, ਉਹ ਮੈਂ ਹਾਲੇ ਤਕ ਨਿਭਾ ਰਹੀ ਹਾਂ। ਭਾਪਾ ਜੀ 25 ਅਕਤੂਬਰ, 2008 ਨੂੰ ਅਲਵਿਦਾ ਕਹਿ ਗਏ ਸਨ ਪਰ ਨਿੱਕੇ ਬਾਲਾਂ ਨੂੰ ਤਕਨੀਕੀ ਜਾਣਕਾਰੀ ਪੰਜਾਬੀ ਜ਼ਬਾਨ ਵਿਚ ਦੇਣ ਦੀ ਜ਼ਿੰਮੇਵਾਰੀ ਮੈਂ ਲਗਾਤਾਰ ਨਿਭਾ ਰਹੀ ਹਾਂ ਅਤੇ ਪੁਰਾਣੇ ਪੰਜਾਬੀ ਸਾਹਿਤਕਾਰਾਂ ਦੀ ਯਾਦ ਵੀ ਤਾਜ਼ਾ ਕਰਦੀ ਰਹਿੰਦੀ ਹਾਂ। ਡਾਕਟਰੀ ਵਿਗਿਆਨ ਨੂੰ ਆਪਣੀ ਮਾਂ ਬੋਲੀ ਵਿਚ ਸੌਖੇ ਸ਼ਬਦਾਂ ਵਿਚ ਲਿਖਣ ਦਾ ਕੰਮ ਵੀ ਭਾਪਾ ਜੀ ਦੀ ਹੱਲਾਸ਼ੇਰੀ ਸਦਕਾ ਹੀ ਸੰਭਵ ਹੋ ਰਿਹਾ ਹੈ।

***-ਡਾ. ਹਰਸ਼ਿੰਦਰ ਕੌਰ***
***ਬੱਚਿਆਂ ਦੇ ਰੋਗਾਂ ਦੇ ਮਾਹਿਰ,***
***ਪਟਿਆਲਾ***
***ਫੋਨ: 0175-2216783***

# ਭ੍ਰਿਸ਼ਟਾਚਾਰ ਦੇ ਇਸ ਮਾਹੌਲ ਵਿਚ ਅਗਲੀਆਂ ਚੋਣਾਂ ਕਿਹੜੀ ਭਲੀ ਗੁਜ਼ਾਰਨਗੀਆਂ!

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਆਸਾਂ ਤਾਂ ਬਹੁਤ ਸਨ ਭਾਰਤ ਦੇ ਲੋਕਤੰਤਰ ਤੋਂ, ਪਰ ਗੱਲ ਬਣ ਨਹੀਂ ਸਕੀ, ਸਗੋਂ ਇਹ ਕਹਿਣਾ ਵੱਧ ਠੀਕ ਹੈ ਕਿ ਗੱਲ ਬਣਨ ਦੀ ਆਸ ਵੀ ਕੋਈ ਖਾਸ ਨਹੀਂ ਰਹੀ। ਹਰ ਨਵਾਂ ਆਇਆ ਆਗੂ ਅਤੇ ਹਰ ਨਵਾਂ ਚੜ੍ਹਿਆ ਦਿਨ ਇਹੀ ਯਕੀਨ ਕਰਨ ਨੂੰ ਆਖਦਾ ਹੈ ਕਿ ਇਨ੍ਹਾਂ ਤਿਲਾਂ ਵਿਚ ਤੇਲ ਹੈ ਨਹੀਂ, ਭਰਮ ਵਿਚ ਰਹਿਣਾ ਛੱਡ ਦਿਉ। ਰੇਗਿਸਤਾਨ ਵਿਚ ਭਟਕਦੀ ਹਿਰਨੀ ਜਿਵੇਂ ਪਾਣੀ ਦੀ ਭਾਲ ਵਿਚ ਧੁੱਪ ਨਾਲ ਚਮਕਦੀ ਰੇਤ ਨੂੰ ਪਾਣੀ ਸਮਝ ਕੇ ਦੌੜਦੀ ਤੇ ਫਿਰ ਲਾਗੇ ਜਾ ਕੇ ਰੇਤ ਵੇਖ ਕੇ ਹੋਰ ਅੱਗੇ ਚਮਕ ਰਹੀ ਰੇਤ ਨੂੰ ਪਾਣੀ ਸਮਝ ਕੇ ਦੋ ਬੂੰਦਾਂ ਦੀ ਆਸ ਵਿਚ ਦੌੜ ਪੈਂਦੀ ਹੈ, ਸਾਡੇ ਭਾਰਤੀ ਲੋਕ ਓਸੇ ਤਰ੍ਹਾਂ ਆਸ ਨਾਲ ਹਰ ਚੋਣ ਉਡੀਕਦੇ ਹਨ। ਨਤੀਜਾ ਵੀ ਓਸੇ ਹਿਰਨ ਵਾਲਾ ਨਿਕਲਦਾ ਹੈ। ਹਰ ਚੋਣ ਪਿੱਛੋਂ ਲੋਕਾਂ ਮੂੰਹੋਂ ਨਿਕਲਦਾ ਹੈ ਕਿ ਇਸ ਚੋਣ ਦੇ ਹੋਣ ਜਾਂ ਨਾ ਹੋਣ ਨਾਲ ਜੇ ਕੋਈ ਫਰਕ ਨਹੀਂ ਸੀ ਪੈਣਾ, ਇਸ ਉੱਤੇ ਅਰਬਾਂ ਰੁਪਏ ਦਾ ਖਰਚਾ ਕਰਨ ਤੇ ਲੋਕਾਂ ਦਾ ਸਮਾਂ ਜ਼ਾਇਆ ਕਰਨ ਦੀ ਕੀ ਲੋੜ ਸੀ?

ਇਸ ਵਕਤ ਭਾਜਪਾ ਵੱਲੋਂ 'ਮਾਰਗ ਦਰਸ਼ਕ' ਦਾ ਫੱਟਾ ਲਾ ਕੇ ਪਿੱਛੇ ਬਿਠਾਏ ਹੋਏ ਲਾਲ ਕ੍ਰਿਸ਼ਨ ਅਡਵਾਨੀ ਨੇ ਆਪਣੀ ਚੜ੍ਹਤ ਦੇ ਦੌਰ ਵਿਚ ਇਕ ਵਾਰੀ ਸੱਦਾ ਦਿੱਤਾ ਸੀ ਕਿ ਭਾਰਤ ਦੇ ਹਰ ਨਾਗਰਿਕ ਵਾਸਤੇ ਵੋਟ ਪਾਉਣਾ ਜ਼ਰੂਰੀ ਕਰ ਦੇਣਾ ਚਾਹੀਦਾ ਹੈ ਤੇ ਜਿਹੜਾ ਨਾਗਰਿਕ ਵੋਟ ਨਾ ਪਾਉਣ ਜਾਵੇ, ਉਸ ਨੂੰ ਜੇਲ੍ਹ ਵਿਚ ਤਾੜ ਦੇਣਾ ਚਾਹੀਦਾ ਹੈ। ਮੈਂ ਉਦੋਂ ਵੀ ਲਿਖਿਆ ਸੀ ਕਿ ਏਦਾਂ ਦਾ ਕੋਈ ਕਾਨੂੰਨ ਬਣੇਗਾ ਤਾਂ ਇਸ ਦਾ ਵਿਰੋਧ ਕਰ ਕੇ ਜੇਲ੍ਹ ਜਾਣ ਨੂੰ ਸਭ ਤੋਂ ਪਹਿਲਾਂ ਮੈਂ ਤਿਆਰ ਹੋਵਾਂਗਾ। 36 ਵਰਤ ਰੱਖਣ ਦੇ ਬਾਅਦ ਵੀ ਜਿਹੜੀ ਕੁੜੀ ਦੇ ਪੱਲੇ ਸਿਰੇ ਦਾ ਨਖੱਟੂ ਤੇ ਨਾਲਾਇਕ ਪਤੀ ਪੈ ਜਾਵੇ, ਉਹ ਉਮਰ ਭਰ ਬਾਕੀ ਕੁੜੀਆਂ ਨੂੰ ਇਹੋ ਸਲਾਹ ਦੇਵੇਗੀ ਕਿ ਵਰਤਾਂ ਦੇ ਬਾਅਦ ਵੀ ਜੇ ਅਜਿਹਾ ਨਿਕੰਮਾ ਬੰਦਾ ਹੀ ਮਿਲਣਾ ਹੈ ਤਾਂ ਉਹ ਉਂਜ ਹੀ ਮਿਲ ਜਾਵੇਗਾ, ਭੁੱਖੇ ਮਰਨ ਦੀ ਲੋੜ ਨਹੀਂ। ਭਾਰਤੀ ਲੋਕਾਂ ਦੇ ਪੱਲੇ ਵੀ ਅੱਜ ਵਰਗੇ ਆਗੂ ਹੀ ਪੈਂਦੇ ਰਹਿਣ ਕਰਕੇ ਕਈਆਂ ਦੇ ਮੂੰਹੋਂ ਇਹ ਨਿਕਲ ਜਾਂਦਾ ਹੈ ਕਿ ਜਦੋਂ ਇਹ ਚੋਰ-ਠੱਗ ਹੀ ਕਰਮਾਂ ਵਿਚ ਲਿਖੇ ਹਨ ਅਤੇ ਜਿਹੜਾ ਵੀ ਆਵੇ, ਉਸ ਨੇ ਇਹੋ ਕਰਨਾ ਹੈ ਤਾਂ ਵੋਟ ਪਾਉਣੀ ਛੱਡ ਦੇਈਏ।

ਪਿਛਲੀ ਵਾਰ ਪੰਜਾਬ ਦੇ ਲੋਕਾਂ ਨੇ ਇਹ ਸੋਚ ਕੇ ਅਕਾਲੀ-ਭਾਜਪਾ ਗੱਠਜੋੜ ਨੂੰ ਹਰਾਇਆ ਸੀ ਕਿ ਉਨ੍ਹਾਂ ਨੇ ਲੁੱਟ-ਖੋਹ ਤੇ ਖਰੂਦ ਦੀ ਸਿਖਰ ਕਰ ਦਿੱਤੀ ਹੈ, ਇਹ ਹਾਰਨਗੇ ਤਾਂ ਜਿਹੜਾ ਵੀ ਆਊ, ਇਨ੍ਹਾਂ ਤੋਂ ਬੁਰਾ ਨਹੀਂ ਹੋਣ ਲੱਗਾ। ਜਿੰਨੀ ਲੁੱਟ ਉਸ ਟੋਲੀ ਨੇ ਮਚਾਈ ਸੀ, ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਨਵੀਂ ਲੁਟੇਰੀ ਧਾੜ ਨੇ ਉਸ ਤੋਂ ਵੱਧ ਮਚਾਈ ਰੱਖੀ ਹੈ। ਜਦੋਂ ਇਹ ਰਾਜ ਸਿਰੇ ਲੱਗਣ ਲੱਗਾ, ਲੋਕ ਅਗਲੀਆਂ ਚੋਣਾਂ ਵੱਲ ਝਾਕਣ ਲੱਗੇ, ਇਸ ਪਾਰਟੀ ਦੇ ਵਿਚੋਂ ਏਦਾਂ ਦੀ ਆਵਾਜ਼ ਉੱਠ ਪਈ ਕਿ ਮੁੱਖ ਮੰਤਰੀ ਮਾੜਾ ਹੈ, ਕੱਖ ਨਹੀਂ ਕਰਦਾ ਤੇ ਸਿਰਫ ਐਸ਼ ਕਰਦਾ ਹੈ, ਇਹ ਕੱਢ ਕੇ ਕਿਸੇ ਨਵੇਂ ਨੂੰ ਕਮਾਨ ਸੌਂਪ ਦੇਈਏ ਤਾਂ ਪਾਪ ਕੱਟੇ ਜਾਣਗੇ, ਪਰ ਨਤੀਜਾ ਇਹ ਨਿਕਲਿਆ ਕਿ ਨਵੀਂ ਸਰਕਾਰ ਪਹਿਲੀ ਲੁਟੇਰੀ ਧਾੜ ਵਿਚ ਅਜੇ ਤਕ ਖਾਲੀ ਹੱਥ ਬੈਠੇ ਕੁਝ ਹੋਰ ਲੋਕਾਂ ਨੂੰ ਮਿਲਾ ਕੇ ਓਸੇ ਰਾਹ ਹੀ ਪੈ ਗਈ। ਕੋਈ ਵਿਰਲਾ-ਵਾਂਝਾ ਬਚਿਆ ਹੈ ਤਾਂ ਉਹ ਵੀ ਸ਼ਾਇਦ ਲੁਕਵੀਂ ਮਾਰ ਮਾਰਦਾ ਹੋਵੇਗਾ, ਬਹੁਤੇ ਵਜ਼ੀਰਾਂ ਨੇ ਅਸਲੋਂ ਸ਼ਰਮ ਲਾਹੀ ਪਈ ਹੈ। ਪੰਜਾਬ ਦੇ ਲੋਕਾਂ ਵਿਚ ਹੁਣ ਚਰਚਾ ਹੈ ਕਿ ਜਿਹੜੇ ਨਵੇਂ ਮੰਤਰੀ ਬਣਾਏ ਹਨ, ਉਨ੍ਹਾਂ ਦੀ ਲੜਾਈ ਕੈਪਟਨ ਅਮਰਿੰਦਰ ਸਿੰਘ ਵਾਲੇ ਦੁਰ-ਪ੍ਰਬੰਧ ਵਿਰੁੱਧ ਨਹੀਂ, ਸਗੋਂ ਸਿਰਫ ਇਸ ਗੱਲ ਦੀ ਸੀ ਕਿ ਉਹ ਵੀ ਖਰਚ ਕਰ ਕੇ ਚੋਣ ਜਿੱਤੇ ਸਨ, ਅਮਰਿੰਦਰ ਸਿੰਘ ਤੇ ਉਸ ਨਾਲ ਜੁੜੇ ਹੋਏ ਚੇਲੇ-ਚਾਂਟੇ ਇਕੱਲੇ ਖਾ ਰਹੇ ਹਨ। ਖਾਣ-ਪੀਣ ਦੀ ਇਸ ਖੇਡ ਦੀ ਕਦੀ ਚਰਚਾ ਤਕ ਨਹੀਂ ਕੀਤੀ ਜਾਂਦੀ, ਚਾਲੂ ਕਿਸਮ ਦੀ ਬਿਆਨਬਾਜ਼ੀ ਹੁੰਦੀ ਹੈ ਤੇ ਅਸਲ ਮੁੱਦਿਆਂ ਦੀ ਬਜਾਏ ਇੱਕ-ਦੂਸਰੇ ਬਾਰੇ ਨਿੱਜੀ ਪੱਧਰ ਦੀ ਚਾਂਦਮਾਰੀ ਨੂੰ ਸਿਖਰਾਂ ਉੱਤੇ ਪਹੁੰਚਾਇਆ ਪਿਆ ਹੈ। ਅੱਜ-ਕੱਲ੍ਹ ਇਹ ਗੱਲ ਬੜਾ ਵੱਡਾ ਮੁੱਦਾ ਬਣੀ ਹੋਈ ਹੈ ਕਿ ਕੌਣ ਆਪਣਾ ਬਚਾਅ ਕਰਨ ਲਈ ਕਿਸ ਦੇ ਪੈਰੀਂ ਪਿਆ ਸੀ, ਜਦਕਿ ਅਸੀਂ ਪੱਤਰਕਾਰੀ ਦੇ ਖੇਤਰ ਵਾਲੇ ਲੋਕ ਜਾਣਦੇ ਹਾਂ ਕਿ ਸੇਕ ਲੱਗਦਾ ਵੇਖ ਕੇ ਇੱਕ-ਦੂਸਰੇ ਦੇ 'ਪੈਰੀਂ-ਪੈਣਾ' ਕਰਨ ਲਈ ਇਹ ਸਾਰੇ ਜਣੇ ਚਲੇ ਜਾਂਦੇ ਸਨ ਅਤੇ ਅੱਗੋਂ ਵੀ ਜਾਂਦੇ ਰਹਿਣਗੇ।

ਆਮ ਆਦਮੀ ਨਾਲ ਲੋਕਤੰਤਰ ਵਿਚ ਕਿੱਦਾਂ ਵਿਹਾਰ ਹੁੰਦਾ ਹੈ, ਇਸ ਬਾਰੇ ਸਾਰੇ ਦੇਸ਼ ਦੇ ਹਾਲਾਤ ਦੀ ਫੇਰੀ ਫੋਲਣ ਦੀ ਬਜਾਏ ਅਸੀਂ ਸਿਰਫ ਪੰਜਾਬ ਦੇ ਕੁਝ ਚੋਣਵੇਂ ਮੁੱਦੇ ਲੈ ਲਈਏ ਤਾਂ ਤਸਵੀਰ ਦਿਸ ਪੈਂਦੀ ਹੈ। 14 ਕੁ ਸਾਲ ਪਹਿਲਾਂ ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਨੇ 9,999 ਅਧਿਆਪਕਾਂ ਦੀ ਭਰਤੀ ਕੀਤੀ ਸੀ, ਆਪਣੇ ਦਸ ਸਾਲ ਦੇ ਕਾਰਜਕਾਲ ਦੌਰਾਨ ਇਹ ਸਰਕਾਰ ਭਰਤੀ ਕੀਤੇ ਨੌਜਵਾਨਾਂ ਨੂੰ ਨੌਕਰੀ ਨਹੀਂ ਦੇ ਸਕੀ ਤੇ ਅਗਲੇ ਪੰਜ ਸਾਲ ਕਾਂਗਰਸੀਆਂ ਨੇ ਉਨ੍ਹਾਂ ਨੂੰ ਲਾਰਿਆਂ ਦੇ ਲਾਲੀਪਾਪ ਚਟਾਉਂਦਿਆਂ ਗੁਜ਼ਾਰ ਦਿੱਤੇ, ਪਰ ਪੱਲੇ ਕੁਝ ਨਹੀਂ ਪਾਇਆ। ਸੁਹਾਗਣਾਂ ਦਾ ਕਰਵਾਚੌਥ ਦਾ ਵਰਤ ਪੰਜਾਬ ਦੀ ਇੱਕ ਧੀ ਨੇ ਪਾਣੀ ਵਾਲੀ ਟੈਂਕੀ ਉੱਤੇ ਅੱਧ-ਅਸਮਾਨੇ ਤਾਰਿਆਂ ਦੀ ਛਾਵੇਂ ਰੱਖਿਆ ਸੀ ਤੇ ਇਸ ਦੀ ਖਬਰ ਸਾਰੇ ਮੀਡੀਆ ਵਿਚ ਆਈ, ਪਰ ਇਕ ਵੀ ਅਜੋਕਾ ਜਾਂ ਸਾਬਕਾ ਸਿਆਸੀ ਆਗੂ ਉਸ ਦੀ ਸਾਰ ਲੈਣ ਨਹੀਂ ਗਿਆ ਕਿਉਂਕਿ ਮੰਤਰੀ ਬਣ ਜਾਣ ਪਿੱਛੋਂ ਇਹ ਅਸਲ ਵਿਚ ਆਗੂ ਵੀ ਨਹੀਂ ਰਹਿੰਦੇ, ਹਾਕਮ ਬਣ ਜਾਇਆ ਕਰਦੇ ਹਨ। ਆਪਣੇ ਬੱਚੇ ਨੂੰ ਪੰਜ ਮਿੰਟ ਦੇਰ ਨਾਲ ਖਾਣਾ ਮਿਲੇ ਤਾਂ ਨੌਕਰਾਂ ਦੀ ਜਾਨ ਕੱਢਣ ਤਕ ਜਾਣ ਵਾਲੇ ਇਹ ਆਗੂ ਬੇਗਾਨੇ ਪੁੱਤਰਾਂ ਅਤੇ ਧੀਆਂ ਨੂੰ ਜ਼ਲੀਲ ਕਰਦੇ ਹਨ ਤਾਂ ਇਸ ਵਿਚ ਕਿਸੇ ਰੰਗ ਦੀ ਕੋਈ ਪਾਰਟੀ ਵੀ ਪਿੱਛੇ ਨਹੀਂ ਰਹਿੰਦੀ।

ਅਸੀਂ ਜਦੋਂ ਲੀਡਰਾਂ ਦੇ ਇਸ ਵਿਹਾਰ ਤੋਂ ਦੁਖੀ ਹੁੰਦੇ ਹਾਂ, ਫਿਰ ਆਮ ਸਰਕਾਰੀ ਅਫਸਰਾਂ ਅਤੇ ਨਿਆਂ ਕਰਨ ਵਾਲੇ ਜੱਜਾਂ ਤੋਂ ਆਸ ਰੱਖਣ ਲੱਗਦੇ ਹਾਂ, ਪਰ ਓਥੇ ਵੀ ਲੋਕਤੰਤਰ ਦਾ ਬਾਬਾ ਆਦਮ ਨਿਰਾਲਾ ਹੈ। ਵੱਡੇ ਘਰਾਣੇ ਦੀਆਂ ਬੱਸਾਂ ਨੂੰ ਛੱਡਣਾ ਹੋਵੇ ਤਾਂ ਸਿਰਫ ਇੱਕ ਘੰਟੇ ਵਿਚ ਛੱਡ ਦੇਣ ਦਾ ਹੁਕਮ ਜਾਰੀ ਹੋ ਜਾਂਦਾ ਹੈ, ਪਰ ਹੋਰ ਮਸਲਿਆਂ ਦੇ ਸਬੰਧ ਵਿਚ ਜਾਰੀ ਕੀਤੇ ਗਏ ਹੁਕਮ ਸਾਲਾਂ ਬੱਧੀ ਅਮਲ ਤੋਂ ਵਾਂਝੇ ਰਹਿਣ ਦੇ ਬਾਵਜੂਦ ਕਿਸੇ ਨੂੰ ਬਹੁਤੀ ਪ੍ਰਵਾਹ ਨਹੀਂ ਹੁੰਦੀ। ਭਾਰਤ ਦੀਆਂ ਵੱਡੀਆਂ ਅਦਾਲਤਾਂ ਵਿਚ 'ਅੰਕਲ-ਜੱਜ' ਦਾ ਰੌਲਾ ਕਈ ਵਾਰ ਪੈਂਦਾ ਸੁਣਿਆ ਹੈ, ਪਰ ਮਰਜ਼ ਦਾ ਇਲਾਜ ਫਿਰ ਵੀ ਕਦੀ ਨਹੀਂ ਹੋਇਆ। 'ਅੰਕਲ-ਜੱਜ' ਦਾ ਅਰਥ ਇਹ ਹੈ ਕਿ ਕਈ ਵਕੀਲਾਂ ਦੇ ਪਰਿਵਾਰ ਦੇ ਵੱਡੇ ਜੀਅ ਜਿਹੜੀ ਅਦਾਲਤ ਵਿਚ ਜੱਜ ਬਣੇ ਬੈਠੇ ਹੋਣ, ਓਸੇ ਅਦਾਲਤ ਵਿਚ ਉਨ੍ਹਾਂ ਦਾ ਪੁੱਤਰ-ਨੂੰਹ ਜਾਂ ਧੀ-ਜਵਾਈ ਕਿਸੇ ਕੇਸ ਵਿਚ ਪੇਸ਼ ਹੋਣ ਲਈ ਵਕੀਲ ਬਣ ਜਾਣ ਤਾਂ ਕੇਸ ਜਿੱਤਣ ਦੀ ਅੱਧੀ ਗਾਰੰਟੀ ਉਦੋਂ ਹੀ ਹੋ ਜਾਂਦੀ ਹੈ। ਇਹ ਸਿਰਫ ਪਰਿਵਾਰਾਂ ਪੱਖੋਂ ਹੀ ਨਹੀਂ, ਹੋਰ ਕਈ ਤਰ੍ਹਾਂ ਦੀਆਂ ਸਾਂਝਾਂ ਵਿਚ ਵੀ ਵੇਖਿਆ ਜਾਂਦਾ ਹੈ। ਭਾਰਤ ਦੇ ਇੱਕ ਦੱਖਣੀ ਰਾਜ ਵਿਚ ਇੱਕ ਮੁੱਖ ਮੰਤਰੀ ਦੇ ਖ਼ਿਲਾਫ ਭ੍ਰਿਸ਼ਟਾਚਾਰ ਦਾ ਕੇਸ ਉਸ ਜੱਜ ਅੱਗੇ ਪੇਸ਼ ਹੋਣਾ ਸੀ, ਜਿਹੜਾ ਓਸੇ ਮਹੀਨੇ ਪੰਜਾਬ-ਹਰਿਆਣਾ ਹਾਈ ਕੋਰਟ ਤੋਂ ਬਦਲ ਕੇ ਗਿਆ ਸੀ। ਉਸ ਰਾਜ ਦੀ ਹਾਈ ਕੋਰਟ ਵਿਚ ਵਕੀਲ ਵੀ ਥੋੜ੍ਹੇ ਨਹੀਂ ਤੇ ਘੱਟ ਅਕਲ ਵਾਲੇ ਵੀ ਨਹੀਂ ਹੋਣਗੇ, ਪਰ ਮੁੱਖ ਮੰਤਰੀ ਨੇ ਕੇਸ ਲੜਨ ਲਈ ਵਕੀਲ ਚੰਡੀਗੜ੍ਹ ਤੋਂ ਮੰਗਵਾਇਆ ਸੀ। ਉਥੇ ਲੋਕ ਹੱਸਦੇ ਸਨ ਕਿ ਇਹ ਵਕੀਲ ਉਸ ਜੱਜ ਸਾਹਿਬ ਨਾਲ ਕਈ ਦਹਾਕੇ ਪਹਿਲਾਂ ਤੋਂ ਹਰ ਸ਼ਾਮ ਬੈਠਦਾ ਆਇਆ ਹੋਣ ਕਰਕੇ ਉੱਥੋਂ ਦੇ ਮੁੱਖ ਮੰਤਰੀ ਨੇ ਇਸ ਨੂੰ ਕੇਸ ਸਿਰਫ ਇਸ ਲਈ ਸੌਂਪਿਆ ਹੈ ਕਿ ਕੇਸ ਜਿੱਤਣ ਦੀ ਗਾਰੰਟੀ ਹੈ।

ਹੇਠਲੀਆਂ ਅਦਾਲਤਾਂ ਤੋਂ ਸਿਖਰ ਵਾਲੀ ਸੁਪਰੀਮ ਕੋਰਟ ਤਕ ਅਜਿਹੇ ਚਰਚੇ ਕਈ ਵਾਰ ਚੱਲ ਚੁੱਕੇ ਹਨ, ਕੁਝ ਵਕੀਲਾਂ ਨੇ ਇਸ ਦੀ ਗੱਲ ਛੇੜੀ ਤਾਂ ਉਨ੍ਹਾਂ ਖ਼ਿਲਾਫ ਮਾਣ-ਹਾਨੀ ਦੇ ਕੇਸ ਵੀ ਚੱਲ ਪਏ, ਪਰ ਇਹ ਰੌਲਾ ਨਹੀਂ ਰੁਕਿਆ। 'ਅੰਕਲ-ਜੱਜ' ਦੀ ਇਹ ਖੇਡ ਵੀ ਅਸਲ ਵਿਚ ਰਾਜਸੀ ਆਗੂਆਂ ਨੇ ਹੀ ਚਲਵਾਈ ਹੋਈ ਹੈ, ਜਿਹੜੇ ਜੱਜ ਬਣਨ ਲਈ ਕਿਸੇ ਨਾਂ ਉੱਤੇ ਪ੍ਰਵਾਨਗੀ ਵਾਲੀ ਮੋਹਰ ਲਾਉਣ ਤੋਂ ਪਹਿਲਾਂ ਠੋਕ-ਵਜਾ ਕੇ ਇਹ ਗੱਲ ਯਕੀਨੀ ਕਰਦੇ ਹਨ ਕਿ ਸਾਡੇ ਲਈ ਮੁਸ਼ਕਲ ਖੜ੍ਹੀ ਨਹੀਂ ਕਰੇਗਾ।

ਭਾਰਤ ਦੇ ਲੋਕਤੰਤਰ ਨੇ ਕੋਈ ਪਾਸਾ ਭ੍ਰਿਸ਼ਟ ਕਰਨ ਤੋਂ ਬਖ਼ਸ਼ਿਆ ਹੀ ਨਹੀਂ ਤੇ ਲੋਕਾਂ ਦੀ ਆਸ ਦੀ ਆਖਰੀ ਕੰਨੀ ਅਦਾਲਤਾਂ ਤਕ ਨੂੰ ਵਲਾਵਾਂ ਪਾਉਣ ਤਕ ਦਾ ਕੰਮ ਵੀ ਕਰ ਦਿੱਤਾ ਹੈ। ਕੀ ਇਸ ਨੂੰ ਭਾਰਤ ਦੇ ਲੋਕਤੰਤਰ ਦਾ ਨਿਰਾਲਾਪਣ ਕਿਹਾ ਜਾਵੇ? ਹੋਰਨਾਂ ਦੇਸ਼ਾਂ ਵਿਚ ਵੀ ਅਜਿਹਾ ਹੁੰਦਾ ਹੋਵੇਗਾ, ਪਰ ਭਾਰਤ ਵਿਚ ਵੋਟਾਂ ਪਾਉਣ ਤੋਂ ਲੈ ਕੇ ਹਰ ਮਾਮਲਾ ਜਦੋਂ ਭ੍ਰਿਸ਼ਟਾਚਾਰ ਦੇ ਨਾਗ-ਵਲ ਦੀ ਜਕੜ ਵਿਚ ਆ ਚੁੱਕਾ ਹੈ ਤਾਂ ਇਹ ਸੋਚਣਾ ਪੈਂਦਾ ਹੈ ਕਿ ਅਗਲੀ ਵਾਰ ਦੀਆਂ ਜਿਨ੍ਹਾਂ ਚੋਣਾਂ ਤੋਂ ਅਸੀਂ ਇੱਕ ਵਾਰ ਫਿਰ ਆਸਾਂ ਲਾਉਣ ਲੱਗੇ ਹਾਂ, ਉਹ ਵੀ ਕੀ ਭਲਾ ਗੁਜ਼ਾਰਨਗੀਆਂ? ਭਾਰਤ ਦੇ ਲੋਕਾਂ ਵਾਸਤੇ ਧੀਰਜ ਬੰਨ੍ਹਾਉਣ ਵਾਲੀ ਕੋਈ ਗੱਲ ਨਹੀਂ ਦਿਸਦੀ, ਸਿਰਫ ਇੱਕ ਲੋਕਤੰਤਰ ਦਿਸਦਾ ਹੈ, ਅਸਲੋਂ ਖੋਖਲਾ ਜਿਹਾ ਲੋਕਤੰਤਰ।

## ਨਵ-ਉਦਾਰਵਾਦ ਦਾ ਕੱਚਾ ਚਿੱਠਾ

*(ਸਫਾ 19 ਦਾ ਬਾਕੀ)*

ਫਾਲਤੂ ਵੀ ਹੋ ਜਾਣਗੇ ਅਤੇ ਬੇ-ਆਬਾਦ, ਕਿੱਤਾ-ਹੀਣ ਅਤੇ ਬੇਰੁਜ਼ਗਾਰ। ਸ਼ਹਿਰੀ-ਖੇਤਰਾਂ ਦਾ ਕੇਂਦਰੀਕਰਨ ਕਾਮਿਆਂ ਦੀ ਸਮੂਹਿਕ ਸੁਰੱਖਿਆ ਘਟਾ ਸਕਦਾ ਹੈ, ਕਾਮਿਆਂ ਦਾ ਬੇਰੋਕ, ਯੋਜਨਾ-ਰਹਿਤ ਸ਼ਹਿਰੀਕਰਨ ਨਾ ਸਿਰਫ ਰੋਬਟ-ਨੁਮਾ ਜ਼ਿੰਦਗੀ ਦਾ ਅਕਸ ਬਣਨ ਵੱਲ ਜਾਵੇਗਾ ਸਗੋਂ ਇਹ ਕੁਦਰਤੀ ਵਾਤਾਵਰਨ ਅਤੇ ਬਹੁਤ ਸਾਰੀਆਂ ਪ੍ਰਜਾਤੀਆਂ ਦਾ ਮਲੀਆਮੇਟ ਵੀ ਕਰ ਦੇਵੇਗਾ ਅਤੇ ਕੁਦਰਤ ਦੀ ਵੰਨ-ਸੁਵੰਨਤਾ ਦਾ ਵੀ।

ਹੁਣ ਅਸੀਂ ਇਹ ਵੇਖਣ ਦੀ ਕੋਸ਼ਿਸ਼ ਕਰਾਂਗੇ ਕਿ ਨਵ-ਉਦਾਰਵਾਦ ਦੀ ਮੌਜੂਦਾ ਸਥਿਤੀ ਕਿੱਥੋਂ ਤਕ ਹੋਰ ਚੱਲ ਸਕਦੀ ਹੈ ਅਤੇ ਕੀ ਇਸ ਨੂੰ ਲਗਾਮ ਵੀ ਦਿੱਤੀ ਜਾ ਸਕਦੀ ਹੈ ਜਾਂ ਨਹੀਂ। ਇਹ ਵੀ ਕਿ ਇਸ ਬਾਰੇ ਆਲੇ-ਦੁਆਲੇ ਕੀ ਵਾਪਰ ਰਿਹਾ ਹੈ? ਇਹ ਆਮ ਕਿਹਾ ਜਾਣ ਲੱਗਾ ਹੈ ਕਿ ਪਿਛਲੇ 40 ਸਾਲਾਂ ਦੀਆਂ ਨਵ-ਉਦਾਰਵਾਦੀ ਨੀਤੀਆਂ ਦੇ ਚਲਦਿਆਂ ਹੁਣ ਇਹ ਆਮ ਖਿਆਲ ਕੀਤਾ ਜਾਣ ਲੱਗਾ ਹੈ ਕਿ ਨਵ-ਉਦਾਰਵਾਦ ਦਾ ਯੁਗ ਬੀਤ ਚੁੱਕਾ ਹੈ ਅਤੇ ਉਹ ਵਿਚਾਰਧਾਰਾ ਜਿਹੜੀ ਵਿਸ਼ਵ-ਕਾਰਪੋਰੇਟ ਦਾ ਰੂਪ ਧਾਰਨ ਕਰ ਚੁੱਕੀ ਹੈ, ਮਨੁੱਖੀ ਭਲਾਈ ਦੇ ਆਰਥਿਕ ਹੱਕ ਵਿਚ ਹੋਣ ਵਾਲੀ ਆਪਣੀ ਸਾਰੀ ਦਲੀਲ ਅਤੇ ਅਮਲ ਗੁਆ ਚੁੱਕੀ ਹੈ। ਲਾਤੀਨੀ ਅਮਰੀਕਾ ਵਿਚ ਇਸ ਦੀ ਵਿਰੋਧੀ ਲਹਿਰ ਸਦਕਾ ਕਈ ਦੇਸ਼ਾਂ ਵਿਚ ਖੱਬੇ-ਪੱਖੀ ਸਰਕਾਰਾਂ ਹੋਂਦ ਵਿਚ ਆ ਗਈਆਂ ਹਨ।

ਕੋਰੀਆ ਦੇ ਇਕ ਕਿਸਾਨ ਨੇਤਾ ਨੇ 2003 ਵਿਚ ਵਿਸ਼ਵ ਵਪਾਰ ਸੰਗਠਨ ਦੀ ਮੀਟਿੰਗ ਵਿਚ ਆਤਮਹੱਤਿਆ ਕਰ ਲਈ ਸੀ। ਉਹ ਦੱਖਣੀ ਕੋਰੀਆ ਵਿਚ ਕਿਸਾਨਾਂ ਨੂੰ ਦਿੱਤੀ ਜਾਣ ਵਾਲੀ ਸਬਸਿਡੀ ਵਿਚ ਕੀਤੀ ਕਟੌਤੀ ਖਿਲਾਫ਼ ਆਵਾਜ਼ ਬੁਲੰਦ ਕਰ ਰਿਹਾ ਸੀ। ਕਰਿਸਟਨ ਗੋਡਸੀ ਨੇ ਨਵ-ਉਦਾਰਵਾਦ ਦੇ ਇਸ ਵਿਰੋਧ ਨੂੰ 'ਲਾਲ ਉਦਰੇਵਾਂ' ਕਿਹਾ ਹੈ। ਲੋਕੀਂ ਕਈ ਸਾਬਕਾ ਖੱਬੇ-ਪੱਖੀ ਰਾਜਾਂ ਅਤੇ ਸਰਕਾਰਾਂ ਦੇ ਸੁਨਹਿਰੀ ਸਾਲਾਂ ਨੂੰ ਯਾਦ ਕਰ ਰਹੇ ਹਨ। ਕਮਿਊਨਿਸਟ ਨਿਜ਼ਾਮ ਪ੍ਰਤੀ ਲਾਤੀਨੀ ਅਮਰੀਕਾ ਵਿਚ ਅਜਿਹੀ ਲਾਲ ਲਹਿਰ ਨੇ ਇਸ ਸਦੀ ਦੇ ਆਰੰਭ ਵਿਚ ਖੱਬੀਆਂ ਸਰਕਾਰਾਂ ਸਥਾਪਿਤ ਕੀਤੀਆਂ ਹਨ। ਗਰੀਸ ਅਤੇ ਇਟਲੀ ਨੇ ਪਿਛੇ ਜਿਹੇ ਵਿਸ਼ਵ ਮੁਦਰਾ ਕੋਸ਼ ਦੀਆਂ ਸ਼ਰਤਾਂ ਮੰਨਣ ਤੋਂ ਇਨਕਾਰ ਕਰ ਦਿੱਤਾ ਹੈ। ਇਹ ਵਿਚਾਰ ਹੁਣ ਮਜ਼ਬੂਤੀ ਫੜ ਰਿਹਾ ਹੈ ਕਿ ਬਾਜ਼ਾਰ ਹੀ ਕਿਉਂ ਸਮਾਜਿਕ ਜੀਵਨ ਅਤੇ ਨਿੱਜਤਾ ਦੀਆਂ ਸ਼ਰਤਾਂ ਤੈਅ ਕਰੇ।

ਲੈਨਿਨ ਨੇ ਕਿਹਾ ਸੀ ਕਿ ਪੂੰਜੀਵਾਦ ਦੀ ਆਖਰੀ ਸਟੇਜ ਸਾਮਰਾਜਵਾਦ (ਫ਼ਾਸ਼ੀਵਾਦ) ਹੁੰਦੀ ਹੈ। ਸੋ ਆਮ ਲੋਕਾਂ ਵਿਚ ਨਵ-ਉਦਾਰਵਾਦ ਖਿਲਾਫ਼ ਜਥੇਬੰਦਕ ਗੁੱਟਬੰਦੀ ਹੌਲੀ- ਹੌਲੀ ਸਥਾਪਿਤ ਹੋ ਰਹੀ ਹੈ। Joseph Stiglitz ਦੇ ਕਹਿਣ ਮੁਤਾਬਕ, ਨਵ-ਉਦਾਰਵਾਦ ਦੇ ਤਿੰਨਾਂ ਵਿਕਲਪਾਂ, ਪਰ-ਦੱਖਣ ਰਾਸ਼ਟਰ ਵਾਦ (Far-left Nation-alism), ਕੇਂਦਰ-ਖੱਬਾ ਸੁਧਾਰਵਾਦ (Centre Left Reformism), ਅਤੇ ਪ੍ਰਗਤੀਸ਼ੀਲ ਖੱਬੇ-ਪੱਖੀ ਆਰਥਿਕ ਵਿਚਾਰਧਾਰਾ (Progressive Left ) ਵਿਚੋਂ ਤੀਜੀ, ਜਿਸ ਨੂੰ ਉਹ ਪ੍ਰਗਤੀਸ਼ੀਲਵਾਦ ਪੂੰਜੀਵਾਦ (Progressive Capitalism) ਕਹਿੰਦਾ ਹੈ, ਹੀ ਨਵ-ਉਦਾਰਵਾਦ ਦਾ ਸਹੀ ਵਿਕਲਪ ਹੋ ਸਕਦਾ ਹੈ, ਜਿਹੜਾ ਮੰਡੀ, ਰਾਸ਼ਟਰ ਅਤੇ ਸਮਾਜ ਵਿਚ ਸੰਤੁਲਨ ਪੈਦਾ ਕਰ ਸਕਦਾ ਹੈ। ਰਾਸ਼ਟਰ ਨੂੰ ਵਿਗਿਆਨਕ ਜਾਂਚ ਦੀਆਂ ਲੀਹਾਂ 'ਤੇ ਪਾ ਸਕਦਾ ਹੈ, ਜਿਹੜੀ ਰਾਸ਼ਟਰੀ ਧਨ ਹੁੰਦੀ ਹੈ, ਵਿਕਾਸ ਕਰ ਸਕਦਾ ਹੈ, ਮੰਡੀ ਦੀ ਤਾਕਤ ਦੇ ਕੇਂਦਰੀਕਰਨ ਦਾ ਰਾਸ਼ਟਰਾਂ ਵੱਲੋਂ ਲੋਕਰਾਜੀ ਕੰਟਰੋਲ ਸੰਭਵ ਬਣਾ ਸਕਦਾ ਹੈ ਅਤੇ ਆਰਥਿਕ ਤਾਕਤ ਦਾ ਸਿਆਸੀ ਇਸਤੇਮਾਲ ਨਾ ਹੋਣ ਦੇ ਸਕਣ ਵਿਚ ਸਹਿਯੋਗੀ ਹੋ ਸਕਦਾ ਹੈ। ਇਸ ਤੋਂ ਇਲਾਵਾ ਕਈ ਅਰਥ-ਸ਼ਾਸਤਰੀਆਂ ਅਨੁਸਾਰ ਸਹਿਕਾਰਤਾ ਦੀਆਂ ਲਹਿਰਾਂ ਦੇ ਉਥਾਨ, ਲੋਕ-ਸਮੂਹੀ ਭਾਵਨਾ ਦੇ ਵਿਕਾਸ ਅਤੇ ਆਪੋ-ਆਪਣੇ ਖਿੱਤੇ ਅਤੇ ਮਿੱਟੀ ਨਾਲ ਮੁੜ ਲਗਾਓ ਅਤੇ ਜੁੜਾਵ ਅਤੇ ਘਰੇਲੂ ਅਤੇ ਲਘੂ ਉਦਯੋਗ, ਛੋਟਿਆਂ ਪੱਧਰਾਂ 'ਤੇ ਨਿੱਕੇ-ਨਿੱਕੇ ਕੰਮਾਂ ਵਾਲੇ ਰੁਝੇਵਿਆਂ ਦਾ ਰੁਝਾਨ ਅਤੇ ਸਥਾਨਿਕਤਾ ਜਾਂ ਡੀ-ਗਲੋਬਲਾਈਜ਼ੇਸ਼ਨ ਦੀ ਸਿਆਸੀ ਚੇਤਨਤਾ ਹੀ ਸਾਨੂੰ ਇਸ ਵਿਸ਼ਵ-ਵਿਆਪੀ ਨਵ-ਉਦਾਰਵਾਦੀ ਕਾਰਪੋਰੇਟ ਪਸਾਰ ਦੁਆਰਾ ਉਤਪੰਨ ਆਰਥਿਕ ਤਬਾਹੀ ਅਤੇ ਮਾਨਵੀ ਮੁੱਲਾਂ ਦੇ ਅੰਨ੍ਹੇਵਾਹ ਖਿਲਵਾੜ ਤੋਂ ਬਚਾ ਸਕਦੀ ਹੈ।

# ਸਿਰ ਦੀਜੈ ਬਾਹਿ ਨ ਛੋੜੀਐ

ਰਮੇਸ਼ ਬੱਗਾ ਚੋਹਲਾ
ਫੋਨ: 94631-32719

ਮਨੁੱਖਤਾ ਦੇ ਰਹਿਬਰ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਨਿਰਮਲ ਪੰਥ ਦੇ ਰੂਪ ਵਿਚ ਚਲਾਇਆ ਗਿਆ ਸਿੱਖ ਧਰਮ ਸੰਸਾਰਕ ਅਤੇ ਪਰਿਵਾਰਕ (ਗ੍ਰਿਹਿਸਥ ਪ੍ਰਧਾਨ) ਧਰਮ ਹੈ। ਜਗਤ ਗੁਰੂ ਨੇ ਆਪਣੀ ਅਣਥੱਕ ਘਾਲਣਾ ਅਤੇ ਸਰਵ-ਹਿੱਤਕਾਰੀ ਸੋਚ ਨਾਲ ਦੁਨੀਆ ਨੂੰ ਇੱਕ ਅਜਿਹੀ ਜੀਵਨ-ਜੁਗਤ ਦਿੱਤੀ ਹੈ, ਜਿਸ ਨੂੰ ਤਨੋਂ-ਮਨੋਂ ਅਪਨਾਉਣ ਅਤੇ ਕਮਾਉਣ ਨਾਲ ਕੋਈ ਵੀ ਆਪਣੇ ਲੋਕ ਅਤੇ ਪ੍ਰਲੋਕ ਨੂੰ ਸੰਵਾਰ ਸਕਦਾ ਹੈ। ਸਿੱਖ ਧਰਮ ਵਿਚ ਪ੍ਰਲੋਕ ਨੂੰ ਸੰਵਾਰਨ ਤੋਂ ਪਹਿਲਾਂ ਲੋਕ ਨੂੰ ਸੰਵਾਰਨ ਅਤੇ ਲੋਕ ਨੂੰ ਸੰਵਾਰਨ ਤੋਂ ਪਹਿਲਾਂ ਨਿੱਜ ਨੂੰ ਸੰਵਾਰਨ ਦੀ ਸਲਾਹ ਦਿੱਤੀ ਜਾਂਦੀ ਹੈ।

ਸਿਧਾਂਤਕ ਅਤੇ ਵਿਹਾਰਕ ਰੂਪ ਵਿਚ ਸਰਬੱਤ ਦਾ ਭਲਾ ਮੰਗਣਾ ਕੇਵਲ ਸਿੱਖ ਧਰਮ ਦੇ ਹਿੱਸੇ ਵਿਚ ਹੀ ਆਇਆ ਹੈ। ਬੇਸ਼ੱਕ ਸੰਸਾਰ ਦੇ ਬਾਕੀ ਧਰਮ ਵੀ ਮਾਨਵ-ਹਿਤੂ ਹੋਣ ਦੀ ਹਾਮੀ ਭਰਦੇ ਹਨ ਪਰ ਜਿਹੜਾ ਕਲਾਵਾ ਸਿੱਖ ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਪਿਆਰੇ ਸਿੱਖਾਂ ਨੇ ਸਮੇਂ-ਸਮੇਂ ਭਰਿਆ ਹੈ, ਉਸ ਵਿਚ ਗ਼ੈਰ-ਸਿੱਖਾਂ ਦੇ ਸਮਾਅ ਜਾਣ ਦੀ ਗੁੰਜਾਇਸ਼ ਵੀ ਬਰਾਬਰ ਰਹੀ ਹੈ। ਇਸ ਬਰਾਬਰਤਾ ਦਾ ਆਧਾਰ 'ਤੂੰ ਕਿਸੈ ਨ ਦਿਸੈ ਬਾਹਰਾ ਜੀਉ' ਦਾ ਸਿਧਾਂਤ ਹੈ, ਜਿਹੜਾ ਪਰਉਪਕਾਰ ਦੀ ਭਾਵਨਾ ਦਾ ਜਨਮਦਾਤਾ ਹੈ ਅਤੇ ਇਹ ਭਾਵਨਾ ਸਿੱਖੀ ਸੋਚ ਦਾ ਕੇਂਦਰੀ ਬਿੰਦੂ ਰਹੀ ਹੈ। ਇਹ ਭਾਵਨਾ ਏਨੀ ਬਲਵਾਨ ਰਹੀ ਹੈ ਕਿ ਇਸ ਦੇ ਪ੍ਰਭਾਵ ਹੇਠ ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਸਿੱਖਾਂ ਨੂੰ ਸਮੇਂ-ਸਮੇਂ 'ਤੇ ਸ਼ਹਾਦਤ ਦੇ ਜਾਮ ਵੀ ਪੀਣੇ ਪਏ ਹਨ।

ਸ਼ਹੀਦਾਂ ਦੇ ਸਿਰਤਾਜ ਹੋਣ ਦਾ ਮਾਣ ਭਾਵੇਂ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਹਾਸਲ ਹੈ ਪਰ ਪਰਉਪਕਾਰ ਦੀ ਭਾਵਨਾ ਤਹਿਤ ਸ਼ਹੀਦ ਹੋਣ ਦਾ ਮਾਣ ਉਨ੍ਹਾਂ ਦੇ ਪੋਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਜਾਂਦਾ ਹੈ। ਹਿੰਦੋਸਤਾਨ ਦੇ ਹਾਕਮ ਔਰੰਗਜ਼ੇਬ ਦੇ ਹੁਕਮ ਉਪਰ ਕਸ਼ਮੀਰ ਦੇ ਸੂਬੇਦਾਰ ਸ਼ੇਰ ਅਫ਼ਗਾਨ ਨੇ ਜਦੋਂ ਕਸ਼ਮੀਰ ਦੇ ਪੰਡਤਾਂ 'ਤੇ ਅਕਹਿ ਅਤੇ ਅਸਹਿ ਜ਼ੁਲਮ ਕਰਨੇ ਸ਼ੁਰੂ ਕੀਤੇ ਤਾਂ ਕਿਸੇ ਨੇ ਵੀ ਉਨ੍ਹਾਂ ਦੀ ਬਾਂਹ ਨਹੀਂ ਫੜੀ। ਥੱਕ ਹਾਰ ਕੇ ਉਨ੍ਹਾਂ ਨੇ ਸ੍ਰੀ ਆਨੰਦਪੁਰ ਸਾਹਿਬ ਦਾ ਰਾਹ ਫੜ ਲਿਆ ਅਤੇ ਸ੍ਰੀ ਗੁਰੂ ਤੇਗ ਬਹਾਦਰ ਕੋਲ ਆ ਫ਼ਰਿਆਦੀ ਹੋਏ। ਉਨ੍ਹਾਂ ਦੀ ਫ਼ਰਿਆਦ ਸੁਣ ਕੇ ਗੁਰੂ ਸਾਹਿਬ ਅਜੇ ਕੁੱਝ ਸੋਚ ਹੀ ਰਹੇ ਸਨ ਕਿ ਇਸ ਸਮੇਂ ਦੌਰਾਨ ਬਾਲ ਗੋਬਿੰਦ ਰਾਇ ਜੀ ਵੀ ਉਥੇ ਪਹੁੰਚ ਗਏ। ਉਦਾਸ ਬੈਠੇ ਪੰਡਤਾਂ ਨੂੰ ਦੇਖ ਕੇ ਪੁੱਛਣ ਲੱਗੇ, 'ਪਿਤਾ ਜੀ! ਇਹ ਕੌਣ ਲੋਕ ਹਨ, ਜੋ ਉਦਾਸ ਬੈਠੇ ਹਨ?'

'ਇਹ ਕਸ਼ਮੀਰ ਦੇ ਵਿਦਵਾਨ ਲੋਕ ਹਨ।' ਗੁਰੂ ਸਾਹਿਬ ਨੇ ਜਵਾਬ ਦਿੱਤਾ। 'ਇਹ ਇਥੇ ਕਿਉਂ ਆਏ ਹਨ?' ਬਾਲ ਗੋਬਿੰਦ ਰਾਇ ਨੇ ਸਵਾਲੀਆ ਨਜ਼ਰਾਂ ਨਾਲ ਕਿਹਾ। 'ਪੁੱਤਰ ਜੀ! ਦਿੱਲੀ ਦਾ ਹਾਕਮ ਔਰੰਗਜ਼ੇਬ ਇਨ੍ਹਾਂ ਦੇ ਧਾਰਮਿਕ ਸਥਾਨਾਂ (ਮੰਦਰਾਂ) ਅਤੇ ਧਾਰਮਿਕ ਚਿੰਨ੍ਹਾਂ (ਤਿਲਕ, ਜੰਞੂ ਅਤੇ ਟਿੱਕਾ) ਦੀ ਬੇਅਦਬੀ ਕਰ ਰਿਹਾ ਹੈ, ਇਹ ਇੱਥੇ ਇਸ ਕਰਕੇ ਆਏ ਹਨ ਕਿ ਇਨ੍ਹਾਂ ਦੇ ਧਰਮ ਦੀ ਰਾਖੀ ਕੀਤੀ ਜਾਵੇ।'

ਗੁਰੂ ਸਾਹਿਬ ਨੇ ਕਸ਼ਮੀਰੀ ਪੰਡਤਾਂ ਦੀ ਆਮਦ ਦਾ ਸਬੱਬ ਬਿਆਨਦੇ ਹੋਏ ਕਿਹਾ।

'ਪਿਤਾ ਜੀ ਫਿਰ ਰਾਖੀ ਹੋਵੇਗੀ ਕਿ ਨਹੀਂ?'

'ਪੁੱਤਰ ਜੀ! ਇਨ੍ਹਾਂ ਦੇ ਧਰਮ ਦੀ ਰਾਖੀ ਲਈ ਕਿਸੇ ਮਹਾਨ-ਪੁਰਖ ਦੀ ਕੁਰਬਾਨੀ ਦੀ ਲੋੜ ਹੈ, ਜੋ ਆਪਣਾ ਬਲੀਦਾਨ ਦੇ ਕੇ ਔਰੰਗਜ਼ੇਬ ਦੇ ਜ਼ੁਲਮਾਂ ਨੂੰ ਠੱਲ੍ਹ ਪਾ ਸਕੇ।' 'ਪਿਤਾ ਜੀ! ਉਹ ਮਹਾਨ-ਪੁਰਖ ਤੁਹਾਡੀ ਨਜ਼ਰ ਵਿਚ ਹੈ ਕਿ ਜਾਂ ਫਿਰ ਮੈਂ ਦੱਸ ਦਿਆਂ।'



'ਪੁੱਤਰ ਚੱਲ ਫਿਰ ਤੂੰ ਹੀ ਦੱਸ ਦੇ।' ਪਿਤਾ ਜੀ! ਉਹ ਮਹਾਨ-ਪੁਰਖ ਤੁਹਾਡੇ ਤੋਂ ਵਧ ਕੇ ਭਲਾ ਹੋਰ ਕੌਣ ਹੋ ਸਕਦਾ ਹੈ।'

'ਬੱਚਾ! ਦੇਖ ਲੈ ਤੂੰ ਅਨਾਥ ਹੋ ਜਾਵੇਂਗਾ।' 'ਪਿਤਾ ਜੀ! ਜੇਕਰ ਹਿੰਦੋਸਤਾਨ ਦੇ ਹਜ਼ਾਰਾਂ ਬੱਚੇ ਅਨਾਥ ਹੋਣ ਤੋਂ ਬਚ ਜਾਣ ਤਾਂ ਮੇਰੇ ਇੱਕ ਦੇ ਅਨਾਥ ਹੋਣ ਨਾਲ ਕੋਈ ਫਰਕ ਨਹੀਂ ਪੈਂਦਾ।'

ਪੌਣੇ ਕੁ ਨੌਂ ਸਾਲ ਦੇ ਬਾਲ ਦੇ ਮੁਖਾਰਬਿੰਦ 'ਚੋਂ ਨਿਕਲੇ ਇਹ ਵਾਕ ਸਿੱਖੀ ਸੋਚ ਵਿਚਲੀ ਪਰਉਪਕਾਰੀ ਭਾਵਨਾ ਦੀ ਸਿਖਰ ਸਨ, ਜਿਨ੍ਹਾਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਨੌਵੇਂ ਪਾਤਸ਼ਾਹ ਨੂੰ ਆਪਣਾ ਬਲੀਦਾਨ ਦੇਣਾ ਪਿਆ। ਇਹ ਬਲੀਦਾਨ ਗੁਰੂ ਘਰ ਦੀ ਉਸ ਵਚਨਬੱਧਤਾ ਨੂੰ ਵੀ ਸਾਰਥਕ ਕਰਦਾ ਹੈ, ਜਿਸ ਕਿਹਾ ਗਿਆ ਹੈ:

'ਬਾਹਿ ਜਿਨਾ ਦੀ ਪਕੜੀਐ ਸਿਰ ਦੀਜੈ ਬਾਹਿ ਨ ਛੋੜੀਐ।'

ਪੁਸਤਕ ਚਰਚਾ

# ‘ਕੈਂਗਰੂਨਾਮਾ’ ਵਾਲਾ ਗੁਰਸ਼ਮਿੰਦਰ ਸਿੰਘ ਉਰਫ਼ ਮਿੰਟੂ ਬਰਾੜ

ਰਵਿੰਦਰ ਸਿੰਘ ਸੋਢੀ

ਸਾਡੇ ਦੇਸ਼ ਵਿਚ ਆਮ ਰਿਵਾਜ਼ ਹੈ ਕਿ ਬੱਚੇ ਦੀ ਪੈਦਾਇਸ਼ ਸਮੇਂ ਘਰ ਲਈ ਉਸ ਦਾ ਛੋਟਾ ਜਾਂ ‘ਕੱਚਾ ਨਾਂ’ ਰੱਖਿਆ ਜਾਂਦਾ ਹੈ ਅਤੇ ਬਾਅਦ ਵਿਚ ਸਕੂਲ ਲਈ ‘ਪੱਕਾ ਨਾਂ’। ਬੱਚਾ ਵੱਡਾ ਹੋ ਕੇ ਆਪ ਵੀ ਬੱਚਿਆਂ ਵਾਲਾ ਬਣ ਜਾਵੇ ਤਾਂ ਵੀ ਉਹ ਘਰ ਦਿਆਂ ਲਈ ‘ਕਾਕਾ’, ‘ਬਿੱਲੂ’, ‘ਟਿਲੂ’ ਆਦਿ ਹੀ ਰਹਿੰਦਾ ਹੈ ਪਰ ਕਈ ਸੱਜਣਾਂ ਦੇ ਮਾਮਲੇ ਵਿਚ ਉਲਟ ਹੋ ਜਾਂਦਾ ਹੈ। ਮਾਤਾ-ਪਿਤਾ, ਭੈਣ, ਭਰਾ ਅਸਲ ਨਾਂ ਲੈਂਦੇ ਹਨ ਅਤੇ ਦੋਸਤ-ਮਿੱਤਰ ਘਰ ਵਾਲਾ। ਅਜਿਹੀ ਹੀ ਇਕ ਸ਼ਖਸੀਅਤ ਹੈ, ਗੁਰਸ਼ਮਿੰਦਰ ਸਿੰਘ ਉਰਫ਼ ਮਿੰਟੂ ਬਰਾੜ ਪਰ ਉਹ ਤਾਂ ਇਸ ਮਾਮਲੇ ਵਿਚ ਵੀ ਬਹੁਤ ਅੱਗੇ ਲੰਘ ਚੁੱਕਿਆ ਹੈ। ਮਿੰਟੂ ਬਰਾੜ ਦੇ ਨਾਂ ਮੂਹਰੇ ਕਈ ਅਗੇਤਰ ਸਮੇਂ-ਸਮੇਂ ਜੁੜਦੇ ਰਹੇ। ਉਨ੍ਹਾਂ ਦਾ ਪਰਿਵਾਰ ਜਦੋਂ ਬਾਗ਼ਬਾਨੀ ਦਾ ਕੰਮ ਕਰਦਾ ਸੀ ਤਾਂ ਉਹ ਬਾਗ਼ ਵਾਲਾ ਮਿੰਟੂ ਬਰਾੜ ਸੀ, ਜਦੋਂ ਫੁਟਬਾਲ ਦਾ ਸ਼ੌਕ ਪਿਆ ਤਾਂ ਫੁਟਬਾਲ ਵਾਲਾ ਮਿੰਟੂ ਬਰਾੜ ਬਣ ਗਿਆ, ਜਦੋਂ ਪਹਾੜੀ ਬੱਕਰੀਆਂ ਰੱਖ ਲਈਆਂ ਤਾਂ ਬੱਕਰੀਆਂ ਵਾਲਾ ਮਿੰਟੂ ਬਰਾੜ, ਜਦੋਂ ਸਮਾਜ ਸੇਵਾ ਦੇ ਕੰਮ ਵਿਚ ਲੱਗ ਕੇ ਆਪਣੇ ਪਿੰਡ ਸਹਾਰਾ ਕਲੱਬ ਖੋਲ੍ਹਿਆ ਤਾਂ ਸਹਾਰਾ ਵਾਲਾ ਮਿੰਟੂ ਬਰਾੜ, ਕਿਸੇ ਨਾਲ ਗੈਸ ਏਜੰਸੀ ਦੇ ਕੰਮ ਵਿਚ ਭਾਈਵਾਲੀ ਪਾਈ ਤਾਂ ਗੈਸ ਵਾਲਾ ਅਤੇ ਜਦੋਂ ਆਸਟਰੇਲੀਆ ਆ ਕੇ ਲੇਖਕ ਬਣਿਆ ਤਾਂ ਲਿਖਾਰੀ ਮਿੰਟੂ ਬਰਾੜ ਬਣ ਗਿਆ। ਆਉਣ ਵਾਲੇ ਸਮੇਂ ’ਚ ਕੋਈ ਹੋਰ ਅਗੇਤਰ ਵੀ ਉਸ ਦੇ ਨਾਂ ਨਾਲ ਜੁੜ ਸਕਦਾ ਹੈ।

ਪੰਜਾਬ ਰਹਿੰਦਿਆਂ ਉਸ ਨੇ ਕਈ ਕੰਮ ਛੋਹੇ। ਕਦੇ ਸਪੇਅਰ ਪਾਰਟਸ ਦੀ ਦੁਕਾਨ ਖੋਲ੍ਹੀ, ਕਦੇ ਫਲੋਰ ਮਿਲ ਦਾ ਧੰਦਾ ਕੀਤਾ, ਟਰਾਂਸਪੋਰਟ ਦਾ ਕੰਮ ਵੀ ਚਲਾਇਆ। ਇਕ ਵਾਰ ਤਾਂ ਉਸ ਨੇ ਕਮਾਲ ਹੀ ਕਰ ਦਿੱਤੀ। ਉਸ ਦਾ ਜਾਣ-ਪਛਾਣ ਵਾਲਾ ਜੋਤਿਸ਼ ਦੀ ਹੱਟੀ ਖੋਲ੍ਹ ਕੇ ਬੈਠ ਗਿਆ ਤਾਂ ਉਸ ਨੂੰ ਬੜੀ ਹੈਰਾਨੀ ਹੋਈ ਕਿ ਇਹ ਸਾਧਾਰਨ ਜਿਹੀ ਬੁੱਧੀ ਵਾਲਾ ਤੇ ਜੋਤਸ਼ਪੁਣਾ! ਇਸ ਦੇ ਦਿਲ ਵਿਚ ਵੀ ਆਇਆ ਕਿ ਇਹ ਕੰਮ ਸਿੱਖਿਆ ਜਾਵੇ। ਪਰਿਵਾਰ ਦੇ ਵਿਰੋਧ ਦੇ ਬਾਵਜੂਦ ਉਹ ਨਾ ਰੁਕਿਆ। ਜੋਤਸ਼ੀਆਂ ਦੀਆਂ ਚਾਲ ਬਾਜ਼ੀਆਂ ਦੀਆਂ ਅੰਦਰੂਨੀ ਕਾਰਗੁਜ਼ਰੀਆਂ ਨੂੰ ਜਾਣ ਕੇ ਹੀ ਦਮ ਲਿਆ ਅਤੇ ਬਾਅਦ ਵਿਚ ਲੋਕਾਂ ਨੂੰ ਜਾਗਰੂਕ ਵੀ ਕੀਤਾ ਕਿ ਇਹ ਨਿਰਾ ਧੋਖਾ ਹੈ, ਹੋਰ ਕੁਝ ਨਹੀਂ। ਉਸ ਨੇ ਰਾਜਸੀ ਖੇਤਰ ਵਿਚ ਵੀ ਹਿੱਸਾ ਲਿਆ ਪਰ ਜਦ ਉਸ ਨੂੰ ਸਿਆਸੀ ਨੇਤਾਵਾਂ ਦੀ ਪਰਦੇ ਦੇ ਪਿਛਲੇ ਪਾਸੇ ਦੀ ਜ਼ਿੰਦਗੀ ਦੇ ਦਰਸ਼ਨ ਹੋਏ ਤਾਂ ਉਹ ਇਸ ਤੋਂ ਵੀ ਲਾਂਭੇ ਹੋ ਗਿਆ।

ਉਸ ਨੇ ਸਮਾਜ ਸੇਵਾ ਦੇ ਕੰਮ ਵਿਚ ਵੀ ਨਾਮਣਾ ਖੱਟਿਆ। ਆਪਣੇ ਸਾਥੀਆਂ ਨਾਲ ਮਿਲ ਕੇ 1979 ਵਿਚ ਸਹਾਰਾ ਕਲੱਬ, ਕਾਲਾਂਵਾਲੀ ਸ਼ੁਰੂ ਕੀਤਾ। ਇਹ ਕਲੱਬ ਹੁਣ ਤਕ ਸੜਕ ਹਾਦਸਿਆਂ ਵਿਚ ਜ਼ਖ਼ਮੀ ਹੋਣ ਵਾਲੇ ਦੋ ਹਜ਼ਾਰ ਦੇ ਕਰੀਬ ਲੋਕਾਂ ਦੀ ਜਾਨ ਬਚਾ ਚੁੱਕਿਆ ਹੈ। ਕਮਾਲ ਦੀ ਗੱਲ ਇਹ ਹੈ ਕਿ ਜਦੋਂ ਇਸ ਕਲੱਬ ਦੇ ਕੁਝ ਮੈਂਬਰਾਂ ਨੇ ਪਹਿਲੀ ਵਾਰ ਹਾਦਸੇ ਵਿਚ ਤੜਫ ਰਹੇ ਲੋਕਾਂ ਦੀ ਸਹਾਇਤਾ ਕੀਤੀ ਤਾਂ ਉਨ੍ਹਾਂ ‘ਤੇ ਹੀ ਪਰਚਾ ਦਰਜ ਹੋ ਗਿਆ ਸੀ। ਇਨ੍ਹਾਂ ਦਾ ਕਲੱਬ ਲੋਕਾਂ ਨੂੰ ਮਰਨ ਉਪਰੰਤ ਅੱਖਾਂ ਦਾਨ ਕਰਨ ਲਈ ਵੀ ਜਾਗਰੂਕ ਕਰ ਰਿਹਾ ਹੈ। ਕਲੱਬ ਨੇ ਏਸ਼ੀਆ ਦੇ ਸਾਰੇ ਮੁਲਕਾਂ ਵਿਚੋਂ ਅੱਖਾਂ ਦਾ ਦਾਨ ਕਰਨ ਦੇ ਖੇਤਰ ਵਿਚ ਸਲਾਹੁਣਯੋਗ ਕੰਮ ਕੀਤਾ ਹੈ। ਮਿੰਟੂ ਦਾ ਕਹਿਣਾ ਹੈ ਕਿ ਆਸਟਰੇਲੀਆ ਆ ਕੇ ਉਸ ਨੂੰ ਆਪਣੇ ਘਰ ਦੀ ਯਾਦ ਨੇ ਏਨਾ ਨਹੀਂ ਸਤਾਇਆ, ਜਿੰਨਾ ਸਹਾਰਾ ਕਲੱਬ ਵਿਚ ਕੰਮ ਕਰਨ ਦੀ ਯਾਦ ਨੇ। ਆਸਟਰੇਲੀਆ ਜਾ ਕੇ ਵੀ ਉਹ ਇਸ ਪੱਖੋਂ ਚੁੱਪ ਨਹੀਂ ਬੈਠਾ। ਇਹੋ ਕਾਰਨ ਹੈ ਕਿ ਉਸ ਦੇ ਸਟੇਟ ਦੀ ਸਭਿਆਚਾਰਕ ਮਾਮਲਿਆਂ ਦੀ ਮੰਤਰੀ ਕਹਿੰਦੀ ਹੈ, ‘ਮਿੰਟੂ ਗ੍ਰੇਟ ਪਰਸਨ ਹੈ।‘

ਮਿੰਟੂ ਆਪਣੇ ਬਚਪਨ ਦੇ ਇਕ ਸੁਪਨੇ ਸਬੰਧੀ ਦੱਸਦਾ ਹੈ ਕਿ ਉਹ ਸੋਚਦਾ ਹੁੰਦਾ ਸੀ ਕਿ ਜ਼ਿੰਦਗੀ ਦੇ ਕਿਸੇ ਪੜਾਅ ‘ਤੇ ਉਹ ਇਕ ਕਿਤਾਬ ਜ਼ਰੂਰ ਲਿਖੇਗਾ, ਭਾਵੇਂ ਉਸ ਨੂੰ ਕੋਈ ਪੜ੍ਹੇ ਜਾਂ ਨਾ ਪੜ੍ਹੇ ਪਰ ਇਹ ਸੁਪਨਾ ਪੂਰਾ ਹੋਣ ਵਿਚ ਨਹੀਂ ਸੀ ਆ ਰਿਹਾ। ਅਖੀਰ 1987 ਵਿਚ ਉਸ ਨੇ ਇਕ ਮੈਗਜ਼ੀਨ ਲਈ ਇਕ ਲੇਖ ਲਿਖਿਆ। ਉਸ ਦੇ ਪਹਿਲੇ ਲੇਖ ਨੇ ਹੀ ਉਸ ਦਾ ਝਾਕਾ ਖੋਲ੍ਹ ਦਿੱਤਾ ਅਤੇ ਉਸ ਦੀ ਕਲਮ ਆਪ ਮੁਹਾਰੇ ਹੀ ਲਿਖਣ ਲੱਗੀ। ਅਸਲ ਵਿਚ ਉਸ ਦੀ ਕਲਮ ਦੇ ਆਪ-ਮੁਹਾਰੇਪਣ ਪਿੱਛੇ ਉਸ ਦੇ ਅਵਚੇਤਨ ਮਨ ਵਿਚ ਵਸੀ ਲੇਖਕ ਬਣਨ ਦੀ ਲਾਲਸਾ ਸੀ। ਉਹ ਆਸਟਰੇਲੀਆ ਤੋਂ ਇਲਾਵਾ ਚੜ੍ਹਦੇ ਅਤੇ ਲਹਿੰਦੇ ਪੰਜਾਬ ਦੇ ਪੇਪਰਾਂ ਵਿਚ ਛਪਣ ਲੱਗਿਆ। ਰੇਡੀਓ, ਟੀ.ਵੀ. ਪ੍ਰੋਗਰਾਮਾਂ ਰਾਹੀਂ ਆਪਣੇ ਵਿਚਾਰ ਸਰੋਤਿਆਂ/ਦਰਸ਼ਕਾਂ ਨਾਲ ਸਾਂਝੇ ਕਰਨ ਲੱਗਿਆ। ਉਸ ਨੇ ਆਸਟਰੇਲੀਆ ਤੋਂ ਆਪਣਾ ਮਹੀਨਾਵਾਰ ਪਰਚਾ ‘ਪੰਜਾਬੀ ਅਖਬਾਰ’ ਸ਼ੁਰੂ ਕਰ ਲਿਆ। ਅਖਬਾਰਾਂ ਵਿਚ ਪ੍ਰਕਾਸ਼ਿਤ ਲੇਖਾਂ ਵਿਚੋਂ ਕੁਝ ਦੀ ਚੋਣ ਕਰ ਕੇ ਉਸ ਨੇ ‘ਕੈਂਗਰੂਨਾਮਾ’ ਪੁਸਤਕ ਪ੍ਰਕਾਸ਼ਿਤ ਕਰਵਾਈ। ਭਾਵੇਂ ਉਸ ਦੇ ਅਖਬਾਰਾਂ ਵਿਚ ਛਪੇ ਲੇਖਾਂ ਨਾਲ ਹੀ ਉਹ ਪੰਜਾਬੀ ਪਾਠਕਾਂ ‘ਤੇ ਆਪਣਾ ਪ੍ਰਭਾਵ ਪਾ ਚੁੱਕਿਆ ਸੀ, ਪਰ ਪੁਸਤਕ ਨਾਲ ਉਹ ਹੋਰ ਵੀ ਚਰਚਿਤ ਹੋ ਗਿਆ।



ਕੈਂਗਰੂਨਾਮਾ ਵਿਚ 33 ਲੇਖ ਹਨ। ਇਸ ਪੁਸਤਕ ਦਾ ਲੇਖਕ ਕਿਉਂ ਜੋ ਪੱਤਰਕਾਰ ਵੀ ਹੈ, ਇਸ ਲਈ ਚਲੰਤ ਮਾਮਲਿਆਂ ‘ਤੇ ਉਹ ਲਿਖਦਾ ਹੀ ਰਹਿੰਦਾ ਹੈ। ਕਈ ਵਿਦਵਾਨ ਅਖਬਾਰਾਂ ਲਈ ਲਿਖੇ ਲੇਖਾਂ ਨੂੰ ਸਦੀਵੀ ਸਾਹਿਤ ਨਹੀਂ ਮੰਨਦੇ, ਉਨ੍ਹਾਂ ਦਾ ਵਿਚਾਰ ਹੈ ਕਿ ਦੁਨੀਆ ਵਿਚ ਨਿੱਤ ਨਵੀਆਂ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ। ਅੱਜ ਵਾਪਰੀ ਘਟਨਾ ਦੋ-ਚਾਰ ਦਿਨਾਂ ਬਾਅਦ ਹੀ ਭੁੱਲ-ਭੁਲਾ ਜਾਂਦੀ ਹੈ। ਬਾਹਰੀ ਤੌਰ ‘ਤੇ ਤਾਂ ਇਹ ਵਿਚਾਰ ਠੀਕ ਹੀ ਲੱਗਦਾ ਹੈ, ਪਰ ਕਈ ਘਟਨਾਵਾਂ ਮਨੁੱਖੀ ਫਿਤਰਤ ਨਾਲ ਜੁੜੀਆਂ ਹੁੰਦੀਆਂ ਹਨ, ਇਸ ਲਈ ਸ਼ਕਲ ਬਦਲ-ਬਦਲ ਕੇ ਕਿਸੇ ਨਾ ਕਿਸੇ ਰੂਪ ਵਿਚ ਵਾਪਰਦੀਆਂ ਹੀ ਰਹਿੰਦੀਆਂ ਹਨ। ਦੂਜਾ, ਜੇ ਲੇਖਕ ਦਾ ਕਿਸੇ ਵਿਸ਼ੇ ‘ਤੇ ਲਿਖਣ ਦਾ ਢੰਗ ਹੀ ਨਿਵੇਕਲਾ ਹੋਵੇ ਅਤੇ ਉਸ ਦੀ ਵਾਰਤਕ ਸ਼ੈਲੀ ਵਿਚ ਨਵੀਨਤਾ ਹੋਵੇ ਤਾਂ ਵਕਤੀ ਵਿਸ਼ਾ ਵੀ ਸਦੀਵੀ ਬਣ ਸਕਦਾ ਹੈ।

ਮਿੰਟੂ ਬਰਾੜ ਦੀ ਵਿਚਾਰ ਅਧੀਨ ਪੁਸਤਕ ਨੂੰ ਜੇ ਧਿਆਨ ਨਾਲ ਘੋਖਿਆ ਜਾਵੇ ਤਾਂ ਪਤਾ ਲੱਗਦਾ ਹੈ ਕਿ ਉਸ ਦਾ ਲਿਖਣ ਦਾ ਕਲਾਤਮਕ ਢੰਗ ਚਲੰਤ ਮਾਮਲੇ ਨੂੰ ਵੀ ਸਮਾਂ ਸੀਮਾ ਤੋਂ ਪਾਰ ਲੈ ਜਾਂਦਾ ਹੈ। ਉਦਾਹਰਨ ਵਜੋਂ ਇਸ ਪੁਸਤਕ ਦੇ ਪਹਿਲੇ ਦੋ ਲੇਖਾਂ ‘ਆਸਟ੍ਰੇਲੀਆ ‘ਚ ਭਾਰਤੀ ਵਿਦਿਆਰਥੀਆਂ ਉੱਤੇ ਹੋਏ ਹਮਲਿਆਂ ਦਾ ਪਿਛਲਾ ਸੱਚ’ ਅਤੇ ‘ਮੈਲਬੋਰਨ ਵਿਚ ਭੰਨੇ ਸ਼ੀਸ਼ੇ ਦੀ ਗੂੰਜ ਭਾਰਤੀ ਵਿਦਿਆਰਥੀਆਂ ਨੂੰ ਸੁਣਨ ਲੱਗੀ’ ਵਿਚ ਤਕਰੀਬਨ ਇੱਕ ਦਹਾਕਾ ਪਹਿਲਾਂ ਆਸਟ੍ਰੇਲੀਆ ਵਿਚ ਸਥਾਨਕ ਨੌਜਵਾਨਾਂ ਵੱਲੋਂ ਪੰਜਾਬੀ ਵਿਦਿਆਰਥੀਆਂ ’ਤੇ ਹੋਏ ਹਮਲਿਆਂ ਬਾਰੇ ਚਰਚਾ ਕੀਤੀ ਗਈ ਹੈ। ਜਿੱਥੇ ਭਾਰਤੀ ਮੀਡੀਆ ਨੇ ਇਸ ਨੂੰ ਨਸਲਵਾਦੀ ਹਮਲੇ ਕਰਾਰ ਦਿੱਤਾ, ਉਥੇ ਹੀ ਮਿੰਟੂ ਨੇ ਅਜਿਹੇ ਝਗੜਿਆਂ ਦੀ ਤਹਿ ਤਕ ਜਾ ਕੇ, ਇਨ੍ਹਾਂ ਦੇ ਪਿਛੋਕੜ ਦਾ ਅਧਿਐਨ ਕਰ ਕੇ ਇਹ ਸਿੱਟਾ ਕੱਢਿਆ ਕਿ ਇਨ੍ਹਾਂ ਪਿੱਛੇ ਨਸਲਵਾਦ ਘੱਟ ਅਤੇ ਕੁਝ ਪੰਜਾਬੀ ਵਿਦਿਆਰਥੀਆਂ ਦੇ ਅੱਖੜ ਸੁਭਾਅ, ਕਾਕਾ ਪੰਥੀ, ਦਿਖਾਵੇ ਦੀ ਰੁਚੀ, ਸਥਾਨਕ ਮਾਹੌਲ ਅਨੁਸਾਰ ਆਪਣੇ ਆਪ ਨੂੰ ਨਾ ਢਾਲ ਸਕਣ ਦੀ ਅਸਮਰੱਥਾ ਸੀ। ਉਹ ਰਹਿ ਤਾਂ ਭਾਵੇਂ ਵਿਦੇਸ਼ੀ ਧਰਤੀ ’ਤੇ ਰਹੇ ਸਨ ਪਰ ਉਹ ਨਵੇਂ ਚੁਗਿਰਦੇ ਦੇ ਤੌਰ ਤਰੀਕਿਆਂ ਤੋਂ ਅਣਜਾਣ ਹੀ ਬਣੇ ਰਹੇ। ਇਸ ਦੇ ਨਾਲ ਹੀ ਉਨ੍ਹਾਂ ਨੇ ਅਜਿਹੇ ਹਾਲਾਤ ਵਿਚ ਆਪਣੇ ਦੇਸ਼ ਵਾਂਗ ਹੀ ਕਾਨੂੰਨ ਹੱਥ ਵਿਚ ਲੈ ਕੇ ਭੰਨ-ਤੋੜ ਕਰਨ ਤੋਂ ਗੁਰੇਜ਼ ਨਾ ਕੀਤਾ। 1859 ਦੇ ਬਣੇ ਫਿਲੰਡਰ ਰੇਲਵੇ ਸਟੇਸ਼ਨ ਦੀ ਇਤਿਹਾਸਕ ਇਮਾਰਤ ਨੂੰ ਵੀ ਨੁਕਸਾਨ ਪਹੁੰਚਾਇਆ। ਇਸ ਘਟਨਾ ਕਾਰਨ ਮਿੰਟੂ ਵਰਗੇ ਦੂਰ ਅੰਦੇਸ਼ੀ ਲੇਖਕ ਨੂੰ ਇਹ ਅਹਿਸਾਸ ਹੋਇਆ ਕਿ ਪੰਜਾਬੀ ਵਿਦਿਆਰਥੀਆਂ ਲਈ ਕੋਈ ਵੱਡੀ ਮੁਸੀਬਤ ਖੜ੍ਹੀ ਹੋਣ ਵਾਲੀ ਹੈ। ਉਸ ਨੇ ਆਪਣੇ ਲੇਖ ‘ਮੈਲਬੋਰਨ ਵਿਚ ਭੰਨੇ ਸ਼ੀਸ਼ੇ ਦੀ ਗੂੰਜ ਭਾਰਤੀ ਵਿਦਿਆਰਥੀਆਂ ਨੂੰ ਸੁਣਨ ਲੱਗੀ’ ਵਿਚ ਸਪੱਸ਼ਟ ਤੌਰ ’ਤੇ ਲਿਖਿਆ ਕਿ ਆਉਣ ਵਾਲੇ ਸਮੇਂ ਵਿਚ ਸਾਡੇ ਵਿਦਿਆਰਥੀਆਂ ਨੂੰ ਇਸ ਦਾ ਖਮਿਆਜ਼ਾ ਭੁਗਤਣ ਲਈ ਤਿਆਰ ਰਹਿਣਾ ਚਾਹੀਦਾ ਹੈ। ਹੋਈ ਵੀ ਉਹੀ ਗੱਲ। ਆਸਟ੍ਰੇਲੀਆ ਦੀ ਸਰਕਾਰ ਨੇ ਇਸ ਦੇ ਪ੍ਰਤੀਕਰਮ ਵਜੋਂ ਵਿਦਿਆਰਥੀਆਂ ਲਈ ਸਖਤ ਨਿਯਮ ਬਣਾਉਣੇ ਸ਼ੁਰੂ ਕਰ ਦਿੱਤੇ। ਛੋਟੀਆਂ-ਛੋਟੀਆਂ ਗਲਤੀਆਂ ਲਈ ਭਾਰੀ ਜੁਰਮਾਨਾ ਲਾ ਦਿੱਤਾ, ਕਾਗਜ਼ਾਂ-ਪੱਤਰਾਂ ਦੀ ਚੰਗੀ ਤਰ੍ਹਾਂ ਤਹਿਕੀਕਾਤ ਹੋਣ ਲੱਗੀ। ਲੇਖਕ ਨੂੰ ਅਜਿਹੀ ਸਪੱਸ਼ਟਵਾਦੀ ਸੋਚ ਲਈ ‘ਗਦਾਰ’ ਹੋਣ ਦਾ ਖਿਤਾਬ ਵੀ ਦਿੱਤਾ ਗਿਆ ਪਰ ਉਹ ਆਪਣੀ ਵਿਚਾਰਧਾਰਾ ਤੋਂ ਪਿੱਛੇ ਨਾ ਹਟਿਆ। ਥੋੜ੍ਹੀ ਦੇਰ ਬਾਅਦ ਹੀ ਉਸ ਦੀ ਗੱਲ ਮੰਨਣ ਵਾਲਿਆਂ ਦੀ ਗਿਣਤੀ ਵਧਣ ਹੀ ਨਾ ਲੱਗੀ, ਸਗੋਂ ਲੋਕ ਉਸ ਦੀ ਸਲਾਹਣਾ ਵੀ ਕਰਨ ਲੱਗੇ।

ਹੁਣ ਦੇਖਿਆ ਜਾਵੇ ਕਿ ਇਨ੍ਹਾਂ ਘਟਨਾਵਾਂ ਨੂੰ ਅਸੀਂ ਸਦੀਵੀਂ ਕਿਵੇਂ ਕਹਿ ਸਕਦੇ ਹਾਂ? ਇਹ ਪੰਜਾਬੀ ਨੌਜੁਆਨਾਂ ਦੇ ਖੂਨ ਵਿਚ ਹੀ ਹੈ ਕਿ ਉਹ ਸ਼ਾਂਤਮਈ ਵਿਰੋਧ ਕਰ ਹੀ ਨਹੀਂ ਸਕਦੇ। ਭੰਨ-ਤੋੜ ਦੀ ਬਿਰਤੀ ਉਨ੍ਹਾਂ ਦੇ ਦਿਮਾਗ ਵਿਚੋਂ ਕੱਢੀ ਨਹੀਂ ਜਾ ਸਕਦੀ। ਜੇ ਉਹ ਕਿਸੇ ਬੇਗਾਨੇ ਨਾਲ ਪੰਗਾ ਨਹੀਂ ਲੈਣਗੇ ਤਾਂ ਆਪਸ ਵਿਚ ਹੀ ਉਲਝ ਜਾਣਗੇ। ਪਿਛਲੇ ਸਾਲ ਹੀ ਇਹ ਵਰਤਾਰਾ ਕੈਨੇਡਾ ਵਿਚ ਵਾਪਰਿਆ। ਵਿਦਿਆਰਥੀ ਆਪਣੇ ਮਾਲਕ ਮਕਾਨਾਂ ਨਾਲ ਲੜੇ, ਪੁਰਾਣੇ ਗਏ ਪੰਜਾਬੀਆਂ ਨਾਲ ਝਗੜੇ, ਆਪਸ ਵਿਚ ਵੀ ਭਿੜੇ, ਜਿਸ ਕਾਰਨ ਪੁਲੀਸ ਨੂੰ ਦਖਲ ਦੇਣਾ ਪਿਆ। ਇਸ ਨਾਲ ਸਾਰੇ ਭਾਈਚਾਰੇ ਦੀ ਬਦਨਾਮੀ ਹੋਈ। ਇਹ ਵੀ ਸਹੀ ਹੈ ਕਿ ਇਨ੍ਹਾਂ ਝਗੜਿਆਂ ਵਿਚ ਸਾਰਾ ਕਸੂਰ ਵਿਦਿਆਰਥੀਆਂ ਦਾ ਹੀ ਨਹੀਂ ਸੀ, ਸਗੋਂ ਪੁਰਾਣੇ ਆਏ ਪੰਜਾਬੀ ਪਰਿਵਾਰਾਂ ਦੀ ਲਾਲਚੀ ਭਾਵਨਾ ਵੀ ਸੀ। ਇਸ ਸਬੰਧੀ ਮਿੰਟੂ ਬਰਾੜ ਦੀ ਵਿਦਿਆਰਥੀਆਂ ਨੂੰ ਇਹ ਸਲਾਹ ਬਿਲਕੁਲ ਠੀਕ ਹੈ, ‘ਇੱਥੇ ਤਾਂ ਤੁਸੀਂ ਆਪਣੇ ਮੁਲਕ ਦੀ ਨੁਮਾਇੰਦਗੀ ਕਰ ਰਹੇ ਹੁੰਦੇ ਹੋ।‘ ਭਵਿੱਖ ਵਿਚ ਅਜਿਹੀਆਂ ਘਟਨਾਵਾਂ ਕਿਤੇ ਹੋਰ ਵੀ ਵਾਪਰ ਸਕਦੀਆਂ ਹਨ।

ਕੈਂਗਰੂਨਾਮਾ ਦਾ ਲੇਖਕ ਇਸ ਗੱਲ ਲਈ ਪ੍ਰਸਿੱਧ ਹੈ ਕਿ ਉਹ ਗਲਤ ਨੂੰ ਗਲਤ ਕਹਿਣ ਲਈ ਕੌੜੇ ਸ਼ਬਦਾਂ ਨੂੰ ਚਾਸ਼ਨੀ ਵਿਚ ਡੁਬੋ ਕੇ ਪੇਸ਼ ਨਹੀਂ ਕਰਦਾ, ਸਗੋਂ ਸਿੱਧੀ ਗੱਲ ਕਰਦਾ ਹੈ, ਇਸੇ ਲਈ ਕਈ ਉਸ ਤੋਂ ਕੰਨੀ ਕਤਰਾਉਂਦੇ ਹਨ, ਪਰ ਉਸ ਨੂੰ ਕੋਈ ਪ੍ਰਵਾਹ ਨਹੀਂ। ਜਦੋਂ ਪੰਜਾਬੀ ਦੀ ਇਕ ਲੇਖਿਕਾ ਜੋ ਪੇਸ਼ੇ ਵਜੋਂ ਡਾਕਟਰ ਹੈ ਅਤੇ ਵੱਖ-ਵੱਖ ਵਿਸ਼ਿਆਂ ‘ਤੇ ਲਿਖਦੀ ਵੀ ਹੈ, ਨੇ ਆਸਟ੍ਰੇਲੀਆ ਵਿਚ ਪੜ੍ਹਾਈ ਲਈ ਆਏ ਨੌਜਵਾਨਾਂ, ਖਾਸ ਤੌਰ ‘ਤੇ ਲੜਕੀਆਂ ਸਬੰਧੀ ਕੁਝ ਗਲਤ ਲਿਖਿਆ ਤਾਂ ਇਸ ਸੱਚਵਾਦੀ ਲੇਖਕ ਤੋਂ ਰਹਿ ਨਾ ਹੋਇਆ ਅਤੇ ਇਸ ਨੇ ਸਿੱਧਾ ਹੀ ਲਿਖਿਆ, ‘ਕਿਹੜੀ ਐਨਕ ਨਾਲ ਦੇਖਿਆ ਡਾਕਟਰ ਨੇ ਆਸਟ੍ਰੇਲੀਆ।’ ਲੇਖਿਕਾ ਨੇ ਲਿਖਿਆ ਸੀ ਕਿ ਆਸਟ੍ਰੇਲੀਆ ਪੜ੍ਹਨ ਆਈਆਂ ਕੁੜੀਆਂ ਨੂੰ ਮਜਬੂਰੀ ਵਸ ਗਲਤ ਕੰਮ ਕਰਨਾ ਪੈਂਦਾ ਹੈ ਅਤੇ ਲੜਕਿਆਂ ਨੂੰ ਚੋਰੀਆਂ ਕਰਨੀਆਂ ਪੈਂਦੀਆਂ ਹਨ। ਮਿੰਟੂ ਨੂੰ ਇਹ ਗੱਲ ਹਜ਼ਮ ਨਹੀਂ ਹੋਈ ਕਿਉਂਕਿ ਇਕ ਪੱਤਰਕਾਰ ਹੋਣ ਦੇ ਨਾਤੇ ਉਹ ਪੰਜਾਬੀ ਵਿਦਿਆਰਥੀਆਂ ਦੇ ਸੰਪਰਕ ਵਿਚ ਰਹਿੰਦਾ ਹੈ। ਉਸ ਦੇ ਸਾਹਮਣੇ ਅਜਿਹੀ ਕੋਈ ਗੱਲ ਨਹੀਂ ਸੀ ਆਈ। ਜਦੋਂ ਮਿੰਟੂ ਨੇ ਲੇਖ ਸਬੰਧੀ ਤਿੱਖਾ ਪ੍ਰਤੀਕਰਮ ਦਿੱਤਾ ਤਾਂ ਮਾਣਯੋਗ ਲੇਖਿਕਾ ਨੂੰ ਕਹਿਣਾ ਪਿਆ ਕਿ ਲੇਖ ਦਾ ਇਹ ਹਿੱਸਾ ਤਾਂ ਉਸ ਨੇ ਲਿਖਿਆ ਹੀ ਨਹੀਂ ਸੀ।

ਇਕ ਵਾਰ ਇਕ ਪੰਜਾਬੀ ਗਾਇਕ ਆਸਟ੍ਰੇਲੀਆ ਆਇਆ। ਮਿੰਟੂ ਬਰਾੜ ਉਸ ਦੇ ਕਈ ਗੀਤਾਂ ਤੋਂ ਖੁਸ਼ ਨਹੀਂ ਸੀ। ਮਿੰਟੂ ਹੀ ਨਹੀਂ, ਪੰਜਾਬ ਦੇ ਕਈ ਸੱਜਣ ਉਸ ਦੇ ਗੀਤਾਂ ਤੋਂ ਦੁਖੀ ਸਨ ਕਿ ਪਰਿਵਾਰ ਵਿਚ ਬੈਠ ਕੇ ਸੁਣੇ ਨਹੀਂ ਜਾ ਸਕਦੇ। ਮਿੰਟੂ ਨੇ ਉਸ ਨੂੰ ਅਜਿਹੇ ਗੀਤਾਂ ਤੋਂ ਵਰਜਿਆ। ਅਗਲੀ ਵਾਰ ਜਦੋਂ ਗੁਰਦਾਸ ਮਾਨ ਆਇਆ ਤਾਂ ਪ੍ਰਬੰਧਕਾਂ ਨੇ ਇਸ ਬੇਬਾਕ ਲੇਖਕ/ਪੱਤਰਕਾਰ ਨੂੰ ਮਾਨ ਨਾਲ ਮਿਲਣ ਹੀ ਨਾ ਦਿੱਤਾ। ਅਸਲ ਵਿਚ ਇਸ ਨਾਲ ਪ੍ਰੋਗਰਾਮ ਪ੍ਰਬੰਧਕਾਂ ਦੀ ਛੋਟੀ ਸੋਚ ਦਾ ਪਤਾ ਲੱਗਦਾ ਹੈ। ਜਾਗਦੀ ਜ਼ਮੀਰ ਵਾਲੇ ਲੇਖਕ, ਕਲਾਕਾਰਾਂ ਦੇ ਵਿਰੋਧੀ ਨਹੀਂ ਸਗੋਂ ਉਨ੍ਹਾਂ ਤਕ ਲੋਕਾਂ ਦੀਆਂ ਭਾਵਨਾਵਾਂ ਪਹੁੰਚਾਉਣ ਵਾਲੇ ਹੁੰਦੇ ਹਨ। ਲੇਖਕ ਨੇ ਗੁਰਦਾਸ ਮਾਨ ਨੂੰ ਕਿਸੇ ਵਿਦੇਸ਼ੀ ਯੂਨੀਵਰਸਿਟੀ ਵੱਲੋਂ ਡਾਕਟਰੇਟ ਦੀ ਆਨਰੇਰੀ ਡਿਗਰੀ ਮਿਲਣ ਸਬੰਧੀ ਵੀ ਖੁੱਲ੍ਹ ਕੇ ਲਿਖਿਆ। ਅਸਲ ਵਿਚ ਲੇਖਕ ਨੂੰ ਇਹ ਭਲੀ-ਭਾਂਤ ਪਤਾ ਹੈ ਕਿ ਇਸ ਤਰ੍ਹਾਂ ਦੀਆਂ ਡਿਗਰੀਆਂ ਪਿੱਛੇ ਸੌਦੇਬਾਜ਼ੀਆਂ ਹੀ ਹੁੰਦੀਆਂ ਹਨ। ਇਨ੍ਹਾਂ ਨਾਲ ਹਉਮੈ ਨੂੰ ਪੱਠੇ ਹੀ ਪਾਏ ਜਾਂਦੇ ਹਨ। ਇਹ ਨਹੀਂ ਕਿ ਲੇਖਕ ਸਾਰੇ ਕਲਾਕਾਰਾਂ ਦੇ ਵਿਰੁੱਧ ਹੀ ਹੈ। ਉਸ ਨੇ ਦਿਲਜੀਤ ਦੁਸਾਂਝ ਦੀ ਬਣਦੀ ਤਾਰੀਫ ਵੀ ਕੀਤੀ ਹੈ। ਸੰਗੀਤ, ਨਿਰਦੇਸ਼ਕ ਸਚਿਨ ਆਹੂਜਾ ਨੂੰ ਵਡਿਆਇਆ ਵੀ ਹੈ। ਜਸਪਾਲ ਭੱਟੀ ਦੀਆਂ ਤਾਰੀਫਾਂ ਦੇ ਪੁਲ ਬੰਨ੍ਹੇ ਹਨ। ਲੇਖਕ ਕਲਾ ਦਾ ਪਾਰਖੂ ਹੈ ਪਰ ਕਲਾਕਾਰਾਂ ਦੇ ਅਨੈਤਿਕ ਕੰਮਾਂ ਦੀ ਨਿਖੇਧੀ ਵੀ ਕਰਦਾ ਹੈ।

ਇਸ ਤੋਂ ਇਲਾਵਾ ਉਸ ਦੇ ਕੁਝ ਲੇਖਾਂ ਦੇ ਸਿਰਲੇਖ ਹੀ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਉਹ ਅਜਿਹੇ ਵਿਸ਼ਿਆਂ ‘ਤੇ ਕਲਮ ਚਲਾਉਂਦਾ ਹੈ, ਜਿਨ੍ਹਾਂ ਦੀ ਸਾਰਥਿਕਤਾ ਲੰਮੇ ਸਮੇਂ ਤਕ ਰਹਿਣ ਵਾਲੀ ਹੁੰਦੀ ਹੈ, ਜਿਵੇਂ ਉਸ ਦੇ ਕੁਝ ਲੇਖਾਂ ਦੇ ਸਿਰਲੇਖ ਹਨ, ‘ਮੈਨੂੰ ਕੀ‘, ‘ਫੇਸਬੁੱਕ ਛੁਡਾਓ ਕੈਂਪ‘, ‘ਫੇਸਬੁੱਕ ਦੇ ਡਾਕੀਏ‘, ‘ਚਮਤਕਾਰ ਕੋ ਨਮਸਕਾਰ‘, ‘ਆਸਟ੍ਰੇਲੀਆ ‘ਚ ਭੰਗ ਭੁੱਜਦੀ‘, ‘ਠੱਗ ਜੀ‘, ‘ਬਚਾਓ ਬਚਾਓ ਇਨ੍ਹਾਂ ਅਖੌਤੀਆਂ ਤੋਂ‘, ‘ਸਾਨੂੰ ਨਸਲਵਾਦ ਨੇ ਨਹੀਂ ਅਸਲਵਾਦ ਨੇ ਮਾਰਿਆ‘, ‘ਖੁੱਲ੍ਹੀ ਚਿੱਠੀ ਪੰਥ ਦੇ ਲੰਬੜਦਾਰਾਂ ਦੇ ਨਾਂ‘ ਆਦਿ।


‘ਮੈਨੂੰ ਕੀ’ ਲੇਖ ਵਿਚ ਸੂਝਵਾਨ ਲੇਖਕ ਨੇ ਸਾਡੇ ਬਹੁਤੇ ਦੇਸ਼ ਵਾਸੀਆਂ ਦੀ ਇਸ ਮਨੋਬਿਰਤੀ ਦੀ ਗੱਲ ਕੀਤੀ ਹੈ ਕਿ ਜਿਸ ਚੀਜ਼ ਦਾ ਸਾਡੇ ਨਾਲ ਸਬੰਧ ਨਹੀਂ ਹੁੰਦਾ (ਭਾਵੇਂ ਉਹ ਕਿੰਨੀ ਵੀ ਗਲਤ ਜਾਂ ਗੈਰ-ਸਮਾਜਿਕ ਹੋਵੇ), ਉਸ ਸਬੰਧੀ ਅਸੀਂ ਚਿੰਤਾ ਹੀ ਨਹੀਂ ਕਰਦੇ। ਮੂੰਹ ਮੋੜ ਕੇ ਕੋਲੋਂ ਦੀ ਲੰਘ ਜਾਂਦੇ ਹਾਂ ਅਤੇ ਸੋਚਦੇ ਹਾਂ ਕਿ ਮੇਰੇ ਨਾਲ ਤਾਂ ਇਸ ਦਾ ਕੋਈ ਸਬੰਧ ਨਹੀਂ। ਇਸ ਲਈ ‘ਮੈਨੂੰ ਕੀ’? ਇਹ ਵਿਸ਼ਾ ਕੋਈ ਵਕਤੀ ਨਹੀਂ, ਸਗੋਂ ਸਾਡੇ ਮਨੋਵਿਗਿਆਨ ਨਾਲ ਸਬੰਧਤ ਸਦੀਵੀ ਵਿਸ਼ਾ ਹੈ।

ਸਾਹਿਤ ਦੀਆਂ ਦੂਜੀਆਂ ਵਿਧਾਵਾਂ ਜਿਵੇਂ, ਨਾਵਲ, ਕਹਾਣੀ, ਨਾਟਕ, ਕਵਿਤਾ ਆਦਿ ਦੀ ਪਰਖ ਵੇਲੇ ਕਈ ਪੱਖਾਂ ਦਾ ਧਿਆਨ ਰੱਖਿਆ ਜਾਂਦਾ ਹੈ ਪਰ ਵਾਰਤਕ ਦੀ ਪੜਚੋਲ ਸਮੇਂ ਲੇਖਕ ਦੀ ਸ਼ੈਲੀ ਨੂੰ ਮੁੱਖ ਰੱਖਿਆ ਜਾਂਦਾ ਹੈ। ਪ੍ਰਿੰਸੀਪਲ ਤੇਜਾ ਸਿੰਘ, ਗੁਰਬਖਸ਼ ਸਿੰਘ ਪ੍ਰੀਤਲੜੀ, ਬਲਵੰਤ ਗਾਰਗੀ, ਡਾ. ਨਰਿੰਦਰ ਸਿੰਘ ਕਪੂਰ, ਡਾ. ਸਵਰਾਜਬੀਰ ਅਤੇ ਕਈ ਹੋਰ ਪੰਜਾਬੀ ਵਾਰਤਕਕਾਰ ਆਪਣੀ ਸ਼ੈਲੀ ਲਈ ਜਾਣੇ ਜਾਂਦੇ ਹਨ। ਮਿੰਟੂ ਬਰਾੜ ਵੀ ਆਪਣੀ ਵੱਖਰੀ ਸ਼ੈਲੀ ਨਾਲ ਪਾਠਕਾਂ ਨੂੰ ਪ੍ਰਭਾਵਿਤ ਕਰਦਾ ਹੈ। ਉਸ ਦੇ ਵਾਕ ਛੋਟੇ, ਪਰ ਭਾਵਪੂਰਤ ਹੁੰਦੇ ਹਨ। ਲੋੜ ਅਨੁਸਾਰ ਵਿਅੰਗ ਦੀ ਸੁਰ ਤੇਜ਼ ਵੀ ਹੁੰਦੀ ਹੈ ਅਤੇ ਹਲਕੀ ਵੀ। ਗੁੰਝਲਦਾਰ ਸ਼ਬਦਾਵਲੀ ਤੋਂ ਗੁਰੇਜ਼ ਹੀ ਕਰਦਾ ਹੈ। ਉਹ ਸਿੱਧੀ ਗੱਲ ਕਰਨ ਵਿਚ ਵਿਸ਼ਵਾਸ ਰੱਖਦਾ ਹੈ, ਇਸੇ ਲਈ ਪਾਠਕ ਉਸ ਦੀ ਲਿਖਤ ਵੱਲ ਜਲਦੀ ਪ੍ਰੇਰਿਤ ਹੋ ਜਾਂਦੇ ਹਨ। ਉਸ ਦੇ ਲੇਖਾਂ ਵਿਚ ਕਹਾਣੀ ਵਰਗਾ ਰਸ ਹੁੰਦਾ ਹੈ। ਉਹ ਆਪਣਾ ਪੱਖ ਪੇਸ਼ ਕਰਨ ਲਈ ਯੋਗ ਅਤੇ ਢੁਕਵੀਆਂ ਉਦਾਹਰਨਾਂ ਦਿੰਦਾ ਹੈ।

ਉਸ ਦੇ ਕੁਝ ਵਾਕਾਂ ਤੋਂ ਹੀ ਉਸ ਜੀ ਲੇਖਣੀ ਦਾ ਪਤਾ ਲੱਗ ਜਾਂਦਾ ਹੈ, ‘ਕਲਮ ਦਾ ਫ਼ਰਜ਼ ਸੱਚ ਨੂੰ ਲੋਕਾਂ ਸਾਹਮਣੇ ਰੱਖਣਾ ਹੁੰਦਾ ਹੈ। (ਪੰਨਾ 27); ਇੱਥੇ ਸਰਕਾਰਾਂ ਰੌਲਾ ਪਾਉਣ ਦੀ ਥਾਂ ਨਤੀਜੇ ਦੇਣ ਵਿਚ ਵਿਸ਼ਵਾਸ ਰੱਖਦੀਆਂ ਹਨ (ਪੰਨਾ 35); ਸ਼ੀਸ਼ੇ ‘ਤੇ ਪੱਥਰ ਨਹੀਂ ਸੀ ਮਾਰਿਆ ਉਹ ਤਾਂ ਲੱਖਾਂ ਵਿਦਿਆਰਥੀਆਂ ਦੇ ਭਵਿੱਖ ‘ਤੇ ਮਾਰਿਆ ਸੀ (ਪੰਨਾ35); ਅੱਜ ਦੇ ਸਮੇਂ ਬੰਦਾ ਬੇਪਰਵਾਹ ਹੋਣਾ ਚਾਹੀਦਾ ਹੈ, ਲਾਪਰਵਾਹ ਨਹੀਂ (ਪੰਨਾ43); ਮੈਨੂੰ ਕਈ? ਛੱਡ ਦੇਈਏ ਤਾਂ ਨਰੋਏ ਸਮਾਜ ਦੀ ਸਿਰਜਣਾ ਕਰ ਸਕਦੇ ਹਾਂ (ਪੰਨਾ 44); ਸੁਧਾਰ ਅਸੀਂ ਆਪਣੇ ਆਪ ਵਿਚ ਕਰਨਾ ਹੁੰਦਾ ਹੈ ਤੇ ਸਹਾਰਾ ਚਾਲਬਾਜ਼ਾਂ ਤੇ ਜਾਲਸਾਜ਼ ਲੋਕਾਂ ਦਾ ਤੱਕਦੇ ਹਾਂ (ਪੰਨਾ 46) ਆਦਿ।

ਜਿੱਥੇ ਪੰਜਾਬੀ ਪੁਸਤਕਾਂ ਦਾ ਇਕ ਸੰਸਕਰਣ ਮੁਸ਼ਕਲ ਨਾਲ ਵਿਕਦਾ ਹੈ, ਉਥੇ ‘ਕੈਂਗਰੂਨਾਮਾ‘ ਦੇ ਦੋ ਐਡੀਸ਼ਨ ਪ੍ਰਕਾਸ਼ਿਤ ਹੋ ਚੁੱਕੇ ਹਨ। ਆਉਣ ਵਾਲੇ ਸਮੇਂ ਵਿਚ ਇਸ ਦੀ ਮੰਗ ਹੋਰ ਵੀ ਵਧੇਗੀ, ਪਰ ਲੇਖਕ ਨੂੰ ਚਾਹੀਦਾ ਹੈ ਕਿ ਇਸ ਪੁਸਤਕ ਦੇ ਸੰਪਾਦਨ ਵੱਲ ਧਿਆਨ ਦੇਵੇ। ਪੁਸਤਕ ਸਬੰਧੀ ਵਿਦਵਾਨਾਂ ਅਤੇ ਦੋਸਤਾਂ-ਮਿੱਤਰਾਂ ਦੇ ਵਿਚਾਰ ਪੁਸਤਕ ਦੇ ਅਖੀਰ ਵਿਚ ‘ਅੰਤਿਕਾ’ ਸਿਰਲੇਖ ਅਧੀਨ ਦਰਜ ਕਰੇ। ਹਰ ਲੇਖ ਤੋਂ ਪਹਿਲਾਂ ਸਬੰਧਤ ਲੇਖ ਸਬੰਧੀ ਜੋ ਜਾਣ-ਪਛਾਣ ਦਿੱਤੀ ਗਈ ਹੈ, ਉਹ ਵੀ ਲੇਖ ਵਿਚ ਫੁਟ ਨੋਟ ਵਜੋਂ ਦਿੱਤੀ ਜਾਵੇ। ਇਸ ਨਾਲ ਪੜ੍ਹਨ ਦੀ ਲੜੀ ਨਹੀਂ ਟੁੱਟੇਗੀ ਅਤੇ ਪਾਠਕਾਂ ਦੀ ਇਕਾਗਰਤਾ ਭੰਗ ਨਹੀਂ ਹੋਵੇਗੀ।

ਮਿੰਟੂ ਬਰਾੜ ਨੂੰ ਆਸਟ੍ਰੇਲੀਆ ਰਹਿੰਦੇ ਹੋਏ ਕਈ ਸੰਸਥਾਵਾਂ ਵੱਲੋਂ ਸਨਮਾਨਿਤ ਕੀਤਾ ਜਾ ਚੁੱਕਿਆ ਹੈ। 2010 ਵਿਚ ਉਸ ਨੂੰ ਅਦਾਰਾ ‘ਦ ਪੰਜਾਬ’ ਵੱਲੋਂ ’ਪੈੱਨ ਆਫ ਦਾ ਈਅਰ ਸਨਮਾਨ’ ਪ੍ਰਾਪਤ ਹੋਇਆ।





ਲੇਖਕ ਮਿੰਟੂ ਬਰਾੜ ਦੀ ਪੁਸਤਕ ਕੈਂਗਰੂਨਾਮਾ ਦਾ ਮੁਖੜਾ

# ਨਸ਼ਿਆਂ ਦਾ ਕਾਰੋਬਾਰ ਅਤੇ ਅੰਗਰੇਜ਼

***ਸੰਸਾਰ ਭਰ ਵਿਚ ਨਸ਼ਿਆਂ ਦਾ ਕਾਰੋਬਾਰ ਬਹੁਤ ਪੁਰਾਣਾ ਹੈ। ਪੱਤਰਕਾਰ ਟੌਮਸ ਮੈਨੂਏਲ ਦੀ ਕਿਤਾਬ 'ਓਪੀਅਮ ਇਨਕਾਰਪੋਰੇਟਿਡ' (ਅਫੀਮ ਕੰਪਨੀ) ਵਿਚ ਬ੍ਰਿਟਿਸ਼ ਸਾਮਰਾਜ ਦੇ ਭਾਰਤੀ ਉਪ ਮਹਾਂਦੀਪ ਅਤੇ ਏਸ਼ੀਆ-ਅਫਰੀਕਾ ਵਿਚ ਨਸ਼ਿਆਂ ਦੇ ਕਾਰੋਬਾਰ ਅਤੇ ਪਸਾਰੇ ਵਿਚ ਮਾਇਕ ਭੂਮਿਕਾ ਦਾ ਖੁਲਾਸਾ ਕੀਤਾ ਗਿਆ ਹੈ। ਇਸ ਕਿਤਾਬ ਬਾਰੇ ਇਹ ਟਿੱਪਣੀ ਸੀਨੀਅਰ ਪੱਤਰਕਾਰ ਸੁਰਿੰਦਰ ਸਿੰਘ ਤੇਜ ਨੇ ਕੀਤੀ ਹੈ।***

ਬਹੁਤ ਪੁਰਾਣਾ ਹੈ ਨਸ਼ਿਆਂ ਦਾ ਕਾਰੋਬਾਰ। ਅਫੀਮ ਇਸ ਕਾਰੋਬਾਰ ਦੀ ਮੁੱਖ ਜਿਣਸ ਰਹੀ ਹੈ। ਰੋਮਨ ਸਾਮਰਾਜ ਦੇ ਦਿਨਾਂ ਦੌਰਾਨ ਰੋਮਨ ਹਕੀਮ ਇਸ ਦੀ ਵਰਤੋਂ ਮਰੀਜ਼ਾਂ ਤੇ ਜੰਗੀ ਜ਼ਖਮੀਆਂ ਲਈ ਦਰਦ ਨਿਵਾਰਕ ਵਜੋਂ ਕਰਦੇ ਸਨ। ਬਾਦਸ਼ਾਹਾਂ ਤੇ ਸ਼ਾਹੀ ਅਹਿਲਕਾਰਾਂ ਦੀ ਗੱਲ ਵੱਖਰੀ ਸੀ। ਉਨ੍ਹਾਂ ਲਈ 'ਮਾਵਾ' ਛਕਣਾ ਜਾਂ ਜਲਾ ਕੇ ਧੂੰਆਂ ਸੁੰਘਣਾ ਤਫਰੀਹ ਵੀ ਸੀ, ਅੱਯਾਸ਼ੀ ਵੀ। ਭਾਰਤੀ ਉਪ ਮਹਾਂਦੀਪ ਵਿਚ ਵੀ ਅਫੀਮ ਦਾ ਸੇਵਨ ਆਮ ਹੀ ਸੀ। ਖੁਰਾਸਾਨ ਤੇ ਖੋਸਤ ਭਾਰਤ ਦਾ ਹਿੱਸਾ ਸਨ। ਉੱਥੇ ਪੋਸਤ ਦੀ ਖੇਤੀ ਆਮ ਸੀ। ਇਸ ਤੋਂ ਉਪਜਣ ਵਾਲੀ ਅਫੀਮ ਪੱਛਮ ਵੱਲ ਮੱਧ ਏਸ਼ੀਆ ਤੇ ਯੂਰਪ ਤਕ ਜਾਂਦੀ ਸੀ ਅਤੇ ਪੂਰਬ ਵੱਲ ਵੱਖ-ਵੱਖ ਭਾਰਤੀ



ਰਿਆਸਤਾਂ ਤਕ ਵੀ ਪਹੁੰਚਦੀ ਸੀ। ਅਫੀਮ ਨੂੰ ਉਦੋਂ ਵੀ ਕਾਲਾ ਸੋਨਾ ਮੰਨਿਆ ਜਾਂਦਾ ਸੀ ਅਤੇ ਹੁਣ ਵੀ ਇਸ ਦੀ ਕਾਰੋਬਾਰੀ ਵੁਕਅਤ ਸੋਨੇ ਵਰਗੀ ਹੀ ਹੈ। ਇਸੇ

**ਸੁਰਿੰਦਰ ਸਿੰਘ ਤੇਜ**
**ਫੋਨ: +91-98555-01488**

ਵੁਕਅਤ ਨੂੰ ਸਭ ਤੋਂ ਪਹਿਲਾਂ ਬਾਬਰ ਨੇ ਪਛਾਣਿਆ। ਉਸ ਨੇ ਕਾਬੁਲ ਉਪਰ ਆਪਣੀ ਹਕੂਮਤ ਦੌਰਾਨ ਪੋਸਤ ਦੀ ਕਾਸ਼ਤ ਸਰਕਾਰੀ ਕੰਟਰੋਲ ਹੇਠ ਲਿਆਂਦੀ। ਖੁਦ ਵੀ ਅਫੀਮ ਦਾ ਸ਼ੌਕੀਨ ਸੀ ਉਹ। 'ਬਾਬੁਰਨਾਮਾ' ਵਿਚ ਉਸ ਨੇ ਸਾਫਗੋਈ ਨਾਲ ਕਬੂਲਿਆ ਹੈ ਕਿ ਅਫੀਮ ਦੇ ਐਬ ਨੇ ਉਸ ਤੋਂ ਕਈ ਵੱਡੀਆਂ ਗਲਤੀਆਂ ਕਰਵਾਈਆਂ। ਜੇਕਰ ਇਹ ਐਬ ਨਾ ਹੁੰਦਾ ਤਾਂ ਸਮਰਕੰਦ ਦਾ ਸੁਲਤਾਨ ਹੋਣ ਦਾ ਉਸ ਦਾ ਸੁਫਨਾ ਅਧੂਰਾ ਨਹੀਂ ਸੀ ਰਹਿਣਾ। ਬਾਬਰ ਦਾ ਵੱਡਾ ਪੁੱਤਰ ਹਮਾਯੂੰ ਵੀ ਇਸੇ ਨਸ਼ੇ ਦਾ ਆਦੀ ਸੀ। ਉਸ ਦੇ ਇਸ ਐਬ ਦਾ ਫਾਇਦਾ ਉਠਾਉਂਦਿਆਂ ਉਸ ਦੀ ਮਤਰੇਈ ਮਾਂ ਗੁਲਰੁਖ ਬੇਗਮ (ਮਿਰਜ਼ਾ ਕਾਮਰਾਨ ਤੇ ਮਿਰਜ਼ਾ ਅਸਕਰੀ ਦੀ ਮਾਂ) ਨੇ ਉਸ ਦੀ ਜਾਨ ਲੈਣ ਦੀ ਕੋਸ਼ਿਸ਼ ਕੀਤੀ, ਗੁਲਾਬ ਦੇ ਸ਼ਰਬਤ ਵਿਚ ਢੇਰ ਸਾਰੀ ਅਫੀਮ ਘੋਲ ਕੇ। ਇਹ ਹਮਾਯੂੰ ਦੀ ਖੁਸ਼ਕਿਸਮਤੀ ਸੀ ਕਿ ਉਸ ਦੀ ਨਿੱਕੀ ਭੈਣ ਗ਼ੁਲਬਦਨ ਅਤੇ ਰਖੇਲ ਸਲੀਮਾ ਨੇ ਸਮੇਂ ਸਿਰ ਹਕੀਮੀ ਇਮਦਾਦ ਹਾਸਿਲ ਕਰ ਕੇ ਹਮਾਯੂੰ ਦੀ ਜਾਨ ਬਚਾ ਲਈ। ਹਮਾਯੂੰ ਦੇ ਪੁੱਤਰ ਅਕਬਰ ਦੀ ਬਾਦਸ਼ਾਹਤ ਸਮੇਂ ਉਸ ਦਾ ਮਤਰੇਆ ਭਰਾ ਹਕੀਮ ਮਿਰਜ਼ਾ ਕਾਬੁਲ ਦਾ ਸੂਬੇਦਾਰ ਸੀ। ਉਸ ਨੇ ਆਪਣੀ ਨੀਮ ਖੁਦਮੁਖਤਾਰੀ ਦਾ ਲਾਭ ਬਾਕੀ ਭਾਰਤ ਵੱਲ ਅਫੀਮ ਦੀ ਬਰਾਮਦ ਰੋਕ ਕੇ ਲਿਆ। ਉਦੋਂ ਤਕ ਬਿਹਾਰ-ਬੰਗਾਲ 'ਚ ਪੋਸਤ ਦੀ ਕਾਸ਼ਤ ਸ਼ੁਰੂ ਹੋ ਚੁੱਕੀ ਸੀ। ਅਕਬਰ ਨੇ ਇਸ ਕਾਸ਼ਤ ਨੂੰ ਉਤਸ਼ਾਹਿਤ ਕੀਤਾ। ਅਕਬਰ ਖੁਦ ਨਸ਼ਿਆਂ ਤੋਂ ਪਰਹੇਜ਼ ਕਰਦਾ ਸੀ। ਇਸੇ ਲਈ ਉਸ ਨੇ ਇਸ ਕਾਸ਼ਤ ਉੱਤੇ ਸਖਤ ਸਰਕਾਰੀ ਕੰਟਰੋਲ ਰੱਖਿਆ।


ਸਰਕਾਰੀ ਕੰਟਰੋਲ ਤਾਂ ਬ੍ਰਿਟਿਸ਼ ਈਸਟ ਇੰਡੀਆ ਕੰਪਨ ਦੇ ਰਾਜ ਸਮੇਂ ਵੀ ਸੀ ਪਰ ਇਸ ਕੰਪਨੀ ਨੇ ਅਫੀਮ ਉਤਪਾਦਨ ਦੀ ਰੱਜ ਕੇ ਦੁਰਵਰਤੋਂ ਕੀਤੀ। ਅਫੀਮ ਦੇ ਕਾਰੋਬਾਰ ਰਾਹੀਂ ਉਸ ਨੇ ਬ੍ਰਿਟਿਸ਼ ਸਾਮਰਾਜ ਦੇ ਪਸਾਰੇ ਲਈ ਧਨ ਵੀ ਜੁਟਾਇਆ ਅਤੇ ਚੀਨੀਆਂ ਨੂੰ ਅਮਲੀ ਵੀ ਬਣਾਇਆ। ਪਲਾਸੀ (1757) ਤੇ ਬਕਸਰ (1764) ਦੀਆਂ ਲੜਾਈਆਂ ਵਿਚ ਜਿੱਤ ਦੇ ਜ਼ਰੀਏ ਈਸਟ ਇੰਡੀਆ ਕੰਪਨੀ ਨੂੰ ਮੁਗ਼ਲ ਬਾਦਸ਼ਾਹ ਪਾਸੋਂ ਬੰਗਾਲ-ਬਿਹਾਰ (ਤੇ ਉੜੀਸਾ) ਦੇ ਦੀਵਾਨੀ ਹੱਕ ਹਾਸਿਲ ਹੋ ਗਏ। ਇਨ੍ਹਾਂ ਹੱਕਾਂ ਰਾਹੀਂ ਅਫੀਮ ਪੈਦਾ ਕਰਨ ਵਾਲਾ ਇਲਾਕਾ, ਕੰਪਨੀ ਦੇ ਅਧਿਕਾਰ ਖੇਤਰ ਹੇਠ ਆ ਗਿਆ। ਉਸ ਨੇ ਅਫੀਮ ਦੀ ਕੁਵਰਤੋਂ ਚੀਨ ਤੋਂ ਚਾਹ-ਪੱਤੀ ਦੀ ਦਰਾਮਦ ਵਾਸਤੇ 'ਕਰੰਸੀ' ਵਜੋਂ ਕਰਨੀ ਸ਼ੁਰੂ ਕਰ ਦਿੱਤੀ। ਇਸ ਨੀਤੀ ਦੇ ਪ੍ਰਭਾਵਾਂ ਅਤੇ ਇਨ੍ਹਾਂ ਦਾ ਖਮਿਆਜ਼ਾ ਭਾਰਤ ਵੱਲੋਂ ਹੁਣ ਵੀ ਭੁਗਤੇ ਜਾਣ ਦੀ ਕਹਾਣੀ ਪੇਸ਼ ਕਰਦੀ ਹੈ ਚੇਨਈ ਸਥਿਤ ਪੱਤਰਕਾਰ ਟੌਮਸ ਮੈਨੂਏਲ ਦੀ ਕਿਤਾਬ 'ਓਪੀਅਮ ਇਨਕਾਰਪੋਰੇਟਿਡ' (ਅਫੀਮ ਕੰਪਨੀ)।

ਬ੍ਰਿਟਿਸ਼ ਸਾਮਰਾਜ ਦੇ ਭਾਰਤੀ ਉਪ ਮਹਾਂਦੀਪ ਤੇ ਏਸ਼ੀਆ-ਅਫਰੀਕਾ ਵਿਚ ਪਸਾਰੇ 'ਚ ਨਸ਼ਿਆਂ ਦੇ ਕਾਰੋਬਾਰ ਦੀ ਮਾਇਕ ਭੂਮਿਕਾ ਦਾ ਬਿਰਤਾਂਤ ਹੈ ਇਹ ਕਿਤਾਬ। ਕੰਪਨੀ ਦੇ ਆਪਣੇ ਰਿਕਾਰਡ ਮੁਤਾਬਿਕ ਮੁਗਲ ਹਕੂਮਤ ਸਮੇਂ ਇਕੱਲੇ ਬਿਹਾਰ ਵਿਚੋਂ ਔਸਤ 4000 ਪੇਟੀ (ਇਕ ਪੇਟੀ =77 ਕਿਲੋਗਰਾਮ) ਅਫੀਮ ਹਰ ਸਾਲ ਪੈਦਾ ਹੁੰਦੀ ਸੀ। 1773 ਵਿਚ ਕੰਪਨੀ ਨੇ ਇਸ ਸਾਰੀ ਖੇਤੀ ਨੂੰ ਆਪਣੇ ਕੰਟਰੋਲ ਹੇਠ ਲੈ ਲਿਆ। ਅਗਲੇ ਸੌ ਸਾਲਾਂ ਦੌਰਾਨ ਪੋਸਤ ਦੀ ਕਾਸ਼ਤ ਹੇਠਲਾ ਰਕਬਾ ਅਸਾਮ ਤੋਂ ਉੜੀਸਾ ਤਕ ਪੰਜ ਲੱਖ ਏਕੜ ਤਕ ਫੈਲ ਗਿਆ। ਕਲਕੱਤਾ ਬੰਦਰਗਾਹ ਦੀ ਵਰਤੋਂ ਭਾਰਤ ਤੋਂ ਅਫੀਮ, ਚੀਨ ਭੇਜੇ ਜਾਣ ਲਈ ਕੀਤੀ ਜਾਂਦੀ ਸੀ। ਬ੍ਰਿਟਿਸ਼ ਸਾਮਰਾਜੀਆਂ ਦੀ ਦੇਖਾ-ਦੇਖੀ ਦੋ ਪੱਛਮੀ ਮਰਾਠਾ ਰਿਆਸਤਾਂ- ਇੰਦੌਰ ਤੇ ਬੜੌਦਾ ਨੇ ਵੀ ਪੋਸਤ ਦੀ ਖੇਤੀ ਨੂੰ ਹੁਲਾਰਾ ਦੇਣਾ ਸ਼ੁਰੂ ਕਰ ਦਿੱਤਾ। ਉੱਥੇ ਤਿਆਰ ਹੋਣ ਵਾਲੀ ਅਫੀਮ, ਇਕ ਪਾਰਸੀ ਘਰਾਣੇ ਰਾਹੀਂ ਬੰਬਈ ਬੰਦਰਗਾਹ ਤੋਂ ਚੀਨ ਭੇਜੀ ਜਾਣ ਲੱਗੀ। ਜਦੋਂ ਕੰਪਨੀ ਦੀ ਬਦਨਾਮੀ ਹੋਣ ਲੱਗੀ ਤੇ ਬ੍ਰਿਟਿਸ਼ ਪਾਰਲੀਮੈਂਟ ਵਿਚ ਇਸ ਦੇ ਕਾਰ-ਵਿਹਾਰ ਬਾਰੇ ਤਿੱਖੇ ਸਵਾਲ ਉੱਠਣ ਲੱਗੇ ਤਾਂ ਇਸ ਨੇ ਸਿੱਧੇ ਤੌਰ 'ਤੇ ਅਫੀਮ ਵੇਚਣੀ ਬੰਦ ਕਰ ਦਿੱਤੀ ਅਤੇ ਇਹ ਕੰਮ ਠੇਕੇਦਾਰਾਂ ਤੋਂ ਕਰਵਾਉਣ ਲੱਗੀ। ਠੇਕੇ ਲੈਣ ਵਾਲਿਆਂ ਵਿਚ ਹਿੰਦੂ ਤੇ ਜੈਨੀ ਵਪਾਰੀ ਵੀ ਸ਼ਾਮਲ ਸਨ ਅਤੇ ਮੁਸਲਿਮ ਤੇ ਯਹੂਦੀ ਵੀ। ਠੇਕਿਆਂ ਰਾਹੀਂ ਕੰਪਨੀ ਵੀ ਮਾਇਕ ਤੌਰ 'ਤੇ ਖੂਬ ਵਧੀ-ਫੁਲੀ ਤੇ ਵਪਾਰੀ ਵੀ। ਪਰ ਕਾਸ਼ਤਕਾਰਾਂ ਦੀ ਹਾਲਤ ਖਸਤਾ ਹੀ ਰਹੀ। ਉਨ੍ਹਾਂ ਤੋਂ ਗ਼ੁਲਾਮਾਂ ਵਜੋਂ ਕੰਮ ਲੈਣ ਅਤੇ ਮਾਇਕ ਲਾਭਾਂ ਤੋਂ ਵਾਂਝਾ ਰੱਖਣ ਦਾ ਦਸਤੂਰ ਪਹਿਲਾਂ ਵਾਂਗ ਜਾਰੀ ਰਿਹਾ।

ਅਫੀਮ ਦੀ ਚੀਨ ਵੱਲ ਬਰਾਮਦ ਕਿਉਂ? ਇਹ ਕਹਾਣੀ ਰੌਚਿਕ ਵੀ ਹੈ ਤੇ ਤ੍ਰਾਸਦਿਕ ਵੀ। 1660 ਵਿਚ ਇੰਗਲੈਂਡ ਦੇ ਯੁਵਰਾਜ ਚਾਰਲਸ ਦੋਇਮ (ਅੰਤਾਂ ਦਾ ਵਿਭਚਾਰੀ ਸੀ ਉਹ) ਦਾ ਵਿਆਹ ਪੁਰਤਗੀਜ਼ ਸ਼ਹਿਜ਼ਾਦੀ ਕੈਥਰੀਨ ਡੀ'ਬਰਗੈਂਜ਼ਾ ਨਾਲ ਹੋਇਆ। ਦਹੇਜ ਵਿਚ ਹੋਰ ਵਸਤਾਂ ਦੇ ਨਾਲ ਨਾਲ ਸਾਲਸਿਟ, ਬਸੀਨ ਅਤੇ ਪੰਜ ਹੋਰ ਭਾਰਤੀ ਟਾਪੂ ਵੀ ਸ਼ਾਮਲ ਸਨ। (ਬੰਬਈ ਬੰਦਰਗਾਹ ਤੇ ਮਹਾਂਨਗਰ ਇਨ੍ਹਾਂ ਟਾਪੂਆਂ ਤੋਂ ਹੀ ਵਜੂਦ ਵਿਚ ਆਏ)। ਕੈਥਰੀਨ ਨੂੰ ਚਾਹ ਦਾ ਅਮਲ ਸੀ। ਉਸ ਦੀ ਦੇਖਾ-ਦੇਖੀ ਸ਼ਾਹੀ ਕੁਨਬੇ ਤੇ ਹੋਰ ਕੁਲੀਨ ਪਰਿਵਾਰਾਂ ਦੀਆਂ ਔਰਤਾਂ ਵੀ ਚਾਹ ਪੀਣ ਲੱਗੀਆਂ। ਕੁਝ ਵਰ੍ਹਿਆਂ ਦੇ ਅੰਦਰ ਇਹ 'ਫੈਸ਼ਨ' ਆਮ ਲੋਕਾਂ ਤਕ ਵੀ ਪਹੁੰਚ ਗਿਆ। ਚਾਹ-ਪੱਤੀ ਚੀਨ ਤੋਂ ਆਉਂਦੀ ਸੀ। ਚੀਨੀ ਹੁਕਮਰਾਨ ਚਾਹ ਬਦਲੇ ਚਾਂਦੀ ਵਸੂਲਦੇ ਸਨ। ਚਾਹ ਦੀ ਦਰਾਮਦ ਵਧਣ ਕਾਰਨ ਕੰਪਨੀ ਦੇ ਚਾਂਦੀ ਦੇ ਜ਼ਖੀਰੇ ਤੇਜ਼ੀ ਨਾਲ ਖੁਰਨੇ ਸ਼ੁਰੂ ਹੋ ਗਏ। ਇਸ ਮਸਲੇ ਦਾ ਹੱਲ ਅਫੀਮ ਸਾਬਤ ਹੋਈ। ਅਫੀਮ ਦੀ ਚੀਨ ਵਿਚ ਮੰਗ ਸੀ। ਚਾਹ-ਪੱਤੀ ਬਦਲੇ ਅਫੀਮ ਵਾਲਾ ਬਦਲ ਚੀਨੀ ਵਪਾਰੀਆਂ ਨੂੰ ਫਾਇਦੇ ਦਾ ਸੌਦਾ ਜਾਪਿਆ। ਹੌਲੀ ਹੌਲੀ ਚੀਨ ਅਮਲੀਆਂ ਦੀ ਕੌਮ ਬਣਨ ਲੱਗਾ। ਉੱਥੇ ਚਿੰਗ ਖਾਨਦਾਨ ਦਾ ਰਾਜ ਸੀ। ਇਸ ਖਾਨਦਾਨ ਨੇ ਸਥਿਤੀ ਸੰਭਾਲਣ ਲਈ ਅਫੀਮ ਦੀ ਦਰਾਮਦ ਰੋਕਣ ਦੇ ਫਰਮਾਨ ਜਾਰੀ ਕਰ ਦਿੱਤੇ, ਪਰ ਇਹ ਅਸਰਦਾਰ ਸਾਬਤ ਨਾ ਹੋਏ। 1839 ਵਿਚ ਕੈਂਟਨ ਦੇ ਗਵਰਨਰ ਲਿਨ ਸੇ-ਸ਼ੂ ਨੇ 20 ਹਜ਼ਾਰ ਪੇਟੀ ਅਫੀਮ ਜ਼ਬਤ ਕਰ ਕੇ ਸਾੜਨ ਦੇ ਹੁਕਮ ਦਿੱਤੇ। ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਨੂੰ ਇਹ ਸਥਿਤੀ ਨਾਗਵਾਰ ਜਾਪੀ। ਉਸ ਕਾਰਨ ਦੋ ਅਫੀਮ ਜੰਗਾਂ ਹੋਈਆਂ। ਦੂਜੀ ਜੰਗ ਵਿਚ ਤਾਂ ਫਰਾਂਸ ਤੇ ਜ਼ਾਰਵਾਦੀ ਰੂਸ ਨੇ ਵੀ ਬ੍ਰਿਟੇਨ ਦਾ ਸਾਥ ਦਿੱਤਾ। ਪਹਿਲਾਂ ਨਾਨਕਿੰਗ (1842) ਤੇ ਫਿਰ ਤੀਨਸਤਿਨ ਜਾਂ ਤਿਆਨਜਿਨ (1858) ਦੀਆਂ ਸੰਧੀਆਂ ਰਾਹੀਂ ਚੀਨ ਪਾਸੋਂ ਜਿੱਥੇ ਹਾਂਗਕਾਂਗ ਸੌ ਸਾਲਾਂ ਲਈ ਖੁੱਸਿਆ, ਉੱਥੇ ਉਸ ਨੂੰ ਅਫੀਮ ਦਾ ਕਾਰੋਬਾਰ ਵੀ ਕਾਨੂੰਨੀ ਕਰਾਰ ਦੇਣਾ ਪਿਆ ਅਤੇ ਨਾਲ ਹੀ 10 ਬੰਦਰਗਾਹਾਂ ਇਸ ਵਪਾਰ ਲਈ ਖੋਲ੍ਹਣੀਆਂ ਪਈਆਂ। ਇਸ ਸਾਰੇ ਅਪਰੇਸ਼ਨ ਵਾਸਤੇ ਫੌਜ, ਈਸਟ ਇੰਡੀਆ ਕੰਪਨੀ ਦੀ ਵਰਤੀ ਗਈ ਜੋ ਮੂਲ ਰੂਪ ਵਿਚ ਭਾਰਤੀ ਸੀ। ਬੰਦਰਗਾਹਾਂ ਵਿਚ ਪਹਿਰੇ ਲਈ ਵੀ ਭਾਰਤੀ ਤਾਇਨਾਤ ਕੀਤੇ ਗਏ। ਗੱਲ ਇੱਥੇ ਨਹੀਂ ਮੁੱਕੀ। ਚਾਹ ਦੀ ਕਾਸ਼ਤ ਤੋਂ ਚੀਨੀ ਅਜਾਰੇਦਾਰੀ ਤੋੜਨ ਹਿੱਤ ਉੱਤਰ-ਪੂਰਬੀ ਭਾਰਤ ਵਿਚ ਚਾਹ ਦੇ ਬਾਗ਼ ਲਗਵਾਏ ਗਏ ਅਤੇ ਇਸ ਕੰਮ ਲਈ ਕਾਮੇ ਜਾਂ ਤਾਂ ਚੀਨ ਤੋਂ ਫੁਸਲਾਏ ਗਏ ਜਾਂ ਅਗਵਾ ਕਰ ਕੇ ਭਾਰਤ ਲਿਆਂਦੇ ਗਏ। ਇਸ ਸਮੁੱਚੀ ਕਾਰਵਾਈ ਰਾਹੀਂ ਹੋਏ ਮਾਇਕ ਫਾਇਦੇ ਨੂੰ ਬ੍ਰਿਟੇਨ ਨੇ ਜਿੱਥੇ ਭਾਰਤੀ ਉਪ ਮਹਾਂਦੀਪ ਉੱਪਰ ਆਪਣਾ ਬਸਤੀਵਾਦੀ ਗ਼ਲਬਾ ਵਧਾਉਣ ਲਈ ਵਰਤਿਆ, ਉੱਥੇ ਭਾਰਤੀ ਕਾਮਿਆਂ ਨੂੰ ਕਪਾਹ ਤੇ ਗੰਨੇ ਦੀ ਕਾਸ਼ਤ ਲਈ ਜਬਰੀ ਦੱਖਣੀ ਅਫਰੀਕਾ ਤੇ ਕੈਰੇਬੀਅਨ ਖਿੱਤੇ ਵਿਚ ਲਿਜਾਣ ਦੇ ਤਜਰਬੇ ਵਾਸਤੇ ਵੀ ਇਸਤੇਮਾਲ ਕੀਤਾ। ਇਸ ਪੂਰੀ ਘਟਨਾਵਲੀ ਨੂੰ ਤਤਕਾਲੀ ਚੀਨੀ ਇਤਿਹਾਸਕਾਰ ਤਾਨ ਚੁੰਗ ਨੇ ਬੜੇ ਢੁਕਵੇਂ ਸ਼ਬਦਾਂ ਨਾਲ ਬਿਆਨ ਕੀਤਾ ਹੈ: "ਚੀਨੀਆਂ ਨੂੰ ਮਿਲੀ ਅਫੀਮ, ਬਰਤਾਨਵੀਆਂ ਨੂੰ ਮਿਲੀ ਚਾਹ ਤੇ ਭਾਰਤੀਆਂ ਨੂੰ ਸਾਮਰਾਜੀ ਜੂਲਾ।" ਭਾਰਤੀ ਇਸ ਜੂਲੇ ਨੂੰ ਹੁਣ ਭੁਲਾ ਚੁੱਕੇ ਹਨ ਪਰ ਦੋ ਅਫੀਮ ਜੰਗਾਂ ਸਮੇਂ ਦੀ ਉਨ੍ਹਾਂ ਦੀ ਭੂਮਿਕਾ ਤੋਂ ਉਪਜੀ ਕੜਿੱਤਣ ਚੀਨੀਆਂ ਨੇ ਅਜੇ ਤਕ ਨਹੀਂ ਭੁਲਾਈ। ਇਸ ਦੇ ਅਸਰਾਤ ਪਿਛਲੇ ਸੱਤ ਦਹਾਕਿਆਂ ਦੌਰਾਨ ਸਾਨੂੰ ਸਮੇਂ ਸਮੇਂ ਦੇਖਣ ਨੂੰ ਮਿਲਦੇ ਆਏ ਹਨ।

ਮੈਨੂਏਲ ਪੱਤਰਕਾਰ ਹੈ, ਇਤਿਹਾਸਕਾਰ ਨਹੀਂ। ਉਸ ਕੋਲ ਲੇਖਣ ਕਲਾ ਭਰਪੂਰ ਹੈ ਪਰ ਇਤਿਹਾਸਕ ਤੱਥਾਂ ਤੇ ਖੋਜਾਂ ਦੀ ਸੁਹਜਮਈ ਪੇਸ਼ਕਾਰੀ ਵਾਲੀ ਪੁਖਤਗੀ ਮੌਜੂਦ ਨਹੀਂ। ਕਿਤਾਬ ਦੇ 11 ਅਧਿਆਇ ਹਨ ਪਰ ਇਹ ਇਕ ਡੋਰ ਵਿਚ ਨਹੀਂ ਪਰੋਏ ਹੋਏ। ਅਜਿਹੀ ਘਾਟ ਦੇ ਬਾਵਜੂਦ ਕਿਤਾਬ ਨਵੀਂ ਨਿਵਕੇਲੀ ਜਾਣਕਾਰੀ ਦਾ ਜ਼ਖੀਰਾ ਹੈ ਅਤੇ ਪੂਰੀ ਪੜ੍ਹਨਯੋਗ ਹੈ।






***ਪੱਤਰਕਾਰ ਟੌਮਸ ਮੈਨੂਏਲ ਅਤੇ ਉਸ ਦੀ ਕਿਤਾਬ 'ਓਪੀਅਮ ਇਨਕਾਰਪੋਰੇਟਿਡ'।***

# ਵਾਤਾਵਰਨ ਅਤੇ ਪਰਮਾਣੂ ਊਰਜਾ

ਸਕਾਟਲੈਂਡ ਦੇ ਨਗਰ ਗਲਾਸਗੋ ਵਿਖੇ ਸੀ.ਓ.ਪੀ.-26 ਨਾਮ ਅਧੀਨ ਜਲਵਾਯੂ ਬਾਰੇ ਹੋਏ ਕਾਨਫਰੰਸ ਆਫ ਪਾਰਟੀਜ਼ ਸੰਮੇਲਨ ਵਿਚ ਦੁਨੀਆ ਵਿਚ ਜਲਵਾਯੂ ਪਰਿਵਰਤਨ ਦੇ ਨਾਂਹ-ਪੱਖੀ ਪ੍ਰਭਾਵ ਪੈਣ ਦੇ ਬਾਰੇ ਚਰਚਾ ਕੀਤੀ ਗਈ। ਇਸ ਵਿਚ ਅਨੇਕਾਂ ਸੁਝਾਅ ਵੀ ਦਿੱਤੇ ਗਏ। ਕੋਈ ਬਹੁਤ ਵੱਡੇ ਤੇ ਠੋਸ ਹਾਂ-ਪੱਖੀ ਫ਼ੈਸਲੇ ਤਾਂ ਭਾਵੇਂ ਨਹੀਂ ਹੋਏ ਪਰ ਦੁਨੀਆ ਵਿਚ ਜੋ ਜਲਵਾਯੂ ਦੀ ਹਾਲਤ ਬਣੀ ਪਈ ਹੈ, ਇਸ ਬਾਰੇ ਗੰਭੀਰਤਾ ਜ਼ਰੂਰ ਦੇਖਣ ਵਿਚ ਆਈ। ਵਿਕਸਤ ਅਤੇ ਵਿਕਾਸਸ਼ੀਲ ਦੇਸ਼ਾਂ ਦੇ ਤਰਕਾਂ ਵਿਚ

**ਡਾ. ਅਰੁਣ ਮਿੱਤਰਾ**
**ਫੋਨ: +91-94170-00360**

ਬਹੁਤ ਅੰਤਰ ਸੀ। ਵਿਕਾਸਸ਼ੀਲ ਦੇਸ਼ ਮੌਜੂਦਾ ਹਾਲਾਤ ਲਈ ਵਿਕਸਤ ਦੇਸ਼ਾਂ ਤੇ ਜ਼ਿੰਮੇਵਾਰੀ ਪਾਉਂਦੇ ਰਹੇ ਤੇ ਮੰਗ ਕੀਤੀ ਕਿ ਹੁਣ ਇਸ ਨੂੰ ਠੀਕ ਕਰਨ ਲਈ ਭਰਪਾਈ ਉਹੀ ਕਰਨ। ਦੂਜੇ ਪਾਸੇ ਵਿਕਸਤ ਦੇਸ਼ ਇਸ ਤੋਂ ਟਾਲਮਟੋਲ ਕਰਦੇ ਦਿਸੇ। ਭਾਰਤ ਨੇ 2070 ਤੱਕ ਦਾ ਨੈੱਟ ਜ਼ੀਰੋ ਦਾ ਟੀਚਾ ਮਿਥਣ ਦੀ ਗਲ ਆਖੀ।

ਦੁਨੀਆ ਦੇ ਵੱਖ-ਵੱਖ ਇਲਾਕਿਆਂ ਵਿਚ ਕੁਦਰਤੀ ਆਫ਼ਤਾਂ ਵਿਚ ਵਾਧਾ ਹੋਇਆ ਹੈ। ਧਰਤੀ ਦੇ ਤਾਪਮਾਨ ਵਿਚ ਵਾਧੇ ਕਾਰਨ ਪਹਾੜਾਂ ਉੱਪਰ ਗਲੇਸ਼ੀਅਰ ਪਿਘਲਣ ਨਾਲ ਸਮੁੰਦਰ ਤਲ ਵਿਚ ਵਾਧਾ ਹੋਇਆ ਹੈ ਜਿਸ ਕਰਕੇ ਅਨੇਕਾਂ ਕੁਦਰਤੀ ਆਫ਼ਤਾਂ ਆਈਆਂ ਹਨ। ਇਸ ਕਿਸਮ ਦੀਆਂ ਕਾਨਫਰੰਸਾਂ ਪਹਿਲਾਂ ਵੀ ਹੋ ਚੁੱਕੀਆਂ ਹਨ ਅਤੇ ਇਹ ਉਨ੍ਹਾਂ ਕਾਨਫਰੰਸ ਦੀ ਲੜੀ ਵਜੋਂ ਹੀ ਹੋਈ ਹੈ। ਵਧ ਰਹੇ ਉਦਯੋਗੀਕਰਨ ਦੇ ਦੌਰਾਨ ਸਰਕਾਰਾਂ ਵੱਲੋਂ ਪੂਰੀ ਤਨਦੇਹੀ ਦੇ ਨਾਲ ਜਲਵਾਯੂ ਪਰਿਵਰਤਨ ਬਾਰੇ ਕਦਮ ਨਾ ਪੁੱਟੇ ਜਾਣ ਕਰਕੇ ਇਹ ਸੰਕਟ ਹੋਰ ਵੀ ਵਧਿਆ। ਇਹ ਵੀ ਹੁਣ ਸਾਹਮਣੇ ਆ ਗਿਆ ਹੈ ਕਿ ਫੌਜੀ ਕਾਰਵਾਈਆਂ ਕਾਰਨ ਕਾਰਬਨ ਨਿਕਾਸੀ ਬਹੁਤ ਜ਼ਿਆਦਾ ਹੁੰਦੀ ਹੈ ਜਿਸ ਕਾਰਨ ਜਲਵਾਯੂ ਪਰਿਵਰਤਨ ਹੋਰ ਵਧ ਜਾਂਦਾ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਇਸ ਕਾਨਫਰੰਸ ਵਿਚ ਹਥਿਆਰਾਂ ਦੀ ਦੌੜ, ਵਿਸ਼ੇਸ਼ਕਰ ਪਰਮਾਣੂ ਹਥਿਆਰਾਂ ਦੀ ਦੌੜ ਬਾਰੇ ਚਰਚਾ ਕੀਤੀ ਜਾਂਦੀ। ਇਹ ਇਸ ਲਈ ਜ਼ਰੂਰੀ ਹੈ ਕਿਉਂਕਿ ਇਸ ਵਿਸ਼ੇ ਤੇ ਖਾਸ ਤਵੱਜੋ ਤਾਂ ਕੀ ਦੇਣੀ, ਉਲਟਾ ਕਈ ਦੇਸ਼ਾਂ ਨੇ ਕਾਰਬਨ ਘਟਾਉਣ ਲਈ ਕੋਲੇ ਆਦਿ ਦੀ ਵਰਤੋਂ ਦੀ ਬਜਾਇ ਪਰਮਾਣੂ ਊਰਜਾ ਨੂੰ ਵਾਜਬ ਬਦਲ ਦੱਸਿਆ। ਸੰਯੁਕਤ ਰਾਸ਼ਟਰ ਦੀ ਮਹਾਂ ਸਭਾ ਦੇ ਵਿਚ ਪਰਮਾਣੂ ਹਥਿਆਰਾਂ ਤੇ ਪਾਬੰਦੀ ਲਗਾਉਣ ਵਾਲੀ ਸੰਧੀ ਦੇ ਪਾਸ ਹੋਣ ਤੋਂ ਬਾਅਦ ਇਨ੍ਹਾਂ ਹਥਿਆਰਾਂ ਨੂੰ ਗ਼ੈਰ ਕਾਨੂੰਨੀ ਕਰਾਰ ਦੇਣ ਦੇ ਬਾਵਜੂਦ ਪਰਮਾਣੂ ਹਥਿਆਰਾਂ ਦੀ ਦੌੜ ਦੇ ਵਿਚ ਕੋਈ ਕਮੀ ਨਹੀਂ ਆ ਰਹੀ। ਇਸ ਕਰਕੇ ਜਲਵਾਯੂ ਪਰਿਵਰਤਨ ਦਾ ਖ਼ਤਰਾ ਬਹੁਤ ਜ਼ਿਆਦਾ ਹੋ ਗਿਆ ਹੈ।

ਡਾਕਟਰਾਂ ਦੀ ਅਮਨ ਲਈ ਜਥੇਬੰਦੀ ਇੰਟਰਨੈਸ਼ਨਲ ਫਿਜ਼ੀਸ਼ੀਅਨਜ਼ ਫਾਰ ਦਿ ਪ੍ਰੀਵੈਨਸ਼ਨ ਆਫ਼ ਨਿਊਕਲੀਅਰ ਵਾਰ (ਆਈ. ਪੀ. ਪੀ. ਐਨ. ਡਬਲਿਊ.) ਦੇ ਸਾਬਕਾ ਸਹਿ ਪ੍ਰਧਾਨ ਡਾ. ਆਇਰਾ ਹੈਲਫਾਂਡ ਤੇ ਰੌਜਰਜ਼ ਯੂਨੀਵਰਸਿਟੀ ਮੈਸਾਚੂਸੈੱਟਸ ਦੇ ਵਾਤਾਵਰਨ ਵਿਭਾਗ ਦੇ ਐਲਨ ਰੋਬਾਕ ਨੇ ਅਧਿਐਨ ਕੀਤਾ ਕਿ ਸੀਮਤ ਖੇਤਰੀ ਪਰਮਾਣੂ ਯੁੱਧ ਦਾ ਜਲਵਾਯੂ ਉੱਤੇ ਕੀ ਪ੍ਰਭਾਵ ਪਏਗਾ। ਇਸ ਮੁਤਾਬਕ ਦੁਨੀਆ ਵਿਚ ਮੌਜੂਦ 17000 ਪਰਮਾਣੂ ਹਥਿਆਰ ਸਮੁੱਚੀ ਜੀਵ ਪ੍ਰਣਾਲੀ ਲਈ ਬਹੁਤ ਵੱਡਾ ਖ਼ਤਰਾ ਹਨ। ਉਨ੍ਹਾਂ ਦੇ ਅਧਿਐਨ ਦੇ ਮੁਤਾਬਿਕ ਜੇ ਭਾਰਤ ਤੇ ਪਾਕਿਸਤਾਨ ਵਿਚ ਹੀਰੋਸ਼ੀਮਾ ਦੀ ਤਾਕਤ ਵਾਲੇ ਦਰਮਿਆਨੀ ਪੱਧਰ ਦੇ 100 ਪਰਮਾਣੂ ਬੰਬ ਇਸਤਮਾਲ ਹੋਣ ਤਾਂ ਦੋ ਅਰਬ ਲੋਕਾਂ ਦੀ ਜਾਨ ਖਤਰੇ ਵਿਚ ਪੈ ਜਾਏਗੀ। ਇਸ ਦੇ ਨਾਲ ਖੇਤਰ ਦੇ ਦੋ ਕਰੋੜ ਲੋਕ ਤਾਂ ਫੌਰੀ ਤੌਰ ਤੇ ਮਰ ਜਾਣਗੇ। ਪਰਮਾਣੂ ਹਥਿਆਰ ਚੱਲਣ ਕਰ ਕੇ ਇਸ ਖਿੱਤੇ ਨੂੰ ਪਰਮਾਣੂ ਕਿਰਨਾਂ ਘੇਰ ਲੈਣਗੀਆਂ। ਹੋਏ ਧਮਾਕੇ ਦੇ ਕਾਰਨ ਧੂੜ ਮਿੱਟੀ ਤੇ ਧੂੰਆਂ ਵਾਯੂਮੰਡਲ ਵਿਚ ਲਮਕ ਜਾਣਗੇ ਜਿਸ ਕਾਰਨ ਸੂਰਜੀ ਕਿਰਨਾਂ ਧਰਤੀ ਤਕ ਨਹੀਂ ਪਹੁੰਚ ਸਕਣਗੀਆਂ। ਉਸ ਦੇ ਪ੍ਰਭਾਵ ਵਜੋਂ ਧਰਤੀ ਦਾ ਤਾਪਮਾਨ 1.25 ਡਿਗਰੀ ਸੈਂਟੀਗ੍ਰੇਡ ਘਟ ਜਾਏਗਾ ਤੇ ਇਹ ਕੁਝ ਕਈ ਸਾਲਾਂ ਤਕ ਰਹੇਗਾ; ਇੰਜ ਦਸ ਸਾਲ ਵੀ ਰਹਿ ਸਕਦਾ ਹੈ। ਇਸ ਕਰ ਕੇ ਮੀਂਹ ਪੈਣ ਵਿਚ 10 ਪ੍ਰਤੀਸ਼ਤ ਦੀ ਕਮੀ ਆਉਣ ਦਾ ਖ਼ਦਸ਼ਾ ਹੋਏਗਾ।

ਇਨ੍ਹਾਂ ਹਾਲਾਤ ਵਿਚ ਫ਼ਸਲ ਦੇ ਵਿਚ ਕਮੀ ਆਏਗੀ। ਫ਼ਸਲ ਵਿਚ ਕਮੀ ਆਉਣ ਦੇ ਕਾਰਨ ਖੁਰਾਕ ਦੀਆਂ ਕੀਮਤਾਂ ਵਧ ਜਾਣਗੀਆਂ ਜਿਸ ਦੇ ਕਾਰਨ ਕੁਪੋਸ਼ਣ ਹੋਰ ਵਧ ਜਾਏਗਾ। ਇਕ ਵਿਅਕਤੀ ਨੂੰ ਔਸਤਨ 1800-2000 ਕੈਲਰੀਆਂ ਦੀ ਰੋਜ਼ਾਨਾ ਲੋੜ ਹੁੰਦੀ ਹੈ। ਦੁਨੀਆ ਵਿਚ ਪਹਿਲਾਂ ਹੀ ਇੱਕ ਅਰਬ ਦੇ ਕਰੀਬ ਯਾਨੀ ਦੁਨੀਆ ਦੀ ਆਬਾਦੀ ਦਾ ਲਗਭਗ 8ਵਾਂ ਹਿੱਸਾ ਐਸਾ ਹੈ ਜਿਨ੍ਹਾਂ ਨੂੰ ਇੰਨੀਆਂ ਕੈਲਰੀਆਂ ਨਹੀਂ ਮਿਲਦੀਆਂ। ਇਸ ਕਰਕੇ ਹਰ ਸਾਲ ਦੁਨੀਆ ਦੇ ਵਿਚ 50 ਲੱਖ ਦੇ ਕਰੀਬ ਐਸੇ ਬੱਚੇ ਹਨ ਜੋ ਖੁਰਾਕ ਦੀ ਕਮੀ ਕਰਕੇ ਆਪਣੀ ਜਾਨ ਗੁਆ ਬੈਠਦੇ ਹਨ। ਖ਼ੁਰਾਕ ਵਿਚ ਥੋੜ੍ਹੀ ਜਿਹੀ ਵੀ ਕਮੀ ਆਉਣ ਦੇ ਨਾਲ ਉਨ੍ਹਾਂ ਦੇ ਜੀਵਨ ਤੇ ਖ਼ਤਰਾ ਹੋਰ ਜ਼ਿਆਦਾ ਪੈ ਜਾਏਗਾ।

ਜੇ ਇਹ ਅਸਰ ਇਕ ਸਾਲ ਤੋਂ ਵੱਧ ਰਿਹਾ ਤਾਂ ਗ਼ਰੀਬ ਮੁਲਕਾਂ ਤੇ ਬਹੁਤ ਮਾੜਾ ਪ੍ਰਭਾਵ ਪਏਗਾ ਜਿਸ ਨਾਲ ਖੁਰਾਕ ਦੀ ਕਮੀ ਆਉਣ ਦੇ ਕਾਰਨ ਦੁਨੀਆ ਦੇ ਦੱਖਣੀ ਹਿੱਸੇ ਵਿਚ ਇੱਕ ਅਰਬ ਲੋਕ ਘੋਰ ਭੁੱਖਮਰੀ ਦਾ ਸ਼ਿਕਾਰ ਹੋ ਜਾਣਗੇ। ਜਦੋਂ ਇੰਨੀ ਵੱਡੀ ਪੱਧਰ ਦਾ ਅਕਾਲ ਪਏਗਾ ਤਾਂ ਉਸ ਦੇ ਨਾਲ ਦੁਨੀਆ ਵਿਚ ਖਤਰਨਾਕ ਬਿਮਾਰੀਆਂ ਵੀ ਫੈਲ ਜਾਣਗੀਆਂ। ਸ਼ਹਿਰਾਂ ਵਿਚ ਆਬਾਦੀ ਦਾ ਸੰਘਣਾਪਣ ਹੋਣ ਕਾਰਨ ਅਤੇ ਇਨ੍ਹਾਂ ਹਾਲਾਤ ਵਿਚ ਸਹੂਲਤਾਂ ਦੀ ਕਮੀ, ਸਾਫ਼ ਪਾਣੀ ਦੀ ਕਮੀ ਹੋ ਜਾਣ ਦੇ ਕਾਰਨ ਬਿਮਾਰੀਆਂ ਹੋਰ ਵਧ ਜਾਣਗੀਆਂ।

ਖ਼ੁਰਾਕ ਦੀ ਕਮੀ ਦੇ ਕਾਰਨ ਅੰਦਰੂਨੀ ਤੇ ਬਾਹਰੀ ਝਗੜੇ ਸ਼ੁਰੂ ਹੋ ਜਾਣਗੇ ਤੇ ਇਸ ਸਥਿਤੀ ਵਿਚ ਪਰਮਾਣੂ ਹਥਿਆਰਾਂ ਦੇ ਵਰਤੇ ਜਾਣ ਦਾ ਖ਼ਤਰਾ ਵਧ ਜਾਏਗਾ। ਜੇ ਵੱਡੀਆਂ ਪਰਮਾਣੂ ਸ਼ਕਤੀਆਂ ਦੇ ਵਿਚਾਲੇ ਪਰਮਾਣੂ ਹਥਿਆਰ ਵਰਤੇ ਗਏ, ਮਤਲਬ ਰੂਸ ਤੇ ਅਮਰੀਕਾ ਵਿਚ ਜੇ ਪਰਮਾਣੂ ਹਥਿਆਰ ਵਰਤੇ ਗਏ ਤਾਂ ਨੁਕਸਾਨ ਹੋਰ ਵੀ ਜ਼ਿਆਦਾ ਹੋਵੇਗਾ ਜਿਸ ਕਾਰਨ ਹਜ਼ਾਰਾਂ ਸਾਲਾਂ ਦੀ ਮੱਨੁਖੀ ਮਿਹਨਤ ਸਦਕਾ ਆਧੁਨਿਕ ਸਭਿਅਤਾ ਦੀ ਹੋਂਦ ਖ਼ਤਰੇ ਵਿਚ ਪੈ ਜਾਏਗੀ। ਇਸ ਲਈ ਹਾਲਾਤ ਮੰਗ ਕਰਦੇ ਹਨ ਕਿ ਪਰਮਾਣੂ ਹਥਿਆਰਾਂ ਨੂੰ ਸਮਾਪਤ ਕਰਨ ਦੇ ਲਈ ਵਿਸ਼ਵ ਵਿਆਪੀ ਕਦਮ ਪੁੱਟੇ ਜਾਣ ਤਾਂ ਜੋ ਜਲਵਾਯੂ ਪਰਿਵਰਤਨ ਨੂੰ ਬਚਾਇਆ ਜਾ ਸਕੇ। ਆਈ. ਪੀ. ਪੀ. ਐਨ. ਡਬਲਿਊ. ਅਤੇ ਆਈਕੈਨ (ਆਈ. ਸੀ. ਏ. ਐਨ.) ਲਗਾਤਾਰ ਇਸ ਬਾਰੇ ਚਿਤਾਵਨੀ ਦੇ ਰਹੇ ਹਨ। ਇਨ੍ਹਾਂ ਜੱਥੇਬੰਦੀਆਂ ਵਲੋਂ ਗਲਾਸਗੋ ਵਿਚ ਵਿਖੇ ਹੋਈ ਕਾਨਫਰੰਸ ਵਿਚ ਵੀ ਇਸ ਗੱਲ ਨੂੰ ਉਜਾਗਰ ਕਰਨ ਤੇ ਜ਼ੋਰ ਲਇਆ ਗਿਆ ਪਰ ਹਥਿਆਰ ਬਣਾਉਣ ਵਾਲਿਆਂ ਦੀ ਲਾਬੀ ਇਸ ਵਿਸ਼ੇ ਨੂੰ ਮਹੱਤਵ ਨਹੀਂ ਦੇਣ ਦਿੱਤਾ।

ਇਹ ਸੱਚਾਈ ਹੈ ਕਿ ਕੋਲਾ ਆਦਿ ਕਾਰਨ ਜਲਵਾਯੂ ਪਰਿਵਰਤਨ ਤੇ ਪ੍ਰਭਾਵ ਪਿਆ ਹੈ ਪਰ ਪਰਮਾਣੂ ਊਰਜਾ ਕੋਲੇ ਆਦਿ ਦਾ ਬਦਲ ਨਹੀਂ ਹੋ ਸਕਦਾ। ਪਰਮਾਣੂ ਊਰਜਾ ਤਾਂ ਮਹਿੰਗੀ ਵੀ ਹੈ ਤੇ ਖ਼ਤਰਿਆਂ ਨਾਲ ਭਰੀ ਵੀ ਤੇ ਨਾ ਹੀ ਇਸ ਦੀ ਰਹਿੰਦ ਖੂੰਹਦ ਦੀ ਸੰਭਾਲ ਦਾ ਕੋਈ ਢੁਕਵਾਂ ਤਰੀਕਾ ਹੈ ਅਤੇ ਕਦੇ ਵੀ ਇਸ ਨਾਲ ਪਰਮਾਣੂ ਹਥਿਆਰ ਬਣਾਏ ਜਾ ਸਕਦੇ ਹਨ। ਗਲਾਸਗੋ ਕਾਨਫਰੰਸ ਵਿਚ ਵੀ ਇਹ ਦੇਖਣ ਵਿਚ ਆਇਆ ਕਿ ਪਰਮਾਣੂ ਊਰਜਾ ਦੇ ਨਾਮ ਤੇ ਲਾਬੀ ਕਰ ਰਹੀਆਂ ਕੰਪਨੀਆਂ ਅਸਲ ਵਿਚ ਪਰਮਾਣੂ ਹਥਿਆਰ ਬਣਾਉਣ ਦੀ ਦੌੜ ਵਿਚ ਲੱਗੀਆਂ ਹੋਈਆਂ ਸਨ।

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

# ਫੁੱਲਾਂ ਦੀਆਂ ਕਲਮਾਂ ਲਾਈਏ

***ਡਾ. ਗੁਰਬਖਸ਼ ਸਿੰਘ ਭੰਡਾਲ ਫਿਜਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਇਸ ਲੇਖ ਵਿਚ ਉਨ੍ਹਾਂ ਨੇ ਫੁੱਲਾਂ ਦੀ ਮਹੱਤਤਾ ਨੂੰ ਦਰਸਾਇਆ ਹੈ, ਜਿਨ੍ਹਾਂ ਤੋਂ ਮਨੁੱਖ ਨੂੰ ਜੀਵਨ ਜਾਚ ਸਿੱਖਣੀ ਚਾਹੀਦੀ ਹੈ।***

ਫੁੱਲ, ਕੁਦਰਤ ਦਾ ਸਭ ਤੋਂ ਸੁੰਦਰ ਸਰੂਪ। ਕੁਦਰਤ ਦੀ ਰੰਗ-ਬਿਰੰਗਤਾ ਨੂੰ ਭਾਗ ਲਾਉਣ ਵਾਲੇ। ਚੌਗਿਰਦੇ ਨੂੰ ਮਹਿਕਾਂ ਨਾਲ ਲਬਰੇਜ਼ ਕਰਦੇ ਅਤੇ ਭੌਰਿਆਂ ਤੇ ਤਿਤਲੀਆਂ ਦਾ ਰੈਣ-ਬਸੇਰਾ।

ਫੁੱਲ ਹਰ ਬਿਰਖ਼ ਦੀ ਹਿੱਕ 'ਤੇ ਆਪਣਾ ਆਲ੍ਹਣਾ ਪਾਉਂਦਾ। ਇਸ ਨੂੰ ਮਾਣ ਦਿੰਦਾ ਅਤੇ ਇਸ ਮਾਣਮੱਤਾ ਵਿਚੋਂ ਹੀ ਰੁੱਖ ਦੀ ਪਛਾਣ ਬਣਦੀ ਕਿਉਂਕਿ ਕੁਝ ਰੁੱਖ ਨਿੱਪਤਰੇ ਹੁੰਦੇ, ਕੁਝ ਫੁੱਲਾਂ ਨਾਲ ਲੱਧੇ ਅਤੇ ਕੁਝ ਫੁੱਲਾਂ ਨੂੰ ਤਰਸਦੇ।

ਫੁੱਲ ਨੂੰ ਸਹਿਲਾਉਣਾ, ਇਸ ਦੀਆਂ ਪੱਤੀਆਂ ਨੂੰ ਪਿਆਰ ਕਰਨਾ ਅਤੇ ਇਸ ਦੇ ਰੰਗਾਂ ਦੀ ਤਾਸੀਰ ਨੂੰ ਆਪਣੀ ਜੀਵਨ-ਜੁਗਤ ਵਿਚੋਂ ਨਿਹਾਰਨਾ ਹੀ ਰੰਗੀਨਮਈ ਜ਼ਿੰਦਗੀ ਦਾ ਰਾਜ਼ ਹੈ। ਫੁੱਲਾਂ ਦੀ ਛੋਹ ਮਾਣਨ ਲਈ ਫੁੱਲਾਂ ਵਰਗਾ ਬਣਨਾ ਲਾਜ਼ਮੀ ਹੈ। ਮਨ ਵਿਚ ਫੁੱਲਾਂ ਜੇਹੀ ਸੁਹਜਤਾ ਅਤੇ ਕੋਮਲਤਾ ਹੋਵੇ ਤਾਂ ਫੁੱਲ ਦੇ ਪਿੰਡੇ 'ਤੇ ਨਿਕਲਦੀਆਂ ਕੁਤਕੁਤਾਰੀਆਂ, ਭਾਵਾਂ ਲਈ ਅੰਬਰੀਂ ਉਡਾਣ ਖ਼ਰਵੇ ਹੱਥਾਂ ਨਾਲ ਤਾਂ ਫੁੱਲ ਛੂਹਣ ਤੋਂ ਪਹਿਲਾਂ ਹੀ ਕੁਮਲਾ ਜਾਂਦੇ।

ਕੁਝ ਫੁੱਲ ਡੋਡੀਆਂ 'ਚ ਬੰਦ, ਕੁਝ ਖਿੜਨਾ ਲੋਚਦੇ ਅਤੇ ਕੁਝ ਅੱਧ ਖਿੜੇ ਪਰ ਕੁਝ ਫੁੱਲ ਪੂਰਨ ਰੂਪ ਵਿਚ ਖਿੜੇ, ਜੋਬਨ-ਮੱਤੇ ਰੰਗਾਂ ਵਿਚ ਰੰਗੇ। ਇਨ੍ਹਾਂ ਰੰਗਾਂ ਵਿਚੋਂ ਸੰਧੂਰੀ ਅਤੇ ਗੰਧਮੀ ਰੰਗਾਂ ਨੂੰ ਜ਼ਿੰਦਗੀ ਦੇ ਨੈਣਾਂ ਵਿਚ ਦੇਖਣ ਦੀ ਜਾਚ ਆਉਂਦੀ।

ਅੱਧ ਖਿੜੇ ਫੁੱਲ ਦਾ ਖਿੜਨਾ ਬਹੁਤ ਜ਼ਰੂਰੀ ਹੁੰਦਾ ਹੈ ਕਿਉਂਕਿ ਉਸ ਦੀ ਹਿੱਕ ਵਿਚ ਪਲਦੀਆਂ ਨੇ ਹਿਚਕੀਆਂ ਤੇ ਹਉਕੇ, ਜੋ ਇਸ ਨੂੰ ਅੰਦਰੋਂ ਖ਼ੋਰਦੇ। ਫੁੱਲ ਨੂੰ ਆਪਣੀ ਆਉਧ ਹੰਢਾਉਣ ਤੋਂ ਵੀ ਵਰਜਦੇ। ਫੁੱਲ ਦੇ ਖਿੜਨ ਲਈ ਕੂਲੀਆਂ ਲਗਰਾਂ, ਨਰੋਏ ਤਣੇ ਅਤੇ ਬਿਰਖ਼ ਦੀ ਹਿੱਕ ਦਾ ਉਭਾਰ ਜ਼ਰੂਰੀ ਹੈ ਤਾਂ ਹੀ ਹਿੱਕ ਡੋਡੀ ਦਾ ਰੂਪ ਧਾਰ, ਪੱਤੀਆਂ ਵਿਚ ਰੰਗ ਅਤੇ ਮਹਿਕ ਭਰਦੀ ਹੈ। ਖਿੜਿਆ ਫੁੱਲ ਲਗਰ ਨੂੰ ਝੁਕਾਉਂਦਾ, ਕਦੇ ਹਿਲਾਉਂਦਾ ਅਤੇ ਕਦੇ ਮਟਕਾਉਂਦਾ।

ਫੁੱਲ ਨੂੰ ਫੁੱਲਾਂ ਦਾ ਸਾਥ ਸਭ ਤੋਂ ਚੰਗਾ ਲੱਗਦਾ। ਸੰਗੀਆਂ ਸੰਗ ਉਹ ਹੋਰ ਫੁੱਲਾਂ ਲਈ ਨਵੀਂ ਰਹਿਤਲ ਸਿਰਜਦਾ। ਇਹ ਫੁੱਲਾਂ ਦਾ ਬਗੀਚਾ ਹੀ ਹੁੰਦਾ, ਜੋ ਕਿਸੇ ਵਿਹੜੇ ਨੂੰ ਵੈਰਾਨਗੀ ਤੋਂ ਬਚਾਉਂਦਾ, ਬਾਗ ਲਈ ਮਾਣ ਹੁੰਦਾ ਅਤੇ ਮਾਲੀ ਦੀ ਅੱਖ ਵਿਚ ਤੈਰਦੇ ਸੁਪਨੇ ਦਾ ਸੱਚ ਬਣਦਾ।

ਕੁਝ ਫੁੱਲ ਧਾਗੇ 'ਚ ਪਰੋਏ ਜਾਂਦੇ ਤੇ ਕੁਝ ਫੁੱਲ ਖ਼ੁਦਾ ਦੇ ਦਰਬਾਰ ਚੜ੍ਹਾਏ ਜਾਂਦੇ। ਕੁਝ ਫੁੱਲਾਂ ਨੂੰ ਸੂਲਾਂ ਦਾ ਸਾਥ ਮਿਲਦਾ ਤੇ ਕੁਝ ਪੈਰਾਂ ਹੇਠ ਮਸਲੇ ਜਾਂਦੇ। ਕੁਝ ਪੱਤੀ-ਪੱਤੀ ਕਰ ਕੇ ਹਵਾ 'ਚ ਖਿੰਡਾਏ ਜਾਂਦੇ ਪਰ ਕੁਝ ਫੁੱਲ ਜਸ਼ਨ ਵੀ ਬਣਦੇ ਜਦ ਇਹ ਪਿਆਰ ਦਾ ਸੁਨੇਹਾ ਕਿਸੇ ਕੋਰੀ ਤਲੀ 'ਤੇ ਧਰਦੇ। ਕਿਸੇ ਦੀ ਸੁਪਨਸਾਜ਼ੀ ਦਾ ਹਿੱਸਾ ਬਣਦੇ ਜਾਂ ਫੁੱਲਾਂ ਵਾਂਗ ਖਿੜੀਆਂ ਰੂਹਾਂ ਦੇ ਮਿਲਾਪ ਦਾ ਸੰਯੋਗ ਬਣਦੇ।

ਗੁਲਾਬ ਦੇ ਫੁੱਲਾਂ ਦੀ ਹਰ ਕੋਈ ਸੰਭਾਲ ਕਰਦਾ, ਇਸ ਦੀ ਪਹਿਰੇਦਾਰੀ ਕਰਦਿਆਂ, ਇਸ ਵਰਗਾ ਬਣਨ ਦੀ ਲੋਚਾ ਮਨ ਵਿਚ ਪੈਦਾ ਹੁੰਦੀ ਪਰ ਕਿੱਕਰ ਦੇ ਫੁੱਲ ਤਾਂ ਆਪਣੀ ਗਵਾਚੀ ਹੋਂਦ ਭਾਲਣ ਜੋਗੇ ਹੀ ਰਹਿ ਜਾਂਦੇ। ਅੱਕੜੇ ਦੇ ਫੁੱਲ ਤਾਂ ਛੱਪੜ ਦੇ ਕੰਢੇ ਨੂੰ ਮਿੱਤਰ ਮਿਲਣੀ ਦਾ ਸਬੱਬ ਬਣਾ ਦੇਂਦੇ। ਰੱਬ-ਸਬੱਬੀਂ ਜਦ ਥੋਹਰ ਦਾ ਫੁੱਲ ਕੰਡਿਆਂ ਵਿਚੋਂ ਆਪਣੀ ਹਸਤੀ ਜ਼ਾਹਰ ਕਰਦਾ ਤਾਂ ਥੋਹਰਾਂ ਵਰਗੇ ਲੋਕਾਂ ਨੂੰ ਆਪਣੇ ਅੰਦਰ ਬੈਠੈ ਉਸ ਰੂਪ ਦਾ ਅਹਿਸਾਸ ਹੁੰਦਾ, ਜੋ ਉਨ੍ਹਾਂ ਲਈ ਵੀ ਬੇ-ਪਛਾਣ ਹੁੰਦਾ।

ਫੁੱਲ ਦੀ ਡੋਡੀ ਨੂੰ ਪਲੋਸੋ, ਇਸ ਦੀ ਮਾਸੂਮੀਅਤ ਅਤੇ ਰੰਗਤਾ ਨੂੰ ਆਪਣੇ ਅੰਤਰੀਵ ਵਿਚ ਉਤਾਰੋ। ਤੁਹਾਨੂੰ ਅਹਿਸਾਸ ਹੋਵੇਗਾ ਕਿ ਫੁੱਲ ਬਣਨਾ ਕਿੰਨਾ ਕਠਿਨ ਹੁੰਦਾ ਅਤੇ ਉਸ ਤੋਂ ਵੀ ਔਖਾ ਹੁੰਦਾ ਹੈ ਪੱਥਰ ਦੇ ਸ਼ਹਿਰ ਵਿਚ ਰਹਿਣ ਵਾਲੇ ਕਠੋਰ ਲੋਕਾਂ ਵਿਚ ਫੁੱਲ ਬਣ ਕੇ ਵਿਚਰਨਾ। ਜ਼ਾਹਲ ਹੁੰਦੇ ਨੇ ਉਹ ਲੋਕ ਜੋ ਫੁੱਲ ਦੀ ਅਜ਼ਮਤ ਨੂੰ ਪੈਰਾਂ ਵਿਚ ਰੋਲ, ਬਾਜ਼ਾਰ ਦੀ ਵਸਤ ਬਣਾਉਣ ਵਿਚ ਢਿੱਲ ਨਹੀਂ ਲਾਉਂਦੇ। ਵਰਤ ਕੇ ਡਸਟਬਿਨ ਵਿਚ ਸੁੱਟਣ ਦੀ ਫ਼ਿਤਰਤ ਭਾਰੂ ਹੁੰਦੀ ਹੈ, ਇਨ੍ਹਾਂ ਦੀ ਸੋਚ 'ਤੇ।

ਕੁਝ ਫੁੱਲ ਡੋਡੀ ਨੂੰ ਆਪਣੀ ਕਬਰ ਬਣਾਉਂਦੇ ਅਤੇ ਅਣਖਿੜੀ ਜੂਨ ਹੰਢਾਉਂਦੇ ਪਰ ਕੁਝ ਫੁੱਲ ਅਜਿਹੇ ਹੁੰਦੇ, ਜਿਨ੍ਹਾਂ ਨੂੰ ਖਿੜਨ ਦੀ ਪੂਰਨ ਆਜ਼ਾਦੀ, ਰੰਗ ਤੇ ਮਹਿਕਾਂ ਲੁਟਾਉਣ ਦੀ ਖੁੱਲ੍ਹ ਅਤੇ ਚੌਗਿਰਦੇ ਦੀ ਫਿਜ਼ਾ ਨੂੰ ਆਪਣੇ ਰੰਗ ਵਿਚ ਰੰਗਣ ਦੀ ਪੂਰਨ ਹਾਸਲਤਾ ਹੁੰਦੀ।

ਵਕਤ ਦੀ ਕੈਸੀ ਅਵਕਤੀ ਹੈ ਕਿ ਅੱਜ-ਕੱਲ੍ਹ ਫੁੱਲ ਕਬਰਾਂ 'ਤੇ ਸੋਂਹਦੇ ਨੇ। ਧਾਰਮਿਕ ਅਸਥਾਨਾਂ ਵਿਚ ਆਪਣੀ ਅੰਤਿਮ ਅਰਦਾਸ ਪੜ੍ਹਦੇ ਨੇ। ਪਿਆਰੇ ਦੀ ਬੇਵਕਤੀ ਮੌਤ 'ਤੇ ਹੰਝੂਆਂ ਵਿਚ ਡੁੱਬੇ ਹੁੰਦੇ ਨੇ ਜਾਂ ਧਾਰਮਿਕ ਕੱਟੜਤਾ ਵਿਚ ਵੰਡੇ ਆਪਣਾ ਦਰਦ ਸੁਣਾਉਣ ਤੋਂ ਵੀ ਵਿਰਵੇ। ਅੰਦਰ ਜਮ੍ਹਾਂ ਹੋ ਚੁੱਕਿਆ ਰੋਣ, ਹੰਝੂਆਂ ਦੀ ਉੱਗੀ ਹੋਈ ਸੈਲਾਬ, ਹਿਚਕੀਆਂ ਦੀ ਮਾਤਮੀ ਚੁੱਪ। ਇਸ ਸਭ ਕੁਝ ਨੂੰ ਹੰਢਾਉਂਦਿਆਂ ਕਿਵੇਂ ਫੁੱਲ ਫ਼ੱਕਰ ਜਿਹੀ ਜੂਨ ਹੰਢਾਵੇ? ਤਾਂ ਹੀ ਫੁੱਲ ਸਿਵਿਆਂ ਵੱਲ ਨੂੰ ਤੁਰਿਆ ਜਾਵੇ ਅਤੇ ਆਪਣਾ ਮਰਸੀਆ ਖ਼ੁਦ ਹੀ ਅਲਾਹੇ।

ਇਹ ਵੀ ਅਜੋਕੇ ਸਮੇਂ ਨੇ ਹੀ ਦੇਖਣਾ ਸੀ ਕਿ ਫੁੱਲਾਂ ਦੇ ਹਿੱਸੇ ਵੀ ਰੋਣੇ ਆਉਣੇ ਸਨ ਅਤੇ ਉਨ੍ਹਾਂ ਨੇ ਆਪਣੇ ਹਿੱਸੇ ਦੇ ਹਾਸਿਆਂ ਨਾਲ ਲੋਕਾਂ ਨੂੰ ਵਰਾਉਣ ਦੀ ਬਜਾਏ ਹੁਣ ਰੁਆਉਣਾ ਸੀ। ਕਿੱਧਰ ਗਿਆ ਹੈ ਮੂੰਹੋਂ ਫੁੱਲਾਂ ਵਾਂਗ ਕਿਰਨ ਵਾਲੇ ਬੋਲਾਂ ਦੀ ਫੁੱਲਾਂ ਵਰਗੀ ਤਾਸੀਰ ਨੂੰ ਆਪਣੀ ਤਬੀਅਤ ਦੇ ਨਾਮ ਕਰਨ ਦਾ ਹੁਨਰ? ਫੁੱਲਾਂ ਵਰਗਾ ਬਣਨ ਦੀ ਲੋਚਾ ਅਤੇ ਫੁੱਲਾਂ ਵਰਗੀ ਹੁਸੀਨ ਵਾਦੀ ਨੂੰ ਮਨ ਮੰਦਰ ਵਿਚ ਉਪਜਾਉਣ ਦੀ ਚਾਹਨਾ? ਕਿਉਂ ਅਜੋਕਾ ਮਨੁੱਖ ਕੰਡਿਆਂ ਦੀ ਵਿਛਾਈ 'ਚ ਰੁੱਝਿਆ? ਕਿਉਂ ਉਹ ਰਾਹਾਂ ਵਿਚ ਸੂਲਾਂ ਬੀਜਣ ਲਈ ਉਤਾਵਲਾ? ਕਿਉਂ ਧਾਰਮਿਕ ਆਗੂਆਂ ਨੇ ਫੁੱਲਾਂ ਨੂੰ ਵੀ ਆਪਣੇ ਧਰਮ ਮੁਤਾਬਕ ਵੰਡ ਲਿਆ ਏ? ਮਨੁੱਖ ਨੇ ਕੁਦਰਤੀ ਅਮੁਲਤਾ ਨੂੰ ਆਪਣੇ ਧਰਮ ਅਨੁਸਾਰ ਵੰਡ ਲਿਆ ਏ। ਹਾਕਮ ਕਿਹੀ ਚਾਲ ਚੱਲੀ ਕਿ ਕਰਦੇ ਫੁੱਲ ਕੰਡਿਆਂ ਦੀ ਰਾਖ਼ੀ ਤੇ ਕੰਡੇ ਫੁੱਲਾਂ ਦਾ ਮਰਸੀਆ ਗਾਵਣ ਬਣੀਆਂ ਸੂਲਾਂ ਸੱਜਣਾ ਸਾਕੀ। ਪਰ ਸਮਿਆਂ ਦਾ ਸੱਚ ਹੀ ਇਹ ਹੈ:

ਫੁੱਲ ਫੁੱਲਾਂ ਦੇ ਹਮਜੋਲੀ ਤੇ
ਫੁੱਲ ਫੁੱਲਾਂ ਦੀਆਂ ਸਾਹਾਂ,
ਫੁੱਲਾਂ ਦੇ ਵਿਚ ਫੁੱਲਾਂ ਵਿਚੋਂ
ਮਹਿਕਾਂ ਭਰੀਆਂ ਰਾਹਾਂ,
ਫੁੱਲ ਫੁੱਲਾਂ ਦਾ ਹਾਣ ਭਾਲਦੇ ਤੇ
ਫੁੱਲ ਫੁੱਲਾਂ ਨਾਲ ਸੋਂਹਦੇ,
ਤਾਂ ਹੀ ਲੋਕ ਘਰ ਤੇ ਵਿਹੜੇ
ਫੁੱਲਾਂ ਨਾਲ ਸਜਾਉਂਦੇ।
ਫੁੱਲਾਂ ਵਰਗੇ ਲੋਕ ਪਤਾ ਨਹੀਂ
ਕਿਹੜੇ ਨਗਰ ਵਸੇਂਦੇ
ਤੇ ਫੁੱਲਾਂ ਦੀ ਸੱਦ ਲਾ ਕੇ
ਰੂਹ ਦੇ ਨਗ਼ਮੇ ਗਾਉਂਦੇ।
ਸਾਡੀ ਗਲੀਏ
ਫੁੱਲਾਂ ਜੇਹੇ ਫੱਕਰਾਂ ਪਾਈ ਕਿਉਂ ਨਾ ਫੇਰੀ,
ਫੁੱਲਾਂ ਦੀ ਨਗਰੀ ਤਾਂ
ਆਪਣਿਆਂ ਕਰਤੀ ਖ਼ਾਕ ਦੀ ਢੇਰੀ।
ਫੁੱਲਾਂ ਬਾਝੋਂ ਸੋਹਣਿਆ ਸੱਜਣਾ,
'ਵਾਵੀਂ ਉਡਦੇ ਪੱਤੇ,
ਚਮਨ ਦੀ ਬੀਹੀਏ ਕਿਸ ਨੇ ਗਾਉਣੇ
ਗੀਤ ਸੁਮੱਤੇ।
ਫੁੱਲਾਂ ਵਰਗੀਆਂ ਸੋਚਾਂ ਪੱਲੇ
ਸੁਖ਼ਨ, ਸਕੂਨ ਸੁਗਾਤਾਂ,
ਫੁੱਲਾਂ ਦੀ ਨਿੱਘੀ ਬੁੱਕਲ ਦੇ ਵਿਚ
ਚਾਨਣ ਰੱਤੀਆਂ ਰਾਤਾਂ।
ਰਾਤ ਦੇ ਮੱਥੇ ਦਸਤਕ ਦਿੰਦੀਆਂ
ਸੋਨ ਰੰਗੀਆਂ ਪ੍ਰਭਾਤਾਂ,
ਤੇ ਦਿਨ ਦੀ ਤਲੀ 'ਤੇ ਧਰਦੀਆਂ
ਜਿਊਣ ਦੀਆਂ ਸੁਗਾਤਾਂ।
ਫੁੱਲਾਂ ਵਰਗੇ ਬੋਲਾਂ ਨੂੰ ਲੋਚੇ
ਹਰ ਨਗਰ ਦੀ ਜੂਹ,
ਹਰ ਭਿਣਕ ਨਾਲ ਲੈਂਦੀ ਫਿਰਦੀ
ਫੁੱਲ ਦੇ ਆਉਣ ਦੀ ਸੂਹ।
ਬਿਰਖ਼ ਵਿਚਾਰਾ ਫੁੱਲ ਆਪਣੇ ਉਡੀਕੇ
ਦਿਨ ਤੇ ਰਾਤੀਂ,
ਪਰ ਉਸ ਦੀ ਝੋਲੀ ਪਈ ਨਾ
ਫੁੱਲ ਜਿਹੀ ਬੂੰਦ-ਸਵਾਂਤੀ।
ਫੁੱਲਾਂ 'ਤੇ ਲੱਗੀਆਂ ਪਾਬੰਦੀਆਂ, ਇਨ੍ਹਾਂ ਦੇ

ਦੁਆਲੇ ਵਾੜਾਂ ਦਾ ਘੇਰਾ, ਮਾਲੀ ਦੀ ਬੇਦਖ਼ਲੀ ਤੇ ਝਪੱਟਾ ਮਾਰਨ ਵਾਲਿਆਂ ਦੀ ਕਿਲ੍ਹਾਬੰਦੀ। ਫੁੱਲ ਦਾ ਘੁਟਦਾ ਏ ਸਾਹ, ਸੀਨੇ ਵਿਚ ਉਠਦੀ ਏ ਆਹ। ਉਸ ਦੀ ਕੋਈ ਨਹੀਂ ਲੈਂਦਾ ਸੋਅ, ਨਾ ਹੀ ਫੁੱਲ ਦੀ ਵੇਦਨਾ ਪਾਉਂਦੀ ਦਿਲ ਵਿਚ ਖੋਹ ਅਤੇ ਨਾ ਹੀ ਕਿਧਰੇ ਦਿਸਦਾ ਗ਼ੈਰਤਮੰਦਾਂ ਦਾ ਰੋਹ। ਪਤਾ ਨਹੀਂ ਕਿਧਰ ਤੁਰ ਗਏ ਫੁੱਲ ਬੀਜਣ ਵਾਲੇ, ਇਨ੍ਹਾਂ ਦੀ ਰਾਖ਼ੀ ਕਰਨ ਵਾਲੇ ਅਤੇ ਇਨ੍ਹਾਂ ਦੇ ਵਣਜ ਵਿਚੋਂ ਜ਼ਿੰਦਗੀ ਨੂੰ ਮਹਿਕਾਂ ਤੇ ਰੰਗਾਂ ਦਾ ਸੰਧਾਰਾ ਵਣਜਣ ਵਾਲੇ। ਕਿਧਰੇ ਨਹੀਂ ਥਿਆਉਂਦੇ ਫੁੱਲਾਂ ਦੀਆਂ ਕਲਮਾਂ ਲਾਉਣ ਵਾਲੇ। ਇਸ ਦੀ ਕਾਂਟ-ਛਾਂਟ ਨਾਲ ਇਸ ਦੀ ਦਿੱਖ ਨਿਖ਼ਾਰਨ ਅਤੇ ਕਰੂੰਬਲਾਂ ਨੂੰ ਪਲੋਸਣ ਵਾਲੇ? ਇਸ ਦੀ ਹਿੱਕ ਵਿਚ ਉੱਗਦੇ ਪੁੰਗਾਰੇ ਨੂੰ ਵਾਚਣ ਵਾਲੇ ਅਤੇ ਵਾਧੇ ਵਿਚੋਂ ਹੀ ਚਮਨ ਦੀ ਹਿੱਕ ਵਿਚ ਹੁਲਾਸ ਅਤੇ ਆਸ ਦਾ ਖ਼ੁਮਾਰ ਪੈਦਾ ਕਰਨ ਵਾਲੇ।

ਚਮਨ ਵਿਚਾਰਾ ਕੀ ਕਰੇ ਜਦ ਕੋਈ ਮਾਲੀ ਹੀ ਇਸ ਦੀ ਸਾਰ ਨਾ ਲਵੇ। ਇਸ ਦੀ ਬੀਆਬਾਨੀ ਨੂੰ ਆਪਣੇ ਖ਼ਿਆਲਾਂ ਵਿਚ ਨਾ ਲਿਆਵੇ ਅਤੇ ਨਾ ਹੀ ਇਸ ਦੀ ਤਰਾਸਦੀ 'ਤੇ ਹੰਝੂ ਵਹਾਵੇ।

ਵਕਤ ਦੀ ਲੋੜ ਹੈ ਕਿ ਹਰਫ਼ਾਂ ਵਿਚੋਂ ਸ਼ਬਦਾਂ ਦੀਆਂ ਪੱਤੀਆਂ ਨਜ਼ਰ ਆਉਣ, ਇਨ੍ਹਾਂ ਵਿਚ ਅਰਥਾਂ ਦੇ ਫੁੱਲ ਖਿੜਨ ਅਤੇ ਇਨ੍ਹਾਂ ਫੁੱਲਾਂ ਦੀ ਖੁਸ਼ਬੋਈ ਵਿਚ ਮਾਨਵਤਾ ਨੂੰ ਸੁਖ਼ਨ ਭਰਿਆ ਸੁਨੇਹਾ ਮਿਲੇ, ਆਸ ਤੇ ਧਰਵਾਸ ਰੂਪੀ ਸਕੂਨ ਪ੍ਰਾਪਤ ਹੋਵੇ। ਵਰਕਿਆਂ 'ਤੇ ਵਿਛੀਆਂ ਫੁੱਲਾਂ ਦੀਆਂ ਲੜੀਆਂ ਵਿਚੋਂ ਕਿਰਨ-ਮ-ਕਿਰਨੀਂ ਅੰਮ੍ਰਿਤ ਵਰਖਾ ਹੋਵੇ ਤੇ ਕਿਤਾਬ ਵਿਚੋਂ ਝਰਦਾ ਚਾਨਣ ਹਨੇਰਿਆਂ ਨਾਲ ਭਰੇ ਮਸਤਕਾਂ ਨੂੰ ਰੁਸ਼ਨਾਵੇ। ਅਜਿਹੀ ਕਿਤਾਬ ਘਰ ਦੇ ਕਿਸੇ ਖੂੰਝੇ ਵਿਚ ਹੱਥਾਂ ਦੀ ਛੂਹ ਨੂੰ ਨਾ ਤਰਸੇ ਸਗੋਂ ਅੱਖ਼ਰਾਂ ਦੇ ਪ੍ਰੇਮੀ ਇਸ ਵਿਚੋਂ ਜੀਵਨ-ਜੁਗਤਾਂ ਨੂੰ ਆਪਣਾ ਹਾਸਲ ਬਣਾਉਣ।

ਲੋੜ ਹੈ ਕਿ ਫੁੱਲਾਂ ਦੀਆਂ ਇਹ ਕਲਮਾਂ ਸਾਡੀਆਂ ਕਿਰਤਾਂ, ਕੀਰਤੀਆਂ, ਕਰਮਯੋਗਤਾ ਅਤੇ ਕਾਰਨਾਮਿਆਂ ਵਿਚੋਂ ਉਜਾਗਰ ਹੋਣ, ਕਵਿਤਾਵਾਂ, ਗੀਤਾਂ, ਗ਼ਜ਼ਲਾਂ ਅਤੇ ਕਹਾਣੀਆਂ ਵਿਚੋਂ ਫੁੱਲਾਂ ਦੀ ਖ਼ੁਸ਼ਬੂ ਆਵੇ ਤੇ ਸਾਡੇ ਕਰਮ-ਧਰਮ ਅਤੇ ਜ਼ਿੰਦਗੀ ਦੇ ਮੁਹਾਂਦਰੇ ਵਿਚੋਂ ਇਸ ਦੀ ਝਲਕ ਪਵੇ। ਸਾਡੇ ਪੈਰਾਂ ਹੇਠ ਕਿਸੇ ਫੁੱਲ ਦੇ ਮਸਲੇ ਜਾਣ ਦੀ ਚੀਸ ਪੈਦਾ ਨਾ ਹੋਵੇ ਸਗੋਂ ਫੁੱਲ ਦੇ ਮਸਲੇ ਜਾਣ ਦਾ ਦਰਦ ਸਾਡੀ ਹਿੱਕ ਵਿਚ ਛੇਕ ਕਰੇ। ਮਨ ਠੰਢਾ ਹਉਕਾ ਭਰੇ ਅਤੇ ਅੰਤਰੀਵ ਖ਼ਾਰੇ ਪਾਣੀ ਦਾ ਸਾਗਰ ਤਰੇ।

ਫੁੱਲ ਤਾਂ ਗੱਲਾਂ ਕਰਨਾ ਲੋਚਦੇ, ਹੁੰਗਾਰਾ ਭਰਦੇ ਨੇ। ਉਨ੍ਹਾਂ ਨੂੰ ਲੋਚਾ ਹੁੰਦੀ ਏ ਕਿ ਕੋਈ ਤਾਂ ਉਨ੍ਹਾਂ ਦਾ ਹਾਲ ਜਾਣੇ ਤੇ ਉਹ ਆਪਣੀ ਦਰਦ-ਗਾਥਾ ਛੋਹੇ। ਉਹ ਤਾਂ ਹਰੇਕ ਦੀ ਅੱਖ ਵਿਚ ਸੁਖ਼ਨ ਦਿੱਖ, ਸੋਚ 'ਚ ਸੰਤੁਸ਼ਟੀ ਅਤੇ ਰੂਹ ਵਿਚ ਰੰਗੀਨੀ ਭਰਨ ਲਈ ਕਾਹਲੇ ਹੁੰਦੇ ਨੇ। ਸਿਰਫ਼ ਮਨੁੱਖ ਕੋਲ ਹੀ ਵਿਹਲ ਨਹੀਂ ਕਿ ਉਹ ਫੁੱਲਾਂ ਦਾ ਸਾਥ ਮਾਣੇ। ਉਨ੍ਹਾਂ ਨਾਲ ਕਲੋਲਾਂ ਕਰੇ। ਉਨ੍ਹਾਂ ਦੀ ਛੋਹ ਨਾਲ ਆਪਣੇ ਅੰਦਰ ਪੈਦਾ ਹੋਏ ਅਹਿਸਾਸ ਨੂੰ ਜੀਵੇ ਅਤੇ ਫੁੱਲਾਂ ਨੂੰ ਜਿਉਣ ਜੋਗਾ ਕਰੇ।

ਕੁਝ ਫੁੱਲ ਆਪਣੀ ਉਮਰ ਹੰਢਾਉਂਦੇ ਪਰ ਕੁਝ ਭਰੀ ਜਵਾਨੀ ਵਿਚ ਹੀ ਆਖ਼ਰੀ ਸਫ਼ਰ 'ਤੇ ਤੁਰ ਜਾਂਦੇ। ਬੜਾ ਔਖਾ ਹੁੰਦਾ ਏ ਆਪਣਿਆਂ ਵਲੋਂ ਫੁੱਲ ਨੂੰ ਭਰੀ ਜਵਾਨੀ ਵਿਚ ਅਲਵਿਦਾ ਕਹਿਣਾ ਅਤੇ ਉਸ ਦੀ ਯਾਦ ਵਿਚ ਖ਼ੁਦ ਨੂੰ ਪਲ-ਪਲ ਖੋਰਨਾ। ਫੁੱਲ ਨੂੰ ਕਦੇ ਨਾ ਤੋੜੋ, ਨਾ ਹੀ ਮਰੋੜੋ, ਨਾ ਹੀ ਝੰਜੋੜੋ ਅਤੇ ਨਾ ਹੀ ਇਸ ਦੀ ਮੁਹਾਰਤਾ ਨੂੰ ਹੋੜੋ। ਇਸ ਨੂੰ ਸਿਰ ਉਚਾ ਕਰ ਕੇ ਜਿਊਣ ਦਿਓ। ਦੇਖਣਾ! ਇਹੋ ਫੁੱਲ ਹੀ ਤੁਹਾਡਾ ਸ਼ਮਲਾ ਉੱਚਾ ਕਰਨ ਦੇ ਯੋਗ ਹੋਵੇਗਾ।



**ਜ਼ਿੰਦਗੀ ਫੁੱਲਾਂ ਦੀ ਨਿਆਈਂ। ਡੋਡੀ 'ਚੋਂ ਇਕ ਫੁੱਲ ਖਿੜਦਾ, ਰੰਗ ਤੇ ਮਹਿਕਾਂ ਵੰਡਦਿਆਂ ਜੋਬਨ ਰੁੱਤ ਹੰਢਾਉਂਦਾ। ਫਿਰ ਮੌਸਮ ਬਦਲਦਾ, ਹੌਲੀ ਹੌਲੀ ਪੱਤੀਆਂ ਝੜ ਜਾਂਦੀਆਂ ਅਤੇ ਫਿਰ ਰਹਿ ਜਾਂਦੀ ਫੁੱਲ ਦੀ ਮਿੱਠੜੀ ਯਾਦ, ਜੋ ਉਸ ਦੇ ਮਿੱਤਰਾਂ, ਹਾਣੀਆਂ, ਸੰਗੀਆਂ ਅਤੇ ਨੇੜਲਿਆਂ ਦੇ ਚੇਤੇ ਵਿਚ ਤਰਦੀ ਰਹਿੰਦੀ। ਵਿਅਕਤੀ ਯਾਦਾਂ ਵਿਚ ਅਕਸਰ ਹੀ ਹੰਘਾਲਣ ਜੋਗਾ ਰਹਿ ਜਾਂਦਾ ਕਿਉਂਕਿ ਅਜਿਹੀ ਭਾਵ-ਭਿੰਨੀ ਯਾਦ ਫੁੱਲਾਂ ਦੀ ਮਹਿਕ ਵਾਂਗ ਮਰਿਆਂ ਵੀ ਨਹੀਂ ਮਰਦੀ ਪਰ ਫੁੱਲ ਅਤੇ ਬੰਦੇ ਵਿਚ ਇਕ ਫ਼ਰਕ ਹੁੰਦਾ ਕਿ ਫੁੱਲ ਦੀ ਖੁਸ਼ਬੂ ਹਵਾ ਦੇ ਰੁਖ ਵੱਲ ਫ਼ੈਲਦੀ ਜਦਕਿ ਬੰਦੇ ਦੀ ਬੰਦਿਆਈ ਚਾਰੇ ਪਾਸੇ ਹੀ ਫ਼ੈਲਦੀ।**

ਫੁੱਲਾਂ ਦੀਆਂ ਕਲਮਾਂ ਬੀਜਣ ਵਾਲੇ ਜੋਗੜੇ ਕਿਰਤੀ ਲੋਕ। ਧਰਤੀ ਨਾਲ ਜੁੜੇ, ਮਿੱਟੀ ਵਿਚੋਂ ਮਹਿਕ ਪੈਦਾ ਕਰਨ ਦੇ ਆਦੀ ਅਤੇ ਫੁੱਲਾਂ ਦੀ ਅਕੀਦਤ ਕਰਦੇ। ਫੁੱਲਾਂ ਵਿਚੋਂ ਹੀ ਆਪਣੇ ਜੀਵਨ ਦੇ ਫ਼ਲਸਫ਼ੇ ਨੂੰ ਵਿਊਂਤਣ ਅਤੇ ਸੰਪੂਰਨ ਕਰਨ ਲਈ ਰੁਚਿਤ ਰਹਿੰਦੇ। ਆਪਣੀ ਮੌਜ ਵਿਚ ਜਿਊਣ ਵਾਲੇ ਸਾਡੇ ਬਜ਼ੁਰਗ ਸੁੱਚੇ ਫੁੱਲਾਂ ਵਰਗੇ ਹੀ ਸਨ, ਜਿਨ੍ਹਾਂ ਨੇ ਆਪਣੀ ਕਿਰਤ ਕਮਾਈ ਅਤੇ ਸੁੱਚਤਾ ਨਾਲ ਜੀਵਨ ਵਿਚ ਮਹਿਕ ਖਿੰਡਾਈ। ਉਹ ਮਹਿਕਾਂ ਦਾ ਹੀ ਵਣਜ ਕਰਦੇ ਰਹੇ, ਰਿਸ਼ਤੇ ਕਮਾਉਂਦੇ ਰਹੇ। ਉਹ ਆਰਥਿਕ ਤੌਰ 'ਤੇ ਸਾਡੇ ਜਿੰਨੇ ਅਮੀਰ ਨਹੀਂ ਸਨ ਪਰ ਉਹ ਭਾਵਨਾਤਮਕ ਤੇ ਮਾਨਸਿਕ ਤੌਰ 'ਤੇ ਸਾਡੇ ਨਾਲੋਂ ਬਹੁਤ ਜ਼ਿਆਦਾ ਅਮੀਰ ਸਨ।

ਫੁੱਲਾਂ ਦੇ ਵਪਾਰੀ ਕਦੇ ਅਮੀਰ ਨਹੀਂ ਹੁੰਦੇ ਅਤੇ ਅਮੀਰ ਲੋਕ ਕਦੇ ਵੀ ਫੁੱਲਾਂ ਦਾ ਵਣਜ ਨਹੀਂ ਕਰਦੇ। ਉਨ੍ਹਾਂ ਦਾ ਸੋਚ-ਤਰਾਜ਼ੂ ਸਦਾ ਅਸਾਵਾਂ ਅਤੇ ਉਹ ਫੁੱਲਾਂ ਨੂੰ ਵੀ ਪੈਸਿਆਂ ਦੀ ਖ਼ਣਕਾਰ ਨਾਲ ਹੀ ਤੋਲਦੇ ਅਤੇ ਆਪਣੀ ਔਕਾਤ ਨੂੰ ਜੱਗ-ਜ਼ਾਹਰ ਕਰਦੇ।

ਸਮੁੱਚਾ ਬਦਨ ਕਮਾਲ ਦੀ ਖੁਸ਼ਬੂ ਨਾਲ ਭਰ ਜਾਂਦਾ ਹੈ, ਜਦ ਖ਼ਿਆਲਾਂ ਵਿਚ ਕਿਸੇ ਫੁੱਲ ਦੀ ਆਮਦ ਹੁੰਦੀ ਹੈ ਕਿਉਂਕਿ ਫੁੱਲ ਹੀ ਹੁੰਦੈ, ਜਿਸ ਦੀ ਹਾਜ਼ਰੀ ਵਿਚ ਰੂਹ ਖਿੜ ਜਾਂਦੀ ਏ। ਅੰਦਰ ਬਾਗੋ-ਬਾਗ ਹੋ ਜਾਂਦਾ ਹੈ ਕਿਉਂਕਿ ਫੁੱਲਾਂ ਵਰਗੇ ਖ਼ਾਬ ਅਤੇ ਖ਼ਿਆਲ ਹੀ ਮਨੁੱਖ ਦੀ ਸੋਚ ਨੂੰ ਅੰਬਰਾਂ ਦਾ ਹਾਣੀ ਬਣਾਉਂਦੇ ਹਨ। ਸਾਡੇ ਵਿਹੜਿਆਂ ਵਿਚ ਕਿਹੀ ਰੁੱਤ ਉੱਤਰੀ ਹੈ ਕਿ ਫੁੱਲ ਮੁਰਝਾਏ ਨੇ, ਪੰਖ਼ੜੀਆਂ ਨੇ ਸਿਰ ਸੁੱਟ ਲਏ ਨੇ ਪਰ ਜ਼ਖ਼ਮਾਂ 'ਤੇ ਬਹਾਰ ਆਈ ਹੈ ਅਤੇ ਇਸ ਬਹਾਰ ਨੇ ਚੀਸਾਂ ਦਾ ਸੱਦਾ ਹਰ ਘਰ ਦੇ ਦਿੱਤਾ ਹੈ।

ਫੁੱਲ ਚੁੱਪ ਰਹਿ ਕੇ ਉਹ ਕੁਝ ਕਹਿ ਜਾਂਦੇ ਨੇ, ਜੋ ਕਦੇ ਵੀ ਸ਼ਬਦਾਂ ਦੇ ਮੇਚ ਨਹੀਂ ਆਉਂਦਾ ਪਰ ਇਨ੍ਹਾਂ ਅਬੋਲ ਬੋਲਾਂ ਨੂੰ ਸਮਝਣ ਲਈ ਮਨੁੱਖ ਦਾ ਖ਼ੁਦ ਨਾਲ ਰਾਬਤਾ ਬਹੁਤ ਜ਼ਰੂਰੀ ਹੈ। ਬਹੁਤ ਘੱਟ ਲੋਕ ਹੁੰਦੇ ਹਨ, ਜੋ ਫੁੱਲਾਂ ਨਾਲ ਫੁੱਲਾਂ ਵਰਗੀਆਂ ਗੱਲਾਂ ਕਰਦੇ ਅਤੇ ਖ਼ੁਦ ਵੀ ਫੁੱਲ ਬਣ ਬਹਿੰਦੇ। ਫੁੱਲਾਂ ਵਰਗੇ ਲੋਕ ਹੀ ਫੁੱਲਾਂ ਦੀ ਖੇਤੀ ਕਰਦੇ ਵਰਨਾ ਜ਼ਿਆਦਾਤਰ ਲੋਕ ਤਾਂ ਕੰਡਿਆਂ ਦੀ ਫ਼ਸਲ ਉਗਾਉਣ ਅਤੇ ਸੂਲਾਂ ਦੇ ਰਾਹ-ਸਿਰਜਣ ਲਈ ਹੀ ਖ਼ੁਦ ਦਾ ਸੰਤਾਪ ਸਿਰਜਦੇ। ਉਹ ਸਿਰਫ਼ ਮਨੁੱਖ ਹੋਣ ਦਾ ਭਰਮ ਹੁੰਦੇ।

ਐ ਮਨੁੱਖ! ਖ਼ੂਬਸੂਰਤ ਫੁੱਲਾਂ 'ਤੇ ਕੁਝ ਤਾਂ ਤਰਸ ਕਰ ਕਿਉਂਕਿ ਇਨ੍ਹਾਂ ਤਾਂ ਮਸਲੇ ਜਾਣ 'ਤੇ ਵੀ ਤੇਰੇ ਹੱਥਾਂ ਦੇ ਨਾਮ ਆਪਣੀ ਮਹਿਕ ਕਰ ਹੀ ਜਾਣੀ ਏ ਕਿਉਂਕਿ ਫੁੱਲ ਦਾ ਇਹ ਅੰਦਾਜ਼ ਏ ਕਿ ਉਹ ਮਰ ਕੇ ਵੀ ਮਹਿਕ ਦਾ ਵੀ ਵਣਜ ਕਰਦਾ ਏ। ਧਰਤੀ ਹੱਸਦੀ ਨਹੀਂ ਕਿਸੇ ਨੂੰ ਦਿਸਦੀ ਪਰ ਫੁੱਲਾਂ ਨੂੰ ਖਿੜੇ ਹੋਏ ਤੱਕਣਾ। ਇਹ ਦਰਅਸਲ ਧਰਤ ਮਾਂ ਦਾ ਹਾਸਾ ਹੀ ਹੁੰਦਾ ਹੈ, ਜੋ ਆਪਣੀ ਕਾਇਨਾਤ ਦੇ ਨਾਮ ਕਰਦੀ ਅਤੇ ਜੀਵ-ਸੰਸਾਰ ਨੂੰ ਜਿਊਣ ਦਾ ਵਲ ਸਿਖਾਉਣ ਦਾ ਆਹਰ ਕਰਦੀ। ਹਵਾ ਵੀ ਲਰਜ਼ਦੇ ਫੁੱਲਾਂ ਨਾਲ ਹੱਸਦੀ ਹੈ। ਝੀਲ ਦੇ ਪਾਣੀ ਦੀਆਂ ਲਹਿਰਾਂ ਵੀ ਕਮਲ ਦੇ ਫੁੱਲ ਰਾਹੀਂ ਹਾਸੇ ਅਤੇ ਖੇੜੇ ਵੰਡਦੀਆਂ ਹਨ। ਦੇਸੀ ਫੁੱਲਾਂ ਵਰਗੀ ਮਹਿਕ ਅਜੋਕੇ ਪਿਉਂਦ ਕੀਤੇ ਫੁੱਲਾਂ ਵਿਚੋਂ ਕਿੰਝ ਮਿਲੇਗੀ ਕਿਉਂਕਿ ਜਦ ਬੰਦਾ ਹੀ ਬਦਲ ਗਿਆ ਤਾਂ ਫੁੱਲਾਂ ਤੋਂ ਕੀ ਆਸ ਰੱਖੋਗੇ ਕਿ ਉਹ ਪਹਿਲਾਂ ਵਰਗੀ ਮਹਿਕ ਦਿੰਦੇ ਰਹਿਣ। ਬੰਦੇ ਨੇ ਤਾਂ ਫੁੱਲਾਂ ਨੂੰ ਵੀ ਆਪਣੇ ਵਰਗਾ ਬਣਾ ਲਿਆ। ਇਸ ਨੇ ਫੁੱਲਾਂ ਵਰਗਾ ਕੀ ਬਣਨਾ ਸੀ?

ਜ਼ਿੰਦਗੀ ਫੁੱਲਾਂ ਦੀ ਨਿਆਈਂ। ਡੋਡੀ 'ਚੋਂ ਇਕ ਫੁੱਲ ਖਿੜਦਾ, ਰੰਗ ਤੇ ਮਹਿਕਾਂ ਵੰਡਦਿਆਂ ਜੋਬਨ ਰੁੱਤ ਹੰਢਾਉਂਦਾ। ਫਿਰ ਮੌਸਮ ਬਦਲਦਾ, ਹੌਲੀ ਹੌਲੀ ਪੱਤੀਆਂ ਝੜ ਜਾਂਦੀਆਂ ਅਤੇ ਫਿਰ ਰਹਿ ਜਾਂਦੀ ਫੁੱਲ ਦੀ ਮਿੱਠੜੀ ਯਾਦ, ਜੋ ਉਸ ਦੇ ਮਿੱਤਰਾਂ, ਹਾਣੀਆਂ, ਸੰਗੀਆਂ ਅਤੇ ਨੇੜਲਿਆਂ ਦੇ ਚੇਤੇ ਵਿਚ ਤਰਦੀ ਰਹਿੰਦੀ। ਵਿਅਕਤੀ ਯਾਦਾਂ ਵਿਚ ਅਕਸਰ ਹੀ ਹੰਘਾਲਣ ਜੋਗਾ ਰਹਿ ਜਾਂਦਾ ਕਿਉਂਕਿ ਅਜਿਹੀ ਭਾਵ-ਭਿੰਨੀ ਯਾਦ ਫੁੱਲਾਂ ਦੀ ਮਹਿਕ ਵਾਂਗ ਮਰਿਆਂ ਵੀ ਨਹੀਂ ਮਰਦੀ ਪਰ ਫੁੱਲ ਅਤੇ ਬੰਦੇ ਵਿਚ ਇਕ ਫ਼ਰਕ ਹੁੰਦਾ ਕਿ ਫੁੱਲ ਦੀ ਖੁਸ਼ਬੂ ਹਵਾ ਦੇ ਰੁਖ ਵੱਲ ਫ਼ੈਲਦੀ ਜਦਕਿ ਬੰਦੇ ਦੀ ਬੰਦਿਆਈ ਚਾਰੇ ਪਾਸੇ ਹੀ ਫ਼ੈਲਦੀ।

ਲੋੜ ਹੈ ਫੁੱਲਾਂ ਵਰਗਾ ਕਰਮ ਕਮਾਉਂਦੇ ਰਹੀਏ। ਫੁੱਲਾਂ ਵਰਗੀ ਸੋਚ-ਸਾਧਨਾ ਅਤੇ ਸੰਵੇਦਨਾ ਲਈ ਫੁੱਲਾਂ ਦੀ ਖੇਤੀ ਕਰਨ ਦਾ ਅਹਿਦ ਕਰੀਏ। ਇਸ ਦੀ ਸ਼ੁਰੂਆਤ ਅੱਜ ਹੀ ਖ਼ੁਦ ਤੋਂ ਕਰੀਏ।

# ਪੰਜਾਬੀ ਸਾਹਿਤ ਤੇ ਸਭਿਆਚਾਰ ਵਿਚ ਗੁਜਰਾਂਵਾਲਾ

**ਨਿੱਕ ਸੁੱਕ**



**ਗੁਲਜ਼ਾਰ ਸਿੰਘ ਸੰਧੂ**
ਫੋਨ: 91-98157-78469
Sandhugulzar@yahoo.com

ਸਭ ਜਾਣਦੇ ਹਨ ਕਿ 1947 ਦੀ ਵੰਡ ਸਮੇਂ ਸਾਡੇ ਕੋਲੋਂ ਨਨਕਾਣਾ ਸਾਹਿਬ, ਪੰਜਾ ਸਾਹਿਬ ਤੇ ਕਰਤਾਰਪੁਰ ਸਾਹਿਬ ਹੀ ਨਹੀਂ ਖੁੱਸੇ ਪੰਜਾਬੀ ਪਿਆਰਿਆਂ ਦਾ ਗੁਜਰਾਂਵਾਲਾ ਵੀ ਖੁੱਸ ਗਿਆ ਸੀ। ਚੇਤੇ ਰਹੇ ਕਿ ਗੁਜਰਾਂਵਾਲਾ ਨੇ ਸਾਨੂੰ ਪ੍ਰਸਿੱਧ ਸ਼ਾਇਰਾ ਅੰਮ੍ਰਿਤਾ ਪ੍ਰੀਤਮ ਹੀ ਨਹੀਂ, ਸਗੋਂ ਪੰਜਾਬ ਦੀ ਕੋਇਲ ਸੁਰਿੰਦਰ ਕੌਰ ਵੀ ਦਿੱਤੀ ਸੀ। ਇਸ ਸ਼ਹਿਰ ਦੀ ਮਹੱਤਤਾ ਹੀ ਸਮਝੋ ਕਿ ਲੁਧਿਆਣਾ ਵਿਚ ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ ਦੀ ਸਥਾਪਨਾ ਹੋਈ। ਪਿਛਲੇ ਹਫਤੇ ਅੰਮ੍ਰਿਤਾ ਪ੍ਰੀਤਮ ਦੇ ਦੇਹਾਂਤ ਦੇ ਪ੍ਰਸੰਗ ਵਿਚ ਲੁਧਿਆਣਾ ਕਾਲਜ ਦੇ ਪੰਜਾਬੀ ਵਿਭਾਗ ਵਲੋਂ ਅੰਮ੍ਰਿਤਾ ਪ੍ਰੀਤਮ ਨੂੰ ਸਮਰਪਿਤ ਵਿਚਾਰ-ਚਰਚਾ ਤੇ ਕਵੀ ਦਰਬਾਰ ਕਰਵਾਇਆ ਗਿਆ। ਆਪਣੇ ਆਰੰਭਕ ਸ਼ਬਦਾਂ ਵਿਚ ਖਾਲਸਾ ਐਜੂਕੇਸ਼ਨਲ ਕੌਂਸਲ ਲੁਧਿਆਣਾ ਦੇ ਪ੍ਰਧਾਨ ਡਾ. ਐਸ.ਪੀ. ਸਿੰਘ ਨੇ ਅੰਮ੍ਰਿਤਾ ਪ੍ਰੀਤਮ ਤੇ ਆਪਣੇ ਕਾਲਜ ਦੀ ਉੱਤਮਤਾ ਨੂੰ ਉਜਾਗਰ ਕਰਦਿਆਂ ਦੋਵਾਂ ਦਾ ਜਨਮ ਅਸਥਾਨ ਗੁਜਰਾਂਵਾਲਾ ਕਹਿ ਕੇ ਵਡਿਆਇਆ। ਏਥੇ ਅੰਮ੍ਰਿਤਾ ਨੂੰ 'ਧੀ ਗੁਜਰਾਂਵਾਲੇ ਦੀ' ਲਕਬ ਦਿੱਤਾ ਗਿਆ।

ਨਿਸ਼ਚੇ ਹੀ ਇਸ ਕਾਲਜ ਵਲੋਂ ਅੰਮ੍ਰਿਤਾ ਪ੍ਰੀਤਮ ਨੂੰ ਗੁਜਰਾਂਵਾਲੇ ਦੀ ਧੀ ਕਹਿ ਕੇ ਵਡਿਆਉਣ ਦੇ ਵੱਡੇ ਅਰਥ ਹਨ। ਦਿੱਲੀ ਵਿਚ ਅੰਮ੍ਰਿਤਾ ਨਾਲ ਨੇੜਿਉਂ ਵਿਚਰਦੀ ਰਹੀ ਅਮੀਆ ਕੁੰਵਰ ਨੇ ਆਪਣੀਆਂ ਯਾਦਾਂ ਦੀ ਪਟਾਰੀ ਰਾਹੀਂ ਅੰਮ੍ਰਿਤਾ ਦੀ ਅਜ਼ਮਤ ਨੂੰ ਉਜਾਗਰ ਕੀਤਾ।

ਕਵੀ ਦਰਬਾਰ ਦਾ ਸੰਚਾਲਨ ਪ੍ਰੋ. ਸ਼ਰਨਜੀਤ ਕੌਰ ਨੇ ਕੀਤਾ, ਜਿਸ ਵਿਚ ਸੁਖਵਿੰਦਰ ਅੰਮ੍ਰਿਤ, ਮਨਜੀਤ ਇੰਦਰਾ ਤੇ ਅਰਤਿੰਦਰ ਸੰਧੂ ਤੋਂ ਬਿਨਾ ਲਖਵਿੰਦਰ ਜੌਹਲ, ਅਮਰਜੀਤ ਕੌਂਕੇ, ਸਵਰਨਜੀਤ ਸਵੀ, ਜਤਿੰਦਰ ਔਲਖ, ਤ੍ਰੈਲੋਚਨ ਲੋਚੀ ਅਤੇ ਪ੍ਰਧਾਨਗੀ ਕਰ ਰਹੇ ਗੁਰਭਜਨ ਗਿੱਲ ਨੇ ਸ਼ਿਰਕਤ ਕੀਤੀ। ਸਾਰੇ ਕਵੀਆਂ ਨੇ ਆਪਣੀ ਕਵਿਤਾ ਪੇਸ਼ ਕਰਦਿਆਂ ਅੰਮ੍ਰਿਤਾ ਦੀ ਪੰਜਾਬੀ ਸਾਹਿਤ ਤੇ ਸਭਿਆਚਾਰ ਨੂੰ ਦੇਣ ਉੱਤੇ ਫੁੱਲ ਚੜ੍ਹਾਏ। ਭਾਵੇਂ ਗੁਜਰਾਂਵਾਲਾ ਦੀ ਧਰਤੀ ਨੂੰ ਸਾਥੋਂ ਵੱਖ ਹੋਇਆਂ ਸੱਤ ਦਹਾਕੇ ਤੋਂ ਵੱਧ ਸਮਾਂ ਹੋ ਗਿਆ ਹੈ ਪਰ ਇਹ ਸ਼ਹਿਰ ਹਾਲੇ ਤਕ ਸਮੂਹ ਪੰਜਾਬੀਆਂ ਦੇ ਮਨਾਂ ਵਿਚ ਵਸਦਾ ਹੈ।

ਗੁਜਰਾਂਵਾਲਾ ਜ਼ਿੰਦਾਬਾਦ।


**ਸੁਰਜੀਤ ਪਾਤਰ ਤੇ ਗੁਰਮੀਤ ਬਾਵਾ ਦੀ ਗੱਲ**

ਮੈਂ ਆਪਣੇ ਕਾਰਜ ਕਾਲੀ ਜੀਵਨ ਦੇ 32 ਸਾਲ ਦਿੱਲੀ ਰਿਹਾ ਹਾਂ ਤੇ ਇਸ ਤੋਂ ਵੱਧ ਸਮਾਂ ਚੰਡੀਗੜ੍ਹ। ਇਨ੍ਹਾਂ ਵਿਚੋਂ ਸਿਰਫ ਦੋ ਵਰ੍ਹੇ (1978-1979) ਪੰਜਾਬ ਖੇਤੀਬਾੜੀ ਯੂਨੀਵਰਸਟੀ ਦੇ ਸੰਚਾਰ ਕੇਂਦਰ ਨਾਲ ਜੁੜਿਆ, ਜਿੱਥੇ ਮੈਨੂੰ ਪੰਜਾਬੀ ਦੇ ਪ੍ਰਸਿੱਧ ਕਵੀ ਸੁਰਜੀਤ ਪਾਤਰ ਤੇ ਗਾਇਕਾ ਗੁਰਮੀਤ ਬਾਵਾ ਨੂੰ ਜਾਣਨ ਦਾ ਮੌਕਾ ਮਿਲਿਆ। ਪਾਤਰ ਦੀ ਸ਼ਾਇਰੀ ਉਸ ਵੇਲੇ ਦੇ ਕਾਵਿਕ ਸੰਸਾਰ ਦੀ ਜਿੰਦ-ਜਾਨ ਬਣੀ ਤੇ ਗੁਰਮੀਤ ਬਾਵਾ ਦੇ ਬੋਲ ਕਿਸਾਨ ਮੇਲਿਆਂ ਵਿਚ ਗੂੰਜਣ ਲੱਗੇ। ਇਹ ਸਬੱਬ ਦੀ ਗੱਲ ਹੈ ਕਿ ਹੁਣ ਇਹ ਦੋਵੇਂ ਹਸਤੀਆਂ ਇਕੋ ਦਿਨ ਅਖਬਾਰਾਂ ਦੀਆਂ ਸੁਰਖੀਆਂ ਬਣੀਆਂ। ਸੁਰਜੀਤ ਪਾਤਰ ਨੂੰ ਪੰਜਾਬ ਸਰਕਾਰ ਨੇ ਕੈਬਨਿਟ ਮੰਤਰੀ ਦਾ ਦਰਜਾ ਦੇ ਕੇ ਨਿਵਾਜਿਆ ਤੇ ਗੁਰਮੀਤ ਬਾਵਾ ਮਾਮੂਲੀ ਬਿਮਾਰੀ ਪਿੱਛੋਂ ਇਸ ਦੁਨੀਆ ਨੂੰ ਅਲਵਿਦਾ ਕਹਿ ਗਈ।

ਏਨਾ ਸਫਲ ਤੇ ਸੁਭਾਗਾ ਜੀਵਨ ਜੀਉਂ ਕੇ ਚੁੱਪ-ਚਾਪ ਤੁਰ ਜਾਣਾ ਹਰ ਕਿਸੇ ਦੇ ਹਿੱਸੇ ਨਹੀਂ ਆਉਂਦਾ। ਇਹ ਜਾਣਦੇ ਹੋਏ ਵੀ ਕਿ ਵਿਛੜੀ ਰੂਹ ਦੇ ਮੁੜ ਦਰਸ਼ਨ ਨਹੀਂ ਹੋਣੇ, ਹਰ ਚੰਗੀ ਸੋਚ ਵਾਲਾ ਵਿਅਕਤੀ ਇਸ ਤਰ੍ਹਾਂ ਦੇ ਚਲਾਣੇ ਦੀ ਇੱਛਾ ਰੱਖਦਾ ਹੈ। ਦੋਵਾਂ ਹਸਤੀਆਂ ਦਾ ਸਵਾਗਤ ਹੈ।

**ਕਿਸਾਨੀ ਸੱਤਿਆਗ੍ਰਹਿ ਦਾ ਕ੍ਰਿਸ਼ਮਾ**

ਕੇਂਦਰ ਦੀ ਸਰਕਾਰ ਵਲੋਂ ਤਿੰਨੋਂ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਦਾ ਐਲਾਨ ਤਾਨਾਸ਼ਾਹੀ ਦੀ ਹਾਰ ਦਾ ਪ੍ਰਤੀਕ ਹੈ। ਕਾਨੂੰਨ ਬਣਾਉਣ ਵਾਲਿਆਂ ਅਤੇ ਇਨ੍ਹਾਂ ਨੂੰ ਬਣਵਾਉਣ ਵਾਲੇ ਕਾਰਪੋਰੇਟ ਘਰਾਣਿਆਂ ਦਾ ਮਾਇਆਜਾਲ ਗਿਣੇ-



ਚੁਣੇ ਬੰਦਿਆਂ ਨੂੰ ਤਾਂ ਗੁਮਰਾਹ ਕਰ ਸਕਦਾ ਹੈ, ਸਮੁੱਚੀ ਲੋਕਾਈ ਨੂੰ ਨਹੀਂ। ਜਿਵੇਂ ਸਬਰ ਤੇ ਸੰਤੋਖ ਨਾਲ ਅੰਦੋਲਨਕਾਰੀ ਕਿਸਾਨ ਦਿੱਲੀ ਦੇ ਬਾਰਡਰਾਂ ਉੱਤੇ ਇਕ ਸਾਲ ਤੋਂ ਵੱਧ ਸਮਾਂ ਰਹੇ ਤੇ ਜਿਸ ਦਿਆਲਤਾ ਤੇ ਫਰਾਖਦਿਲੀ ਨਾਲ ਪੰਜਾਬੀ ਪਿਆਰਿਆਂ ਨੇ ਉਨ੍ਹਾਂ ਨੂੰ ਰਸਦ-ਪਾਣੀ ਪੁੱਜਦਾ ਕੀਤਾ, ਇਸ ਦਾ ਪ੍ਰਮਾਣ ਮਿਲਣਾ ਸੰਭਵ ਨਹੀਂ। ਮੈਂ ਖੁਦ ਦੋ ਵਾਰ ਉਥੇ ਜਾ ਕੇ ਦੇਖ ਚੁੱਕਾ ਹਾਂ ਤੇ ਦੋਨੋਂ ਵਾਰੀ ਮਲੇਰਕੋਟਲੀਆਂ ਦੇ ਲੰਗਰ ਦਾ ਸਵਾਦ ਮਾਣ ਚੁੱਕਾ ਹਾਂ। ਇਹ ਵੀ ਦੇਖਣ ਨੂੰ ਮਿਲਿਆ ਕਿ ਪੰਜਾਬ ਦੇ ਉਹ ਨੌਜਵਾਨ ਜਿਹੜੇ ਆਪਣੇ ਜੱਦੀ-ਪੁਸ਼ਤੀ ਘਰਾਂ ਵਿਚ ਨਸ਼ੇ ਦੇ ਸੇਵਨ ਤੋਂ ਬਾਜ਼ ਨਹੀਂ ਆਉਂਦੇ ਸਿੰਘੂ ਬਾਰਡਰ ਉੱਤੇ ਹੱਥਾਂ ਵਿਚ ਝਾੜੂ ਲੈ ਕੇ ਸੇਵਾਦਾਰੀ ਕਰ ਰਹੇ ਸਨ। ਵੱਡੀ ਗੱਲ ਇਹ ਕਿ ਸਾਡੀਆਂ ਮਾਵਾਂ, ਭੈਣਾਂ ਤੇ ਧੀਆਂ ਵੀ ਗਰਮੀ-ਸਰਦੀ ਦੀ ਪ੍ਰਵਾਹ ਨਾ ਕਰਦਿਆਂ ਆਪਣੇ ਪਰਿਵਾਰਾਂ ਦੀ ਸਹਿਮਤੀ ਨਾਲ ਓਪਰੀ ਤੇ ਔਝੜ ਧਰਤੀ ਉੱਤੇ ਡੇਰੇ ਲਾਈ ਬੈਠੀਆਂ ਸਨ। ਮੈਨੂੰ ਉਨ੍ਹਾਂ ਦੇ ਦਮ-ਖਮ ਦੀ ਖਬਰ ਮੀਡੀਆਂ ਤੋਂ ਬਿਨਾ ਮੇਰੇ ਨੌਜਵਾਨ ਰਿਸ਼ਤੇਦਾਰਾਂ ਤੋਂ ਮਿਲਦੀ ਰਹੀ ਹੈ, ਜਿਹੜੇ ਕਿਸਾਨਾਂ ਨੂੰ ਰਸਦ-ਪਾਣੀ ਪਹੁੰਚਾਉਂਦੇ ਰਹੇ ਹਨ। ਮੇਰਾ ਭਤੀਜਾ ਰਿਚੀ ਉਨ੍ਹਾਂ ਵਿਚੋਂ ਇਕ ਹੈ, ਜਿਹੜਾ ਆਪਣੇ ਪਰਿਵਾਰ ਸਮੇਤ ਉਥੇ 20-25 ਚੱਕਰ ਲਾ ਚੁੱਕਿਆ ਹੈ। ਟਿਕਰੀ ਬਾਰਡਰ ਉੱਤੇ ਖਾਸ ਕਰਕੇ। ਏਥੇ ਰਿਚੀ ਜੋੜੀ ਦਾ ਅਮਰੀਕਾ ਵਾਸੀ ਰਿਸ਼ਤੇਦਾਰ ਸਵੈਮਾਨ ਸਿੰਘ ਪੱਖੋਕੇ ਬਾਬਾ ਨਾਨਕ ਦੀ ਪ੍ਰੇਰਨਾ ਸਦਕਾ ਆਪਣੀ 'ਫਾਈਵ ਰੀਵਰਜ਼ ਹਾਰਟ ਐਸੋਸੀਏਸ਼ਨ' ਵਲੋਂ ਮੋਦੀਖਾਨਾ ਚਲਾ ਰਿਹਾ ਹੈ, ਜਿਸ ਦਾ ਲਾਭ ਕਿਸਾਨ ਲੈ ਰਹੇ ਹਨ। ਉਸ ਨੇ ਕਿਸਾਨਾਂ ਲਈ 2200 ਆਰਜ਼ੀ ਟਿਕਾਣੇ ਵੀ ਉਧਾਰ ਛੱਡੇ ਹਨ ਤਾਂ ਕਿ ਉਨ੍ਹਾਂ ਦਾ ਮਾੜੇ ਮੌਸਮ ਤੋਂ ਬਚਾਅ ਹੋ ਸਕੇ। ਸਵੈਮਾਨ ਸਿੰਘ ਦਿਲ ਦੇ ਰੋਗਾਂ ਦਾ ਮਾਹਿਰ ਹੈ ਤੇ ਵੱਡੇ ਦਿਆਲੂ ਵਜੋਂ ਜਾਣਿਆ ਜਾਂਦਾ ਹੈ।

ਮੈਨੂੰ ਕੇਂਦਰ ਦੀ ਸਰਕਾਰ ਵਲੋਂ ਤਿੰਨ ਕਾਲੇ ਕਾਨੂੰਨ ਰੱਦ ਕਰਨ ਵਾਲੇ ਐਲਾਨ ਦੀ ਸੂਹ ਵੀ ਰਿਚੀ ਦੀ ਜੀਵਨ ਸਾਥਣ ਜਸਦੀਪ ਨੇ ਦਿੱਤੀ। ਇਹ ਜੋੜੀ ਆਪਣੀ ਬੇਟੀ ਮਿਹਰ ਤੇ ਬੇਟੇ ਉਦੈ ਸਮੇਤ ਇਸ ਐਲਾਨ ਤੋਂ ਪਹਿਲੀ ਸ਼ਾਮ ਟਿਕਰੀ ਬਾਰਡਰ ਤੋਂ ਹੋ ਕੇ ਆਈ ਸੀ।

ਕੇਂਦਰ ਸਰਕਾਰ ਦੇ ਗੋਡੇ ਲੱਗਣ ਵਾਲੀ ਖਬਰ ਦੀ ਖੁਸ਼ੀ ਸਾਂਝੀ ਕਰਨ ਵਾਲਿਆਂ ਵਿਚ ਮੇਰੇ ਵਿਦੇਸ਼ਾਂ 'ਚ ਬੈਠੇ ਸਬੰਧੀਆਂ ਵਿਚੋਂ ਮੈਨੂੰ ਬ੍ਰਿਟਿਸ਼ ਕੋਲੰਬੀਆ ਦੀ ਪਾਰਲੀਮੈਂਟਰੀ ਸੈਕਟਰੀ ਰਚਨਾ ਸਿੰਘ ਦੀ ਫੋਨ ਕਾਲ ਤੇ ਜਰਮਨੀ ਰਹਿ ਰਹੇ ਲਵਲੀ ਭੰਗੂ ਤੇ ਮੋਟੀ ਭੰਗੂ ਦੀ ਵੀਡੀਓ ਨੇ ਨਿੱਜੀ ਹੁਲਾਰਾ ਦਿੱਤਾ। ਰਚਨਾ ਸਿੰਘ ਮੇਰੇ ਮਿੱਤਰ ਰਘਬੀਰ ਸਿੰਘ ਸਿਰਜਣਾ ਦੀ ਬੇਟੀ ਹੈ ਤੇ ਭੰਗੂ ਬਰਦਰਜ਼ ਮੇਰੇ ਹਮ ਉਮਰ ਮਾਮੇ ਸਵਰਨ ਸਿੰਘ ਭੰਗੂ ਦੇ ਬੇਟੇ। ਉਨ੍ਹਾਂ ਵਲੋਂ ਭੇਜੇ ਵੀਡੀਓ ਗੀਤ ਦੇ ਕੁਝ ਬੰਦ ਮੈਂ ਨਿੱਕ-ਸੁੱਕ ਦੇ ਪਾਠਕਾਂ ਨਾਲ ਸਾਂਝੇ ਕਰਨਾ ਚਾਹਾਂਗਾ। ਪੜ੍ਹੋ ਅੰਤਿਕਾ।

**ਅੰਤਿਕਾ**

ਭੰਗੂ ਬਰਦਰਜ਼ ਹੈਮਬਰਗ
ਜੱਟ ਜੰਮਦੇ ਮਿੱਟੀ ਦਾ ਲਾ ਬਾਣਾ ਪਾ ਕੇ
ਲੋਕਾਂ 'ਚ ਅਨਾਜ ਵੰਡਦੇ
ਜੱਟ ਜੰਮਦੇ...
ਪੁੱਤ ਬੌਲਦ, ਜ਼ਮੀਨਾਂ ਮਾਵਾਂ,
ਰੁੱਤਾਂ ਤੋਂ ਨਾ ਹਾਰ ਮੰਨਦੇ,
ਜੱਟ ਜੰਮਦੇ...।
ਚੌੜੇ ਦਿਲ ਤੇ ਖੁੱਲ੍ਹੀਆਂ ਸੋਚਾਂ,
ਛੋਟੀ ਨਹੀਂ ਗੱਲ ਕਰਦੇ,
ਜੱਟ ਜੰਮਦੇ...।
ਕੁੱਖ ਜੱਟੀ ਦੀ ਸ਼ੇਰਨੀ ਵਰਗੀ,
ਸ਼ੀਂਹ ਪੁੱਤ ਪੈਦਾ ਕਰਦੀ,
ਜੱਟ ਜੰਮਦੇ...।
ਵਿਚ ਧਰਤੀ ਜੜ੍ਹਾਂ ਨੇ ਗੱਡੀਆਂ,
ਅੰਬਰੀਂ ਉਡਾਰੀ ਮਾਰਦੇ,
**ਜੱਟ ਜੰਮਦੇ...।**

# ਭਾਜਪਾ ਆਪਣਾ ਅਕਸ ਬਦਲਣ ਵਿਚ ਨਾਕਾਮ

ਰਾਧਿਕਾ ਰਾਮਾਸੇਸ਼ਨ

ਭਾਜਪਾ ਦੇ ਚੋਣ ਮਨੋਰਥ ਪੱਤਰ ਕਿਸਾਨਾਂ ਲਈ ਵਾਅਦਿਆਂ ਅਤੇ ਪ੍ਰੋਗਰਾਮਾਂ ਨਾਲ ਭਰੇ ਪਏ ਹਨ। 2019 ਵਾਲੇ ਚੋਣ ਮਨੋਰਥ ਪੱਤਰ ਦੀ ਭੂਮਿਕਾ ਵਿਚ ਕੌਮੀ ਸੁਰੱਖਿਆ ਅਤੇ ਰਾਸ਼ਟਰਵਾਦ ਦੀ ਸ਼ੁਰੂਆਤ ਤੋਂ ਬਾਅਦ ਸਿੱਧਾ ਖੇਤੀਬਾੜੀ ਅਤੇ ਕਿਸਾਨੀ ਦੀ ਗੱਲ ਹੈ। ਇਸ ਤੋਂ ਇਸ ਖੇਤਰ ਦਾ ਚੁਣਾਵੀ ਮਹੱਤਵ ਉਜਾਗਰ ਹੁੰਦਾ ਹੈ। ਇਸ ਵਿਚ ਕਈ ਕਿਸਮ ਦੀਆਂ ਜ਼ਾਮਨੀਆਂ ਦਿੱਤੀਆਂ ਗਈਆਂ ਹਨ: '2022 ਤੱਕ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਮਿਸ਼ਨ, ਛੋਟੇ ਤੇ ਬਹੁਤ ਛੋਟੇ ਕਿਸਾਨਾਂ ਨੂੰ ਸਾਲ ਵਿਚ ਤਿੰਨ ਕਿਸ਼ਤਾਂ ਵਿਚ 6000 ਰੁਪਏ ਦੀ ਰਾਸ਼ੀ, ਪੈਨਸ਼ਨ ਤੇ ਸਮਾਜਿਕ ਸੁਰੱਖਿਆ ਵੰਡਣੀ, ਖੇਤੀਬਾੜੀ ਦਿਹਾਤੀ ਖੇਤਰ, ਬੀਮਾ ਸਕੀਮਾਂ ਅਤੇ ਨਿਰਮਾਣ ਕਾਰਜਾਂ ਵਿਚ 25 ਲੱਖ ਕਰੋੜ ਰੁਪਏ ਦਾ ਨਿਵੇਸ਼।'

ਅਗਲੇ ਸਾਲ ਦੇ ਸ਼ੁਰੂ ਵਿਚ ਜਿਨ੍ਹਾਂ ਪੰਜ ਰਾਜਾਂ ਦਾ ਚੋਣ ਦੰਗਲ ਹੋਣਾ ਹੈ, ਉਸ ਦਾ ਮੁੱਖ ਅਖਾੜਾ ਉੱਤਰ ਪ੍ਰਦੇਸ਼ ਹੈ ਜਿੱਥੇ ਮਨਮੋਹਕ ਵਾਅਦੇ ਕੀਤੇ ਗਏ ਸਨ: 'ਖੇਤੀਬਾੜੀ ਦੇ ਸਾਰੇ ਕਰਜ਼ੇ ਮੁਆਫ ਕੀਤੇ ਜਾਣਗੇ ਅਤੇ ਅੱਗੇ ਤੋਂ ਜ਼ੀਰੋ ਫ਼ੀਸਦ ਵਿਆਜ ਤੇ ਕਰਜ਼ੇ ਦਿੱਤੇ ਜਾਣਗੇ ਤੇ ਖੇਤੀਬਾੜੀ ਵਿਚ 150 ਕਰੋੜ ਰੁਪਏ ਦਾ ਨਿਵੇਸ਼ ਕੀਤਾ ਜਾਵੇਗਾ।' ਤਿੰਨ ਖੇਤੀਬਾੜੀ ਕਾਨੂੰਨ ਖ਼ਤਮ ਹੋਣ ਤੋਂ ਬਾਅਦ ਵੀ ਕਿਸਾਨਾਂ ਦੀ ਸਭ ਤੋਂ ਵੱਡੀ ਮੰਗ, ਭਾਵ ਮੁੱਖ ਫ਼ਸਲਾਂ ਤੇ ਘੱਟੋ-ਘੱਟ ਸਮਰਥਨ ਮੁੱਲ (ਐੱਮ.ਐੱਸ.ਪੀ.) ਨੂੰ ਕਾਨੂੰਨੀ ਮਾਨਤਾ ਦਿਵਾਉਣ ਬਾਰੇ ਅਜੇ ਤੱਕ ਇਕ ਸ਼ਬਦ ਨਹੀਂ ਬੋਲਿਆ ਗਿਆ।

ਕਈ ਦਹਾਕਿਆਂ ਤੋਂ ਭਾਜਪਾ ਵਪਾਰੀਆਂ ਅਤੇ ਕਾਰੋਬਾਰੀਆਂ ਦੀ ਪਾਰਟੀ ਅਖਵਾਉਣ ਤੋਂ ਬਚਣ ਦੀ ਕੋਸ਼ਿਸ਼ ਕਰ ਰਹੀ ਹੈ। ਪਾਰਟੀ ਇਸ ਵਰਗੀਕਰਨ ਤੋਂ ਪਾਰ ਜਾ ਸਕਣ ਵਿਚ ਅਸਮਰੱਥ ਰਹੀ ਹੈ। ਸੁਲਤਾਨਪੁਰ ਤੋਂ ਭਾਜਪਾ ਦੇ ਸੰਸਦ ਮੈਂਬਰ ਵਰੁਣ ਗਾਂਧੀ ਕਿਸਾਨ ਅੰਦੋਲਨ ਤੇ ਕਿਸਾਨਾਂ ਦੀਆਂ ਮੰਗਾਂ ਦਾ ਸਮਰਥਨ ਕਰਦੇ ਰਹੇ ਹਨ ਅਤੇ ਲਗਾਤਾਰ ਇਹ ਮੁੱਦਾ ਉਠਾ ਰਹੇ ਹਨ ਜੋ ਉੱਤਰ ਪ੍ਰਦੇਸ਼ ਵਿਚ ਚਿੰਤਾ ਦਾ ਮੁੱਖ ਵਿਸ਼ਾ ਬਣਿਆ ਹੋਇਆ ਹੈ, ਕਿਉਂਕਿ ਸੂਬੇ ਦੇ ਕਿਸਾਨਾਂ ਨੇ ਕੇਂਦਰ ਦੇ ਸੁਧਾਰਾਂ ਦੇ ਏਜੰਡੇ ਪ੍ਰਤੀ ਪੰਜਾਬ ਤੇ ਹਰਿਆਣਾ ਦੇ ਕਿਸਾਨਾਂ ਦੇ ਸੱਦੇ ਨੂੰ ਭਰਵਾਂ ਹੁੰਗਾਰਾ ਭਰਿਆ ਹੈ ਹਾਲਾਂਕਿ ਉਨ੍ਹਾਂ ਦਾ ਵਿਰੋਧ ਮੁੱਖ ਤੌਰ 'ਤੇ ਇਸ ਗੱਲੋਂ ਪੈਦਾ ਹੋਇਆ ਸੀ ਕਿ ਸੂਬਾ ਸਰਕਾਰ ਗੰਨੇ ਦਾ ਐਸ.ਏ.ਪੀ. (ਸਟੇਟ ਅਡਵਾਈਜ਼ਰੀ ਪ੍ਰਾਈਸ) ਦੇਣ ਵਿਚ ਟਾਲਮਟੋਲ ਕਰ ਰਹੀ ਸੀ। ਪੱਛਮੀ ਉੱਤਰ ਪ੍ਰਦੇਸ਼ ਦੀ ਜਾਟ ਪੱਟੀ ਤੋਂ ਪਰੇ ਸੂਬੇ ਦੇ ਬਹੁਤ ਵੱਡੇ ਰਕਬੇ ਵਿਚ ਗੰਨਾ ਬੀਜਿਆ ਜਾਂਦਾ ਹੈ ਕਿਉਂਕਿ ਇਹ ਲਾਹੇਵੰਦ ਫ਼ਸਲ ਗਿਣੀ ਜਾਂਦੀ ਹੈ ਤੇ ਇਸ ਤੋਂ ਬਹੁਤ ਸਾਰੇ ਉਤਪਾਦ ਤਿਆਰ ਕੀਤੇ ਜਾਂਦੇ ਹਨ।



ਉੱਤਰ ਪ੍ਰਦੇਸ਼ ਵਿਚ ਗੰਨੇ ਦਾ ਭਾਅ ਦੇ ਢਾਂਚੇ ਦਾ ਸੰਚਾਲਨ ਐਸ.ਏ.ਪੀ. ਕਰਦੀ ਹੈ। ਇਹ ਭਾਅ ਸੂਬਾ ਸਰਕਾਰ ਤੈਅ ਕਰਦੀ ਹੈ। ਹਰ ਸਰਕਾਰ ਐਸ.ਏ.ਪੀ. ਤੈਅ ਕਰਨ ਲੱਗਿਆਂ ਜ਼ਾਹਰਾ ਤੌਰ ਤੇ ਸਿਰਫ਼ ਉਤਪਾਦਕਾਂ ਦੇ ਹੀ ਨਹੀਂ ਸਗੋਂ ਇਸ ਉਦਯੋਗ ਨਾਲ ਜੁੜੀਆਂ ਸਾਰੀਆਂ ਧਿਰਾਂ ਦੇ ਹਿੱਤਾਂ ਨੂੰ ਧਿਆਨ ਵਿਚ ਰੱਖਦੀ ਰਹੀ ਹੈ ਜਿਸ ਕਰ ਕੇ ਕਿਸਾਨ ਮਹਿਸੂਸ ਕਰਦੇ ਰਹੇ ਹਨ ਕਿ ਉਨ੍ਹਾਂ ਦੇ ਹਿੱਤਾਂ ਦੀ ਸਰਕਾਰ ਤੇ ਮੰਡੀ ਵਲੋਂ ਅਣਦੇਖੀ ਕੀਤੀ ਜਾ ਰਹੀ ਹੈ। ਯੋਗੀ ਸਰਕਾਰ ਵੀ ਇਸ ਮਾਮਲੇ ਵਿਚ ਕੋਈ ਅਪਵਾਦ ਨਹੀਂ ਹੈ। ਇਸ ਸਰਕਾਰ ਨੇ ਅਕਤੂਬਰ 2017 ਵਿਚ ਸਥਾਨਕ ਸੰਸਥਾਵਾਂ ਦੀਆਂ ਚੋਣਾਂ ਤੋਂ ਪਹਿਲਾਂ ਐੱਸਏਪੀ ਵਿਚ 10 ਰੁਪਏ ਫ਼ੀ ਕੁਇੰਟਲ ਵਾਧਾ ਕੀਤਾ ਸੀ। ਉੱਤਰ ਪ੍ਰਦੇਸ਼ ਵਿਚ ਗੰਨੇ ਦੀ ਕੀਮਤ 315 ਰੁਪਏ ਫੀ ਕੁਇੰਟਲ ਸੀ ਜਦਕਿ ਪੰਜਾਬ ਵਿਚ ਇਹ 360 ਰੁਪਏ ਫ਼ੀ ਕੁਇੰਟਲ ਕਰ ਦਿੱਤੀ ਗਈ। ਇਸ ਕਰ ਕੇ ਕਾਫ਼ੀ ਸੋਚ ਵਿਚਾਰ ਤੋਂ ਬਾਅਦ ਐਸ.ਏ.ਪੀ. ਵਿਚ 25 ਰੁਪਏ ਫੀ ਕੁਇੰਟਲ ਦਾ ਵਾਧਾ ਕਰ ਦਿੱਤਾ ਗਿਆ। ਇਹ ਵਾਧਾ ਸੰਯੁਕਤ ਕਿਸਾਨ ਮੋਰਚੇ ਵਲੋਂ ਦਿੱਤੇ 'ਭਾਰਤ ਬੰਦ' ਦੇ ਸੱਦੇ ਤੋਂ ਇਕ ਦਿਨ ਪਹਿਲਾਂ ਕੀਤਾ ਗਿਆ ਸੀ।

ਜੇ ਐਸ.ਏ.ਪੀ. ਕਿਸਾਨਾਂ ਦੀ ਬੇਚੈਨੀ ਦਾ ਇਕ ਪਹਿਲੂ ਹੈ ਤਾਂ ਦੂਜਾ ਮੁੱਦਾ ਐਮ.ਐਸ.ਪੀ. ਦੀ ਕਾਨੂੰਨੀ ਜ਼ਾਮਨੀ ਦੀ ਅਣਹੋਂਦ ਹੈ ਜਿਸ ਕਰ ਕੇ ਨਾ ਕੇਵਲ ਵੱਡੇ ਕਿਸਾਨ ਸਗੋਂ ਛੋਟੇ ਤੇ ਬਿਲਕੁਲ ਛੋਟੇ ਕਿਸਾਨਾਂ ਨੂੰ ਵੀ ਖੁੱਲ੍ਹੀ ਮੰਡੀ ਵਿਚ ਵਪਾਰੀਆਂ ਦੀਆਂ ਮਨਮਰਜ਼ੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਦਿਹਾਤੀ ਖੇਤਰਾਂ ਵਿਚ ਫ਼ਸਲਾਂ ਦੀ ਰਾਖਵੀਂ ਜਾਂ ਆਧਾਰ ਕੀਮਤ ਨੂੰ ਕਾਨੂੰਨੀ ਜਾਮਾ ਪਹਿਨਾਉਣ ਦੀ ਮੰਗ ਜ਼ੋਰ ਫੜ ਗਈ ਹੈ ਜੋ ਹਰ ਖਰੀਦਦਾਰ ਤੇ ਲਾਗੂ ਹੋਵੇ। ਖੁੱਲ੍ਹੀ ਮੰਡੀ ਮਿੱਥੇ ਗਏ ਘੱਟੋ-ਘੱਟ ਸਮਰਥਨ ਮੁੱਲ ਤੇ ਫ਼ਸਲ ਖਰੀਦਣ ਲਈ ਤਿਆਰ ਨਹੀਂ ਹੈ ਜਦਕਿ ਸਰਕਾਰੀ ਮੰਡੀਆਂ ਵਿਚ ਥੋੜ੍ਹੀ ਤਾਦਾਦ ਵਿਚ ਹੀ ਇਸ ਭਾਅ ਤੇ ਫ਼ਸਲ ਖਰੀਦਦੀ ਹੈ। ਜਦੋਂ ਕਿਸਾਨ ਇਹ ਗਿਲਾ ਕਰਦੇ ਹਨ ਕਿ ਉਨ੍ਹਾਂ ਲਈ ਖੇਤੀਬਾੜੀ ਲਾਹੇਵੰਦ ਨਹੀਂ ਰਹਿ ਗਈ ਤਾਂ ਉਨ੍ਹਾਂ ਦੀ ਗੱਲ ਵਿਚ ਵਜ਼ਨ ਹੁੰਦਾ ਹੈ: ਇਸ ਸਾਲ ਸੰਸਾਰ ਕੀਮਤਾਂ ਵਿਚ ਇਜ਼ਾਫ਼ਾ ਹੋਣ ਅਤੇ ਸਰਕਾਰ ਵੱਲੋਂ ਸਮੇਂ ਸਿਰ ਖਾਦਾਂ ਦਰਾਮਦ ਨਾ ਕਰਨ ਕਰ ਕੇ ਡੀ.ਏ.ਪੀ. ਤੇ ਯੂਰੀਆ ਖਾਦਾਂ ਦੀ ਸਪਲਾਈ ਨਾ ਹੋਣ ਕਰ ਕੇ ਕਿਸਾਨਾਂ ਨੂੰ ਬਲੈਕ ਮਾਰਕੀਟ ਵਿਚੋਂ ਖਰੀਦਣੀ ਪਈ। ਇਸ ਪ੍ਰਸੰਗ ਵਿਚ ਬਰਤਾਨੀਆ ਦੀ ਔਕਸਫੋਰਡ ਬਰੁਕਸ ਬਿਜ਼ਨਸ ਸਕੂਲ ਦੇ ਪ੍ਰੋਫੈਸਰ ਪ੍ਰੀਤਮ ਸਿੰਘ ਨੇ ਲਿਖਿਆ ਸੀ: ਰਣਨੀਤਕ ਕਾਰਨਾਂ ਕਰ ਕੇ ਭਾਵੇਂ ਐਮ.ਐਸ.ਪੀ. ਨੂੰ ਆਰਜ਼ੀ ਤੌਰ ਤੇ ਨਾ ਵੀ ਛੱਡਿਆ ਜਾਵੇ ਤਾਂ ਵੀ ਇਹ ਗੱਲ ਧਿਆਨ ਵਿਚ ਰੱਖੀ ਜਾਣੀ ਚਾਹੀਦੀ ਹੈ ਕਿ ਐਮ.ਐਸ.ਪੀ. ਦਾ ਇਸਤੇਮਾਲ ਉਸ ਹੱਦ ਤੱਕ ਹੀ ਕੀਤਾ ਜਾਵੇਗਾ ਜਿਸ ਨਾਲ ਸਰਕਾਰ ਵਲੋਂ ਤੈਅਸ਼ੁਦਾ ਖਰੀਦ ਦੇ ਟੀਚੇ ਪੂਰੇ ਹੁੰਦੇ ਹੋਣ। ਜਦੋਂ ਇਹ ਟੀਚੇ ਪੂਰੇ ਹੋ ਜਾਣਗੇ ਤਾਂ ਸਰਕਾਰ ਲਈ ਹੋਰ ਖਰੀਦ ਕਰਨ ਦੀ ਕੋਈ ਜ਼ਰੂਰਤ ਨਹੀਂ ਰਹੇਗੀ। ਇਹ ਸਹਾਇਕ ਢਾਂਚਾ ਖ਼ਤਮ ਹੋਣ ਤੋਂ ਬਾਅਦ ਕਿਸਾਨ ਮੰਡੀ ਵਿਚ ਆਉਂਦੇ ਉਤਰਾਅ ਚੜ੍ਹਾਅ ਦਾ ਸ਼ਿਕਾਰ ਬਣਦੇ ਹਨ ਤਾਂ ਕਿ ਉਨ੍ਹਾਂ ਨੂੰ ਆਪਣੀ ਫ਼ਸਲ ਘੱਟ ਮੁੱਲ ਤੇ ਵੇਚਣ ਲਈ ਮਜਬੂਰ ਕੀਤਾ ਜਾ ਸਕੇ।' ਉਨ੍ਹਾਂ ਦੀ ਇਹ ਪੇਸ਼ੀਨਗੋਈ ਦਿਹਾਤੀ ਖੇਤਰਾਂ ਵਿਚ ਸਾਫ਼ ਨਜ਼ਰ ਆ ਰਹੀ ਹੈ।

ਮੁਸ਼ਕਿਲ ਇਹ ਹੈ ਕਿ ਭਾਜਪਾ ਨੇ ਕਦਮ ਕਦਮ ਤੇ ਕਿਸਾਨਾਂ ਨਾਲ ਬਣਾਈ ਸਮਝ ਨਾਲ ਧ੍ਰੋਹ ਕੀਤਾ ਹੈ। ਹਾਲ ਹੀ ਵਿਚ ਹੋਈ ਇਸ ਦੀ ਕੌਮੀ ਕਾਰਜਕਾਰਨੀ ਦੀ ਮੀਟਿੰਗ ਵਿਚ ਪਾਸ ਕੀਤੇ ਸਿਆਸੀ ਮਤੇ ਵਿਚ ਖੇਤੀ ਕਾਨੂੰਨਾਂ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ। ਹਾਲਾਂਕਿ ਕੁਝ ਹਲਕਿਆਂ ਵੱਲੋਂ ਇਸ ਸੰਬੰਧ ਵਿਚ ਵਰਤੀ ਚੁੱਪ ਨੂੰ ਗੰਭੀਰ ਪੁਨਰਵਿਚਾਰ (ਜਿਸ ਤੋਂ ਕੁਝ ਦੇਰ ਬਾਅਦ ਹੀ ਤਿੰਨ ਕਾਨੂੰਨ ਵਾਪਸ ਲੈਣ ਦਾ ਐਲਾਨ ਆਇਆ ਹੈ) ਦੇ ਤੌਰ ਤੇ ਦੇਖਿਆ ਗਿਆ ਸੀ। ਫਰਵਰੀ 2021 ਵਿਚ ਪਾਰਟੀ ਦੇ ਮੁੱਖ ਅਹਿਲਕਾਰਾਂ ਦੀ ਮੀਟਿੰਗ ਵਿਚ ਪ੍ਰਧਾਨ ਮੰਤਰੀ ਮੋਦੀ ਦੀ ਇਸ ਗੱਲ ਤੋਂ ਸਿਫ਼ਤ ਕੀਤੀ ਗਈ ਸੀ ਕਿ ਉਨ੍ਹਾਂ ਵੱਲੋਂ ਕ੍ਰਾਂਤੀਕਾਰੀ ਸੁਧਾਰ ਲਿਆਂਦੇ ਗਏ ਹਨ ਤੇ ਕੀ ਹੁਣ ਪਾਰਟੀ ਲੀਡਰਸ਼ਿਪ ਲਈ ਇਹ ਸੰਭਵ ਸੀ ਕਿ ਉਹ ਲਿਖਤੀ ਰੂਪ ਵਿਚ ਇਸ ਤੋਂ ਉਲਟ ਮੋੜ ਕੱਟ ਸਕੇ। ਤਿੰਨ ਖੇਤੀ ਕਾਨੂੰਨਾਂ ਦੀ ਤੁਲਨਾ ਪੀਵੀ ਨਰਸਿਮ੍ਹਾ ਰਾਓ ਦੇ ਸ਼ੁਰੂ ਕੀਤੇ ਆਰਥਿਕ ਸੁਧਾਰਾਂ ਨਾਲ ਕੀਤੀ ਜਾ ਰਹੀ ਸੀ ਜਿਸ ਨੂੰ ਲੈ ਕੇ ਕਾਂਗਰਸ ਅੰਦਰ ਮੱਤਭੇਦ ਅਤੇ ਦੂਜੀਆਂ ਪਾਰਟੀਆਂ ਵੱਲੋਂ ਵਿਰੋਧ ਕੀਤਾ ਜਾ ਰਿਹਾ ਸੀ।


ਕੇਂਦਰ ਦੀ ਭਾਜਪਾ ਸਰਕਾਰ ਅਤੇ ਸੂਬਿਆਂ ਨੇ ਕਿਸਾਨਾਂ ਦੀ ਗੱਲ ਅਣਸੁਣੀ ਕਰ ਕੇ ਉਨ੍ਹਾਂ ਦੇ ਅੰਦੋਲਨ ਨੂੰ ਅਮਨ ਕਾਨੂੰਨ ਦਾ ਮੁੱਦਾ ਬਣਾ ਕੇ ਪੇਸ਼ ਕੀਤਾ। ਇਹ ਕੋਈ ਨਵਾਂ ਵਰਤਾਰਾ ਨਹੀਂ ਹੈ। ਰਾਜਸਥਾਨ ਵਿਚ ਜਦੋਂ ਵਸੁੰਧਰਾ ਰਾਜੇ ਮੁੱਖ ਮੰਤਰੀ ਸਨ ਤਾਂ ਕਿਸਾਨਾਂ ਤੇ ਦਰਜਨਾਂ ਵਾਰ ਪੁਲਿਸ ਗੋਲੀ ਦੀਆਂ ਘਟਨਾਵਾਂ ਵਾਪਰੀਆਂ ਜਿਨ੍ਹਾਂ ਵਿਚ 2005 ਵਿਚ ਸੋਇਲਾ ਪਿੰਡ (ਟੌਂਕ ਜ਼ਿਲ੍ਹਾ) ਵਿਚ ਹੋਈ ਪੁਲਿਸ ਫਾਇਰਿੰਗ ਵਿਚ ਪੰਜ ਕਿਸਾਨ ਮਾਰੇ ਗਏ ਸਨ। ਮੱਧ ਪ੍ਰਦੇਸ਼ ਵਿਚ ਸ਼ਿਵਰਾਜ ਸਿੰਘ ਚੌਹਾਨ ਸਰਕਾਰ ਵੇਲੇ 2017 ਵਿਚ ਮੰਦਸੌਰ ਵਿਚ ਪੁਲਿਸ ਫਾਇਰਿੰਗ ਵਿਚ ਕਈ ਕਿਸਾਨ ਮਾਰੇ ਗਏ ਸਨ। ਕਰਨਾਟਕ ਵਿਚ ਬੀ.ਐਸ. ਯੇਡੀਯੁਰੱਪਾ ਨੂੰ ਭਾਜਪਾ ਵੱਲੋਂ ਕਿਸਾਨ ਹਿਤੈਸ਼ੀ ਆਗੂ ਦੇ ਤੌਰ ਤੇ ਉਭਾਰਿਆ ਜਾਂਦਾ ਰਿਹਾ ਹੈ ਪਰ ਜਦੋਂ ਉਹ ਪਹਿਲੀ ਵਾਰ ਮੁੱਖ ਮੰਤਰੀ ਬਣੇ ਤਾਂ 2008 ਵਿਚ ਉਨ੍ਹਾਂ ਦੇ ਰਾਜ ਕਾਲ ਦੌਰਾਨ ਖਾਦ ਦੀ ਕਿੱਲਤ ਨੂੰ ਲੈ ਕੇ ਹੋਏ ਮੁਜ਼ਾਹਰੇ ਤੇ ਹੋਈ ਪੁਲਿਸ ਫਾਇਰਿੰਗ ਵਿਚ ਕਿਸਾਨ ਦੀ ਮੌਤ ਹੋ ਗਈ ਸੀ। ਕੀ ਇਕ ਕੇਂਦਰੀ ਮੰਤਰੀ ਦੇ ਪੁੱਤਰ ਅਸ਼ੀਸ਼ ਮਿਸ਼ਰਾ ਜਿੰਨਾ ਦੁਸਾਹਸ ਦਿਖਾ ਸਕਦਾ ਹੈ ਕਿ ਉੱਤਰ ਪ੍ਰਦੇਸ਼ ਦੇ ਲਖੀਮਪੁਰ ਖੀਰੀ ਵਿਚ ਪ੍ਰਦਰਸ਼ਨ ਤੋਂ ਬਾਅਦ ਪਰਤ ਰਹੇ ਕਿਸਾਨਾਂ ਨੂੰ ਆਪਣੀਆਂ ਗੱਡੀਆਂ ਹੇਠ ਦਰੜ ਕੇ ਮਾਰ ਦੇਵੇ? ਉਸ ਦਾ ਪਿਓ ਅਜੇ ਮਿਸ਼ਰਾ ਟੇਨੀ ਅਜੇ ਵੀ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਜੂਨੀਅਰ ਮੰਤਰੀ ਬਣਿਆ ਹੋਇਆ ਹੈ ਅਤੇ ਇਸ ਗੱਲ ਦੀ ਪੂਰੀ ਸੰਭਾਵਨਾ ਹੈ ਕਿ ਉਹ ਚੋਣਾਂ ਵਿਚ ਪ੍ਰਚਾਰ ਵੀ ਕਰੇਗਾ।

ਭਾਰਤੀ ਜਨਤਾ ਪਾਰਟੀ ਕਈ ਦਹਾਕਿਆਂ ਤੋਂ ਕਾਫੀ ਤਰੱਦਦ ਕਰਦੀ ਰਹੀ ਹੈ ਕਿ ਉਸ ਨੂੰ ਵਪਾਰੀਆਂ ਅਤੇ ਕਾਰੋਬਾਰੀਆਂ ਦੀ ਪਾਰਟੀ ਨਾ ਆਖਿਆ ਜਾਵੇ ਪਰ ਜੋ ਘਟਨਾਵਾਂ ਵਾਪਰੀਆਂ ਹਨ ਉਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਪਾਰਟੀ ਇਸ ਵਰਗੀਕਰਨ ਨੂੰ ਤੋੜ ਕੇ ਨਿਕਲ ਨਹੀਂ ਸਕੀ।

ਕਹਾਣੀ

# ਗੋਰਾ ਬਾਸ਼ਾ

***ਪੰਜਾਬੀ ਦੇ ਉਮਦਾ ਕਹਾਣੀਕਾਰ ਕਹਾਣੀਕਾਰ ਮੋਹਨ ਭੰਡਾਰੀ 26 ਨਵੰਬਰ 2021 ਨੂੰ ਇਸ ਸੰਸਾਰ ਤੋਂ ਰੁਖਸਤ ਹੋ ਗਏ। ਉਨ੍ਹਾਂ ਦਾ ਜਨਮ 14 ਫਰਵਰੀ 1937 ਨੂੰ ਹੋਇਆ ਸੀ। ਉਨ੍ਹਾਂ ਪੰਜਾਬੀ ਸਾਹਿਤ ਨੂੰ ਬੜੀਆਂ ਜਾਨਦਾਰ ਕਹਾਣੀਆਂ ਦਿੱਤੀਆਂ। ਉਨ੍ਹਾਂ ਦੀਆਂ ਰਚਨਾਵਾਂ ਦੀਆਂ ਡੂੰਘੀਆਂ ਰਮਜ਼ਾਂ ਅਸਲ ਵਿਚ ਧੜਕਦੀ ਜ਼ਿੰਦਗੀ ਦਾ ਸਿਰਨਾਵਾਂ ਹਨ। 'ਪੰਜਾਬ ਟਾਈਮਜ਼' ਵਿਚ ਉਨ੍ਹਾਂ ਦੀਆਂ ਕਈ ਕਹਾਣੀਆਂ ਛਪੀਆਂ। ਐਤਕੀਂ ਅਸੀਂ ਉਨ੍ਹਾਂ ਦੀ ਚਰਚਿਤ ਕਹਾਣੀ 'ਗੋਰਾ ਬਾਸ਼ਾ' ਛਾਪ ਕੇ ਉਨ੍ਹਾਂ ਨੂੰ ਯਾਦ ਕਰ ਰਹੇ ਹਾਂ। ਇਸ ਕਹਾਣੀ ਦੇ ਮੁੱਖ ਪਾਤਰ ਦੀ ਜ਼ਿੰਦਗੀ ਦੀਆਂ ਬਾਤਾਂ ਗਲੋਟੇ ਵਾਂਗ ਉਧੜਦੀਆਂ ਜਾਪਦੀਆਂ ਹਨ।***



**ਮੋਹਨ ਭੰਡਾਰੀ**

ਮੈਂ ਪਰਤਾਪ ਮਹਿਤਾ ਦੀ ਦੁਕਾਨ ਵਿਚ ਬੈਠਾ ਸਾਂ। ਤਦੇ ਇਕ ਤੇਜ਼ ਤਰਾਰ ਗੱਭਰੂ ਛੂਹਲੇ ਕਦਮੀਂ ਤੁਰਦਾ ਅੰਦਰ ਆਇਆ। ਉਹ ਲਗਭਗ ਛੱਬੀ-ਸਤਾਈ ਵਰ੍ਹਿਆਂ ਦਾ ਹੋਏਗਾ। ਗਲ ਕਾਲੇ ਰੰਗ ਦਾ ਕੁੜਤਾ। ਸਿਰ ਦੇ ਵਾਲ ਗਹਿਰੇ ਭੂਰੇ। ਬਿਖਰੇ ਤੇ ਪ੍ਰੇਸ਼ਾਨ ਜਿਹੇ। ਉਲਝੀਆਂ ਜਟੂਰੀਆਂ ਵਿਚ ਆਪਣੀਆਂ ਪਤਲੀਆਂ ਉਂਗਲਾਂ ਫੇਰਦਾ ਕੁਝ ਚਿਰ ਉਹ ਰੈਕਾਂ ਵਿਚ ਪਈਆਂ ਕਿਤਾਬਾਂ ਉੱਤੇ ਉੱਡਦੀ-ਉੱਡਦੀ ਨਜ਼ਰ ਮਾਰਦਾ ਰਿਹਾ। ਫੇਰ ਉਹ ਇਕਦਮ ਮੇਰੇ ਵੱਲ ਮੁੜਿਆ। ਮੈਂ ਰਤਾ ਕੁ ਤ੍ਰਭਕਿਆ। ਦੋ ਬਿੱਲੀਆਂ ਅੱਖਾਂ ਮੈਨੂੰ ਤਾੜ ਰਹੀਆਂ ਸਨ।

ਉਹਦੇ ਬੁੱਲ੍ਹ ਫਰਕੇ, "ਤੁਸੀਂ... ਮੋਹਨ ਭੰਡਾਰੀ?"

"ਹਾਂ ਜੀ, ਫਰਮਾਓ।" ਮੈਂ ਸੰਕੋਚ ਭਰੇ ਠਰ੍ਹੰਮੇ ਨਾਲ ਉੱਤਰ ਦਿੱਤਾ।

ਸੁਣਦਿਆਂ ਹੀ ਉਹਦੀ ਮੇਰੇ ਵੱਲ ਤਣੀ ਉਂਗਲ ਕੰਬੀ, ਢਿੱਲੀ ਹੋਈ ਅਤੇ ਕੁੰਡੀ ਬਣ ਗਈ। ਉਹ ਬੋਲਿਆ, "ਠੀਕ ਐ, ਬਾਹਰ ਚੱਲੋ। ਤੁਹਾਡੇ ਨਾਲ ਇਕ ਜ਼ਰੂਰੀ ਗੱਲ ਕਰਨੀ ਐ!" 'ਠੀਕ ਐ' ਉਹਨੇ ਇਉਂ ਆਖਿਆ ਸੀ ਜਿਵੇਂ ਕਹਿਣਾ ਚਾਹੁੰਦਾ ਹੋਵੇ, "ਬਣ ਗਿਆ ਕੰਮ!"

"ਏਥੇ ਈ ਕਰ ਲੈਂਦੇ ਆਂ ਗੱਲ, ਜਿਹੜੀ ਕਰਨੀ ਐਂ! ਤੁਸੀਂ ਤਸ਼ਰੀਫ ਰੱਖੋ।" ਮੈਂ ਕੋਲ ਪਏ ਖਾਲੀ ਬੈਂਚ ਵੱਲ ਇਸ਼ਾਰਾ ਕੀਤਾ। ਉਹ ਬੈਠਾ ਨਾ ਸਗੋਂ ਥਾਏਂ ਖੜ੍ਹੇ ਨੇ ਆਲੇ-ਦੁਆਲੇ ਨਿਗਾਹ ਮਾਰਦਿਆਂ ਦੁਕਾਨ ਦਾ ਜਾਇਜ਼ਾ ਲਿਆ। ਫੇਰ ਮਹਿਤਾ ਨੂੰ ਚੋਰ-ਅੱਖ ਨਾਲ ਦੇਖਦਾ ਕਹਿਣ ਲੱਗਿਆ, "ਏਥੇ ਨਹੀਂ, ਬਾਹਰ। ਦੋ ਜਣੇ ਹੋਰ ਨੇ ਮੇਰੇ ਨਾਲ।" ਮੁੰਡਾ ਮੈਨੂੰ ਤੱਤੀ ਅਤੇ ਕਾਹਲੀ ਤਬੀਅਤ ਦਾ ਲੱਗਿਆ।

ਉਹਨੀਂ ਦਿਨੀਂ ਸ਼ਹਿਰ ਵਿਚ ਦੋ ਪ੍ਰਸਿੱਧ ਹਸਤੀਆਂ ਦੇ ਕਤਲ ਹੋ ਚੁੱਕੇ ਸਨ ਜੋ ਅਜੇ ਤਕ ਚਰਚਾ ਦਾ ਵਿਸ਼ਾ ਬਣੇ ਹੋਏ ਸਨ। ਇਨ੍ਹਾਂ ਕਤਲਾਂ ਤੋਂ ਅਪਰਾਧ-ਬੋਧ ਵਿਚ ਆਏ ਨਵੇਂ ਪਹਿਲੂ ਦਾ ਲੋਕਾਂ ਨੂੰ ਪਤਾ ਲੱਗਿਆ। ਕਤਲ ਪੁੰਨ ਦੀ ਭਾਵਨਾ ਨਾਲ ਕੀਤੇ ਗਏ। ਨਫਾਸਤ ਅਤੇ ਕਰੀਨੇ ਨਾਲ।

ਖਬਰਾਂ ਵਿਚ ਇਕ ਹਸਤੀ ਦੇ ਕਾਤਲਾਂ ਬਾਰੇ ਮਹੱਤਵਪੂਰਨ ਟਿੱਪਣੀਆਂ ਸਨ। ਉਹ ਤਿੰਨ ਜਣੇ ਸਨ। ਤਿੰਨੇ ਪੰਝੀ-ਛੱਬੀ ਵਰ੍ਹਿਆਂ ਦੇ ਭਰਵੇਂ ਗੱਭਰੂ। ਉਹ ਛੂਹਲੇ ਕਦਮੀਂ ਤੁਰਦੇ ਹਸਤੀ ਦੀ ਕੋਠੀ ਪੁੱਜੇ। ਪੂਜਾ-ਪਾਠ ਦਾ ਵੇਲਾ ਸੀ। ਬੂਹਾ ਬੰਦ। ਉਨ੍ਹਾਂ ਨੇ ਦਸਤਕ ਦਿੱਤੀ। ਬੂਹਾ ਸਵਾਗਤੀ ਭਾਵ ਨਾਲ ਖੁੱਲ੍ਹਿਆ। ਆਉਣ ਵਾਲਿਆਂ ਨੇ ਮੰਦ-ਮੰਦ ਮੁਸਕਰਾਉਂਦਿਆਂ ਬੜੀ ਨਿਮਰਤਾ ਅਤੇ ਆਦਰ ਨਾਲ ਹਸਤੀ ਦਾ ਨਾਂ ਲੈਂਦਿਆਂ ਬਿਨੈ ਕੀਤੀ, "ਜੀ ਇਕ ਜ਼ਰੂਰੀ ਗੱਲ ਕਰਨੀ ਐਂ।" ਖੁੱਲ੍ਹ-ਦਿਲੀ ਨਾਲ ਪ੍ਰਵੇਸ਼ ਦੀ ਆਗਿਆ ਮਿਲ ਗਈ। ਉਹ ਬੜੇ ਆਰਾਮ ਨਾਲ ਕੁਰਸੀਆਂ ਉੱਤੇ ਜਾ ਬਿਰਾਜਮਾਨ ਹੋਏ। ਚਾਹ ਬਣੀ। ਚਿਰਚ-ਪਿਆਲੀਆਂ ਮੇਜ਼ ਉੱਤੇ ਰੱਖ ਦਿੱਤੀਆਂ ਗਈਆਂ। ਚਾਹ ਦੀਆਂ ਚੁਸਕੀਆਂ, ਗਿਆਨ-ਧਿਆਨ ਦੀਆਂ ਗੱਲਾਂ, ਵਿਚ-ਵਿਚ ਹਲਕੇ-ਫੁਲਕੇ ਲਤੀਫਿਆਂ ਦੀ ਚਾਸ਼ਨੀ। ਨਿੱਘੀ ਪ੍ਰਾਹੁਣਚਾਰੀ ਨਾਲ ਗਦਗਦ ਹੋਏ ਉਹ ਉੱਠੇ। ਹੱਥ ਜੁੜੇ। ਸੀਸ ਝੁਕੇ। ਹਸਤੀ ਦਾ ਸਵਾਲੀਆ ਚਿਹਰਾ ਉਤਸੁਕਤਾ ਵਿਚ ਉੱਪਰ ਨੂੰ ਹੋਇਆ, "ਬੋਲੋ?" ਉਨ੍ਹਾਂ ਵਿਚੋਂ ਕੋਈ ਨਾ ਬੋਲਿਆ। ਇਹ ਬੋਲਣ ਦਾ ਵੇਲਾ ਨਹੀਂ ਸੀ। ਬੱਸ, ਚਿਹਰੇ ਸਖਤ ਹੋ ਗਏ। ਜੁੜੇ ਹੱਥ ਥੋੜ੍ਹੇ ਜਿਹੇ ਖੁੱਲ੍ਹੇ। ਇਕ ਹੱਥ ਦੀ ਇਕ ਉਂਗਲ ਤਣੀ, ਢਿੱਲੀ ਹੋਈ ਅਤੇ ਫੇਰ ਕੁੰਡੀ ਬਣ ਗਈ। ਪਤਾ ਹੀ ਨਾ ਲੱਗਾ, ਕਦੋਂ ਦੱਬੀ ਗਈ। ਦਸੌਰੀ ਸਾਖਤ ਦਾ ਅਜ਼ਮਾਇਆ ਹੋਇਆ ਪਸਤੌਲ ਹੋਵੇ, ਫੇਰ ਉੱਕਣ ਦਾ ਕੀ ਮਤਲਬ? ਕੜਿੱਚ-ਕੜਿੱਚ... ਕਰੜ-ਕਰੜ... ਤਾੜ-ਤਾੜ... ਗੋਲੀਆਂ ਦੀ ਵਾਛੜ ਹੋ ਗਈ!

ਕੀਹਦਾ ਹੱਥ ਸੀ ਇਹ? ਕੀ ਕਹੀਏ! ਇਕ ਛਿਣ ਪਹਿਲਾਂ ਇਸ ਹੱਥ ਸਾਹਮਣੇ ਜੋ ਹਸਤੀ ਕ੍ਰਿਤਿੱਗਤਾ ਦੀ ਮੂਰਤ ਬਣੀ ਮੁਸਕਰਾ ਰਹੀ ਸੀ, ਹੁਣ ਲਹੂ ਦੇ ਛੱਪੜ ਵਿਚ ਢੇਰੀ ਹੋਈ ਪਈ ਸੀ। ਇਕ ਲਾਸ਼। ਪੂਰੀ ਨਿਹਚਾ ਨਾਲ ਦੋ ਗੋਲੀਆਂ ਹੋਰ ਮਾਰੀਆਂ ਗਈਆਂ। ਲਾਸ਼ ਦੇ ਲਾਸ਼ ਹੋਣ ਵਿਚ ਹੁਣ ਰੀਣ-ਭਰ ਸ਼ੱਕ ਨਾ ਰਿਹਾ। ਉਹ ਨਿਸਚਿੰਤ ਹੋ ਗਏ। ਫਿਰ ਕਿਸੇ ਇਕ ਜਣੇ ਦੀ ਧੁਰ ਅੰਦਰੋਂ ਦੱਬਵੀਂ ਆਵਾਜ਼ ਉੱਪਰੀ, "ਚਲੋ।"

ਇਹ ਦ੍ਰਿਸ਼ ਅੱਖ ਦੇ ਫੋਰ ਵਿਚ ਮੇਰੇ ਸਾਹਮਣੇ ਸਾਕਾਰ ਹੋਇਆ ਅਤੇ ਫਿਰ ਛਾਈਂ-ਮਾਈਂ ਹੋ ਗਿਆ।

"ਚਲੋ", ਗੱਭਰੂ ਬੋਲਿਆ ਸੀ ਜਾਂ ਮੈਂ ਆਪ? ਪਤਾ ਨਹੀਂ। ਏਨਾ ਜ਼ਰੂਰ ਪਤਾ ਸੀ ਕਿ ਨਾ ਮੈਂ 'ਪ੍ਰਸਿੱਧ' ਸਾਂ, ਨਾ 'ਹਸਤੀ'। ਸ਼ਾਇਦ ਇਸ ਅਵਗੁਣ ਤੋਂ ਨਿਰਲੇਪ ਹੋਣ ਕਾਰਨ ਮੇਰੇ ਅੰਦਰ ਸਵੈ-ਭਰੋਸੇ ਦਾ ਜਜ਼ਬਾ ਸੁਰਜੀਤ ਹੋ ਠਾਠਾਂ ਮਾਰਨ ਲੱਗਿਆ। ਮੈਂ ਉੱਠਿਆ ਅਤੇ ਗੱਭਰੂ ਦੇ ਬਰਾਬਰ ਤੁਰਦਾ ਭੂਮੀਗਤ ਦੁਕਾਨ ਵਿਚੋਂ ਬਾਹਰ ਨਿਕਲ ਕੇ ਪੌੜੀਆਂ ਚੜ੍ਹ ਗਿਆ। ਬਾਹਰ ਵਰਾਂਡੇ ਵਿਚ ਦੋ ਜਣੇ ਸਾਨੂੰ ਉਡੀਕ ਰਹੇ ਸਨ। ਇਕ ਨਲੀ-ਚੋਚੋ ਜਿਹਾ ਮੁੰਡਾ ਅਤੇ ਇਕ ਕਾਲਾ ਕੁੱਤਾ। ਗੱਭਰੂ ਚੁੱਪ-ਚਾਪ ਅੱਗੇ ਵਧਿਆ। ਅਸੀਂ ਤਿੰਨੇ ਮਗਰ-ਮਗਰ। ਫੁਹਾਰੇ ਕੋਲ ਜਾ ਕੇ ਉਹ ਰੁਕਿਆ। ਕੁੱਤੇ ਨੇ ਆਪਣੇ ਮਾਲਕ ਵੱਲ ਦੇਖ ਪੂਛ ਹਿਲਾਈ।

"ਗੱਦੀ ਐ?" ਗੱਲ ਤੋਰਨ ਲਈ ਮੈਂ ਪੁੱਛਿਆ।

ਕੁੱਤੇ ਨਾਲ ਲਾਡ ਕਰਦਿਆਂ ਗੱਭਰੂ ਉਮਾਹ ਨਾਲ ਬੋਲਿਆ, "ਹਾਂ ਜੀ।"

ਕੁੱਤਿਆਂ ਦੀਆਂ ਘਤਿੱਤਾਂ, ਆਦਤਾਂ ਅਤੇ ਨਸਲਾਂ ਬਾਰੇ ਮੇਰੀ ਜਾਣਕਾਰੀ ਨਾ ਹੋਣ ਦੇ ਬਰੋਬਰ ਹੈ। ਸੋ 'ਤੁੱਕਾ ਲੱਗਣ' ਦੀ ਗੱਲ ਕਰਨਾ ਕੁੱਤੇ ਨਾਲ ਵਧੀਕੀ ਹੋਵੇਗੀ। ਉਂਜ ਵੀ ਕੁੱਤਿਆਂ ਦੀ ਤੌਹੀਨ ਮੈਤੋਂ ਬਰਦਾਸ਼ਤ ਨਹੀਂ ਹੁੰਦੀ। 'ਲਓ ਜੀ! ਬੰਦੇ ਨੂੰ ਨਸਲ ਦਾ ਵੀ ਪਤਾ ਨਹੀਂ!' ਕੁੱਤਾ ਸੋਚਦਾ ਹੋਵੇਗਾ। 'ਇਹ ਬੰਦੇ ਬੜੇ ਅਜੀਬ ਨੇ। ਸਾਨੂੰ ਛੁਟਿਆਉਣ ਦਾ ਕੋਈ ਮੌਕਾ ਨਹੀਂ ਖੁੰਝਣ ਦਿੰਦੇ। ਦੋ ਜਣੇ ਚੰਗੇ-ਭਲੇ ਪਿਆਰ ਨਾਲ ਗੱਲਾਂ ਕਰਦੇ ਹੋਣਗੇ। ਜਦੋਂ ਇਕ ਜਣਾ ਦੂਜੇ ਦੀ ਗੱਲ ਵੱਲ ਧਿਆਨ ਦੇਣੋਂ ਹਟ ਜਾਵੇ ਤਾਂ ਅਗਲਾ ਝੱਟ ਆਖੇਗਾ, 'ਓਏ, ਤੇਰੇ ਭਾਅ ਦਾ ਮੈਂ ਕੁੱਤਾ ਭੌਂਕ ਰਿਹਾਂ!'

ਖੈਰ, ਕੁੱਤਾ ਕੂਲਾ ਨਿਕਲਿਆ। ਉਹ ਪੂਛ ਹਿਲਾਉਂਦਾ ਮੇਰੀਆਂ ਲੱਤਾਂ ਸੁੰਘਣ ਲੱਗਿਆ। ਗੱਭਰੂ ਨੇ ਉਹਨੂੰ ਝਿੜਕਿਆ, "ਸ਼ੇਰੂ!" ਸ਼ੇਰੂ ਚੁੱਪ-ਚਾਪ ਬੂਥੀ ਨੀਵੀਂ ਕਰ ਕੇ ਉਹਦੇ ਕੋਲ ਜਾ ਖੜ੍ਹਾ ਹੋਇਆ।

"ਮੇਰਾ ਨਾਂ ਗੋਰਾ ਬਾਸ਼ਾ ਐ। ਮੈਨੂੰ ਰਾਮਗੜ੍ਹ ਸਰਦਾਰਾਂ ਆਲੇ ਮਿੰਦਰ ਗੁੱਜਰ ਨੇ ਭੇਜਿਐ।" ਗੱਭਰੂ ਨੇ ਆਪਣੀ ਜਾਣ-ਪਛਾਣ ਕਰਾਈ।

ਮੈਨੂੰ ਕੁਝ ਹੌਸਲਾ ਹੋਇਆ। "ਉਹ! ਮਿੰਦਰ ਵੰਝਲੀ ਆਲਾ?" ਮੈਂ ਖੁਸ਼ ਹੁੰਦਿਆਂ ਪੁੱਛਿਆ। ਮਿੰਦਰ ਨੂੰ ਮੈਂ ਜਾਣਦਾ ਸਾਂ। ਉਹ ਸੋਫੀ ਹੋਵੇ ਤਾਂ ਗੱਲਾਂ ਵਿਚ ਕਿਸੇ ਨੂੰ ਅੱਗੇ ਨਹੀਂ ਆਉਣ ਦਿੰਦਾ। ਦੋ ਘੁੱਟ ਪੀਤੀ ਹੋਵੇ ਤਾਂ ਉਹਦੀ ਵੰਝਲੀ ਗੱਲਾਂ ਕਰਨ ਗੱਲ ਜਾਂਦੀ ਐ।

"ਹਾਂ ਜੀ, ਓਹੀ। ਅੱਜ ਕੱਲ੍ਹ ਅਸੀਂ ਭੰਗੜੇ ਦੀ ਟੀਮ ਵਿਚ ਆਂ। ਮਿਲ ਜਾਂਦੇ ਨੇ ਪ੍ਰੋਗਰਾਮ, ਕਦੇ-ਕਦੇ। ਸਭਿਆਚਾਰਕ ਮਾਮਲੇ ਵਿਭਾਗ ਦੀ ਕਿਰਪਾ ਹੋ ਜਾਏ ਤਾਂ।" ਗੋਰਾ ਬਾਸ਼ਾ ਦੀ ਸੁਰ ਵਿਚ ਉਦਾਸੀ ਸੀ।

"ਸਭਿਆਚਾਰਕ ਮਾਮਲੇ ਵਿਭਾਗ ਦਾ ਪ੍ਰੋਗਰਾਮ ਤੇ ਭੰਗੜਾ ਕਦੇ-ਕਦੇ?" ਮੈਂ ਹੱਸਦਿਆਂ ਆਖਿਆ।

"ਇਹ ਗੱਲ ਨਹੀਂ ਜੀ।" ਬੋਲਦਾ-ਬੋਲਦਾ ਉਹ ਰੁਕ ਗਿਆ।

"ਹੋਵੇਗੀ ਕੋਈ ਗੱਲ।" ਸੋਚਦਿਆਂ ਮੈਂ ਚੁੱਪ ਰਿਹਾ।

"ਬੈਠੀਏ ਕਿਤੇ! ਕਿਸੇ ਚੰਗੀ ਥਾਂ।" ਉਹਨੇ ਚਹਿਕਦਿਆਂ ਆਖਿਆ।

ਮੈਂ ਨਾਂਹ-ਨੁੱਕਰ ਕੀਤੀ ਤਾਂ ਉਹ ਉਲਾਹਮੇ ਭਰੀ ਸੁਰ ਵਿਚ ਕਹਿਣ ਲੱਗਿਆ, "ਹੱਦ ਹੋ ਗੀ! ਅਸੀਂ ਤੁਹਾਡੀ ਸੋਭਾ ਸੁਣ ਕੇ ਆਏ ਆਂ। ਮਿੰਦਰ ਤਾਂ ਕਹਿੰਦਾ ਸੀ...।" ਕਹਿੰਦਾ-ਕਹਿੰਦਾ ਉਹ ਮੁਸਕੜੀਏਂ ਹੱਸਿਆ। ਮਿੰਦਰ ਦਾ ਨਾਂ ਆਇਆ ਤਾਂ ਮੈਂ ਅਨੁਮਾਨ ਲਾਉਣ ਲੱਗਿਆ, 'ਕੰਜਰ ਨੇ ਪਤਾ ਨਹੀਂ ਕੀ-ਕੀ ਕਿਹਾ ਹੋਊ ਮੇਰੇ ਬਾਰੇ।' ਖੈਰ, ਗੋਰਾ ਬਾਸ਼ਾ ਬਾਰੇ ਹੁਣ ਮੈਨੂੰ ਪੂਰੀ ਤਸੱਲੀ ਹੋ ਗਈ।

'ਸੋਭਾ' ਵਾਲੀ ਗੱਲ ਉੱਤੇ ਹੱਸਦਿਆਂ ਮੈਂ ਆਖਿਆ, "ਖੁਦਾ ਦੀ ਰਹਿਮਤ ਐ। ਅੱਛਾ! ਤਾਂ ਇਹ ਇਸ ਸਾਹਬ ਤੱਕ ਵੀ ਪਹੁੰਚ ਗਈ।" ਕੁੱਤਾ ਪੂਛ ਹਿਲਾਉਣ ਲੱਗ ਪਿਆ। ਗੋਰਾ ਬਾਸ਼ਾ ਇਸ਼ਾਰਾ ਸਮਝ ਗਿਆ। ਉਹ ਮੁਸਕਰਾਇਆ। ਫੇਰ ਗੰਭੀਰ ਹੋ ਕੇ ਉਹਨੇ ਮੁੰਡੇ ਦੇ ਕੰਨ ਵਿਚ ਕੁਝ ਕਿਹਾ। ਮੁੰਡੇ ਨੇ ਸਿਰ ਹਿਲਾਇਆ, "ਚੰਗਾ ਜੀ।"



ਕੁੱਤਾ ਅਤੇ ਮੁੰਡਾ ਪੰਦਰਾਂ-ਵੀਹ ਕਦਮ ਦੂਰ ਗਏ ਤਾਂ ਗੋਰਾ ਬਾਸ਼ਾ ਉੱਚੀ ਹਾਕ ਮਾਰ ਕੇ ਬੋਲਿਆ, "ਕਾਟੇ! ਧਿਆਨ ਨਾਲ ਜਾਇਓ। ਮੈਂ ਦੀਵਾ-ਬੱਤੀ ਵੇਲੇ ਘਰ ਆ ਜਾਊਂਗਾ।"

ਕੁੱਤੇ ਨੇ ਮੁੜ ਕੇ ਦੇਖਿਆ। ਫੇਰ ਉਹ ਤੇਜ਼-ਤੇਜ਼ ਤੁਰਦਾ ਮੁੰਡੇ ਨਾਲ ਰਲ ਗਿਆ।

ਬੈਠਣ ਵਾਲੀ ਥਾਂ ਨੂੰ ਜਾਂਦਿਆਂ ਰਾਹ ਵਿਚ ਗੋਰਾ ਬਾਸ਼ਾ ਖੁੱਲ੍ਹ ਕੇ ਗੱਲਾਂ ਕਰਨ ਲੱਗਿਆ। ਉਹਨੇ ਦੱਸਿਆ ਕਿ ਉਹ ਨੂੰ ਸੰਮੋਹਨ-ਕਲਾ ਆਉਂਦੀ ਹੈ। ਉਹ ਤਾਸ਼ ਦੇ ਪੱਤਿਆਂ ਨਾਲ ਟਰਿੱਕ ਖੇਡ ਲੈਂਦਾ ਹੈ। ਮੁੰਡੇ ਅਤੇ ਕੁੱਤੇ ਨੂੰ ਨਾਲ ਲੈ ਕੇ ਉਹ ਸ਼ਹਿਰ-ਸ਼ਹਿਰ 'ਸ਼ੋਅ' ਕਰਦਾ ਰਿਹਾ ਹੈ। ਇਸ ਧੰਦੇ ਵਿਚ ਹੁਣ ਦਮ ਨਹੀਂ ਰਿਹਾ। ਲੋਕ ਜੇਬ ਵਿਚੋਂ ਪੈਸੇ ਹੀ ਨਹੀਂ ਕੱਢਦੇ! ਸੋ ਧੰਦਾ ਬੰਦ। "ਹੁਣ ਭੰਗੜਾ... ਸਭਿਆਚਾਰਕ ਮਾਮਲੇ... ਲਾਹਨਤ ਐ।" ਉਹਨੇ ਪਰੇਡ ਗਰਾਊਂਡ ਵਿਚ ਥੁੱਕਿਆ।

"ਹੋਰ?" ਮੈਨੂੰ ਗੋਰਾ ਬਾਸ਼ਾ ਦਿਲਚਸਪ ਬੰਦਾ ਲੱਗਿਆ।

ਉਹ ਕਹਿ ਰਿਹਾ ਸੀ, "ਮੇਰੀ ਜ਼ਿੰਦਗੀ ਵਿਚ ਤਿੰਨ ਔਰਤਾਂ ਆਈਆਂ... ਦੋ ਮਰ ਗੀਆਂ।"

"ਤੀਜੀ?" ਮੈਂ ਉਤਾਵਲਾ ਹੋ ਕੇ ਪੁੱਛਿਆ।

"ਓਸੇ ਦਾ ਤਾਂ ਸਿਆਪੈ! ਸਾਲੀ ਨੇ ਨੱਕ ਵਿਚ ਦਮ ਕਰ ਰੱਖਿਐ ਮੇਰਾ।"

ਹੋਟਲ ਆ ਗਿਆ ਸੀ। ਅਸੀਂ ਨੱਕ ਵਿਚ ਦਮ ਲੈ ਕੇ ਅੰਦਰ ਵੜ ਗਏ।

ਹੁਣ ਅਸੀਂ 'ਹੋਟਲ ਸਰੂਰ' ਵਿਚ ਬੈਠੇ ਸਾਂ। ਸੋਢਾ ਰਲੀ ਵਿਸਕੀ ਦੇ ਦੋ-ਦੋ ਪੈਗ ਸਾਡੇ ਅੰਦਰ ਜਾ ਚੁੱਕੇ ਸਨ। ਦੋਨੋਂ ਵਾਰ "ਸੋਢਾ ਕਿੰਨਾ... ਬਰਫ ਦਾ ਟੁਕੜਾ ਹੋਰ ਪਾਵਾਂ?" ਤੋਂ ਬਿਨਾ ਗੋਰਾ ਬਾਸ਼ਾ ਹੋਰ ਕੁਝ ਨਾ ਬੋਲਿਆ। ਮੈਂ ਵੀ ਚੁੱਪ ਸਾਂ। ਸੋਚ ਰਿਹਾ ਸਾਂ, ਮਿੰਦਰ ਨੇ ਮੇਰੇ ਬਾਰੇ ਕਿਹੋ ਜਿਹੀਆਂ ਗੱਲਾਂ ਕੀਤੀਆਂ ਹੋਣਗੀਆਂ! ਉਹਦਾ ਗੋਲ ਚਿਹਰਾ, ਰਸਮਿਸੇ ਬੁੱਲ੍ਹ ਅਤੇ ਹੱਸਦੀਆਂ ਅੱਖਾਂ ਬਾਰ-ਬਾਰ ਮੇਰੇ ਸਾਹਮਣੇ ਆ ਰਹੀਆਂ ਸਨ। ਮੁਸਕਰਾ ਰਿਹਾ ਹੈ, ਗੱਲ ਕਰ ਰਿਹਾ ਹੈ, ਫੇਰ ਮੁਸਕਰਾ ਰਿਹਾ ਹੈ। ਕਿਸੇ ਦੀ ਮਾੜੀ ਗੱਲ ਉਹ ਕਰਦਾ ਹੀ ਨਹੀਂ। ਹੱਦ ਦੋ ਘੁੱਟ ਪੀਤੀ ਅਤੇ ਉਹਦੀ ਵੰਝਲੀ ਗੱਲਾਂ ਕਰਨ ਲੱਗ ਪਈ। ਬੱਸ।

ਸਰੂਰ ਆ ਰਿਹਾ ਹੈ। ਆ ਰਹੇ ਸਰੂਰ ਵਿਚ ਮੈਂ ਗੋਰਾ ਬਾਸ਼ਾ ਦੀਆਂ ਬਿੱਲੀਆਂ ਅੱਖਾਂ ਵਿਚ ਝਾਕਿਆ। ਅੰਦਰ ਧੁੰਦੂਕਾਰਾ ਮੱਚਿਆ ਹੋਇਆ ਸੀ, ਗੋਰੀਆਂ-ਚਿੱਟੀਆਂ ਬਦਲੀਆਂ ਤੈਰ ਰਹੀਆਂ ਸਨ ਅਤੇ ਕੱਚ ਦੇ ਬੰਟੇ ਬੇਚੈਨ ਜਿਹੇ ਘੁੰਮ ਰਹੇ ਸਨ। ਇਹ ਬੋਲਦਾ ਕਿਉਂ ਨਹੀਂ! ਐਡੀ ਕਿਹੜੀ ਜ਼ਰੂਰੀ ਗੱਲ ਹੈ ਜੋ ਇਹਨੇ ਮੇਰੇ ਨਾਲ ਕਰਨੀ ਐ? 'ਨੱਕ ਵਿਚ ਦਮ' ਵਾਲੀ ਗੱਲ ਮੈਨੂੰ ਯਾਦ ਆਈ।

ਅਚਾਨਕ ਮੇਰੇ ਹੱਥ ਵਿਚ ਲੋਰ-ਭਰੀ ਤਰਲ ਜਿਹੀ ਜੁੰਬਸ਼ ਹੋਈ। ਉਹਨੂੰ ਗੱਲਾਂ ਜੋਗਾ ਕਰਨ ਵਾਸਤੇ ਮੈਂ ਪਟਿਆਲਾ ਪੈਗ ਬਣਾ ਕੇ ਉਹਦੇ ਵੱਲ ਸਰਕਾ ਦਿੱਤਾ। ਇਕ ਛੋਟਾ ਆਪਣੇ ਲਈ ਬਣਾ ਲਿਆ।

ਪੈਗ ਇਕੋ ਸਾਹ ਵਿਚ ਉਹਨੇ ਆਪਣੇ ਅੰਦਰ ਸੁੱਟ ਲਿਆ। ਤਦੇ ਬਿਜਲੀ ਲਿਸ਼ਕਾਰੇ ਵਾਂਗ ਖਿਆਲ ਆਇਆ ਕਿ ਸੋਢਾ ਤਾਂ ਵਿਚ ਪਾਇਆ ਹੀ ਨਹੀਂ ਸੀ। ਆਪਣੇ ਲਈ ਸੋਢਾ ਪਾਉਂਦਿਆਂ ਮੈਂ ਸੋਚਿਆ, 'ਮੈਨੂੰ ਪਾਉਣਾ ਚਾਹੀਦਾ ਸੀ।' ਉਹਨੇ ਸਿਗਰਟ ਸੁਲਘਾ ਲਈ। ਲੰਮਾ ਕਸ਼ ਖਿੱਚ ਕੇ ਉਹਨੇ ਆਪਣੀਆਂ ਨਾਸਾਂ ਵਿਚੋਂ ਧੂੰਆਂ ਕੱਢਦਿਆਂ ਗੱਲ ਸ਼ੁਰੂ ਕੀਤੀ, "ਮੇਰੇ ਬਾਪ ਦਾ ਨਾਂ ਚਤਰੂ ਸੀ... ਚਤਰੂ ਬਾਜ਼ੀਗਰ। ਭੰਡਾਰੀ ਸਾਹਬ! ਅਸੀਂ ਬਾਜ਼ੀਗਰ ਹੁੰਨੇ ਆਂ, ਬਾਜ਼ੀਆਂ ਪਾਉਣ ਵਾਲੇ ਪਿੰਡ ਪਿੰਡ... ਹੈਂਅ!... ਹਾਂ, ਬਾਜ਼ੀਗਰ। ਤੁਹਾਨੂੰ ਇਤਰਾਜ਼ ਤਾਂ ਨਹੀਂ ਕੋਈ? ਹੈਂਅ!"

ਮੈਨੂੰ ਕੀ ਇਤਰਾਜ਼ ਹੋ ਸਕਦਾ ਸੀ? ਮੈਂ ਕਿਹਾ, "ਨਹੀਂ!"

"ਸਾਡੀਆਂ ਬਾਜ਼ੀਗਰਨੀਆਂ ਠੀਕਰਾਂ ਉੱਤੇ ਦੁੱਪੜਾਂ ਪਕਾਉਂਦੀਆਂ ਸੀਗੀਆਂ। ਬੜੀ ਸਾਰੀ ਤੌੜੀ ਵਿਚ ਦਾਲ-ਮੀਟ ਰਿੱਝਦਾ। ਐਡੀ ਬੜੀ ਤੌੜੀ!" ਉਹਨੇ ਆਪਣੀਆਂ ਬਾਹਾਂ ਫੈਲਾ ਕੇ ਆਖਿਆ, "ਮਾਫ ਕਰਨਾ।"

ਮੈਂ ਹੱਥ ਖੜ੍ਹਾ ਕਰ ਕੇ ਮਾਫ ਕਰ ਦਿੱਤਾ, "ਕੋਈ ਗੱਲ ਨੀ।"

"ਗੱਲ ਕਿਉਂ ਨੀ? ਗੱਲ ਤਾਂ ਹੈ! ਹੈਂਅ!!" ਉਹਦੇ ਬੰਟਿਆਂ ਵਰਗੇ ਡੇਲੇ ਕੰਬੇ।

"ਆਹੋ! ਹੈ ਗੀ ਐ ਗੱਲ। ਤੂੰ ਅਗਲੀ ਗੱਲ ਕਰ!" ਮੈਂ ਤਕੜਾਈ ਨਾਲ ਕਿਹਾ। ਉਹਨੇ ਬੋਤਲ ਚੁੱਕ ਕੇ ਆਪਣੇ ਲਈ ਇਕ ਹੋਰ ਪੈਗ ਬਣਾਉਣ ਦਾ ਉਪਰਾਲਾ ਕੀਤਾ। ਉਹਦੇ ਹੱਥੋਂ ਬੋਤਲ ਫੜ ਕੇ ਮੇਜ਼ ਉੱਤੇ ਰੱਖਦਿਆਂ ਮੈਂ ਆਖਿਆ, "ਪਹਿਲਾਂ ਗੱਲ।"

"ਹਾਂ... ਗੱਲ। ਮੈਂ ਕੀ ਗੱਲ ਕਰ ਰਿਹਾ ਸੀ?"

"ਚਤਰੂ ਬਾਜ਼ੀਗਰ...।" ਮੈਂ ਬੋਲਣ ਹੀ ਲੱਗਿਆ ਸੀ ਕਿ ਉਹਨੇ ਮੈਨੂੰ ਵਿਚੋਂ ਟੋਕਦਿਆਂ ਆਖਿਆ, "ਹਾਂ, ਚਤਰੂ... ਆਪਣੇ ਕਸਬ ਦਾ ਧਨੀ। ਮਾਹਰ ਬਾਜ਼ੀਗਰ। ਜੁਆਨੀ ਪਹਿਰੇ ਕਸਰਤਾਂ ਕਰ-ਕਰ, ਬਾਜ਼ੀਆਂ ਪਾ-ਪਾ ਉਹਨੇ ਆਪਣੀ ਦੇਹ ਏਨੀ ਕਮਾ ਲਈ ਕਿ ਲੋਕ ਦੇਖ ਕੇ ਅਸ਼-ਅਸ਼ ਕਰ ਉੱਠਦੇ। ਓਸ ਵੇਲੇ ਬਸਤੀ ਦੀਆਂ ਅੱਧੀਆਂ ਔਰਤਾਂ ਉਹਦੇ 'ਤੇ ਮਰਦੀਆਂ ਸਨ।"

"ਬਾਕੀ ਦੀਆਂ ਅੱਧੀਆਂ ਵੀ ਨੀ ਬਚੀਆਂ ਹੋਣੀਆਂ!" ਮੈਂ ਹੱਸਿਆ।

ਮੇਰੀ ਗੱਲ ਨੂੰ ਅਣਸੁਣੀ ਕਰਦਿਆਂ ਉਹਨੇ ਕਹਿਣਾ ਜਾਰੀ ਰੱਖਿਆ, "ਸੂਲੀ ਦੀ ਛਾਲ ਵਿਚ ਉਹਦੇ ਨਾਲ ਬਿਦਣਾ ਕੋਈ ਸੌਖੀ ਗੱਲ ਨਹੀਂ ਸੀ। ਉਹ ਦੂਰੋਂ ਬਿਜਲੀ ਦੀ ਤੇਜ਼ੀ ਨਾਲ ਭੱਜਦਾ। ਫੱਟੇ ਉੱਤੋਂ ਪੱਬਾਂ ਭਾਰ ਉਪਰ ਨੂੰ ਬੁੜ੍ਹਕਦਾ ਤੇ ਹਵਾ ਵਿਚ ਉੱਡ ਜਾਂਦਾ। ਦੇਖਣ ਵਾਲਿਆਂ ਨੂੰ ਲੱਗਦਾ ਕਿ ਉਹ ਹਵਾ ਵਿਚ ਹੀ ਕਿਧਰੇ ਗੁਆਚ ਜਾਏਗਾ। ਫੇਰ ਉਹਦੀ ਗੋਲੀ ਵਰਗੀ ਦੇਹ ਉਪਰੋਂ ਕਲਾਬਾਜ਼ੀਆਂ ਲਾਉਂਦੀ ਹੇਠਾਂ ਨੂੰ ਆਉਂਦੀ ਦਿਖਾਈ ਦਿੰਦੀ। ਲੋਕ ਸਾਹ ਰੋਕੀਂ ਦੇਖਦੇ ਰਹਿ ਜਾਂਦੇ। ਜਦੋਂ ਉਹ ਸਾਹਮਣੇ ਪੱਟੀ ਹੋਈ ਪੋਲੀ-ਪੋਲੀ ਮਿੱਟੀ ਉੱਤੇ ਪੱਬਾਂ ਭਾਰ ਉੱਤਰ ਕੇ ਖੜ੍ਹਾ ਹੋ ਆਪਣੀਆਂ ਬਾਹਾਂ ਫੈਲਾ ਲੈਂਦਾ। 'ਸ਼ਾਬਾਸ਼ੇ ਚਤਰੂ... ਚਤਰੂ ਸ਼ਾਬਾਸ਼ੇ' ਦੀਆਂ ਉੱਭਰ-ਉੱਭਰ ਪੈਂਦੀਆਂ ਆਵਾਜ਼ਾਂ ਵਿਚਕਾਰ ਜਦੋਂ ਉਹ ਚੁਪਾਸੇ ਬੈਠੇ-ਖੜ੍ਹੇ ਦਰਸ਼ਕਾਂ ਮੂਹਰਦੀ ਗੇੜਾ ਕੱਢਦਾ ਤਾਂ ਨੋਟ ਮੀਂਹ ਵਾਂਗ ਵਰ੍ਹਨ ਲੱਗ ਪੈਂਦੇ।"

ਮੈਂ ਅਵਾਕ, ਗੋਰਾ ਬਾਸ਼ਾ ਦਾ ਤਮਤਮਾਇਆ ਚਿਹਰਾ ਦੇਖ ਰਿਹਾ ਸਾਂ।

"ਇਕ ਦਿਨ ਸੂਲੀ ਦੀ ਛਾਲ ਲਾਉਂਦਾ ਉਹ ਡਿੱਗ ਪਿਆ।" ਗੋਰਾ ਬਾਸ਼ਾ ਦੀ ਡੁੱਬੀ ਜਿਹੀ ਆਵਾਜ਼ ਮੇਰੇ ਕੰਨੀਂ ਪਈ।

ਮੈਂ ਚੌਂਕਿਆ ਅਤੇ ਮੇਰੇ ਮੂੰਹੋਂ ਆਪ-ਮੁਹਾਰੇ ਨਿਕਲਿਆ, "ਡਿੱਗ ਪਿਆ!"

"ਹਾਂ, ਡਿੱਗਣਾ ਈ ਸੀ।" ਉਹਦਿਆਂ ਬੋਲਾਂ ਵਿਚ ਬਾਜ਼ੀਗਰਾਂ ਵਾਲੇ ਸਹਿਜ-ਅਨੁਭਵ ਦਾ ਝਲਕਾਰਾ ਸੀ।

"ਏਨਾ ਬੜਾ ਸੂਰਬੀਰ! ਬਹਾਦਰ!" ਮੇਰੇ ਬੁੱਲ੍ਹ ਫਰਕੇ।

"ਮੇਰਾ ਖਿਆਲ ਐ, ਉਹਨੂੰ ਆਪਣੇ ਆਪ 'ਤੇ ਮਾਣ ਹੋ ਗਿਆ ਸੀ। ਤਾਹੀਉਂ ਤਾਂ ਹਰ ਛਾਲ ਲਾਉਣ ਲੱਗਿਆਂ ਉਹ ਆਖਦਾ, ਸੂਲੀ ਇਕ ਹੱਥ ਹੋਰ ਉੱਚੀ ਕਰ ਦਿਓ। ਉਹ ਇਹ ਭੁੱਲ ਗਿਆ, ਸੂਲੀ ਆਖਰ ਸੂਲੀ ਹੁੰਦੀ ਐ। ਕਸਬ ਦੇ ਮਾਮਲੇ ਵਿਚ ਈਰਖਾ ਵੀ ਹੋ ਜਾਂਦੀ ਐ। ਆਖਰੀ ਵਾਰ ਦੋਖੀਆਂ ਨੇ ਸੂਲੀ ਦੋ-ਢਾਈ ਹੱਥ ਉੱਚੀ ਚੁੱਕ ਦਿੱਤੀ।"

"ਏਨਾ ਜੋਸ਼ ਠੀਕ ਨਹੀਂ ਹੁੰਦਾ। ਉਹਨੂੰ ਆਪਣੇ ਆਪ ਉੱਤੇ ਕਾਬੂ ਰੱਖਣਾ ਚਾਹੀਦਾ ਸੀ।" ਮੈਂ ਆਖਿਆ।

"ਜੋਸ਼ ਜਿਹਾ ਜੋਸ਼! ਉਹ ਤਾਂ ਅੰਨ੍ਹਾ ਹੋਇਆ ਪਿਆ ਸੀ। ਦਰਸ਼ਕਾਂ ਵਿਚ ਤੀਮੀਆਂ ਵਾਲੇ ਪਾਸੇ, ਮੂਹਰਲੀ ਕਤਾਰ ਵਿਚ ਉਹਦੀ ਪ੍ਰੇਮਿਕਾ ਜੁ ਬੈਠੀ ਸੀ। ਸਾਨੂੰ ਤਾ ਓਦੋਂ ਈ ਪਤਾ ਲੱਗਿਆ ਜਦੋਂ ਉਹਦਾ ਇਕ ਪੈਰ ਸੂਲੀ ਨਾਲ ਟਕਰਾਇਆ ਤੇ ਉਹ ਧੜਾਮ ਕਰ ਕੇ ਪੱਕੀ ਪਟੜੀ ਉੱਤੇ ਡਿੱਗ ਕੇ ਤੜਫਣ ਲੱਗਿਆ। ਸਭ ਤੋਂ ਪਹਿਲਾਂ ਓਹੀ ਧਾਹਾਂ ਮਾਰਦੀ ਦੌੜੀ ਆਈ ਤੇ ਉਹਨੂੰ ਚੰਬੜ ਗਈ!"

ਅਸੀਂ ਚੁੱਪ-ਚਾਪ ਵ੍ਹਿਸਕੀ ਦੀਆਂ ਘੁੱਟਾਂ ਭਰਨ ਲੱਗੇ। ਦਿਲ ਦਾ ਦਰਦ ਦਬਾਉਣ ਖਾਤਰ। ਤਿੰਨ-ਚਾਰ ਘੁੱਟਾਂ ਮਗਰੋਂ ਗੋਰਾ ਬਾਸ਼ਾ ਦੇ ਅੰਦਰੋਂ ਹਉਕਾ ਉੱਭਰਿਆ। ਉਹ ਕਹਿਣ ਲੱਗਿਆ, "ਨਿੱਤ ਆਥਣ-ਸਵੇਰ ਦਵਾਈ ਦੇਣ ਲੱਗਿਆ ਮੈਂ ਆਪਣੇ ਬਾਪੂ ਦੇ ਨਿੰਮੋਝੂਣੇ ਚਿਹਰੇ ਵੱਲ ਦੇਖਦਾ। ਦੇਖਦਾ ਤੇ ਝੂਰਦਾ। 'ਇਹ ਓਹੀ ਬੰਦੈ ਜਿਹੜਾ ਸਾਨੂੰ ਮੱਤਾਂ ਦਿੰਦਾ ਹੁੰਦਾ ਸੀ: ਦੇਖਿਓ! ਬਿਗਾਨੀ ਤੀਮੀਂ ਵੱਲ ਮੈਲੀ ਨਿਗਾਹ ਨਾਲ ਨੀ ਦੇਖਣਾ, ਨਸ਼ਾ ਨੀ ਕਰਨਾ, ਸ਼ਰਾਬ ਨੀ ਪੀਣੀ, ਇਉਂ ਕਰਨ ਨਾਲ ਬੰਦੇ ਅੰਦਰੋਂ ਕਲਾ ਮਰ ਜਾਂਦੀ ਐ! ਹੁਣ ਇਹ ਆਪ...!' ਮੈਂ ਖਿਝ ਅਤੇ ਗੁੱਸੇ ਨਾਲ ਭਰਿਆ ਪਿਆ ਸੀ। ਮੇਰਾ ਉਹਦੇ ਨਾਲ ਮੱਲੋ-ਮੱਲੀ ਲੜਨ ਨੂੰ ਜੀਅ ਕਰਦਾ।"

ਘੁੱਟ ਭਰ, ਸੁਣਦਿਆਂ ਵ੍ਹਿਸਕੀ ਦੀ ਤਿੱਪ ਮੇਰੇ ਸੰਘ ਵਿਚ ਕਿਤੇ ਅਟਕ ਗਈ। ਤਿੱਪ ਵਿਚੋਂ ਹੁੰਗਾਰਾ ਨਿਕਲਿਆ, "ਹੂੰ...ਅ।"

"ਕੁਝ ਦਿਨਾਂ ਪਿੱਛੋਂ ਮੇਰਾ ਸਹੁਰਾ ਬਾਕਰ ਉਹਦੀ ਖਬਰ-ਸਾਰ ਲੈਣ ਆਇਆ। ਉਹ ਦੋਵੇਂ ਨਿੱਕੇ ਹੁੰਦੇ ਆੜੀ ਰਹੇ ਸਨ। ਦੂਜੇ ਕਮਰੇ ਵਿਚ ਬੈਠਾ ਮੈਂ ਉਨ੍ਹਾਂ ਦੀਆਂ ਗੱਲਾਂ ਸੁਣ ਰਿਹਾ ਸੀ। ਮੇਰਾ ਸਹੁਰਾ ਗਿਲਾ ਕਰ ਰਿਹਾ ਸੀ, 'ਤੈਂ ਇਹ ਕੀ ਕੀਤਾ, ਚਤਰਿਆ?' ਮੇਰਾ ਬਾਪੂ ਖੰਘੂਰਾ ਮਾਰ ਕੇ ਬੋਲਿਆ, 'ਇਹ ਕੋਈ ਬੰਦੇ ਦੇ ਬਸ ਹੁੰਦੈ, ਬਾਕਰਾ! ਸਹੁਰਾ ਪਤਾ ਈ ਨਹੀਂ ਲੱਗਿਆ ਕਦੋਂ... ਤੀਮੀਂ ਦੇ ਦਿਲ ਅਤੇ ਪਾਣੀ ਦਾ ਕੋਈ ਪਾਰਾਵਾਰ

***(ਬਾਕੀ ਅਗਲੇ ਸਫੇ 'ਤੇ)***

ਨੀ। ਇਹ ਅਛੋਪਲੇ ਰਾਹ ਬਣਾ ਆਪਣੇ ਟਿਕਾਣੇ ਲੱਗ ਜਾਂਦੇ ਨੇ।' ਮੇਰੇ ਸਹੁਰੇ ਨੂੰ ਇਹ ਦਲੀਲ ਜਚੀ ਨਾ, 'ਆਪਾਂ ਬਾਜ਼ੀਗਰ ਆਂ! ਅਣਖ, ਇੱਜ਼ਤ ਵੀ ਕੋਈ ਚੀਜ਼ ਹੁੰਦੀ ਐ! ਤੂੰ ਸਿਆਣਾ-ਬਿਆਣਾ ਹੋ ਕੇ...।' ਮੇਰਾ ਸਹੁਰਾ ਨਮੋਸ਼ੀ ਦਾ ਮਾਰਿਆ 'ਘੁਰ-ਘੁਰ' ਕਰਦਾ ਰਿਹਾ। ਆਪਣੀ ਧੀ ਨੂੰ ਨਾਲ ਲੈ ਉਹ ਉਸੇ ਦਿਨ ਵਾਪਸ ਚਲਿਆ ਗਿਆ। ਤੀਜੇ ਦਿਨ ਮੇਰੇ ਸਹੁਰਿਉਂ ਖਬਰ ਆਈ। ਮੇਰੀ ਵਹੁਟੀ ਖੂਹ ਵਿਚ ਡੁੱਬ ਕੇ ਮਰ ਗਈ।"

"ਓਹ! ਇਹ ਤਾਂ ਬਹੁਤ ਬੁਰਾ ਹੋਇਆ!" ਮੈਂ ਅਫਸੋਸ ਨਾਲ ਕਿਹਾ। ਗੋਰਾ ਬਾਸ਼ਾ ਕੁਝ ਨਾ ਬੋਲਿਆ। ਉਹਨੇ ਹੁਝਕੇ ਨਾਲ ਬੋਤਲ ਚੁੱਕੀ। ਦੋ ਗਲਾਸ ਪੌਣੇ-ਪੌਣੇ ਭਰ ਕੇ ਖਾਲੀ ਕਰ ਦਿੱਤੀ। ਫੇਰ ਆਪਣਾ ਗਲਾਸ ਚੁੱਕਿਆ। ਅੱਧਾ ਪੀ ਕੇ ਮੇਜ਼ ਉੱਤੇ ਰੱਖ ਦਿੱਤਾ।

"ਇਹ ਕੀ!" ਮੈਨੂੰ ਆਪਣੇ ਆਪ ਉੱਤੇ ਹੈਰਾਨੀ ਹੋਈ। ਮੈਂ ਉਹਨੂੰ ਰੋਕਿਆ ਕਿਉਂ ਨਾ? ਮੈਂ ਬੇਵੱਸ ਹੋ ਉਹਦੇ ਵੱਲ ਵੇਖਦਾ ਹੋਇਆ ਸੋਚਣ ਲੱਗਿਆ, 'ਇਹ ਬੰਦਾ ਆਪਣੇ ਆਪ ਨੂੰ ਮਾਰਨ ਉੱਤੇ ਤੁਲਿਆ ਹੋਇਐ। ਇਸ ਹਾਲਤ ਵਿਚ ਇਹਨੂੰ ਕੌਣ ਸੰਭਾਲਦਾ ਹੋਏਗਾ!'

ਮੈਨੂੰ ਵਾਤਾਵਰਨ ਵਿਚੋਂ ਕਚਿਆਣ ਆਈ ਅਤੇ ਮੈਂ ਉਠ ਕੇ ਬਾਥਰੂਮ ਚਲਿਆ ਗਿਆ। ਵਾਪਸ ਆ ਖਾਰੇ ਸੋਢੇ ਦੀਆਂ ਤਿੰਨ-ਚਾਰ ਘੁੱਟਾਂ ਭਰੀਆਂ। ਮੇਰਾ ਮਨ ਟਿਕਾਣੇ ਆਇਆ ਤਾਂ ਮੈਂ ਦੇਖਿਆ, ਗੋਰਾਬਾਸ਼ਾ ਆਪਣਾ ਬਾਕੀ ਅੱਧਾ ਗਲਾਸ ਸਿਰੇ ਲਾਈ ਚੁਸਤ-ਦਰੁਸਤ ਹੋਇਆ ਬੈਠਾ ਸੀ। ਉਹਨੇ ਮੈਨੂੰ ਸਿਗਰਟ ਪੇਸ਼ ਕੀਤੀ ਅਤੇ ਲਾਈਟਰ ਨਾਲ ਲਵਾ ਦਿੱਤੀ। ਫੇਰ ਪੁੱਛਣ ਲੱਗਿਆ, "ਤਬੀਅਤ ਤਾਂ ਠੀਕ ਐ, ਤੁਹਾਡੀ?"

ਮੈਂ ਆਪਣੇ ਬੁੱਲ੍ਹਾਂ ਉੱਤੇ ਮੱਲੋਜ਼ੋਰੀ ਮੁਸਕਰਾਹਟ ਲਿਆਉਂਦਿਆਂ ਆਖਿਆ, "ਤੂੰ ਆਪਣੀ ਸੁਣਾ!" ਮੇਰੇ ਬੋਲਣ ਢੰਗ ਵਿਚ ਵਿਅੰਗ-ਭਰੀ ਚੋਭ ਸੀ। ਮੇਰਾ ਖਿਆਲ ਸੀ ਕਿ ਉਹ ਵੀ ਕਰਾਰਾ ਜਿਹਾ ਜਵਾਬ ਦੇਵੇਗਾ ਪਰ ਉਹ ਚੁੱਪ ਰਿਹਾ ਅਤੇ ਡੂੰਘੀਆਂ ਸੋਚਾਂ ਵਿਚ ਗੁਆਚ ਗਿਆ। ਫੇਰ ਉਹ ਪੋਲਾ ਜਿਹਾ ਹੱਸਿਆ, ਜਿਵੇਂ ਦਿਲਗੀਰ ਹੋਇਆ ਆਪਣੇ ਆਪ ਉੱਤੇ ਹੱਸਿਆ ਹੋਵੇ। ਹੁਣ ਉਹਦੇ ਲਈ ਮੇਰੀ ਹੋਂਦ ਦਾ ਕੋਈ ਮਾਅਨਾ ਨਾ ਰਿਹਾ। ਉਹ ਆਪਣੇ ਆਪ ਨਾਲ ਗੱਲਾਂ ਕਰਨ ਲੱਗਿਆ, "ਇਹ ਸਾਲੀ ਜ਼ਿੰਦਗੀ ਬੜੀ ਅਜੀਬ ਸ਼ੈਅ ਐ। ਕਿਥੇ ਦੀ ਕਿਥੇ ਖਿੱਚੀ ਤੁਰੀ ਫਿਰਦੀ ਐ, ਮੈਨੂੰ। ਮੈਂ ਸੋਚਦਾ ਹੁੰਦਾ ਸੀ, ਕਹਿੰਦਾ-ਕਹਾਉਂਦਾ ਬਾਜ਼ੀਗਰ ਬਣੂੰਗਾ। ਆਪਣੇ ਬਾਪ ਤੋਂ ਉੱਚੀਆਂ ਛਾਲਾਂ ਲਾ ਕੇ ਦਿਖਾਊਂਗਾ। ਮੇਰੀਆਂ ਕਲਾਬਾਜ਼ੀਆਂ ਦੇਖ ਲੋਕ ਨੋਟਾਂ ਦੀ ਬਰਖਾ ਕਰ ਦਿਆ ਕਰਨਗੇ। ਨਾਅਰੇ ਗੂੰਜਣਗੇ- 'ਬੱਲੇ ਓਏ ਤੇਰੇ, ਗੋਰਿਆ ਬਾਸ਼ਾ! ਨਹੀਂ ਰੀਸਾਂ ਤੇਰੀਆਂ।' ਅਚਾਨਕ ਜ਼ਿੰਦਗੀ ਨੇ ਤੇਜ਼ੀ ਨਾਲ ਮੋੜ ਕੱਟਿਆ। ਬਾਜ਼ੀਆਂ ਪੈਣੋਂ ਹਟ ਗਈਆਂ। ਬਾਜ਼ੀਗਰਾਂ ਦੇ ਮੁੰਡੇ ਮਿੱਲਾਂ ਤੇ ਫੈਕਟਰੀਆਂ ਵਿਚ ਰੁਲਣ ਲੱਗੇ। ਡਫਲੀਆਂ ਵਾਲਿਆਂ ਤੇ ਛਾਤੀਆਂ ਕੱਢ ਕੇ ਗਾਉਣ ਵਾਲੀਆਂ ਨੇ ਸਟੇਜਾਂ ਮੱਲ ਲਈਆਂ। ਸ਼ਰੇਆਮ ਨੰਗੇ ਤੇ ਉਕਸਾਊ ਇਸ਼ਾਰੇ ਹੋਣ ਲੱਗੇ। ਬਾਜ਼ੀਆਂ ਦੀ ਥਾਂ ਲੋਕ ਓਧਰ ਨੂੰ ਉੱਲਰ ਗਏ। ਮੇਰਾ ਤਾਂ ਮਨ ਈ ਬੁਝ ਗਿਆ!" ਉਹ ਬਿੰਦ ਕੁ ਰੁਕਿਆ ਅਤੇ ਫੇਰ ਉੱਚੀ ਸੁਰ ਵਿਚ ਬੋਲਿਆ, "ਇਹ ਸਾਜ਼ਿਸ਼ ਐ, ਚੁੱਪ-ਚੁਪੀਤੀ ਸਾਜ਼ਿਸ਼!"

ਸੁਣ ਕੇ ਮੈਤੋਂ ਰਹਿ ਨਾ ਹੋਇਆ। ਟੋਕਦਿਆਂ ਉਹਨੂੰ ਪੁੱਛਿਆ, "ਕੀਹਦੇ ਨਾਲ ਹੋ ਗਈ ਸਾਜ਼ਿਸ਼? ਕੀਹਨੇ ਕੀਤੀ?"

"ਕਿਉਂ ਮਜ਼ਾਕ ਕਰਦੇ ਓਂ? ਕੀ ਹੋਇਆ ਜੇ ਮੈਂ ਬਹੁਤਾ ਪੜ੍ਹਿਆ-ਲਿਖਿਆ ਨੀ। ਗੱਲ ਤਾਂ ਸਮਝਦਾਂ! ਦੁਨੀਆ ਘੁੰਮ-ਫਿਰ ਕੇ ਦੇਖੀ ਐ! ਮਿੰਦਰ ਨਾ ਹੁੰਦਾ ਤਾਂ ਹੁਣ ਨੂੰ ਪਤਾ ਨੀ ਮੈਂ ਕਿੱਥੇ ਹੁੰਦਾ। ਰੁਜ਼ਗਾਰ ਵਿਚ ਸੱਟ ਵੱਜੇ, ਘਰ ਉੱਜੜ ਜਾਵੇ, ਪਤੈ ਫੇਰ ਬੰਦੇ 'ਤੇ ਕੀ ਬੀਤਦੀ ਐ?" ਉਹਨੇ ਮੈਨੂੰ ਸਿੱਧਾ ਸਵਾਲ ਕੀਤਾ। ਮੈਂ ਲਾਜਵਾਬ ਹੋਇਆ ਉਹਦੇ ਮੂੰਹ ਵੱਲ ਦੇਖਦਾ ਰਹਿ ਗਿਆ। ਸੋਚਿਆ, "ਇਹ ਓਹੀ ਗੋਰਾ ਬਾਸ਼ਾ ਐ ਜੋ ਤਿੰਨ ਕੁ ਪੈਗਾਂ ਨਾਲ ਈ ਬਹਿਕ ਗਿਆ ਸੀ?"

"ਮਿੰਦਰ ਨੇ ਕੀਤਾ ਹੋਊ ਹੀਲਾ ਕੋਈ।" ਮੈਂ ਜਾਣਨਾ ਚਾਹਿਆ।

ਉਹ ਆਖਣ ਲੱਗਿਆ, "ਹੋਰ ਕੀਹਨੇ ਕਰਨਾ ਸੀ। ਇਕ ਦਿਨ ਉਹ ਆਇਆ। ਮੈਨੂੰ ਚੰਗੀ ਰੌਂਅ ਵਿਚ ਦੇਖ ਕੇ ਉਹਨੇ ਸਲਾਹ ਦਿੱਤੀ, 'ਗੋਰਿਆ, ਤੇਰਾ ਬੰਨ੍ਹ-ਸੁੱਬ ਨਾ ਕਰ ਦਈਏ ਕਿਤੇ! ਮੈਨੂੰ ਗਲਤ ਨਾ ਸਮਝੀ। ਉਹ ਪੜ੍ਹੀ-ਲਿਖੀ ਐ; ਇਕ ਪ੍ਰਾਈਵੇਟ ਲਿਮਟਿਡ ਕੰਪਨੀ ਵਿਚ ਕੰਮ ਕਰਦੀ ਐ। ਰੰਜਨਾ ਨਾਂ ਐ ਓਹਦਾ।' 'ਤੈਨੂੰ ਹੋਰ ਨੀ ਮਿਲਿਆ ਕੋਈ ਟਿੱਚਰਾਂ ਕਰਨ ਨੂੰ!' ਮੈਂ ਉਹਨੂੰ ਟੁੱਟ ਕੇ ਪਿਆ। 'ਕੌਣ ਕਰੂਗੀ ਮੇਰੇ ਨਾਲ ਵਿਆਹ, ਇਸ ਹਾਲਤ ਵਿਚ'?"

"ਇਹ ਤੂੰ ਮੇਰੇ 'ਤੇ ਛੱਡ ਦੇ। ਬਹੁਤੀ ਬੜ-ਬੜ ਨਾ ਕਰੀਂ, ਉਹਦੇ ਨਾਲ, ਬੱਸ ਚੁੱਪ ਰਹੀਂ। ਹਾਂ, ਤੈਨੂੰ ਪਹਿਲਾਂ ਈ ਦੱਸ ਦਿਆਂ! ਉਹਨੇ ਤਲਾਕ ਲਿਆ ਹੋਇਐ ਪਹਿਲੇ ਪਤੀ ਤੋਂ, ਸਤ ਕੇ। ਉਂਜ ਫਾਰਵਰਡ ਕੁੜੀ ਐ। ਜਾਤ-ਜੂਤ ਨੂੰ ਨੀ ਮੰਨਦੀ।' ਸੋ, ਦੋ ਕੁ ਮੁਲਾਕਾਤਾਂ ਪਿੱਛੋਂ ਸਾਡਾ ਫਾਰਵਰਡ ਤਰੀਕੇ ਨਾਲ ਵਿਆਹ ਹੋ ਗਿਆ। ਕਚਹਿਰੀ ਵਿਚ। ਮੇਰੇ ਦਿਨ ਫਿਰਨ ਲੱਗੇ। ਰੰਜਨਾ ਨਿੱਤ ਦੇ ਵਰਤਾਓ ਵਿਚ ਸਿਆਣੀ ਤੇ ਸੂਝਵਾਨ ਲੱਗਦੀ ਸੀ ਮੈਨੂੰ। ਸਲੀਕੇ ਨਾਲ ਗੱਲ ਕਰਨ ਵਾਲੀ। ਕੰਮਕਾਰ ਵਿਚ ਸੁਘੜ। ਇਕ ਸਾਲ ਚੰਗਾ-ਭਲਾ ਬੀਤਿਆ। ਫੇਰ ਮਾੜੀ-ਮੋਟੀ ਟੋਕਾ-ਟਾਕੀ ਸ਼ੁਰੂ ਹੋ ਗਈ। ਜਿਵੇਂ ਆਮ ਘਰਾਂ ਵਿਚ ਹੁੰਦੀ ਐ। ਉਹ ਪਹਿਲਾਂ ਰੁੱਸਣ ਲੱਗੀ। ਫੇਰ ਖਿੱਝਣ। ਵਧਦੀ-ਵਧਦੀ ਗੱਲ ਲੜਾਈ-ਝਗੜੇ ਉੱਤੇ ਆ ਗਈ। ਹੁਣ ਉਹ ਕਲੇਸ਼ ਪਾਈ ਬੈਠੀ ਐ। ਮੇਰਾ ਤਾਂ ਨੱਕ ਵਿਚ ਦਮ...।"

ਬੋਲਦੇ-ਬੋਲਦੇ ਦਾ ਉਹਦਾ ਗਲਾ ਰੁਧ ਗਿਆ। ਅੱਖਾਂ ਵਿਚ ਪਾਣੀ ਤੈਰਨ ਲੱਗਿਆ। ਉਹਨੇ ਜੇਬ ਵਿਚੋਂ ਰੁਮਾਲ ਕੱਢ ਕੇ ਅੱਖਾਂ ਪੂੰਝ ਲਈਆਂ।

"ਤੇਰਾ ਬਾਪੂ?" ਮੈਨੂੰ ਸ਼ੱਕ ਪਿਆ ਕਿ ਕਿਤੇ ਓਸ ਨੇ ਪੰਗਾ ਨਾ ਲੈ ਲਿਆ ਹੋਵੇ।

"ਛੱਡੋ ਪਰ੍ਹੇ!" ਉਹਨੇ ਟਾਲਣਾ ਚਾਹਿਆ। ਉਹਦੀ ਸੁਰ ਵਿਚ ਬੇਚੈਨੀ ਅਤੇ ਉਦਾਸੀ ਸੀ।

"ਫੇਰ ਵੀ? ਪਤਾ ਤਾਂ ਲੱਗੇ!" ਮੈ ਜ਼ੋਰ ਦਿੰਦਿਆਂ ਆਖਿਆ।

ਉਹ ਥਿੜਕਦਾ-ਥਿੜਕਦਾ ਦੱਸਣ ਲੱਗਿਆ, "ਉਹ ਤਾਂ ਜੀ ਓਦੋਂ ਈ ਚਲਿਆ ਗਿਆ ਸੀ... ਬੀਕਾਨੇਰ... ਸਾਡੇ ਜੱਦੀ ਘਰ... ਮੇਰੇ ਬੜੇ ਭਾਈ ਕੋਲ। ਮੈਂ ਰੋਕਿਆ ਨਾ। ਉਹਨੂੰ ਕਸੂਰਵਾਰ ਸਮਝਦਿਆਂ ਮੈਂ ਉਸ ਨਾਲ ਓਪਰਿਆਂ ਵਾਂਗ ਪੇਸ਼ ਆਉਂਦਾ ਸੀ। ਉਹਦੀ ਬਣਦੀ-ਸਰਦੀ ਟਹਿਲ-ਸੇਵਾ ਵੀ ਨਾ ਕੀਤੀ। ਅਸਲ ਵਿਚ ਇਹ ਮੇਰੀ ਨਿਆਣ-ਮੱਤ ਸੀ। ਨਿਰਾ ਅੱਲ੍ਹੜਪੁਣਾ। ਜਜ਼ਬਾਤ ਵਿਚ ਅਚਾਨਕ ਉਛਾਲ ਆਉਣਾ, ਅੰਦਰੋਂ ਧੂਹ ਪੈਣੀ, ਕਿਸੇ ਵੱਲ ਸਮੁੰਦਰ ਦੀ ਛੱਲ ਵਾਂਗ ਬੌਰਾ ਹੋ ਖਿੱਚਿਆ ਜਾਣਾ! ਇਸ ਗੱਲ ਦਾ ਅਹਿਸਾਸ ਨਹੀਂ ਸੀ। ਇਹ ਤਾਂ ਹੁਣ ਪਤਾ ਲੱਗਿਆ। ਬਾਪ ਮੇਰਾ ਸੱਚਾ-ਸੁੱਚਾ ਇਨਸਾਨ ਤੇ ਕਲਾਕਾਰ ਐ। ਤੁਸੀਂ ਹੀ ਦੱਸੋ, ਭਾਅ ਜੀ! ਔਰਤ ਕੋਈ ਜ਼ਮੀਨ ਐ ਜਿਸ ਨੂੰ ਧੱਕੇ ਨਾਲ ਦੱਬ ਕੇ ਬੰਦਾ ਹਲ ਵਾਹੁਣ ਲੱਗ ਪਵੇ।"

ਮੈਂ ਤਾਂ ਉਹਦੀ ਗੱਲ ਸੁਣ ਕੇ ਈ ਬੌਂਦਲ ਗਿਆ। ਫੇਰ ਕੀ ਦੱਸਦਾ? ਮੇਰੇ ਮੂੰਹੋਂ ਕੇਵਲ ਏਨਾ ਨਿਕਲਿਆ, "ਤੇਰਾ ਰਵੱਈਆ ਬਦਲਿਆ ਕਿਵੇਂ? ਇਹ ਹੋ ਕਿਸ ਤਰ੍ਹਾਂ ਗਿਆ?"

ਉਹਨੇ ਆਪਣੇ ਮੱਥੇ ਤੋਂ ਪਸੀਨਾ ਪੂੰਝਿਆ। ਬਹਿਰੇ ਵੱਲ ਦੇਖ ਕੇ ਬੋਲਿਆ, "ਪਾਣੀ... ਇਕਦਮ ਠੰਢਾ!" ਬਹਿਰਾ ਪਾਣੀ ਦਾ ਭਰਿਆ ਜੱਗ ਮੇਜ਼ ਉੱਤੇ ਰੱਖ ਗਿਆ। ਉਹਨੇ ਗਲਾਸ ਭਰਿਆ। ਫੇਰ ਹੌਲੀ-ਹੌਲੀ ਘੁੱਟਾਂ ਭਰਦਿਆਂ ਮੁਕਾ ਦਿੱਤਾ ਅਤੇ ਕਹਿਣ ਲੱਗਿਆ, "ਭਾਅ ਜੀ, ਮਾਫ ਕਰਨਾ। ਇਕ ਮਿੰਟ ਵਿਚ ਮੁਕਾਉਣਾ ਗੱਲ। ਤੁਹਾਡਾ ਪਹਿਲਾਂ ਈ ਬਹੁਤ ਟਾਇਮ ਲੈ ਲਿਆ ਮੈਂ।"

"ਪ੍ਰਵਾਹ ਨਾ ਕਰ ਤੂੰ। ਦਸ ਮਿੰਟ ਲੈ!" ਮੈਂ ਉਹਨੂੰ ਹੱਲਾਸ਼ੇਰੀ ਦਿੰਦਿਆਂ ਆਖਿਆ।

"ਅਸੀਂ ਹੈਦਰਾਬਾਦ ਭੰਗੜਾ ਪਾ ਕੇ ਵਾਪਸ ਆ ਰਹੇ ਸੀ", ਉਹਨੇ ਕਹਿਣਾ ਸ਼ੁਰੂ ਕੀਤਾ, "ਮਿੰਦਰ, ਮੈਂ ਤੇ ਦੋ ਜਣੇ ਹੋਰ। ਰੇਲ-ਗੱਡੀ ਚੜ੍ਹਦਿਆਂ ਈ ਅਸੀਂ ਇੱਲਤਾਂ ਕਰਨ ਲੱਗੇ। ਚਾਂਭੜਾਂ ਪਾਉਂਦੇ, ਹਿੜ-ਹਿੜ ਕਰਦੇ ਅਸੀਂ ਡੱਬਿਆਂ ਵਿਚਾਲੇ ਲੰਘ ਰਹੇ ਸਾਂ। ਡੱਬੇ ਅੰਦਰ ਝਾਤੀ ਮਾਰ ਸਾਡਾ ਕੋਈ ਸਾਥੀ ਪੁਕਾਰ ਉੱਠਦਾ 'ਫੋਕੜ!' ਦੂਜੇ ਮਖੌਲ ਕਰਦੇ ਕਹਿੰਦੇ, 'ਵਧ ਸ਼ੇਰਾ ਅੱਗੇ!' ਅਸੀਂ ਕੋਈ ਮਨਪਸੰਦ ਸਵਾਰੀ ਦੀ ਭਾਲ ਵਿਚ ਸਾਂ ਤਾਂ ਜੋ ਸਫਰ ਸੁਖਾਵਾਂ ਰਹੇ। ਆਖਰ ਇਕ ਡੱਬਾ ਜਚਿਆ ਸਾਨੂੰ। ਉਸ ਦੀ ਹੇਠਲੀ ਸਲੀਪਰ ਸੀਟ ਉੱਤੇ ਦੋ ਅਧਖੜ੍ਹ ਉਮਰ ਦੀਆਂ ਤੀਮੀਆਂ ਆਪਣੀਆਂ ਗਠੜੀਆਂ ਕੱਛਾਂ ਵਿਚ ਦੱਬੀ ਬੈਠੀਆਂ ਸਨ। ਸਾਨੂੰ ਅੰਦਰ ਵੜਦਿਆਂ ਦੇਖ ਉਹ ਇਕਦਮ ਉੱਠ ਖੜ੍ਹੀਆਂ ਤੇ ਤੁਰ ਗਈਆਂ। ਅਸੀਂ ਹੱਸਦਿਆਂ-ਹੱਸਦਿਆਂ ਸਲੀਪਰ ਮੱਲ ਲਈ। ਸਾਡਾ ਟਾਰਗੈੱਟ ਸਾਹਮਣੇ ਵਾਲੀ ਸੀਟ ਸੀ। ਉਸ ਉੱਤੇ ਇਕ ਨੇਤਰਹੀਣ ਬਿਰਧ ਜੋੜਾ ਬੈਠਾ ਸੀ। ਤਾਕੀ ਕੋਲ ਦਸ ਕੁ ਵਰ੍ਹਿਆਂ ਦਾ ਮੁੰਡਾ ਬਾਹਰ ਪਿੱਛੇ ਨੂੰ ਭੱਜੇ ਜਾਂਦੇ ਰੁੱਖ ਦੇਖ ਰਿਹਾ ਸੀ। ਉਹਦੇ ਕੋਲ ਇਕ ਭਰਵੇਂ ਜੁੱਸੇ ਵਾਲੀ ਮੁਟਿਆਰ ਸਾਲ ਕੁ ਦਾ ਬੱਚਾ ਗੋਦੀ ਵਿਚ ਲਈ ਬੈਠੀ ਸੀ। ਗੋਲ-ਮਟੋਲ ਜਿਹੀ। ਅਸਲ ਵਿਚ ਉਹਦੇ ਸਰੀਰ ਦਾ ਹਰ ਅੰਗ ਗੁਲਾਈ ਵਿਚ ਢਲਿਆ ਦਿਖਾਈ ਦੇ ਰਿਹਾ ਸੀ। ਹੱਸਦੀ ਤਾਂ ਬੁੱਲ੍ਹ ਗੁਲਾਈ ਅਖਤਿਆਰ ਕਰ ਲੈਂਦੇ। ਉਹਦੇ ਗੋਰੇ, ਘੁੱਗੀਆਂ ਵਰਗੇ ਪੈਰਾਂ ਉੱਤੇ, ਗਿੱਟਿਆਂ ਤੋਂ ਹੇਠਾਂ ਤਕ, ਮਹਿੰਦੀ ਦੇ ਲਾਲ-ਸੂਹੇ ਬੂਟੇ ਖਿੜੇ ਹੋਏ ਸਨ! 'ਇਹਦਾ ਤਾਂ ਅੰਗ-ਅੰਗ ਗੱਲਾਂ ਕਰ ਰਿਹੈ। ਛੇੜਾਂ?' ਮਿੰਦਰ ਨੇ ਆਪਣੇ ਰਸਮਿਸੇ ਬੁੱਲ੍ਹਾਂ ਉੱਤੇ ਜੀਭ ਫੇਰਦਿਆਂ ਮੇਰੇ ਕੰਨ ਵਿਚ ਕਿਹਾ। 'ਗੱਲ ਕਰਨ ਵਿਚ ਕੀ ਹਰਜ ਐ।' ਮੈਂ ਹਰੀ ਝੰਡੀ ਦੇ ਦਿੱਤੀ। ਮੁਟਿਆਰ ਵੱਲ ਦੇਖ ਉਹਦਾ ਚਿਹਰਾ ਖਿੜ ਉੱਠਿਆ। ਸ਼ਰਾਰਤ ਨਾਲ ਉਹਦੇ ਭਰਵੱਟੇ ਹੇਠਾਂ-ਉੱਤੇ ਨੂੰ ਹੋਏ। ਫੇਰ ਉਹਨੇ ਬੀਬਾ ਜਿਹਾ ਮੂੰਹ ਬਣਾ ਕੇ ਪੁੱਛਿਆ, 'ਆਪ ਕਾ ਨਾਮ?' 'ਪਰਵੀਨ', ਮੁਟਿਆਰ ਨੇ ਬਿਨਾ ਹਿਚਕਚਾਇਆਂ ਨਾਂ ਦਸ ਦਿੱਤਾ। 'ਕਹਾਂ ਸੇ ਤਸ਼ਰੀਫ ਲਾ ਰਹੀ ਹੋ?' ਅਗਲਾ ਸਵਾਲ ਆਪ-ਮੁਹਾਰੇ ਹੋਇਆ। 'ਇਧਰ ਮੌਸੀ ਕੇ ਯਹਾਂ ਆਈ ਥੀ। ਵੈਸੇ ਕੋਹਲਾਪੁਰ ਕੀ ਹੂੰ', ਕਹਿ ਕੇ ਉਹ ਮੁਸਕਰਾ ਪਈ।

"ਸਾਡੇ ਨਾਲ ਦਾ ਤੀਜਾ ਜੁਆਨ ਚਾਂਭਲ ਕੇ ਬੋਲਿਆ, 'ਕੋਹਲਾਪੁਰ ਕੀ ਕਿਆ ਚੀਜ਼ ਮਸ਼ਹੂਰ ਹੈ?' 'ਚੱਪਲੇਂ!' ਉਹਨੇ ਆਪਣੇ ਚੱਪਲਾਂ ਸਮੇਤ ਪੈਰ ਘੁਮਾਉਂਦਿਆਂ ਆਖਿਆ। ਜੁਆਨ ਨੇ ਉਹਦਾ ਇਸ਼ਾਰਾ ਸਮਝਦਿਆਂ ਟਕੋਰ ਕੀਤੀ, 'ਏਕ ਪਦਮਨੀ ਵੀ ਤਾਂ ਹੈ... ਪਦਮਨੀ ਕੋਹਲਾਪੁਰ!' 'ਹਾਂ, ਹੈ। ਆਪ ਕਭੀ ਮਿਲੇ ਹੈਂ ਉਸ ਸੇ?' ਪਰਵੀਨ ਨੇ ਮੋੜਵਾਂ ਵਿਅੰਗ ਕੀਤਾ।

"ਉਹ ਖਸਿਆਣਾ ਜਿਹਾ ਹੋਇਆ 'ਹੀ... ਹੀ... ਹੀ... ਹੀ...' ਕਰਦਾ ਦੰਦ ਕੱਢਣ ਲੱਗਿਆ। ਚੌਥੇ ਗੱਭਰੂ ਨੇ ਸੋਚਿਆ, ਤੀਜੇ ਦੀ ਤਾਂ ਹੇਠੀ ਹੋ ਗਈ! ਇਸ ਦਾ ਬਦਲਾ ਲਿਆ ਜਾਵੇ। ਉਹਨੇ ਸਾਡੇ ਵੱਲ ਟੇਢੀ ਨਜ਼ਰ ਨਾਲ ਦੇਖਦਿਆਂ ਅੱਖ ਦੱਬੀ। ਤੀਜੇ ਜੁਆਨ ਦੀ ਵੱਖੀ ਵਿਚ ਪੋਲੀ ਜਿਹੀ ਕੂਹਣੀ ਮਾਰਦਾ ਉਹ ਪਰਵੀਨ ਵੱਲ ਦੇਖ ਕੇ ਅੱਖਾਂ ਝਮਕਦਾ ਬੋਲਿਆ, 'ਅੱਛਾ, ਏਕ ਬਾਤ ਬਤਾਓ!' ਪਰਵੀਨ ਨੇ ਆਪਣੀਆਂ ਗੋਲ-ਗੋਲ ਅੱਖਾਂ ਮਟਕਾਈਆਂ ਤੇ ਬੋਲੀ, 'ਪੂਛੋ।' ਉਹ ਝੁੰਜਲਾ ਕੇ ਕਹਿਣ ਲੱਗਿਆ, 'ਅੱਛਾ ਯਹਾਂ... ਕੋਹਲਾਪੁਰ ਮੇਂ... ਸਰਦੀਉਂ ਮੇਂ ਕੈਸਾ ਮੌਸਮ ਹੋਤਾ ਹੈ?' ਉਹ ਪਟਾਕ ਦੇਣੇ ਹੱਸੀ ਤੇ ਆਖਣ ਲੱਗੀ, 'ਸਰਦੀਉਂ ਜੈਸਾ!' ਜਿਵੇਂ ਅਜੇ ਉਹਦੀ ਤਸੱਲੀ ਨਾ ਹੋਈ ਹੋਵੇ, ਉਹ ਫੇਰ ਖਿੜ-ਖਿੜਾ ਕੇ ਹੱਸਣ ਲੱਗ ਪਈ।

"ਸਾਡੇ ਵਿਚੋਂ ਕਿਸੇ ਨੂੰ, ਅੱਗੇ ਤੋਰਨ ਲਈ ਕੋਈ ਗੱਲ ਨਹੀਂ ਸੀ ਸੁੱਝ ਰਹੀ। ਪਰਵੀਨ ਨੇ ਆਪਣੇ ਮੱਥੇ ਉੱਤੇ ਪਲਮ ਆਈ ਲਿਟ ਨੂੰ ਅਦਾ ਨਾਲ ਪਿੱਛੇ ਨੂੰ ਹਟਾਇਆ, ਮੋਢਾ ਉਚਕਿਆ ਤੇ ਬੱਚੇ ਨੂੰ ਚੁੱਕ ਲਾਗਲੇ ਡੱਬੇ ਵਿਚ ਚਲੀ ਗਈ। ਦੋ-ਤਿੰਨ ਮਿੰਟ ਅਸੀਂ ਠਗੇ-ਠਗੇ ਬੈਠੇ ਰਹੇ। 'ਲੈ ਲੋ ਸੁਆਦ!' ਮਿੰਦਰ ਨੇ ਤਬਸਰਾ ਕੀਤਾ। 'ਮੈਂ ਦੇਖ ਕੇ ਆਉਣਾਂ!' ਮਿੰਦਰ ਦੇ ਕੰਨ ਵਿਚ ਕਹਿ ਮੈਂ ਬਾਥਰੂਮ ਜਾਣ ਦੇ ਬਹਾਨੇ ਉੱਠਿਆ। ਕੋਲ ਦੀ ਲੰਘਦਿਆਂ ਲਾਗਲੇ ਡੱਬੇ ਅੰਦਰ ਝਾਕਿਆ। ਬੱਚੇ ਉਪਰ ਮਲਮਲ ਦੀ ਚਾਦਰ ਤਾਣੀਂ ਉਹ ਉਹਨੂੰ ਦੁੱਧ ਚੁੰਘਾ ਰਹੀ ਸੀ। ਵਾਪਸ ਮੁੜਦਿਆਂ ਮੈਂ ਪਰਵੀਨ ਦੇ ਚਿਹਰੇ ਵੱਲ ਧਿਆਨ ਨਾਲ ਦੇਖਿਆ। ਉਹਦੇ ਉਮਾਹ ਨਾਲ ਪੰਘਰੇ ਮੁੱਖ-ਮੰਡਲ ਦੁਆਲੇ ਸ਼ਾਂਤ ਪਰਵਾਰ ਪਸਰਿਆ ਹੋਇਆ ਸੀ। ਮੇਰੇ ਅੰਦਰ ਧੂਹ ਜਿਹੀ ਪਈ। ਚਿਹਰੇ ਦਾ ਜਲਾਲ ਮੈਤੋਂ ਝੱਲਿਆ ਨਾ ਗਿਆ। ਸੁਖਾਵੇਂ ਸੁਪਨਿਆਂ ਵਿਚ ਗੁਆਚਿਆ ਮੈਂ ਆਪਣੇ ਡੱਬੇ ਵਿਚ ਆ ਗਿਆ। ਮੇਰੇ ਸਾਥੀ ਊਂਘ ਰਹੇ ਸਨ। ਮੈਂ ਮੁੰਡੇ ਕੋਲ ਮਲਕੜੇ ਬੈਠ ਗਿਆ। ਉਹਦੇ ਮੋਢੇ ਉੱਤੇ ਪਿਆਰ ਨਾਲ ਹੱਥ ਰੱਖਿਆ ਤਾਂ ਮੁਸਕਰਾਉਣ ਲੱਗਿਆ। 'ਪਰਵੀਨ ਤੇਰੀ ਦੀਦੀ ਹੈ?' ਪੁੱਛਣ ਉੱਤੇ ਉਹ ਬੋਲਿਆ, 'ਬਹਿਨ।' 'ਜਾਨਾ ਕਹਾਂ ਹੈ?' ਸੁਣਦਿਆਂ ਹੀ ਉਹ ਸਿਖਾਏ ਹੋਏ ਤੋਤੇ ਵਾਂਗ ਆਪੇ ਦੱਸਣ ਲੱਗਿਆ, 'ਬਹਿਨ ਕੇ ਸੁਸਰਾਲ, ਔਰੰਗਾਬਾਦ। ਸਟੇਸ਼ਨ ਸੇ ਚਲੋ, ਬੜਾ ਸਾ ਰਹਿਟ ਆਤਾ ਹੈ। ਬਹੁਤ ਸੇ ਲੋਗ ਹਰ ਰੋਜ਼ ਉਸੇ ਦੇਖਨੇ ਆਤੇ ਹੈਂ। ਥੋੜ੍ਹੀ ਦੂਰ ਆਗੇ ਮਸਜਿਦ ਹੈ। ਬਗਲ ਮੇਂ ਪੁਰਾਨੀ ਗਲੀ... ਸਾਤਵਾਂ ਮਕਾਨ... ਛੋਟੀ-ਛੋਟੀ ਈਟੋਂ ਵਾਲਾ। ਸਾਹਮਣੇ ਵਾਲੀ ਦੀਵਾਰ ਸੇ ਏਕ ਈਂਟ ਨਿਕਲੀ ਹੂਈ। ਪਾਸ ਹੀ ਕਬੂਤਰੋਂ ਦਾ ਦੜ੍ਹਆ ਹੈ। ਸ਼ਾਮ ਕੋ ਵਹਾਂ ਸੇ ਉੜ ਕਰ ਦੋ-ਏਕ ਕਬੂਤਰ ਮਕਾਨ ਮੇਂ ਘੁਸ ਆਤੇ ਹੈ...', ਦੱਸਦਾ-ਦੱਸਦਾ ਉਹ ਉੱਚੀ-ਉੱਚੀ, ਨਿਰਛਲ ਤੇ ਬੇਬਾਕ ਹਾਸਾ ਹੱਸਦਾ ਕਹਿਣ ਲੱਗਿਆ, 'ਸਾਲੇ! ਆਈਸੇ ਝੂਮਤੇ ਹੂਏ ਮਕਾਨ ਮੇਂ ਦਾਖਿਲ ਹੋਤੇ ਹੈਂ ਜੈਸੇ ਪੀ ਰਖੀ ਹੈ। ਫਿਰ ਅੰਦਰ ਬਹਨ ਕੇ ਪਾਸ ਜਾ ਕਰ ਗੁਟਰ ਗੂੰ... ਗੁਟਰ ਗੂੰ... ਕਰਨੇ ਲਗਤੇ ਹੈਂ!' ਮੁੰਡਾ ਫੇਰ ਹੱਸਣ ਲੱਗਿਆ।

"ਮੇਰੇ ਸਾਥੀ ਜਾਗ ਪਏ ਸਨ। ਕਈ ਛੋਟੇ-ਛੋਟੇ ਸਟੇਸ਼ਨ ਲੰਘ ਗਏ। ਸੁੰਨੇ-ਸੁੰਨੇ। ਬੇਰੌਣਕ ਜਿਹੇ। ਸਾਡੇ ਮਨਪਸੰਦ ਦੀ ਰੋਟੀ ਕਿਤੋਂ ਨਹੀਂ ਸੀ ਮਿਲ ਰਹੀ। ਨਾ ਗੱਡੀ ਵਿਚੋਂ, ਨਾ ਕਿਸੇ ਸਟੇਸ਼ਨ ਤੋਂ। ਸਾਡੇ ਨਾਲ ਹੈਦਰਾਬਾਦ ਵੀ ਇਉਂ ਹੀ ਹੋਇਆ ਸੀ। ਅਸੀਂ ਬੁਰਕੀ ਮੂੰਹ ਵਿਚ ਪਾਉਂਦੇ, ਉਹ ਬਾਹਰ ਨੂੰ ਆਉਂਦੀ। 'ਬੜੀ ਭੁੱਖ ਲੱਗੀ ਐ, ਯਾਰ!' ਮਿੰਦਰ ਆਪਣੇ ਢਿੱਡ ਉੱਤੇ ਹੱਥ ਫੇਰਦਾ ਬੋਲਿਆ। ਸਾਡੇ ਦੂਜੇ ਦੋ ਸਾਥੀ ਵੀ ਭੁੱਖ ਦਾ ਰਾਗ ਅਲਾਪਣ ਲੱਗੇ। 'ਜਾਨ ਤਾਂ ਨੀ ਨਿੱਕਲਦੀ! ਮਿਲ ਜੂ ਕੁਸ਼ ਖਾਣ ਨੂੰ, ਕਿਤੋਂ ਨਾ ਕਿਤੋਂ'।"

"ਮੇਰਿਆਂ ਬੋਲਾਂ ਵਿਚ ਖਿਝ ਤੇ ਹਿਰਖ ਸੀ। ਅਸਲ ਵਿਚ ਭੁੱਖ ਨਾਲ ਮੇਰਾ ਆਪਣਾ ਬੁਰਾ ਹਾਲ ਹੋਇਆ ਪਿਆ ਸੀ। ਅਸੀਂ ਕੋਈ ਹੀਲਾ-ਵਸੀਲਾ ਲੱਭਣ ਬਾਰੇ ਸੋਚਣ ਲੱਗੇ। ਏਨੇ ਨੂੰ ਲਾਗਲੇ ਡੱਬੇ ਵਿਚੋਂ ਨਿੱਕਲ ਮੁੰਡਾ ਹੱਥਾਂ ਵਿਚ ਡੱਬਾ ਫੜੀ ਸਾਡੇ ਵੱਲ ਆਉਂਦਾ ਦਿਖਾਈ ਦਿੱਤਾ। ਸਾਡੇ ਕੋਲ ਆ ਕੇ ਡੱਬਾ ਫੜਾਉਂਦਿਆਂ ਉਹ ਆਖਣ ਲੱਗਿਆ, 'ਬਹਿਨ ਨੇ ਬੋਲਾ ਹੈ, ਭ੍ਰਾਈਉਂ ਸੇ ਕਹਿਨਾ, ਖਾਨਾ ਖਾ ਲੇਂ।' ਅਸੀਂ ਚੁੱਪ-ਚਾਪ ਇਕ ਦੂਜੇ ਦਾ ਮੂੰਹ ਵੇਖਣ ਲੱਗੇ। ਮੁੰਡਾ ਜਾ ਚੁੱਕਿਆ ਸੀ। ਮੇਰੇ ਸਾਥੀ ਰੋਟੀਆਂ ਨੂੰ ਹਾਬੜਿਆਂ ਵਾਂਗ ਪੈ ਗਏ। ਮਿੰਦਰ ਬੁਰਕੀ ਤੋੜ ਕੇ ਮੇਰੇ ਵੱਲ ਝਾਕਿਆ। ਉਹਦੀ ਡਲ੍ਹਕਦੀ ਅੱਖ ਵਿਚ ਤਾਰਾ ਚਮਕਿਆ ਤੇ ਉਹਦੇ ਮੂੰਹੋਂ ਬੋਲ ਮਸਾਂ ਨਿੱਕਲੇ, 'ਸਾਡੀਆਂ ਕੁੜੀਆਂ ਵੀ ਬੱਸ!' ਸੁਣਦਿਆਂ ਹੀ ਮੇਰੇ ਮੂੰਹ ਵਿਚ ਬੁਰਕੀ ਫੁੱਲ ਗਈ। ਉਛਾਲ ਜਿਹਾ ਉੱਠਿਆ ਤੇ ਗੱਚ ਭਰ ਆਇਆ ਮੇਰਾ। ਪਤਾ ਹੀ ਨਾ ਲੱਗਿਆ, ਕਦੋਂ ਮੇਰੀਆਂ ਅੱਖਾਂ ਵਿਚੋਂ ਹੰਝੂ ਆਪ-ਮੁਹਾਰੇ ਵਹਿ ਤੁਰੇ। ਕੁਝ ਟੁੱਟ ਗਿਆ ਸੀ, ਅੰਦਰ। ਸ਼ਾਇਦ।"

"ਪੰਜ ਵਰ੍ਹੇ ਬੀਤ ਗਏ। ਪਿਛਲੇ ਮਹੀਨੇ ਉਹ ਮਰੀ ਤਾਂ ਇਕ ਗੱਲ ਦਾ ਅਹਿਸਾਸ ਬੜੀ ਸ਼ਿੱਦਤ ਨਾਲ ਹੋਇਆ। ਮੁੰਡੇ ਨੇ ਰਾਹ ਸਹਿਜ ਦੱਸਿਆ ਸੀ। ਪਤਾ ਵੀ ਸਹੀ ਸੀ। ਫੇਰ ਵੀ ਪਤਾ ਨਹੀਂ ਕਿਉਂ, ਔਰੰਗਾਬਾਦ ਜਾਂਦਿਆਂ ਹਰ ਵਾਰ ਰਾਹ ਵਿਚ ਮੈਨੂੰ ਮਹਿਸੂਸ ਹੁੰਦਾ ਕਿ ਸੱਤਵੇਂ ਘਰ ਅਪੜਨਾ ਏਨਾ ਆਸਾਨ ਨਹੀਂ। ਏਸ ਗੱਲ ਨੂੰ ਉਹ ਦੋ ਕੁ ਬੰਦੇ ਨਹੀਂ ਸਮਝਦੇ ਹੋਣੇ ਜੋ ਸ਼ਾਮ ਨੂੰ ਆਪੋ-ਆਪਣੇ ਦੜਬਿਆਂ ਵਿਚੋਂ ਨਿੱਕਲ ਕੇ ਝੂਮਦੇ ਹੋਏ ਓਸ ਘਰ ਵਿਚ ਘੁਸ ਜਾਂਦੇ ਤੇ ਪਰਵੀਨ ਕੋਲ 'ਗੁਟਰ ਗੂੰ... ਗੁਟਰ ਗੂੰ...' ਕਰ ਕੇ ਆਪਣੇ ਰਾਹ ਪੈ ਜਾਂਦੇ ਸਨ। ਸਿਰ ਉੱਤੇ ਚਿੱਟੀ ਜਾਲੀ ਦੀ ਟੋਪੀ ਅਤੇ ਤੇੜ ਹਰੇ ਰੰਗ ਦੀ ਮੈਲੀ ਤਹਿਮਦ ਪਾਈ ਘਰ ਮੂਹਰੇ ਚਬੂਤਰੇ ਉੱਤੇ ਬੈਠਾ ਸੁੱਕਿਆ ਜਿਹਾ ਅੱਧਖੜ ਉਮਰ ਦਾ ਦੱਲਾ ਜੋ ਆਪਣੇ ਆਪ ਨੂੰ ਪਰਵੀਨ ਦਾ ਖਾਵੰਦ ਦੱਸਦਾ ਸੀ, ਵੀ ਕੀ ਸਮਝਦਾ ਹੋਊ।' ਇਸ ਕੀ ਰੂਹ ਤੋ ਹਮੇਸ਼ਾ ਠੇਕੇ ਕੇ ਇਰਦ-ਗਿਰਦ ਮੰਡਰਾਤੀ ਰਹਿਤੀ ਹੈ', ਇਕ ਵੇਰਾਂ ਪਰਵੀਨ ਨੇ ਹੱਸਦਿਆਂ ਆਖਿਆ ਸੀ।

"ਰੰਜਨਾ ਬਾਰੇ ਕੀ ਕਹਾਂ! ਸ਼ਾਇਦ ਲਿਮਟਿਡ ਕੰਪਨੀ ਵਿਚ ਹੋਣ ਕਰਕੇ ਮਨੁੱਖੀ ਰਿਸ਼ਤਿਆਂ ਪ੍ਰਤੀ ਉਹਦੀ ਪਹੁੰਚ ਲਿਮਟਿਡ ਹੋ ਗਈ ਹੈ। ਉਹਨੇ ਚੱਤੋ-ਪਹਿਰ ਇਕੋ ਰੱਟ ਲਾ ਰੱਖੀ ਹੈ, 'ਗੋਰਿਆ ਬੰਦਿਆ! ਮੈਂ ਤੈਨੂੰ ਕਦੇ ਮਾਫ ਨਹੀਂ ਕਰਾਂਗੀ। ਤੈਂ ਮੈਨੂੰ ਧੋਖਾ ਦਿੱਤਾ।' ਉਹ ਇਹ ਗੱਲ ਨਹੀਂ ਸਮਝ ਰਹੀ ਕਿ ਇਨਸਾਨ ਦੀ ਆਪਣੀ ਅਜ਼ਮਤ ਵੀ ਕੋਈ ਮਹੱਤਵ ਰੱਖਦੀ ਹੈ!"

ਬਿੰਦ ਕੁ ਚੁੱਪ ਵਰਤੀ ਰਹੀ।

ਫੇਰਾ ਗੋਰਾ ਬਾਸ਼ਾ ਨੇ ਉਬਾਸੀ ਲੈਂਦਿਆਂ ਆਖਿਆ, "ਚੱਲਾਂ ਹੁਣ।"

ਮੈਂ ਕਿਹਾ, "ਹੋਰ ਮੰਗਾ ਲੈਨੇ ਆਂ।" ਉਹ ਉੱਠਣ ਲੱਗਿਆ, "ਨਹੀਂ। ਘਰ ਕਾਟੇ ਹੁਰੀਂ ਉਡੀਕਦੇ ਹੋਣਗੇ। ਮੈਂ ਕੋਲ ਨਾ ਹੋਵਾਂ ਤਾ ਕੁੱਤਾ ਕੁਝ ਖਾਂਦਾ-ਪੀਂਦਾ ਨਹੀਂ। ਉਦਾਸ ਹੋ ਜਾਂਦੈ!"

## ਸਿਸਕਦਾ ਚਾਂਦਨੀ ਚੌਕ

ਭਾਈ ਮਤੀਦਾਸ ਸਤੀਦਾਸ ਦਿਆਲਾ ਸੀ,
ਭਾਈ ਜੈਤਾ, ਭਾਈ ਊਦਾ ਰਖਵਾਲਾ ਸੀ,
ਆਰਿਆਂ ਨਾਲ਼ ਚੀਰੇ ਗਏ ਮਤੀਦਾਸ ਜੀ,
ਦਿਆਲਾ ਉਬਾਲੇ ਤੇ ਸਾੜੇ ਸਤੀਦਾਸ ਜੀ,

ਗੁਰੂ ਜੀ ਨੇ ਅੱਖੀਂ ਇਹ ਤੱਕੇ ਨਜ਼ਾਰੇ ਜੀ,
ਫਿਰ ਵੀ ਨਾ ਡੋਲੇ ਭੋਰਾ ਗੁਰੂ ਪਿਆਰੇ ਜੀ।
ਚੜ੍ਹਦੀ ਕਲਾ ਦੇ ਉਹ ਸਬਕ ਪੜ੍ਹਾਉਂਦੇ ਸੀ,
'ਸ਼ਾਂਤ ਚਿੱਤ ਰਹੀਏ' ਉਪਦੇਸ਼ ਸੁਣਾਉਂਦੇ ਸੀ।

ਕੱਤਕ ਦਾ ਮਹੀਨਾ ਕਾਲ਼ੀ ਬੋਲ਼ੀ ਰਾਤ ਸੀ,
ਜਦੋਂ ਸਾਂ-ਸਾਂ ਕਰਦੀ ਚੁੱਪ ਕਾਇਨਾਤ ਸੀ।
ਥਰ-ਥਰ ਕੰਬੇ ਦਿੱਲੀ ਚਾਂਦਨੀ ਚੌਕ ਡਰਦਾ,
ਬੀਤਣੀ ਅਨਹੋਣੀ ਕੱਲ੍ਹ ਸੀ ਦਮ ਭਰਦਾ।

ਪਹਿਰੇ ਬੜੇ ਕਰੜੇ ਕਾਜ਼ੀ ਨੇ ਲੁਆਏ ਸੀ,
ਜਾਗਦੇ ਰਹੋ ਦੇ ਹੋਕੇ ਸਾਰੀ ਰਾਤ ਲਾਏ ਸੀ।
ਪਿੰਜਰੇ 'ਚ ਕੈਦ ਗੁਰੂ ਸਾਹਿਬ ਬਿਠਾ ਲਏ,
ਮਨਾਉਣਾ ਹੈ ਇਸਲਾਮ ਕਾਜ਼ੀ ਸਦਾ ਲਏ।
ਨਾ ਮੰਨੇ ਦੀਨ ਨੂੰ ਤਾਂ ਹੁਕਮ ਹੈ ਕਤਲ ਦਾ,

ਸਿਰ ਧੜ ਬਾਜ਼ੀ ਹੈ ਇਰਾਦਾ ਮਕਤਲ ਦਾ,
ਕੋਤਵਾਲ ਭਲਾ ਦਿਲੋਂ ਆਦਰ ਸੀ ਕਰਦਾ,
ਪਿੰਜਰੇ 'ਚੋਂ ਆਜ਼ਾਦੀ ਦੀ ਹਾਮੀ ਸੀ ਭਰਦਾ।

ਕੋਤਵਾਲ ਅਬਦੁੱਲਾ ਸ਼ਰਧਾ ਸੀ ਰੱਖਦਾ,
ਗੁਰਾਂ ਨੂੰ ਭਜਾਉਣ ਦਾ ਇਰਾਦਾ ਸੀ ਰੱਖਦਾ।
ਜੈਤਾ ਤੇ ਊਦਾ ਲੈਂਦੇ ਸੀ ਸੂਹਾਂ ਤੋੜ ਬੈਰਕਾਂ,
ਰਾਤ ਲੰਬੀ ਹੁੰਦੀ ਜਾਪਦੀ ਸੀ ਸਿੱਖ ਸੇਵਕਾਂ।

ਗਿਟਮਿਟ ਕਰ ਕੇ ਦੋਵਾਂ ਅਬਦੁੱਲੇ ਸੰਗ ਜੀ,
ਕਰੀਏ ਦੀਦਾਰ ਗੁਰੂ ਦੇ ਨਾ ਹੋਰ ਮੰਗ ਜੀ।
ਕਰ ਗੁਰਾਂ ਦੇ ਖਿਆਲ ਚਿੰਤਾ 'ਚ ਡੁੱਬੇ ਸੀ,
'ਤੁਰ ਪਓ ਸਾਡੇ ਨਾਲ਼' ਕਹਿ ਕੇ ਹੁੱਬੇ ਸੀ।

ਆਖੇ ਗੁਰੂ 'ਭੱਜਣਾ ਹੈ ਕੰਮ ਕਾਇਰਾਂ ਦਾ,
ਬਲੀਦਾਨ ਹੈ ਦੇਣਾ ਨਾ ਕਸਬ ਗੈਰਾਂ ਦਾ।
ਭਾਣਾ ਕਰਤਾਰ ਵਾਲ਼ਾ ਸਿਰ ਮੱਥੇ ਮੰਨਾਂਗੇ,
ਹੰਕਾਰ ਹਾਕਮ ਦਾ ਚੌਰਾਹੇ ਵਿੱਚ ਭੰਨਾਂਗੇ।

ਸੁਣ ਮੁੜੇ ਨਿੰਮੋਝੂਣੇ ਕਾਲ ਕੋਠੜੀ ਵੱਲ ਜੀ,
ਕਰਦੇ ਨੇ ਗੱਲਾਂ ਗੁਰੂ ਚਾਹੁੰਦੇ ਨੇ ਛੱਲ ਜੀ
ਜਾਪਦਾ ਹੈ ਭਾਣਾ ਹੁਣ ਵਰਤੂ ਅਟੱਲ ਜੀ,
ਚਲੋ ਕਰੋ ਤਿਆਰੀ ਜੋ ਬੀਤਣਾ ਹੈ ਕੱਲ੍ਹ ਜੀ।

ਸੋਚ ਕੇ ਗੁਰਾਂ ਫਿਰ ਸਮਾਧੀ ਸੀ ਲਾ ਲਈ,
ਗੁਰ ਗੱਦੀ ਵਾਲ਼ੀ ਸਮੱਗਰੀ ਮੰਗਵਾ ਲਈ।
ਸੱਦ ਕੇ ਜੈਤੇ ਨੂੰ ਸਾਰੀ ਗੱਲ ਸਮਝਾ ਦਿੱਤੀ,
ਟੇਕ ਮੱਥਾ ਜ਼ਿੰਮੇਵਾਰੀ ਗਲ਼ੋਂ ਲਾਹ ਦਿੱਤੀ।

ਵਾਰਤਾ ਸੁਣਾਵਾਂ ਜੋ ਹੈ ਪਲ ਪਲ ਗੁਜ਼ਰੀ,
ਹੌਸਲਾ ਦੇਣਾ ਮਾਤਾ ਨਾਨਕੀ ਤੇ ਗੁਜਰੀ।
ਰੱਖਣ ਖਿਆਲ ਉਹ ਛੋਟੇ ਜਿਹੇ ਲਾਲ ਦਾ,
ਜ਼ਿੰਮੇਵਾਰੀ ਭਾਰੀ ਦੇਖੀਏ ਕਿੰਝ ਸੰਭਾਲ ਦਾ।

ਪਹੁੰਚਜੇ' ਸੁਨੇਹਾ ਭਾਈ ਕ੍ਰਿਪਾਲ ਚੰਦ ਜੀ,
ਥਾਪ ਦੇਣ ਅਗਲੇ ਗੁਰੂ ਬਾਲ ਗੋਬਿੰਦ ਜੀ।
ਸਾਡੇ ਲਈ ਹੁਕਮ ਆਇਆ ਕਰਤਾਰ ਦਾ,
ਭਾਣਾ ਬੀਤ ਜਾਣਾ ਹੈ ਸੱਚੀ ਸਰਕਾਰ ਦਾ।

*-ਸੇਵਾ ਸਿੰਘ 'ਨੂਰਪੁਰੀ'*

## ਜ਼ਖਮ

ਖਾਲਾ ਸੋਫੇ 'ਤੇ ਢਾਸਣਾ ਲਾਈ ਪਾਨ ਖਾ ਰਹੀ ਸੀ, ਜਦ ਉਸ ਨੇ ਸਾਹਮਣੇ ਦੇਖਿਆ ਤਾਂ ਇੱਕ ਕੁੜੀ ਮੂੰਹ ਲਮਕਾਈ ਖੜ੍ਹੀ ਸੀ।

'ਕੀ ਹੋਇਆ ਨਰੈਣੀ ਤੂੰ ਚੁੱਪ-ਚਾਪ ਜਿਹੀ ਕਿਉਂ ਆਂ?

'ਖਾਲਾ ਮੇਰੇ ਹਨਾ ਮੇਰੇ....

'ਕੀ ਮੇਰੇ ਮੇਰੇ ਬੋਲ ਕੇ ਦੱਸ ਚੰਗੀ ਤਰ੍ਹਾਂ।'

'ਖਾਲਾ ਰਾਤੀਂ ਮੇਰੇ ਪ੍ਰਭਾਕਰ ਨੇ ਬਲਦੀ ਸਿਗਰੇਟ ਲਗਾ ਦਿੱਤੀ, ਹੁਣ ਮੇਰੇ ਹੱਥ ਜਿੱਡਾ ਨਿਸ਼ਾਨ ਪਿਆ ਆ ਬਹੁਤ ਜਲਨ ਹੁੰਦੀ ਆ ਮਾਸੀ।'

'ਚੱਲ ਐਨੀ ਪ੍ਰਵਾਹ ਨੀਂ ਕਰੀਦੀ ਤੂੰ ਕੋਈ ਦਵਾਈ ਲਗਾ ਲਾ ਜਾਂ ਫਿਰ ਕੋਲਗੇਟ ਲਾ ਲੈ, ਉਹ ਠੰਢੀ ਹੁੰਦੀ ਉਸ ਦੇ ਨਾਲ ਤੈਨੂੰ ਅਰਾਮ ਆ ਜਾਊ।'

'ਉਹ ਤਾਂ ਠੀਕ ਆ ਖਾਲਾ ਪਰ ਤੁਸੀਂ ਪ੍ਰਭਾਕਰ ਨੂੰ ਝਾੜ' ਉਸ ਨੂੰ ਐਦਾਂ ਨਹੀਂ ਸੀ ਕਰਨਾ ਚਾਹੀਦਾ।

'ਝਾੜਨਾ ਕੀ ਉਸ ਦੇ ਗੋਲੀ ਮਾਰ ਦਵਾਂ ਹੁਣ ਨਸ਼ੇ ਵਿੱਚ ਕਈ ਸ਼ਰਾਰਤਾਂ ਕਰਦਾ ਬੰਦਾ ਨਾਲੇ ਉਹ ਪੱਕਾ ਗਾਹਕ ਆ ਕਿਉਂ ਤੋੜਨਾ ਉਸ ਨੂੰ? '

'ਖਾਲਾ ਫਿਰ ਐਦਾਂ ਕਰੀਂ ਦੋ ਕੁ ਦਿਨ ਮੈਨੂੰ ਆਰਾਮ ਕਰਨ ਦਵੀਂ ਨਾਲ਼ੇ ਜਖ਼ਮ ਠੀਕ ਹੋ ਜਾਊ।'

'ਹੂੰ ਠੀਕ ਹੈ, ਕੋਈ ਨਾ ਜਾ ਆਰਾਮ ਕਰ।'

ਜਦੋਂ ਨਰੈਣੀ ਕਮਰੇ ਵਿਚੋਂ ਬਾਹਰ ਨਿਕਲਣ ਲੱਗੀ ਤਾਂ ਇੱਕ ਹੋਰ ਕੁੜੀ ਅੰਦਰ ਆਈ।

'ਖਾਲਾ ਉਹ ਪ੍ਰਭਾਕਰ ਆਇਆ ਨਰੈਣੀ ਦੇ ਕਮਰੇ ਵਿੱਚ ਬੈਠਾ ਆਹ ਪੈਸੇ ਫੜਾਏ ਉਸ ਨੇ।'


ਸੁਣ ਕੇ ਨਰੈਣੀ ਦੇ ਪੈਰ ਹਿੱਲ ਗਏ ਪਰ ਉਹ ਖਾਲਾ ਦੇ ਮੂੰਹ ਵੱਲ ਦੇਖੀ ਗਈ। ਨੋਟ ਗਿਣਨ ਤੋਂ ਬਾਅਦ ਖਾਲਾ ਨਰੈਣੀ ਨੂੰ ਬੋਲੀ। 'ਚੱਲ ਅੱਜ ਚੱਲ ਜਾ ਉਸੇ ਕੋਲ ਕੱਲ੍ਹ ਤੋਂ ਆਰਾਮ ਕਰ ਲਵੀਂ।'

ਸੁਣ ਕੇ ਨਰੈਣੀ ਨੇ ਅੱਖਾਂ ਭਰ ਲਈਆਂ ਜਦ ਉਹ ਕਮਰੇ ਵਿੱਚ ਗਈ ਪ੍ਰਭਾਕਰ ਸਿਗਰੇਟ ਪੀ ਰਿਹਾ ਸੀ, ਜਿਸ ਨੂੰ ਦੇਖ ਕੇ ਨਰੈਣੀ ਦਾ ਜ਼ਖ਼ਮ ਫਿਰ ਤੋਂ ਰਿਸਣ ਲੱਗ ਪਿਆ।

*-ਰੋਹਿਤ*

# ਅਮਰਜੀਤ ਚਾਹਲ ਦੇ ਨਾਵਲ 'ਓਟ' ਵਿਚ ਮਰਦ-ਔਰਤ ਦੇ ਰਿਸ਼ਤਿਆਂ ਦੀ ਅਦਭੁਤ ਲੀਲਾ

ਕੁਦਰਤ ਨੇ ਇਨਸਾਨਾਂ ਨੂੰ ਔਰਤਾਂ ਅਤੇ ਆਦਮੀਆਂ ਵਿੱਚ ਵੰਡ ਕੇ ਇਕ ਸਦੀਵੀ ਲੀਲ੍ਹਾ ਨੂੰ ਜਨਮ ਦਿਤਾ ਜੋ ਆਪਣੀ ਰੌਚਿਕਤਾ ਕਦੇ ਨਹੀਂ ਗਵਾਉਂਦੀ। ਖੁਸ਼ ਅਤੇ ਰੋਮਾਂਟਿਕ ਤਬੀਅਤ ਵਾਲੇ ਲੇਖਕ ਅਮਰਜੀਤ ਚਾਹਲ ਦਾ ਨਾਵਲ ਇਸੇ ਲੀਲ੍ਹਾ ਦਾ ਇਕ ਹਿੱਸਾ ਹੈ। ਇਹ ਨਾਵਲ ਮਨੋਵਿਗਿਆਨਕ ਗਾਥਾ ਵੀ ਹੈ ਜਿਸ ਵਿੱਚ ਅਜੀਬ ਹਾਲਾਤ ਦੇ ਸ਼ਿਕਾਰ ਲੋਕ ਆਪਣੇ ਲਈ ਓਟ ਲੱਭਣ ਦੇ ਵਿੱਚ ਮਸਰੂਫ ਹਨ। ਪਰ ਇਸ ਦੇ ਨਾਲ ਨਾਲ ਇਹ ਨਾਵਲ ਪੰਜਾਬੀ ਲੋਕਾਂ ਦੀ ਹਕੀਕਤ ਦੇ ਕੁੱਝ ਨਵੀਨਤਮ ਪਹਿਲੂਆਂ ਨੂੰ ਵੀ ਉਜਾਗਰ ਕਰਦਾ ਹੈ। ਸਾਡੇ ਲੋਕ ਬਹੁਤ ਸਾਰੇ ਹਾਲਾਤ ਦੇ ਕਾਰਨ ਇੱਕ ਬਹੁਤ ਵੱਡੀ ਹਿਜਰਤ (Migration) ਵਿਚੋਂ ਲੰਘ ਰਹੇ ਹਨ। ਇਸ ਪ੍ਰਕ੍ਰਿਆ ਵਿੱਚ ਨਾ ਸਿਰਫ ਔਰਤ-ਮਰਦ ਦਾ ਰਿਸ਼ਤਾ ਬਦਲ ਰਿਹਾ ਹੈ, ਸਗੋਂ ਵਿਆਹ ਦਾ ਅਦਾਰਾ ਵੀ



**ਬਲਦੇਵ ਦੂਹੜੇ**

ਤਹਿਸ-ਨਹਿਸ ਹੋ ਰਿਹਾ ਹੈ। ਸਾਡੀ ਜ਼ਿੰਦਗੀ ਦੇ ਇਹ ਦੋ ਪਹਿਲੂ, ਜੋ ਅਤਿਅੰਤ ਅਨਿਸਚਤਤਾ ਵਿਚੋਂ ਲੰਘ ਰਹੇ ਹਨ, ਇਸ ਨਾਵਲ ਵਿੱਚ ਪਿਠਭੂਮੀ ਦੇ ਤੌਰ 'ਤੇ ਆਉਂਦੇ ਹਨ। ਸਰੀ ਤੋਂ ਕੈਲਗਰੀ ਦੇ ਸਫਰ ਦੌਰਾਨ ਵਾਪਰਨ ਵਾਲੀ ਇਸ ਨਾਵਲ ਦੀ ਕਥਾ ਆਪਣੇ ਆਪ ਵਿੱਚ ਇਕ ਸਫਰ ਹੈ। ਇਹ ਰੂਟ ਦਨੀਆਂ ਦੇ ਸੱਭ ਤੋਂ ਖੂਬਸੂਰਤ ਰੂਟਾਂ ਵਿਚੋਂ ਇੱਕ ਹੈ ਜਿਥੇ ਉਚੇ ਪਹਾੜ, ਤੇਜ਼ ਚਲਦੇ ਦਰਿਆ, ਅਤੇ ਸ਼ਾਂਤ ਝੀਲਾਂ ਦੇ ਨਾਲ ਨਾਲ ਚੋਟੀਆਂ ਅਤੇ ਵਾਦੀਆਂ ਵਿਚੋਂ ਰਾਹ ਲੰਘਦਾ ਹੈ। 'ਓਟ' ਨਾਵਲ ਸਾਨੂੰ ਜਿਸ ਤਫਸੀਲ ਨਾਲ ਇਹ ਸਫਰ ਕਰਵਾਉਂਦਾ ਹੈ ਉਹ ਅਸਲ ਸਫਰ ਨਾਲੋਂ ਘੱਟ ਨਹੀਂ। ਟਰੱਕ ਡਰਾਈਵਰ ਮੁਖਤਾਰ ਅਤੇ ਮੰਦਾਕਿਨੀ ਦਾ ਇਹ ਸਫਰ ਆਦਮੀ ਔਰਤ ਦੇ ਪਿਆਰ ਵਿੱਚ ਜਕੜੇ ਜਾਣ ਦੀ ਕਹਾਣੀ ਤੋਂ ਬਿਨਾ ਕੁਦਰਤ ਦੀ ਖੂਬਸੂਰਤੀ ਦਾ ਵੀ ਅੱਖੀਂ ਡਿਠਾ ਬਿਰਤਾਂਤ ਹੈ।

ਅਮਰਜੀਤ ਚਾਹਲ ਦਾ ਪਲੇਠਾ ਇਹ ਨਾਵਲ ਪਾਠਕ ਨੂੰ ਜ਼ਿੰਦਗੀ ਵਿੱਚ ਵਾਪਰਦੇ ਕਈ ਅਜੀਬ ਅਤੇ ਸਨਸਨੀਖੇਜ਼ ਅਨੁਭਵਾਂ ਵਿਚੋਂ ਵੀ ਲੰਘਾਉਂਦਾ ਹੈ। ਉਹ ਕੈਨੇਡੀਅਨ ਜ਼ਿੰਦਗੀ ਤੋਂ ਖੂਬ ਵਾਕਿਫ ਹੈ। ਇਸ ਕਰਕੇ ਇਹ ਨਾਵਲ ਇੱਕ ਤਰ੍ਹਾਂ ਨਾਲ ਕੈਨੇਡੀਅਨ ਪੰਜਾਬੀਆਂ ਦੀ ਜ਼ਿੰਦਗੀ ਅਤੇ ਇਸ ਦੇ ਪਿਛੋਕੜ ਵਿੱਚ ਬ੍ਰਿਟਿਸ਼ ਕੋਲੰਬੀਆ ਦੀ ਬੇਮਿਸਾਲ ਖੂਬਸੂਰਤੀ ਬਾਰੇ ਇੱਕ ਛੋਟਾ ਜਿਹਾ ਐਨਸਕਲੋਪੀਡੀਆ ਬਣ ਨਿਬੜਦਾ ਹੈ।

ਬਹੁਪਰਤੀ ਹਕੀਕਤ ਦੀਆਂ ਵੱਖ ਵੱਖ ਪਰਤਾਂ ਨੂੰ ਲੇਖਕ ਸੁਚੇਤ ਜਾਂ ਅਚੇਤ ਤਰੀਕੇ ਨਾਲ ਬਿਆਨ ਕਰਦੇ ਹਨ ਅਤੇ ਇਸ ਨੂੰ ਆਮ ਲੋਕਾਂ ਲਈ ਸਮਝਣ ਅਤੇ ਮਾਨਣਯੋਗ ਬਣਾਉਂਦੇ ਹਨ। ਸਮੁੱਚੀ ਹਕੀਕਤ ਨੂੰ ਸਮੂਹਕ ਚੇਤਨਾ ਵਿੱਚ ਬਦਲਣਾ ਕਿਸੇ ਇੱਕ ਲੇਖਕ, ਕਲਾਕਾਰ ਜਾਂ ਵਿਗਿਆਨੀ ਦਾ ਕੰਮ ਨਹੀਂ। ਇਹ ਇੱਕ ਸਮੂਹਕ ਪ੍ਰਕ੍ਰਿਆ ਹੈ ਜਿਸ ਵਿੱਚ ਵੱਖ ਵੱਖ ਲੋਕ ਆਪਣਾ ਰੋਲ ਅਦਾ ਕਰਦੇ ਹਨ।

ਸਮੂਹਿਕ ਚੇਤਨਾ ਦੀ ਇਸ ਪ੍ਰਕ੍ਰਿਆ ਵਿੱਚ ਗਲਪ ਦਾ ਆਪਣਾ ਵਿਲੱਖਣ ਸਥਾਨ ਹੈ। ਇਹ ਇਨਸਾਨੀ ਜ਼ਿੰਦਗੀ ਨੂੰ ਵਾਸਤਵਿਕਤਾ ਅਤੇ ਕਲਪਨਾ ਦੇ ਸੁਮੇਲ ਨਾਲ ਅਭਿਵਿਅਕਤ ਕਰਦੀ ਹੈ। ਸਾਡੀ ਹਕੀਕਤ ਜਾਂ ਯਥਾਰਥ ਦਾ ਸੱਚ ਗਲਪ ਵਿੱਚ ਸਿੱਟੇ ਜਾਂ ਜੱਜਮੈਂਟ ਦੇ ਰੂਪ ਵਿੱਚ ਨਹੀਂ ਆਉਂਦਾ, ਸਗੋਂ ਪ੍ਰਗਟਾਅ ਦੇ ਰੂਪ ਵਿੱਚ ਆਉਂਦਾ ਹੈ ਜੋ ਪਾਠਕ ਲਈ ਅਹਿਸਾਸਾਂ ਦਾ ਇਤਿਹਾਸ ਬਣ ਨਿਬੜਦਾ ਹੈ। ਕਿਸੇ ਲਿਖਤ ਜਾਂ ਮਿੱਥ ਵਿੱਚ ਕਲਪਨਾ ਭਾਰੀ ਵੀ ਹੋਵੇ, ਤਾਂ ਵੀ ਪਿਠਭੂਮੀ ਵਿੱਚ ਇਨਸਾਨੀ ਦੁਨੀਆਂ ਦੇ ਸਰੋਕਾਰ ਹੀ ਚੱਲ ਰਹੇ ਹੁੰਦੇ ਹਨ। ਮਿਸਾਲ ਵਜੋਂ ਜਦੋਂ ਗਰੀਕ ਮਿਥਿਹਾਸ ਵਿੱਚ, ਪਰੋਮਿਥੀਅਸ ਮਨੁੱਖਤਾ ਨੂੰ ਅੱਗ ਲਿਆ ਕੇ ਦਿੰਦਾ ਹੈ ਤਾਂ ਇਹ ਮਿੱਥ ਪ੍ਰਤੀਕ ਹੈ ਅੱਗ ਦੀ ਕਾਢ ਦਾ, ਤਕਨਾਲੋਜੀ ਅਤੇ ਵਿਗਿਆਨ ਦਾ। ਕਿਹਾ ਗਿਆ ਸੀ ਕਿ ਜੇਕਰ ਜ਼ੂਅਸ (Zeus), ਦੇਵਤਿਆਂ ਦਾ ਬਾਦਸ਼ਾਹ, ਗੁੱਸੇ ਵਿੱਚ ਆ ਕੇ ਪ੍ਰੋਮਿਥੀਅਸ ਨੂੰ ਸਜ਼ਾ ਨਾ ਦਿੰਦਾ ਤਾਂ ਦੁਨੀਆਂ ਅਜਿਹੀ ਹੋਣੀ ਸੀ ਕਿ ਬਿਨਾਂ ਕੰਮ ਤੋਂ ਹੀ ਸੱਭ ਨੂੰ ਖਾਣ-ਪੀਣ ਮਿਲਣਾ ਸੀ। ਜਦੋਂ ਜ਼ੂਅਸ ਵਲੋਂ ਭੇਜੀ ਪੈਂਡੋਰਾ ਨੇ ਆਪਣਾ ਬਕਸਾ ਖੋਲ੍ਹਿਆ ਤਾਂ ਇਸ ਵਿਚੋਂ ਸਭ ਬੁਰਾਈਆਂ ਬਾਹਰ ਨਿਕਲ ਆਈਆਂ ਪਰ ਆਸ ਅੰਦਰ ਹੀ ਰਹਿ ਗਈ। ਜੋ ਬੁਰਾਈਆਂ ਬਾਹਰ ਆਈਆਂ, ਉਨ੍ਹਾਂ ਵਿੱਚ ਸਖਤ ਕੰਮ ਵੀ ਇੱਕ ਸੀ। ਇਵੇਂ ਹੀ ਰਮਾਇਣ ਵਿੱਚ ਸੰਜੀਵਨੀ ਬੂਟੀ ਦਾ ਜ਼ਿਕਰ ਇਨਸਾਨ ਵਲੋਂ ਮੌਤ ਨੂੰ ਫਤਿਹ ਕਰਨ ਦੀ ਲਾਲਸਾ ਦਾ ਪ੍ਰਤੀਕ ਹੈ। ਹਨੂੰਮਾਨ ਦਾ ਪਹਾੜ ਚੁੱਕ ਲੈਣਾ ਸੀਮਤੱਤਾ ਵਿਰੁੱਧ ਇਨਸਾਨ ਦੀ ਜਦੋ-ਜਹਿਦ ਦਾ ਪ੍ਰਤੀਕ ਹੈ। ਇਸ ਸ਼੍ਰੇਣੀ ਵਿੱਚ ਸੁਪਰਮੈਨ ਅਤੇ ਸਪਾਈਡਰਮੈਨ ਜਿਹੇ ਚਰਿਤਰ ਵੀ ਆਉਂਦੇ ਹਨ। ਪਰ ਓਟ ਨਾਵਲ ਨਾ ਤਾਂ ਕਲਪਨਾ ਦੀ ਉਡਾਰੀ ਵਿੱਚ ਅਸਮਾਨੀਂ ਉਡ ਜਾਂਦਾ ਹੈ ਅਤੇ ਨਾ ਹੀ ਯਥਾਰਥਵਾਦੀ ਧਰਤੀ ਤੇ ਰੀਂਗਦਾ ਹੈ। ਸਗੋਂ ਇਹ ਨਾਵਲ ਇਨਸਾਨਾਂ ਦੀ ਵਾਸਤਵਿਕ ਕਹਾਣੀ ਹੈ ਅਤੇ ਉਨ੍ਹਾਂ ਦਾ 'ਅਨਿਸਚਤਤਾ ਤੋਂ ਓਟ ਵਲ' ਨੂੰ ਜਾਣ ਦਾ ਸਫਰ ਹੈ। ਦੋ ਸਖਣੀਆਂ ਜ਼ਿੰਦਗੀਆਂ ਇੱਕ ਦੂਜੇ ਦੀ ਓਟ ਬਣਦੀਆਂ ਹਨ। ਪਰ ਪਿਆਰ ਦੀ ਤਰਿਕੜੀ ਹੋਣ ਕਰਕੇ ਲਗਾਤਾਰ ਉਤਸੁਕਤਾ ਬਣੀ ਰਹਿੰਦੀ ਹੈ ਕਿ ਇਨ੍ਹਾਂ ਤਿੰਨਾਂ ਵਿਚੋਂ ਕਿਹੜੇ ਦੋ ਇੱਕ ਦੂਜੇ ਨਾਲ ਜੁੜਨਗੇ। ਨਾਵਲ ਦਾ ਅੰਤ ਕਥਾਰਸਿਜ਼ ਵਿੱਚ ਹੁੰਦਾ ਹੈ ਜਿਥੇ ਪਿਆਰ ਹੋਰ ਸੱਭ ਜੱਜਮੈਂਟਾਂ ਦੇ ਉਤੇ ਹਾਵੀ ਹੋ ਜਾਂਦਾ ਹੈ।

ਅੱਜ ਕੱਲ੍ਹ ਸਾਰੀ ਦੁਨੀਆ ਵਿੱਚ ਹੀ ਵੱਡੀ ਗਿਣਤੀ ਵਿੱਚ ਲੋਕ ਹਿਜਰਤ ਵਿੱਚ ਹਨ ਅਤੇ ਬਹੁਤ ਸਾਰੇ ਅਨਿਸਚਿਤ ਅਤੇ ਅਗਿਆਤ ਹਾਲਾਤ ਦਾ ਸਾਹਮਣਾ ਕਰ ਰਹੇ ਹਨ। ਇਹੋ ਜਿਹੇ ਅਨੁਭਵਾਂ ਨੂੰ ਪੇਸ਼ ਕਰਦਾ ਇਹ ਨਾਵਲ ਸਾਨੂੰ ਸਾਡੀ ਬਦਲ ਰਹੀ ਹਕੀਕਤ ਤੋਂ ਜਾਣੂ ਕਰਵਾਉਂਦਾ ਹੈ। ਕੈਨੇਡਾ ਵਿੱਚ ਆ ਰਹੇ ਲੋਕ ਬਹੁਤ ਕਿਸਮ ਦੇ ਹਾਲਾਤ ਵਿਚੋਂ ਲੰਘ ਰਹੇ ਹਨ। ਮੁਖਤਾਰ, ਨਾਵਲ ਦਾ ਨਾਇਕ, ਦੁਆਬੀ ਉਪਭਾਸ਼ਾ ਵਿੱਚ ਆਪਣੀ ਕਹਾਣੀ ਮੰਦਾਕਿਨੀ ਨੂੰ ਸੁਣਾਉਂਦਾ ਹੈ। ਇਹ ਬ੍ਰਿਤਾਂਤ ਉਸ ਦੇ ਸਵੈ-ਨਕਾਰਾਤਮਕ ਵਿਅੰਗ ਅਤੇ ਹਾਸਰਸ ਕਾਰਨ ਪਾਠਕਾਂ ਨੂੰ ਪ੍ਰਚਾਈ ਰੱਖਦਾ ਹੈ। ਪਾਤਰਾਂ ਦੀ ਗਿਣਤੀ ਘੱਟ ਹੋਣ ਕਾਰਨ ਇਹ ਪੜ੍ਹਨ ਅਤੇ ਸਮਝਣ ਦੇ ਪੱਖੋਂ ਬਹੁਤ ਸਰਲ ਅਤੇ ਦਿਲਚਸਪ ਨਾਵਲ ਹੈ।


ਸਾਹਿਤਕਾਰ ਸਮੇਂ ਦਾ ਗਵਾਹ ਹੁੰਦਾ ਹੈ ਜੋ ਸਾਨੂੰ ਕਿਸੇ ਸਮੇਂ ਦੀ ਹਕੀਕਤ ਤੋਂ ਜਾਣੂ ਕਰਵਾਉਂਦਾ ਹੈ। ਸਾਡੇ ਇਤਿਹਾਸ ਵਿੱਚ ਸਮੇਂ ਦੀ ਹਕੀਕਤ ਦੇ ਬਿਆਨ ਦੀ ਰਵਾਇਤ ਹੈ। ਗੁਰੂ ਨਾਨਕ ਦੇਵ ਜੀ ਨੇ ਬਾਬਰ ਦੇ ਹਮਲੇ ਦਾ ਲੋਕਾਂ ਉਤੇ ਅਸਰ ਬਿਆਨ ਕੀਤਾ। ਵਾਰਿਸ ਦੀ ਹੀਰ ਵਿਚੋਂ ਉਸ ਵੇਲੇ ਦਾ ਪੰਜਾਬ ਨਜ਼ਰ ਆਉਂਦਾ ਹੈ। ਸ਼ਾਹ ਮੁਹੰਮਦ ਦਾ ਪੰਜਾਬ/ਹਿੰਦ ਜੰਗ ਬਾਰੇ ਬੈਂਤ ਛੰਦ ਵਿੱਚ ਲਿਖਿਆ ਮਹਾਂਕਾਵਿ ਅੱਖੀਂ ਡਿਠੇ ਹਾਲ ਤੋਂ ਘੱਟ ਨਹੀਂ। 'ਓਟ' ਨਾਵਲ ਪੰਜਾਬੀਆਂ ਦੀ ਕੈਨੇਡਾ ਵਿੱਚ ਜ਼ਿੰਦਗੀ ਦੇ ਕੁੱਝ ਅਹਿਮ ਪਹਿਲੂਆਂ ਬਾਰੇ ਸਾਨੂੰ ਜਾਣੂ ਕਰਵਾਉਂਦਾ ਹੈ। ਇਹ ਨਾਵਲ ਪੰਜਾਬੀਆਂ ਲਈ ਬੀ ਸੀ ਦੀ ਜ਼ਿੰਦਗੀ ਨੂੰ ਇੰਜ ਪੇਸ਼ ਕਰਦਾ ਹੈ ਕਿ ਸਾਡੇ ਲੋਕ ਕਿਹੋ ਜਹੇ ਮਸਲਿਆਂ ਵਿਚੋਂ ਲੰਘ ਰਹੇ ਹਨ ਅਤੇ ਕਿਹੋ ਜਿਹੀਆਂ ਥਾਵਾਂ 'ਤੇ ਆਪਣੀ ਜ਼ਿੰਦਗੀ ਬਿਤਾ ਰਹੇ ਹਨ। ਗੈਰ ਪੰਜਾਬੀਆਂ ਲਈ ਇਹ ਪੰਜਾਬੀ ਸਭਿਆਚਾਰ ਦੇ ਕੈਨੇਡੀਅਨ ਸਭਿਆਚਾਰ ਨਾਲ ਸੁਮੇਲ ਅਤੇ ਇਥੇ ਮਿਲਦੀਆਂ ਅਜ਼ਾਦੀਆਂ ਅਤੇ ਸਮਸਿਆਵਾਂ ਦਾ ਬਿਰਤਾਂਤ ਦਿੰਦਾ ਹੈ।

ਆਦਮੀ ਅਤੇ ਔਰਤ ਦਾ ਸਦੀਵੀ ਅੰਤਰਅਮਲ ਤਾਂ ਇਸ ਨਾਵਲ ਦਾ ਧੁਰਾ ਹੈ ਹੀ ਪਰ ਇਸ ਦੇ ਨਾਲ ਨਾਲ ਇਹ ਇੰਮੀਗਰੇਸ਼ਨ ਅਤੇ ਵਿਆਹਾਂ ਨਾਲ ਸਬੰਧਤ ਹਾਲਾਤ ਬਾਰੇ ਵੀ ਦਸਦਾ ਹੈ, ਜੋ ਆਪਣੇ ਆਪ ਵਿੱਚ ਇੱਕ ਅਜੀਬ ਵਰਤਾਰਾ ਹੈ। ਧੀਆਂ ਜੋ ਪਿੰਡਾਂ ਦੇ ਸਭਿਆਚਾਰ ਵਿਚ ਪਰਿਵਾਰ ਦੀ ਇੱਜ਼ਤ ਹੁੰਦੀਆਂ ਸਨ, ਹੁਣ ਇਕੱਲੀਆਂ ਨੂੰ ਜਹਾਜ਼ ਵਿੱਚ ਬਿਠਾ ਕੇ ਪੱਛਮੀ ਦੁਨੀਆਂ ਵਿੱਚ ਭੇਜ ਦਿਤਾ ਜਾਂਦਾ ਹੈ। ਪੱਛਮੀ ਦੁਨੀਆਂ, ਕਦਰਾਂ ਕੀਮਤਾਂ ਅਤੇ ਔਰਤ ਦੇ ਦਰਜੇ ਦੇ ਲਿਹਾਜ਼ ਨਾਲ, ਪੰਜਾਬ ਦੇ ਦਿਹਾਤੀ ਸਭਿਆਚਾਰ ਨਾਲੋਂ ਬਹੁਤ ਵੱਖਰੀ ਹੈ। ਇਹ ਕੁੜੀਆਂ ਅਤੇ ਮੁੰਡੇ ਜਾਂ ਤਾਂ ਵਿਦਿਆਰਥੀ ਬਣ ਕੇ ਆਉਂਦੇ ਹਨ ਜਾਂ ਫਿਰ ਕਿਸੇ ਕਿਸਮ ਦੇ ਵਿਆਹ ਦੇ ਜੁਗਾੜ ਨਾਲ ਜੋ ਕਈ ਕਿਸਮ ਦੇ ਵਿਵਾਦ ਅਤੇ ਦਵੰਦ ਪੈਦਾ ਕਰਦੇ ਹਨ। ਨਾਵਲ ਦੇ ਤਿੰਨੇ ਪਾਤਰ ਇਸ ਵਰਤਾਰੇ ਦੇ ਸ਼ਿਕਾਰ ਹਨ। ਮੰਦਾਕਿਨੀ ਜਿਨਸੀ ਗੁਲਾਮੀ ਦਾ ਸ਼ਿਕਾਰ ਰਹੀ ਹੋਣ ਕਰਕੇ ਸਵੈਮਾਣ ਗੁਆ ਬੈਠੀ ਹੈ ਅਤੇ ਡਿਪਰੈਸ਼ਨ ਦੀਆਂ ਗਹਿਰਾਈਆਂ ਵਿੱਚ ਗੁੰਮ ਹੋਣ ਦੇ ਕਿਨਾਰੇ ਖੜੀ ਹੈ। ਪਰ ਉਸ ਨੂੰ ਮੁਖਤਾਰ ਦੇ ਰੂਪ ਵਿੱਚ ਅਜਿਹਾ ਇਨਸਾਨ ਮਿਲਦਾ ਹੈ ਜੋ ਨਾਂ ਤਾਂ ਆਪ ਪੁਰਾਣੇ ਦੁੱਖਾਂ ਨੂੰ ਯਾਦ ਕਰਕੇ ਝੂਰਦਾ ਹੈ ਅਤੇ ਨਾਂ ਹੀ ਕਿਸੇ ਹੋਰ ਨੂੰ ਇਸ ਦਲਦਲ ਵਿੱਚ ਫਸਣ ਦਿੰਦਾ ਹੈ।

ਮੁਖਤਾਰ ਪਰਬਤਾਂ, ਝੀਲਾਂ, ਦਰਿਆਵਾਂ ਅਤੇ ਕਸਬਿਆਂ ਦੇ ਇਤਿਹਾਸ ਦੀ ਗੱਲ ਕਰਦਾ ਹੈ। ਇਸ ਦੇ ਨਾਲ ਨਾਲ ਉਸ ਨੂੰ ਮੰਦਾਕਿਨੀ ਦੀ ਜਾਤ ਜਾਂ ਧਰਮ ਨਾਲ ਕੋਈ ਸਰੋਕਾਰ ਨਹੀਂ। ਅਤੇ ਨਾਂ ਹੀ ਉਹ ਮੰਦਾਕਿਨੀ ਦੇ ਜਿਨਸੀ ਜਾਂ ਕਾਮੁਕ ਸ਼ੋਸ਼ਨ ਬਾਰੇ ਜੱਜਮੈਂਟਲ ਹੈ। ਸੋ ਉਹ ਮੰਦਾਕਿਨੀ ਨੂੰ ਇਕ ਇਨਸਾਨ ਦੇ ਤੌਰ 'ਤੇ ਵੀ ਦੇਖਦਾ ਹੈ ਅਤੇ ਦਿਲਕਸ਼ ਔਰਤ ਵਜੋਂ ਵੀ, ਪਰ ਇੱਕ ਕਾਮੁਕ ਵਸਤੂ ਦੇ ਤੌਰ 'ਤੇ ਬਿਲਕੁਲ ਨਹੀਂ। ਜਦੋਂ ਉਸ ਨੂੰ ਕਪੜੇ ਮੁੱਲ ਲੈ ਕੇ ਦਿੰਦਾ ਹੈ ਤਾਂ ਮੰਦਾਕਿਨੀ ਬਹੁਤ ਹੀ ਭਾਵੁਕ ਹੋ ਜਾਂਦੀ ਹੈ। ਉਹ ਕਹਿੰਦੀ ਹੈ, 'ਮੈਨੂੰ ਸਦੀਆਂ ਬਾਅਦ ਪਹਿਲੀ ਵਾਰ ਲੱਗਾ ਜਿਵੇਂ ਕਿਸੇ ਆਪਣੇ ਨਾਲ ਬਜ਼ਾਰ ਆਈ ਹੋਵਾਂ। ਤੁਹਾਡਾ ਅਹਿਸਾਨ ਮੈਂ ਜ਼ਿੰਦਗੀ ਭਰ ਨਹੀਂ ਭੁੱਲ ਸਕਦੀ।' ਉਹ ਆਦਤਨ ਹਾਸ-ਰਸੀ ਅੰਦਾਜ਼ ਵਿੱਚ ਜਵਾਬ ਦਿੰਦਾ ਹੈ ਕਿ ਉਸ ਨੇ ਤਾਂ ਇੰਜ ਇਸ ਲਈ ਕੀਤਾ ਕਿ ਜੇਕਰ ਮੰਦਾਕਿਨੀ ਠੰਡ ਨਾਲ ਮਰ ਗਈ ਤਾਂ ਉਸ ਉਤੇ ਕਤਲ ਦਾ ਕੇਸ ਨਾ ਬਣ ਜਾਵੇ। ਇਹ ਅੱਜ ਦਾ ਸਹੀ ਰੂਪ ਵਿੱਚ ਹੀਰੋ ਹੈ, ਜਿਸ ਨੂੰ ਆਪਣਾ ਗੁਲਾਮੀ ਜਿਹਾ ਮਾਜ਼ੀ ਭੂਤ ਬਣ ਕੇ ਤਾਂ ਨਹੀਂ ਚੁੰਬੜਦਾ ਸਗੋਂ ਦੂਜੇ ਲੋਕਾਂ ਨੂੰ ਵੀ ਇਸ ਕਿਸਮ ਦੀ ਅੰਤਰ-ਮੁੱਖਤਾ ਤੋਂ ਬਚਾਉਂਦਾ ਹੈ। ਪਹਾੜਾਂ ਨਦੀਆਂ ਦੇ ਗੁਣ ਗਾਉਣ ਵਾਲਾ ਇਹ ਟਰੱਕ ਡਰਾਈਵਰ ਅੱਜ ਦੇ ਇਨਸਾਨ ਦੇ ਬਹੁਤ ਸਾਰੇ ਯਮਾਂ ਤੋਂ ਮੁਕਤ ਹੈ। ਉਹ ਸਿਰਫ ਧਰਮਾਂ ਅਤੇ ਜਾਤਾਂ ਤੋਂ ਹੀ ਉਪਰ ਨਹੀਂ ਸਗੋਂ ਦਕੀਆਨੂਸੀ ਸਦਾਚਾਰ ਜਾਂ ਨੈਤਿਕਤਾ ਤੋਂ ਵੀ ਨਿਰਲੇਪ ਹੈ। ਨਾਵਲ ਦੇ ਸ਼ੁਰੂ ਵਿੱਚ ਉਹ ਕਹਿੰਦਾ ਹੈ, 'ਤੀਵੀਂ ਜੇਕਰ ਆਪਣੀ ਪਸੰਦ ਦੇ ਕਿਸੇ ਪਰਾਏ ਮਰਦ ਦੀ ਜ਼ਰਾ ਕੁ ਸਿਫਤ ਆਪਣੇ ਆਦਮੀ ਸਾਹਮਣੇ ਕਰ ਦੇਵੇ, ਤਾਂ ਉਹ ਜੀਉਂਦਾ ਹੀ ਮਰਿਆਂ ਬਰੋਬਰ ਹੋ ਗਿਆ ਸਮਝਦੈ ਆਪਣੇ ਆਪ ਨੂੰ'[1] ਇਸ ਤੋਂ ਜ਼ਾਹਿਰ ਹੈ ਕਿ ਉਹ ਨਾਦਾਨ ਅਤੇ ਅਸੁਰੱਖਿਅਤ ਤਬੀਅਤ ਦਾ ਮਾਲਕ ਹੈ। ਪਰ ਜਦੋਂ ਨਾਵਲ ਅੱਗੇ ਚਲਦਾ ਹੈ ਤਾਂ ਮੁਖਤਾਰ ਦਾ ਅਸਲ ਚਰਿਤਰ ਉਜਾਗਰ ਹੁੰਦਾ ਹੈ। ਉਹ ਨਾਂ ਤਾਂ ਨਾਦਾਨ ਹੈ ਅਤੇ ਨਾ ਹੀ ਅਸੁਰੱਖਿਅਤ। ਉਹ ਇੱਕ ਸਭਿਅਕ ਇਨਸਾਨ ਦੇ ਤੌਰ 'ਤੇ ਸਾਹਮਣੇ ਆਉਂਦਾ ਹੈ। ਜਿਸ ਤਰੀਕੇ ਨਾਲ ਉਹ ਇੱਕ ਅਤਿਅੰਤ ਬੇਸਹਾਰਾ ਅਤੇ ਜੜ੍ਹੋਂ ਉਖੜੀ ਹੋਈ ਔਰਤ ਦੇ ਨਾਲ ਪੇਸ਼ ਆਉਂਦਾ ਹੈ, ਉਹ ਸਹੀ ਮਾਹਨਿਆਂ ਵਿੱਚ ਭਦਰਪੁਰਸ਼ ਕਹਾਉਣ ਦਾ ਹੱਕਦਾਰ ਹੈ। ਉਹ ਕਿਸੇ ਕਿਸਮ ਦੀ ਬਦਤਮੀਜ਼ੀ ਨਹੀਂ ਕਰਦਾ ਅਤੇ ਨਾ ਉਸ ਦੀ ਸਹਿਮਤੀ ਦੇ ਵਿਰੁੱਧ ਕੋਈ ਹਰਕਤ ਕਰਦਾ ਹੈ। ਔਰਤ ਨਾਲ ਅਜਿਹਾ ਵਤੀਰਾ ਕੈਨੇਡੀਅਨ ਕਦਰਾਂ ਕੀਮਤਾਂ ਦਾ ਪ੍ਰਤੀਕ ਹੈ। ਇਹ ਕਦਰਾਂ ਕੀਮਤਾਂ ਕੈਨੇਡੀਅਨ ਐਂਗਲੋ-ਫਰੈਂਚ ਲੋਕਾਂ ਦੀਆਂ ਹਨ, ਬਾਵਜੂਦ ਇਸਦੇ ਕਿ ਸਾਰੇ ਐਂਗਲੋ-ਫਰੈਂਚ ਲੋਕ ਵੀ ਇਸ ਗੱਲ 'ਤੇ ਪੂਰੇ ਨਹੀਂ ਉਤਰਦੇ। ਕੈਨੇਡੀਅਨ ਫੌਜ ਅਤੇ ਆਰ ਸੀ ਐਮ ਪੀ ਦੇ ਅੰਦਰ ਕੰਮ ਕਰਦੀਆਂ ਔਰਤਾਂ ਨੂੰ ਆਦਮੀਆਂ ਦੇ ਵਿਵਹਾਰ ਬਾਰੇ ਬਹੁਤ ਸ਼ਿਕਾਇਤਾਂ ਹਨ। ਜੋ ਸ਼ਰਾਫਤ ਮੁਖਤਾਰ ਦੇ ਚਰਿਤਰ ਵਿੱਚ ਦਿਸਦੀ ਹੈ, ਉਹ ਕੈਨੇਡੀਅਨ ਲੋਕਾਂ ਵਿੱਚ ਵੀ ਸਿਰਫ ਕਰੈਮ ਡੇ ਲਾ ਕਰੈਮ (Crem de la crem) ਵਿੱਚ ਹੀ ਮਿਲਦੀ ਹੈ। ਅਤਿਅੰਤ ਗੰਭੀਰ ਗੱਲ-ਬਾਤ ਵਿਚੋਂ ਨਿਕਲ ਜਿਸ ਤਰੀਕੇ ਨਾਲ ਉਹ ਪਹਾੜਾਂ ਨਦੀਆਂ ਦੀ ਗੱਲ ਕਰਦਾ ਹੈ, ਉਹ ਕਮਾਲ ਹੈ।

ਤਰਨਜੀਤ ਇਕ ਹੋਰ ਅਹਿਮ ਪਾਤਰ ਹੈ ਇਸ ਨਾਵਲ ਵਿੱਚ। ਉਸ ਦੇ ਨਾਂ ਹੀ ਉਸ ਦੇ ਜੀਵਨ ਸਫਰ ਦੇ ਪ੍ਰਤੀਕ ਹਨ। ਪਿੰਡ ਵਿੱਚ ਉਹ ਤਾਰੋ ਸੀ, ਕੈਨੇਡਾ ਆਉਣ ਵੇਲੇ ਉਹ ਤਰਨਜੀਤ ਪਰ ਇੱਕ ਰੈਸਟੋਰੈਂਟ ਵਿੱਚ ਕੰਮ ਕਰਨ ਵੇਲੇ ਉਹ ਟੈਰੀ ਬਣ ਜਾਂਦੀ ਹੈ। ਭਾਵ ਕਿ ਪਿੰਡ ਦੇ ਸਭਿਆਚਾਰ ਅਤੇ ਕਦਰਾਂ ਕੀਮਤਾਂ ਤੋਂ ਤੁਰ ਕੇ ਉਹ ਕੈਨੇਡੀਅਨ ਸਭਿਆਚਾਰ ਵਿੱਚ ਵਿਚਰਦੀ ਇੱਕ ਅਜ਼ਾਦ ਔਰਤ ਹੋਣ ਤੱਕ ਪਹੁੰਚਦੀ ਹੈ। ਟੈਰੀ ਨਾਂ ਬਾਰੇ ਚਰਚਾ ਕਰਦਾ ਮੁਖਤਾਰ ਸਮਝਦਾ ਹੈ ਕਿ ਤਰਨਜੀਤ ਦਾ ਆਪਣੇ ਆਪ ਨੂੰ ਟੈਰੀ ਕਹਾਉਣਾ ਗੁਲਾਮੀ ਦੀ ਜ਼ਿਹਨੀਅਤ ਹੈ। ਪਰ ਉਹ ਪੰਜਾਬ ਵਿੱਚ ਮਿਲਦੇ ਰਿੰਕੂ, ਪਿੰਕੀ, ਪੱਪੂ, ਗੋਲਡੀ ਆਦਿ ਬਾਰੇ ਨਹੀਂ ਗੱਲ ਕਰਦਾ। ਛੋਟੇ ਅਤੇ ਨਿੱਕਨੇਮ ਰੱਖਣੇ ਪੰਜਾਬ ਦੀ ਪੁਰਾਣੀ ਰਵਾਇਤ ਹੈ ਪਰ ਫਰਕ ਇਹ ਹੈ ਕਿ ਉਤਰੀ ਅਮਰੀਕਾ ਵਿੱਚ ਜਦੋਂ ਅਮਰੀਕਾ ਦੇ ਪਰੈਜ਼ੀਡੈਂਟ ਵੀ ਬਿੱਲ ਜਾਂ ਜੋਅ ਕਹਾਉਂਦੇ ਹਨ ਤਾਂ ਇਸ ਦਾ ਨਾਤਾ ਊਚ-ਨੀਚ ਦਾ ਫਰਕ ਘਟਾਉਣ ਵਲ ਵੀ ਜਾਂਦਾ ਹੈ। ਪੰਜਾਬ ਦੇ ਅਮੀਰ ਅਤੇ ਸਿਆਸੀ ਨੇਤਾ 'ਸ. ਸੁਖਬੀਰ ਸਿੰਘ ਬਾਦਲ' ਕਹਾਉਣਾ ਚਾਹੁੰਦੇ ਹਨ, ਸੁੱਖਾ ਨਹੀਂ। ਜਿਥੋਂ ਤੱਕ ਗੁਲਾਮੀ ਦੀ ਜ਼ਿਹਨੀਅਤ ਦਾ ਸਵਾਲ ਹੈ, ਉਹ ਵਾਕਈ ਬਹੁਤ ਜਟਿਲ ਤਰੀਕੇ ਨਾਲ ਸਾਡੇ ਵਤੀਰੇ ਵਿੱਚ ਕਾਇਮ ਹੈ। ਪੰਜਾਬ ਦਾ ਮਾੜਾ ਮੋਟਾ ਨੇਤਾ ਵੀ ਕੈਨੇਡਾ ਆ ਜਾਵੇ ਤਾਂ ਲੋਕ ਹਾਰ ਲੈ ਕੇ ਏਅਰਪੋਰਟ ਪਹੁੰਚ ਜਾਂਦੇ ਹਨ। ਭਾਰਤ ਵਿੱਚ ਤਾਂ ਆਪਣੇ ਹੀ ਚੁਣੇ ਹੋਏ ਨੇਤਾਵਾਂ ਦੇ ਅੱਗੇ ਹੱਥ ਜੋੜਦੇ ਸਾਹ ਨਹੀਂ ਲੈਂਦੇ।

ਟੈਰੀ ਕੈਨੇਡਾ ਦੇ ਕਾਨੂੰਨ ਅਤੇ ਔਰਤਾਂ ਦੇ ਹੱਕਾਂ ਤੋਂ ਵਾਕਿਫ ਹੈ। ਉਸ ਦਾ ਮੁਖਤਾਰ ਨਾਲ ਚਲਦਾ ਅੰਤਰਅਮਲ ਦੱਸਦਾ ਹੈ ਕਿ ਉਹ ਕੈਨੇਡੀਅਨ ਔਰਤ ਦੇ ਤੌਰ ਤਰੀਕੇ ਨਾਲ ਪੇਸ਼ ਆਉਂਦੀ ਹੈ। ਉਹ ਪੰਜਾਬੀ ਅਤੇ ਕੈਨੇਡੀਅਨ ਚਰਿਤਰ ਦਾ ਸਹੀ ਸੁਮੇਲ ਹੈ ਜੋ ਵਾਸਤਵਿਕ ਵੀ ਹੈ ਅਤੇ ਰੌਚਕ ਵੀ। ਉਹ ਇੱਕ ਮਜ਼ਬੂਤ ਪੰਜਾਬੀ




ਸੁਭਾਅ ਵਾਲੀ ਔਰਤ ਕੈਨੇਡੀਅਨ ਜ਼ਿੰਦਗੀ ਵਿੱਚ ਪੂਰੀ ਤਰਾਂ ਗ੍ਰਸਤ ਹੈ। ਜਦੋਂ ਉਹ ਮਿਰਚ ਨੂੰ ਮਿਰਚੀ ਕਹਿੰਦੀ ਹੈ ਤਾਂ ਮੁਖਤਾਰ ਉਹਨੂੰ ਛੇੜਨ ਲਈ ਪੁੱਛਦਾ ਹੈ ਕਿ ਇਹ ਮਿਰਚੀ ਕੀ ਹੁੰਦੀ ਹੈ? ਉਹ ਕਹਿੰਦੀ 'ਮਿਰਚ ਦੀ ਭੂਆ ਹੁੰਦੀ ਐ।' ਉਸ ਦਾ ਹਾਸਰਸ ਪੰਜਾਬੀ ਹੈ ਅਤੇ ਸਵੈਵਿਸ਼ਵਾਸ਼ ਕਨੇਡੀਅਨ, ਜਿਥੇ ਔਰਤ ਖੁੱਲ ਕੇ ਲੋਕਾਂ ਨਾਲ ਗੱਲ-ਬਾਤ ਕਰ ਸਕਦੀ ਹੈ।

ਇਸ ਨਾਵਲ ਵਿਚ ਉਹ ਗੱਲ ਵੀ ਮਿਲਦੀ ਹੈ ਜੋ ਰੋਜ਼ਾਨਾ ਦੇਖਣ ਵਿੱਚ ਤਾਂ ਆਉਂਦੀ ਹੈ ਪਰ ਪੰਜਾਬੀ ਇੰਮੀਗਰੈਂਟਾਂ ਨੂੰ ਉਸ ਵਕਤ ਹੀ ਸਮਝ ਆਉਂਦੀ ਹੈ ਜਦੋਂ ਉਹ ਲਖਸ਼ਮਣ ਰੇਖਾ ਉਲੰਘ ਜਾਂਦੇ ਹਨ। ਤਰਨਜੀਤ ਦਾ ਦੂਜਾ ਪਤੀ ਦੁਰਵਿਵਹਾਰ ਕਰਦਾ ਹੈ ਅਤੇ ਤਰਨਜੀਤ ਦੀ ਚੇਤਾਵਨੀ ਦੇ ਬਾਵਜੂਦ ਵੀ ਨਹੀਂ ਹਟਦਾ। ਤਰਨਜੀਤ ਪੁਲਿਸ ਨੂੰ ਫੋਨ ਕਰ ਦਿੰਦੀ ਹੈ ਜਿਸ ਨਾਲ ਉਸ ਬੰਦੇ ਨੂੰ ਘਰੋਂ ਕੱਢ ਦਿਤਾ ਜਾਂਦਾ ਹੈ। ਆਮ ਤੌਰ ਤੇ ਅਜਿਹੀ ਹਾਲਤ ਵਿੱਚ 'ਨੋ ਕਾਂਟੈਕਟ ਆਰਡਰ' ਜਾਂ ਸੰਪਰਕ ਨਹੀਂ ਕਰਨ ਦਾ ਹੁਕਮ ਵੀ ਲੱਗ ਜਾਂਦਾ ਹੈ। ਜਿਸ ਦਾ ਭਾਵ ਹੈ ਕਿ ਉਹ ਟੈਰੀ ਨਾਲ ਕੋਈ ਸੰਪਰਕ ਨਹੀਂ ਕਰ ਸਕਦਾ। ਪਰ ਨਾਵਲ ਵਿੱਚ ਉਹ ਟੈਰੀ ਨੂੰ ਉਸ ਦੇ ਕੰਮ ਵਾਲੇ ਰੈਸਟੋਰੈਂਟ ਵਿੱਚ ਮਿਲਦਾ ਹੈ। ਇਹ ਕੋਈ ਅਨੋਖੀ ਗੱਲ ਨਹੀਂ। ਬਹੁਤ ਸਾਰੇ ਪੰਜਾਬੀ ਆਦਮੀ ਅਦਾਲਤ ਦੇ ਹੁਕਮ ਦੀ ਅਦੂਲੀ ਕਰਦੇ ਹੋਏ ਪੀੜਤ ਨਾਲ ਸੰਪਰਕ ਕਰ ਲੈਂਦੇ ਹਨ। ਅਤੇ ਬਹੁਤ ਵਾਰੀ ਉਹ ਫੜੇ ਵੀ ਜਾਂਦੇ ਹਨ। ਖੈਰ ਇਥੇ ਸਾਨੂੰ ਇਸ ਬਾਰੇ ਕੁੱਝ ਨਹੀਂ ਪਤਾ। ਸਿਰਫ ਇਹ ਹੀ ਪਤਾ ਹੈ ਕਿ ਟੈਰੀ ਉਸ ਨੂੰ ਡੀਪੋਰਟ ਕਰਵਾਉਣਾ ਚਾਹੁੰਦੀ ਹੈ। ਅਜਿਹੀ ਹਾਲਤ ਵਿੱਚ ਡੀਪੋਰਟ ਹੋਣ ਲਈ ਕਈ ਕਾਰਨ ਬਣ ਸਕਦੇ ਹਨ। ਇੱਕ ਤਾਂ ਵਿਆਹ ਦਾ ਟੁੱਟਣਾ ਜੋ ਉਸ ਦੇ ਇੰਮੀਗ੍ਰੇਸ਼ਨ ਦੇ ਕੇਸ ਉਤੇ ਨਿਰਭਰ ਹੈ। ਪਰ ਇਹ ਵੀ ਕੈਨੇਡਾ ਵਿੱਚ ਕਾਨੂੰਨ ਹੈ ਕਿ ਜੇਕਰ ਕਿਸੇ ਬੰਦੇ ਨੂੰ ਇੱਕ ਖਾਸ ਹੱਦ ਤੋ ਵੱਧ ਜੇਲ੍ਹ ਹੋ ਜਾਂਦੀ ਹੈ ਤਾਂ ਉਸ ਉਤੇ ਡਿਪੋਰਟੇਸ਼ਨ ਹੁਕਮ ਲੱਗ ਜਾਂਦਾ ਹੈ। ਇਸ ਕਾਨੂੰਨ ਅਧੀਨ ਬਹੁਤ ਲੋਕ ਡੀਪੋਰਟ ਹੋਏ ਹਨ ਅਤੇ ਹੋ ਰਹੇ ਹਨ। ਖਾਸ ਕਰ ਔਰਤ ਦੀ ਮਰਜ਼ੀ ਤੋਂ ਬਿਨਾਂ ਉਸ ਨਾਲ ਸੈਕਸ ਕਰਨਾ ਕਾਨੂੰਨ ਦੇ ਵਿਰੁੱਧ ਹੈ। ਅਜਿਹੇ ਕੇਸ ਅਦਾਲਤਾਂ ਵਿੱਚ ਆ ਰਹੇ ਹਨ ਜਿਥੇ ਔਰਤ ਕਹਿੰਦੀ ਹੈ ਕਿ ਉਸ ਦੇ ਪਤੀ ਨੇ ਉਸ ਦੀ ਸਹਿਮਤੀ ਤੋਂ ਬਿਨਾਂ ਉਸ ਨਾਲ ਸੈਕਸ ਕੀਤਾ ਹੈ ਜੋ ਅਸਲ ਵਿੱਚ ਬਲਾਤਕਾਰ ਸਮਝਿਆ ਜਾਂਦਾ ਹੈ। ਬਹੁਤ ਸਾਰੇ ਕੇਸ ਇਸ ਕਰਕੇ ਹਨ ਕਿ ਪੰਜਾਬੋਂ ਆਏ ਬਹੁਤ ਬੰਦੇ ਔਰਤ ਨੂੰ ਆਪਣੀ ਮਲਕੀਅਤ ਸਮਝਦੇ ਹਨ। ਪਰ ਕਈ ਅਜਿਹੇ ਵੀ ਹਨ ਕਿ ਤਲਾਕ ਲੈਣ ਲਈ ਝੂਠੇ ਚਾਰਜ ਲਗਵਾ ਦਿਤੇ ਜਾਂਦੇ ਹਨ। ਦੂਜੇ ਅਰਥਾਂ ਵਿੱਚ ਆਦਮੀ-ਔਰਤ ਵਿਚੋਂ ਕੋਈ ਵੀ ਆਪਣੇ ਮਨਸੂਬੇ ਅਧੀਨ ਕਾਨੂੰਨ ਦੀ ਗਲਤ ਵਰਤੋਂ ਕਰ ਲੈਂਦੇ ਹਨ।

ਮੰਦਾਕਿਨੀ ਕੈਨੇਡਾ ਆਉਣ ਤੋਂ ਬਾਅਦ ਇੱਕ ਚਾਰ ਦਿਵਾਰੀ ਤੋਂ ਬਾਹਰ ਨਹੀਂ ਨਿਕਲ ਸਕੀ। ਇਸ ਲਈ ਉਸ ਨੂੰ ਕੈਨੇਡਾ ਦੇ ਕਾਨੂੰਨ ਬਾਰੇ ਨਹੀਂ ਪਤਾ ਅਤੇ ਆਪਣੇ ਹੱਕਾਂ ਤੋਂ ਵੀ ਵਾਕਿਫ ਨਹੀਂ। ਇੱਕ ਥਾਂ ਉਹ ਮੁਖਤਾਰ ਦੀ ਜੀਵਨ ਕਹਾਣੀ ਸੁਣਦੀ ਕਹਿੰਦੀ ਹੈ, 'ਤੁਸੀਂ ਉਹਦੇ 'ਹਸਬੈਂਡ' ਸੀ। ਮਾਰਦੇ-ਕੁੱਟਦੇ ਜੋ ਮਰਜ਼ੀ ਕਰਦੇ, ਇਹਦੇ ਵਿੱਚ ਕਾਨੂੰਨ ਦਾ ਕੀ ਕੰਮ।' (ਸਫਾ 122) ਇਸ ਤੋਂ ਲਗਦਾ ਹੈ ਕਿ ਉਹ ਕੈਨੇਡੀਅਨ ਕਾਨੂੰਨ ਅਤੇ ਕਾਨੂੰਨ ਦੀ ਤੇਜ਼ ਤਰਾਰ ਪਹੁੰਚ ਤੋਂ ਵਾਕਿਫ ਨਹੀਂ ਹੈ। ਉਹ ਇੱਕ ਭੋਲੀ-ਭਾਲੀ ਭਾਰਤੀ ਕੁੜੀ ਹੈ ਜੋ ਗਲਤ ਹਾਲਾਤ ਵਿੱਚ ਫਸ ਗਈ ਅਤੇ ਫਸੀ ਫਟਕੀ ਗਈ ਜਦੋਂ ਤੱਕ ਕਿਸੇ ਮਿਹਰਬਾਨ ਨੇ ਉਸ ਨੂੰ ਉਥੋਂ ਨਿਕਲਣ ਵਿੱਚ ਮਦਦ ਨਾ ਕੀਤੀ।

ਮੰਦਾਕਿਨੀ ਨਾਲ ਜੋ ਕੁੱਝ ਹੋਇਆ ਉਹ ਅਸਲ ਵਿੱਚ ਪੰਜਾਬੀ ਆਦਮੀ ਦੀ ਮਾਨਸਿਕਤਾ ਦਾ ਵੀ ਪ੍ਰਤੀਕ ਹੈ। ਇਹ ਠੀਕ ਹੈ ਕਿ ਗਿੰਦਰ, ਜਿਸ ਨੇ ਉਸ ਨੂੰ ਇਸ ਗੁਲਾਮੀ ਵਿੱਚ ਪਾਇਆ ਸੀ, ਸਾਰੇ ਪੰਜਾਬੀਆਂ ਦਾ ਪ੍ਰਤੀਕ ਨਹੀਂ, ਪਰ ਅਦਾਲਤਾਂ ਵਿੱਚ ਆਉਂਦੇ ਕੇਸਾਂ ਤੋਂ ਪਤਾ ਲਗਦਾ ਹੈ ਕਿ ਪੰਜਾਬੀ ਕਮਿਊਨਿਟੀ ਵਿੱਚ ਸ਼ਰਾਬ ਅਤੇ ਘਰੇਲੂ ਹਿੰਸਾ ਬਹੁਤ ਵੱਡੇ ਮਸਲੇ ਹਨ। ਇੱਕ ਪੰਜਾਬੋਂ ਨਵਾਂ ਆਇਆ ਬੰਦਾ ਘਰੇਲੂ ਹਿੰਸਾ ਕਰਕੇ ਜੇਲ੍ਹ ਵਿੱਚ ਪਹੁੰਚ ਗਿਆ। ਜਦੋਂ ਡਿਊਟੀ ਕੌਂਸਲ ਨੇ ਪੁਛਿਆ ਕਿ ਕੀ ਵਾਕਈ ਉਸ ਨੇ ਆਪਣੀ ਪਤਨੀ 'ਤੇ ਹੱਥ ਚੁਕਿਆ ਸੀ ਤਾਂ ਉਸ ਕਿਹਾ, "ਹਾਂ ਚੁਕਿਆ ਸੀ ਕਿਉਂਕਿ ਉਸ ਨੇ ਮੈਨੂੰ ਗਾਲ੍ਹ ਕੱਢੀ ਸੀ।" ਡਿਊਟੀ ਕੌਂਸਲ ਨੇ ਉਸ ਨੂੰ ਸਮਝਾਇਆ ਕਿ ਗਾਲ੍ਹ ਕਢੱਣਾ ਸਿਧੇ ਤੌਰ 'ਤੇ ਗੈਰਕਾਨੂੰਨੀ ਨਹੀਂ ਪਰ ਜਿਸਮਾਨੀ ਹਿੰਸਾ ਜੁਰਮ ਹੈ।

ਔਰਤ ਅਜੇ ਵੀ ਕੁੱਝ ਲੋਕਾਂ ਵਿੱਚ ਪਰਿਵਾਰ ਦੀ ਇਜ਼ੱਤ ਹੈ ਜਿਥੇ ਆਦਮੀ ਭਾਵੇਂ ਜੋ ਮਰਜ਼ੀ ਕਰਨ, ਪਰ ਇਜ਼ਤ ਦਾ ਸਾਰਾ ਭਾਰ ਔਰਤ ਉਤੇ ਹੈ। ਪਰ ਜੇਕਰ ਅਸੀਂ ਪੰਜਾਬੀ ਸੰਗੀਤ ਤੋਂ ਅੰਦਾਜ਼ਾ ਲਾਈਏ ਤਾਂ ਔਰਤ ਇੱਕ ਕਾਮੁਕ ਵਸਤੂ ਤੋਂ ਵੱਧ ਕੁੱਝ ਨਹੀਂ। ਅਤੇ ਪੰਜਾਬੀ ਸੰਗੀਤ ਦਾ ਆਦਮੀ ਘੈਂਟ ਜੱਟ ਹੈ। ਹੁਣ ਇਹ ਦਵੰਦ ਹੈ। ਜੇ ਅਸੀਂ ਇਸ ਨੂੰ ਇੱਕਠਾ ਕਰੀਏ ਤਾਂ ਇਹ ਦਿਸਦਾ ਹੈ ਕਿ ਘੈਂਟ ਜੱਟ ਦੀ ਭੈਣ ਤਾਂ ਪਰਿਵਾਰ ਦੀ ਇੱਜ਼ਤ ਹੈ ਪਰ ਗਵਾਂਢੀ ਦੀ ਧੀ ਬੱਲੀ ਹੈ ਜਿਸ ਦੇ ਲੱਕ ਤੇ ਜੱਟ ਮਰਦਾ ਹੈ। ਇਸ ਦਵੰਦ ਦਾ ਸ਼ਿਕਾਰ ਹੈ ਘੈਂਟ ਜੱਟ। ਅਸਲ ਦੇ ਵਿੱਚ ਘੈਂਟ ਜੱਟ ਦੀ ਭੈਣ ਅਤੇ ਗਵਾਂਢੀ ਦੀ ਧੀ ਵਿੱਚ ਕੋਈ ਫਰਕ ਨਹੀਂ ਹੋਣਾ ਚਾਹੀਦਾ। ਨਾਂ ਤਾਂ ਉਹ ਇਜ਼ਤ ਦਾ ਬੋਝ ਚੁੱਕੀ ਫਿਰਨ ਅਤੇ ਨਾਂ ਹੀ ਉਹ ਕਿਸੇ ਘੈਂਟ ਬੰਦੇ ਲਈ ਸਿਰਫ ਕਾਮ ਵਸਤੂ ਹੀ ਹੋਣ। ਔਰਤ ਦਾ ਸਮਾਜ ਵਿੱਚ ਖੁੱਲ੍ਹ ਕੇ ਤੁਰ ਫਿਰ ਸਕਣਾ ਅਤੇ ਆਰਥਿਕ ਅਤੇ ਸਭਿਆਚਾਰਕ ਜ਼ਿੰਦਗੀ ਵਿੱਚ ਆਪਣਾ ਰੋਲ ਨਿਭਾਅ ਸਕਣਾ ਹੀ ਸਮਾਜ ਦੇ ਸਭਿਅਕ ਹੋਣ ਦੀ ਨਿਸ਼ਾਨੀ ਹੈ। ***(ਬਾਕੀ ਅਗਲੇ ਸਫੇ 'ਤੇ)***

# ਤੂੜੀ ਵਾਲਾ ਕੁੱਪ

ਕਲਵੰਤ ਸਿੰਘ ਸਹੋਤਾ
604-589-5919

ਤੂੜੀ ਪਸ਼ੂਆਂ ਦੇ ਚਾਰੇ ਦਾ ਪ੍ਰਮੁੱਖ ਸਰੋਤ ਹੈ। ਇਸ ਦੀ ਵਰਤੋਂ ਪਸ਼ੂਆਂ ਲਈ ਸਾਰਾ ਸਾਲ ਹੁੰਦੀ ਹੈ। ਪੁਰਾਣੇ ਸਮਿਆਂ 'ਚ ਵੱਡੇ-ਵੱਡੇ ਕੱਚੇ ਦਲਾਨ ਅਤੇ ਕੋਠੜੀਆਂ ਹੁੰਦੀਆਂ ਸਨ, ਜਿਨ੍ਹਾਂ 'ਚ ਤੂੜੀ ਭਰ ਲਈ ਜਾਂਦੀ ਸੀ। ਪਸ਼ੂਆਂ ਦੇ ਵੱਗ ਦੇ ਮੁਤਾਬਕ ਕਈ ਵਾਰੀ ਉਹ ਦਲਾਨ ਤੇ ਕੋਠੜੀਆਂ ਕਾਫੀ ਨਹੀਂ ਸੀ ਹੁੰਦੀਆਂ, ਸੋ ਬਾਕੀ ਸਾਰੇ ਸਾਲ ਦੀ ਪਸ਼ੂਆਂ ਦੀ ਜ਼ਰੂਰਤ ਅਨੁਸਾਰ, ਤੂੜੀ ਬਾਹਰ ਖੂਹ ਦੇ ਬੰਜਰ 'ਚ ਕੁੱਪਾਂ ਵਿੱਚ ਸਾਂਭ ਲਈ ਜਾਂਦੀ ਸੀ। ਬੰਜਰ 'ਚ ਬੰਨ੍ਹੇ (ਦਿਸਦੇ) ਕੁੱਪਾਂ ਦੀ ਗਿਣਤੀ ਤੋਂ ਹੀ ਦੂਰੋਂ ਦਿਸ ਪੈਂਦਾ ਸੀ ਕਿ ਇਸ ਜੱਟ ਦਾ ਕਿੱਡਾ ਲਾਣਾ ਹੈ ਅਤੇ ਉਸ ਦੀ ਸਫਲ ਖੇਤੀ ਦਾ ਉਹ ਬੰਨ੍ਹੇ ਕੁੱਪ ਪ੍ਰਤੱਖ ਪ੍ਰਮਾਣ ਹੋਇਆ ਕਰਦੇ ਸਨ।

ਜੱਟ ਦੀ ਖੇਤੀ ਦੀ ਕਾਮਯਾਬੀ ਦਾ ਅਨੁਮਾਨ ਇਸ ਗੱਲੋਂ ਵੀ ਲਾਇਆ ਜਾਂਦਾ ਸੀ ਕਿ ਉਸ ਦੀ ਕਿੰਨੇ ਹਲਾਂ ਦੀ ਖੇਤੀ ਹੈ! ਇੱਕ ਹਲ ਲਈ ਦੋ ਤਕੜੇ ਬਲਦਾਂ ਦੀ ਜ਼ਰੂਰਤ ਹੁੰਦੀ ਸੀ ਅਤੇ ਦੋ ਹਲਾਂ ਲਈ ਚਹੁੰ ਬਲਦਾਂ ਦੀ। ਜਿਸ ਜੱਟ ਦੇ ਦੋ ਹਲਾਂ ਦੀ ਖੇਤੀ ਹੁੰਦੀ ਹੋਵੇ, ਉਸ ਨੂੰ ਖੁਸ਼ਹਾਲ ਕਿਸਾਨ ਸਮਝਿਆ ਜਾਂਦਾ ਸੀ। ਜੇ ਕਿਸੇ ਦੇ ਤਿੰਨ ਜਾਂ ਚਹੁੰ ਹਲਾਂ ਦੀ ਹੋਵੇ ਤਾਂ ਉਸ ਦੀ ਤਾਂ ਸਾਰੇ ਇਲਾਕੇ 'ਚ ਭੱਲ ਬਣੀ ਹੁੰਦੀ ਸੀ; ਇਉਂ ਦਰਜਾ-ਬ-ਦਰਜਾ ਕਿਸਾਨਾਂ ਦੀਆਂ ਚੜ੍ਹਤਾਂ ਅਤੇ ਚਲਦੇ ਲਾਣਿਆਂ ਦਾ ਅਨੁਮਾਨ ਸਹਿਜੇ ਹੀ ਲੱਗ ਜਾਂਦਾ ਸੀ। ਜਿੰਨੇ ਵੱਧ ਪਸ਼ੂ, ਉਨੇ ਹੀ ਵੱਧ ਚਾਰੇ ਦੀ ਲੋੜ ਹੁੰਦੀ ਸੀ। ਇਕੱਲੇ ਬਲਦ ਹੀ ਨਹੀਂ ਸਗੋਂ ਦੁਧਾਰੂ ਪਸ਼ੂਆਂ ਜਿਵੇਂ ਮੱਝਾਂ-ਗਾਈਆਂ ਦੇ ਕਿੰਨੇ ਲਵੇਰੇ ਹਨ, ਇਹ ਵੀ ਜੱਟ ਦੇ ਰੁਤਬੇ 'ਚ ਬਹੁਤ ਮਹੱਤਵਪੂਰਨ ਸਥਾਨ ਰੱਖਦਾ ਸੀ। ਇੰਜ ਸਾਰਾ ਸਾਲ ਵਰਤੇ ਜਾਣ ਵਾਲੇ ਚਾਰੇ ਦਾ ਪ੍ਰਮੁੱਖ ਸਰੋਤ ਕਣਕ ਦੀ ਤੂੜੀ ਹੀ ਹੁੰਦੀ ਸੀ, ਭਾਵੇਂ ਮੱਕੀ, ਚਰ੍ਹੀ, ਬਾਜਰਾ, ਗੁਆਰਾ, ਸੇਂਜੀ ਅਤੇ ਛਟਾਲਾ ਵੀ ਪਸ਼ੂਆਂ ਦੇ ਚਾਰੇ ਦਾ ਹਿੱਸਾ ਸਨ। ਜਿਵੇਂ ਪਹਿਲਾਂ ਜ਼ਿਕਰ ਕਰ ਚੁੱਕੇ ਹਾਂ ਕਿ ਵਾਧੂ ਤੂੜੀ ਕੁੱਪਾਂ 'ਚ ਸੰਭਾਲੀ ਜਾਂਦੀ ਸੀ, ਕੁੱਪ ਬੰਨ੍ਹਣ ਲਈ ਵੀ ਖਾਸ ਜੁਗਤ ਦੀ ਲੋੜ ਹੁੰਦੀ ਸੀ, ਇੱਕ ਕਿਸਮ ਦਾ ਇਹ ਵੀ ਇੱਕ ਹੁਨਰ ਸੀ। ਹਰ ਇੱਕ ਬੰਦਾ ਕੁੱਪ ਬੰਨ੍ਹਣ ਦਾ ਮਾਹਿਰ ਨਹੀਂ ਸੀ ਹੁੰਦਾ। ਕਣਕਾਂ ਦੀ ਗਹਾਈ ਸਮੇਂ ਕੁੱਪ ਬੰਨ੍ਹਣ ਵਾਲੇ ਕਾਰੀਗਰਾਂ ਦੀ ਬਹੁਤ ਮੰਗ ਹੁੰਦੀ ਸੀ। ਅਕਸਰ ਕਾਰੀਗਰਾਂ ਨੇ ਵਾਰੋ-ਵਾਰੀ ਆਪਣੇ ਨਾਲ ਜੁੜੇ ਕਿਸਾਨਾਂ ਦੇ ਕੁੱਪ ਬੰਨ੍ਹਣ ਦੀ ਵਾਰੀ ਬੰਨ੍ਹੀ ਹੁੰਦੀ ਸੀ।

ਕੁੱਪ ਬੰਨ੍ਹਣ ਤੋਂ ਪਹਿਲਾਂ, ਉਸ ਵਾਸਤੇ ਕੁੱਝ ਖਾਸ ਤਿਆਰੀ ਦੀ ਲੋੜ ਹੁੰਦੀ ਸੀ। ਜਿਵੇਂ ਸਭ ਤੋਂ ਪਹਿਲਾਂ ਕੁੱਪ ਦੇ ਥੱਲੇ (ਬੇਸ) ਵਾਸਤੇ ਉਸ ਦਾ ਗੋਲਧਾਰਾ ਬੰਨ੍ਹਣ ਲਈ, ਜਿਸ ਨੂੰ ਐਰਾ ਕਹਿੰਦੇ ਸਨ, ਉਸ ਲਈ ਨਰਮਾ ਜਾਂ ਕਪਾਹ ਦੀਆਂ ਛਿਟੀਆਂ ਦੀਆਂ ਭਰੀਆਂ ਖਾਸ ਤੌਰ 'ਤੇ ਸਿਆਲ ਨੂੰ ਹੀ ਸਾਂਭ ਕੇ ਵੱਖ ਰੱਖ ਲਈਆਂ ਜਾਂਦੀਆਂ ਸਨ। ਸੱਬਲ ਜਾਂ ਕੰਧਾਲੀ ਨਾਲ ਘੱਟੋ-ਘੱਟ ਇਕ ਗਿੱਠ (8-10 ਇੰਚ) ਡੂੰਘੀ ਗੋਲਧਾਰੇ 'ਚ ਖਾਈ ਪੁੱਟ, ਉਹ ਛਿਟੀਆਂ ਰੁੱਗ ਰੁੱਗ ਭਰ ਕੇ ਖੜ੍ਹੀਆਂ ਕਰ, ਮਿੱਟੀ ਨਾਲ ਤੁੰਨ ਕੇ, ਦੁਆਲੇ ਦੋ-ਤਿੰਨ ਗੇੜ ਬੇੜ ਦੇ ਲਪੇਟ ਕੇ ਉਸ ਛਿਟੀਆਂ ਦੇ ਐਰੇ ਨੂੰ ਬਾਹਰੋਂ ਨੱਪ ਕੇ, ਅੰਦਰ ਤੰਗੜਾਂ ਨਾਲ ਤੂੜੀ ਭਰ, ਪੈਰਾਂ ਨਾਲ ਤੁੰਨ-ਤੁੰਨ ਕੇ, ਕੁੱਪ ਦਾ ਮਜ਼ਬੂਤ ਆਧਾਰ ਬੰਨ੍ਹਿਆ ਜਾਂਦਾ ਸੀ। ਇਸ ਨੂੰ ਕੁੱਪ ਦਾ ਮੁੱਢ ਕਹਿੰਦੇ ਸਨ। ਜੇ ਐਰਾ ਮਜ਼ਬੂਤ ਹੈ ਤਾਂ ਕੁੱਪ ਵੀ ਉੱਪਰ ਮਜ਼ਬੂਤੀ ਨਾਲ ਬੰਨ੍ਹ ਹੋਏਗਾ ਤੇ ਇੰਜ ਸਾਰੇ ਸਾਲ ਲਈ ਤੂੜੀ ਮੀਂਹ-ਕਣੀ ਤੇ ਹਨੇਰੀ ਤੋਂ ਬਚੀ ਰਹੇਗੀ।

ਕਪਾਹ ਦੀਆਂ ਛਿਟੀਆਂ ਤੋਂ ਬਾਅਦ ਦੂਸਰੀ ਪ੍ਰਮੁੱਖ ਲੋੜ ਦੀ ਵਸਤ ਸੀ ਨਾਲੀ। ਇਹ ਕਣਕ ਦੀ ਗਹਾਈ ਕਰਨ ਤੋਂ ਪਹਿਲਾਂ ਕੱਢਣੀ ਪੈਂਦੀ ਸੀ। ਕਣਕ ਦੀ ਨਾਲੀ ਕੱਢ ਕੇ ਉਸ ਦੇ ਛੋਟੇ-ਛੋਟੇ ਪੂਲੇ (ਰੁੱਗ) ਬੰਨ੍ਹ, ਉਨ੍ਹਾਂ ਦੇ ਸਿੱਟੇ ਝਾੜ, ਉਸ ਕਣਕ ਦੀ ਨਾਲੀ ਦੇ ਪੂਲੇ ਬਣਾ-ਬਣਾ ਰੱਖ ਲਈਦੇ ਸਨ। ਕੁੱਪ ਬੰਨ੍ਹਣ ਵਾਸਤੇ ਤੀਸਰੀ ਵਸਤ ਜਿਹੜੀ ਬਹੁਤ ਲੋੜੀਂਦੀ ਸੀ, ਉਹ ਸਨ ਬੇੜਾਂ। ਕਣਕ ਦੀ ਵਾਢੀ ਤੋਂ ਪਹਿਲਾਂ ਹੀ, ਦੱਭ ਲਿਆ ਕੇ, ਉਸ ਨੂੰ ਕੁੱਝ ਚਿਰ ਤਲਾਬ ਜਾਂ ਛੱਪੜ 'ਚ ਭਿਉਂ ਕੇ ਉਸ ਦਾ ਮੋਟਾ ਰੱਸਾ ਵੱਟਿਆ ਜਾਂਦਾ ਸੀ, ਜਿਸ ਨੂੰ ਬੇੜ ਕਹਿੰਦੇ ਸਨ। ਬੇੜਾਂ ਵੱਟਣ ਦਾ ਵੀ ਇੱਕ ਖਾਸ ਢੰਗ ਹੁੰਦਾ ਸੀ। ਇੱਕ ਜਣਾ ਮੋਹਰੇ ਫੁੱਟ ਕੁ ਦਾ ਲੱਕੜ ਦਾ ਡੰਡਾ ਫੜ, ਵਟਾ ਦੇਈ ਜਾਂਦਾ ਤੇ ਦੂਸਰਾ ਦੋ-ਦੋ ਪੱਤੀਆਂ ਦੱਭ ਦੀਆਂ ਵੱਟ ਹੋ ਰਹੀ ਬੇੜ ਦੇ ਵਿੱਚ ਲਗਾਤਾਰ ਜੋੜੀ ਜਾਂਦਾ ਤੇ ਇਸ ਤਰ੍ਹਾਂ ਵਟਾ ਦੇਣ ਵਾਲਾ ਪਿਛਲ ਖੁਰੀਂ ਤੁਰਦਾ ਰਹਿੰਦਾ ਤੇ ਬੇੜ ਲੰਬੀ ਹੋਈ ਜਾਂਦੀ। ਪੰਜਾਹ ਤੋਂ ਸੌ ਗਜ਼ ਦੀ ਲੰਬਾਈ ਹੋ ਜਾਣ 'ਤੇ ਦੋਵਾਂ ਪਾਸਿਆਂ ਤੋਂ ਕਿਸੇ ਦਰਖਤ ਜਾਂ ਕਿੱਲ੍ਹੇ ਨਾਲ ਬੰਨ ਕੇ ਸਾਰਾ ਦਿਨ ਸੁੱਕਣ ਉਪਰੰਤ ਇਕੱਠੀਆਂ ਕਰ ਕੇ ਉਨ੍ਹਾਂ ਬੇੜਾਂ ਦੇ ਬੰਡਲ ਬਣਾ ਲਏ ਜਾਂਦੇ। ਉਹੀ ਬੇੜਾਂ ਵੱਢੀ ਕਣਕ ਦੀਆਂ ਭਰੀਆਂ ਬੰਨ੍ਹਣ ਅਤੇ ਮਗਰੋਂ ਕੁੱਪ ਬੰਨ੍ਹਣ ਦੇ ਕੰਮ ਆਉਂਦੀਆਂ। ਚੌਥੀ ਅਹਿਮ ਜ਼ਰੂਰੀ ਚੀਜ਼ ਕੁੱਪ ਬੰਨ੍ਹਣ ਲਈ ਜਿਹੜੀ ਲੋੜੀਂਦੀ ਸੀ, ਉਹ ਸੀ ਮੁੰਜ-ਬਗੜ ਦੀਆਂ ਰੱਸੀਆਂ; ਜੋ ਆਮ ਵਾਣ ਵੱਟਣ ਵਾਲੀਆਂ ਮਸ਼ੀਨਾਂ ਨਾਲ ਵੱਟੀਆਂ ਵਟਾਈਆਂ ਰੱਸੀਆਂ ਦੇ ਗੁੱਛੇ ਮਿਲ ਜਾਂਦੇ ਸਨ। ਪਹਿਲਾਂ-ਪਹਿਲ ਇਹ ਰੱਸੀਆਂ ਆਪ ਹੱਥੀਂ ਵੱਟਣੀਆਂ ਪੈਂਦੀਆਂ ਸਨ, ਚਾਹੇ ਉਹ ਸਣ, ਸਨੁਕੜਾ ਜਾਂ ਮੁੰਜ-ਬਗੜ ਦੀਆਂ ਹੋਣ। ਇਸ ਤਰ੍ਹਾਂ ਜਦੋਂ ਨਾਲੀ ਕੱਢ ਹੋ ਜਾਣੀ, ਬੇੜਾਂ ਵੱਟ ਹੋ ਜਾਣੀਆਂ, ਰੱਸੀਆਂ ਲੈ ਆਉਣੀਆਂ ਤਾਂ ਕੁੱਪ ਬੰਨ੍ਹਣ ਲਈ ਲੋੜੀਂਦੀਆਂ ਚੀਜ਼ਾਂ ਇਕੱਤਰ ਹੋ ਜਾਂਦੀਆਂ ਸਨ ਤਾਂ ਸਮਝੋ ਕੁੱਪ ਬੰਨ੍ਹਣ ਦੀ ਤਿਆਰੀ ਹੋ ਗਈ ਪਰ ਕੁੱਪ ਹਾਲੇ ਤਿਆਰ ਨਹੀਂ ਹੋਇਆ। ਬੰਨ੍ਹ ਹੁੰਦੇ ਕੁੱਪ ਦੀ ਫੋਟੋ ਦੇਖ ਕੇ ਮੈਂ ਇਉਂ ਕੁੱਝ ਤੁਕਾਂ ਲਿਖੀਆਂ:

ਬੇੜਾਂ ਵੱਟ ਨਾਲੀ ਕੱਢ
ਕੁੱਪ ਦੀ ਤਿਆਰੀ ਕਰ,
ਕਪਾਹ ਦੀਆਂ ਛਿਟੀਆਂ ਦਾ
ਐਰਾ ਗੱਡ ਲਿਆ ਜੀ।
ਕਣਕ ਦੀ ਗਹਾਈ ਕਰ
ਤੂੜੀ ਵੀ ਕੱਢ ਲਈ,
ਕਾਰੀਗਰ ਲਿਆਂਦਾ
ਕੁੱਪ ਬੰਨ੍ਹਣ ਵਾਲਾ ਸਵਰਨਾ ਜੀ।
ਤੰਗੜ ਭਰ-ਭਰ ਸੁੱਟੇ,
ਐਰਾ ਭਰ ਲਿਆ ਜਦੋਂ,
ਵਾਰ ਦਰ ਵਾਰ ਕੁੱਪ ਧੁਰ ਪੁੱਜ ਗਿਆ ਜੀ।
ਬੋਦੀ ਬੰਨ੍ਹੀ,
ਕੁੱਪ ਕੇਹਾ ਸੋਹਣਾ ਲੱਗੇ ਦੇਖਣੇ ਨੂੰ,
ਸਾਰਾ ਸਾਲ ਪਸ਼ੂਆਂ ਲਈ
ਤੂੜੀ ਸਾਂਭ ਲਈ ਜੀ।

ਤੂੜੀ ਪਹਿਲਾਂ-ਪਹਿਲ ਫਲ੍ਹਿਆਂ ਨਾਲ ਬਣਾਈ ਜਾਂਦੀ ਸੀ। ਵੱਢੀ ਕਣਕ ਦੀਆਂ ਭਰੀਆਂ, ਸਾਫ ਸੁਥਰੇ ਪਿੜ ਵਿੱਚ ਇੱਕ ਗੋਲ ਦਾਇਰੇ ਵਿੱਚ ਖੋਲ੍ਹ ਕੇ ਖਿਲਾਰ ਦਿੱਤੀਆਂ ਜਾਂਦੀਆਂ, ਵਿਚਕਾਰ ਖਾਲੀ ਹੁੰਦਾ। ਉਸ ਦਾਇਰੇ 'ਚ ਬਲਦਾਂ ਦੀਆਂ ਜੋੜੀਆਂ ਮਗਰ ਫਲ੍ਹਾ ਬੰਨ੍ਹਿਆ ਹੁੰਦਾ; ਜੋ ਬਾਂਸ, ਕਾਨੇ ਤੇ ਕੰਡੇਦਾਰ ਝਿੰਗਾਂ ਦਾ ਤਕਰੀਬਨ ਅੱਠ-ਦਸ ਫੁੱਟ ਚੌੜਾ ਤੇ ਪੰਦਰਾਂ-ਵੀਹ ਕੁ ਫੁੱਟ ਲੰਬਾ ਹੁੰਦਾ। ਜਿਉਂ-ਜਿਉਂ ਬਲਦ ਕੜਕਦੀ ਦੁਪਹਿਰ ਦੀ ਧੁੱਪ 'ਚ ਮੋਹਰੇ-ਮੋਹਰੇ ਕਣਕ ਪੈਰਾਂ ਨਾਲ ਮਿੱਧਦੇ ਤੁਰਦੇ ਤਾਂ ਮਗਰ ਬੰਨ੍ਹਿਆ ਝਿੰਗਾਂ ਕਾਨਿਆਂ ਦਾ ਫਲ੍ਹਾ, ਬਲਦਾਂ ਦੇ ਪੈਰਾਂ ਨਾਲ ਮਿੱਧੀ ਭੰਨੀ ਕਣਕ ਨੂੰ ਪਲਟਾਉਂਦਾ, ਭੋਰਦਾ, ਭੰਨਦਾ ਰਹਿੰਦਾ ਤੇ ਇਸ ਤਰ੍ਹਾਂ ਨਾਲੀ ਮਿੱਧ ਹੋ ਕੇ ਤੂੜੀ ਬਣ ਜਾਂਦੀ ਤੇ ਕਣਕ ਛਿੱਟਿਆਂ ਤੋਂ ਭੁਰ ਕੇ ਅਲੱਗ ਹੋ ਜਾਂਦੀ। ਤੂੜੀ ਤੇ ਦਾਣਿਆਂ ਦੇ ਰਲਾਅ ਨੂੰ ਪਿੜ ਦੇ ਵਿਚਕਾਰ ਇੱਕ ਧੜ ਦੇ ਆਕਾਰ ਇਕੱਠਾ ਕਰ ਲਿਆ ਜਾਂਦਾ। ਵਗਦੀ ਪੱਛੋਂ ਦੇ ਹਵਾ ਦੇ ਬੁੱਲ੍ਹਿਆਂ ਨਾਲ ਤੰਗਲੀਆਂ ਨਾਲ ਉਡਾ-ਉਡਾ ਕੇ ਤੂੜੀ ਤੇ ਕਣਕ ਦੇ ਦਾਣੇ ਵੱਖ ਕਰ ਲਏ ਜਾਂਦੇ। ਇਹ ਸਨ ਤੂੜੀ ਬਣਾਉਣ ਦੀਆਂ ਪੁਰਾਣੀਆਂ ਫਲ੍ਹਿਆਂ ਦੀਆਂ ਬਾਤਾਂ। ਜਿਉਂ-ਜਿਉਂ ਮਸ਼ੀਨਰੀ ਦਾ ਯੁੱਗ ਆਇਆ ਤਾਂ ਹੱਥੀਂ ਵੱਢੀ ਕਣਕ ਦਾ ਫਲ੍ਹਿਆਂ ਨਾਲ ਗਾਹੁਣ ਦੀ ਥਾਂ, ਥਰੈਸ਼ਰ ਮਸ਼ੀਨਾਂ ਨੇ ਲੈ ਲਈ। ਥਰੈਸ਼ਰ ਦੇ ਡਰੰਮ 'ਚ ਲੱਗੇ ਲੋਹੇ ਦੇ ਡੰਡੇ ਤੇਜ਼ ਰਫਤਾਰ ਨਾਲ ਚੱਲਦੇ ਕਣਕ ਨੂੰ ਭੰਨ ਕੇ ਨਾਲ ਚੱਲਦੇ ਪੱਖੇ ਨਾਲ ਤੂੜੀ ਵੱਖ ਅਤੇ ਦਾਣੇ ਵੱਖ ਕਰੀ ਜਾਂਦੇ। ਇੰਜ ਫਲ੍ਹਿਆਂ ਦਾ ਮਹੀਨਿਆਂ ਦਾ ਕੰਮ ਦਿਨਾਂ 'ਚ ਹੋਣ ਲੱਗਿਆ। ਹੁਣ ਇਹੀ ਕੰਮ ਕੰਬਾਈਨਾਂ ਤਾਂ ਸਾ-ਦਿਹਾੜੀ ਹੀ ਕਰ ਦਿੰਦੀਆਂ ਹਨ। ਮਗਰੋਂ ਕੁਝ ਦਿਨਾਂ ਬਾਅਦ ਹੀ ਤੂੜੀ ਬਣਾਉਣ ਵਾਲੀ ਮਸ਼ੀਨ ਖੇਤਾਂ 'ਚ ਫੇਰ ਕੇ ਅੱਧ ਖੜ੍ਹੀ ਨਾਲੀ ਦੀ ਤੂੜੀ ਬਣਾ ਲਈ ਜਾਂਦੀ ਹੈ।

ਹੁਣ ਆਪਾਂ ਤੂੜੀ ਬਣਾ ਲਈ ਹੈ; ਬੇੜਾਂ, ਨਾਲੀ ਤੇ ਰੱਸੀਆਂ ਪਹਿਲਾਂ ਹੀ ਤਿਆਰ ਕਰ ਰੱਖੀਆਂ ਹਨ। ਕਪਾਹ ਦੀਆਂ ਛਿਟੀਆਂ ਦਾ ਐਰਾ ਗੱਡ ਕੇ ਤੂੜੀ ਨਾਲ ਭਰ ਲਿਆ ਹੈ। ਇੱਕ ਬੰਦਾ ਐਰੇ 'ਚ ਖੜ੍ਹਾ ਤੂੜੀ ਦੇ ਤੰਗੜ ਖੋਲ੍ਹ-ਖੋਲ੍ਹ ਖਿਲਾਰ ਕੇ ਪੈਰਾਂ ਨਾਲ ਦੱਬ ਕੇ ਤੂੜੀ ਦੀ ਤਹਿ ਜਮਾਈ ਜਾ ਰਿਹਾ ਹੈ। ਕੁੱਪ ਬੰਨ੍ਹਣ ਵਾਲਾ ਕਾਰੀਗਰ ਮੋਹਰੇ ਖਿੱਚ ਹੋਈ ਜਾ ਰਹੀ ਬੇੜ ਨੂੰ ਦਸ ਬਾਰਾਂ ਇੰਚ ਦੇ ਫਾਸਲੇ 'ਤੇ ਰੱਸੀਆਂ ਨਾਲ ਬੰਨ੍ਹਦਾ ਰਹਿੰਦਾ ਹੈ। ਇੱਕ ਬੰਦਾ ਮੋਹਰੇ ਮੋਢੇ ਉੱਪਰ ਦੀ ਬੇੜ ਫੜ ਕੇ ਹੌਲੀ-ਹੌਲੀ ਪੂਰੀ ਖਿੱਚ ਪਾ ਕੇ ਤੁਰੀ ਜਾਂਦਾ ਹੈ ਤੇ ਇਸ ਤਰ੍ਹਾਂ ਕੁੱਪ ਵਾਰ ਦਰ ਵਾਰ ਉੱਪਰ ਜਾਂਦਾ ਹੈ। ਅਖੀਰ ਸਿਖਰ ਜਾ ਕੇ ਜਿਉਂ-ਜਿਉਂ ਕੁੱਪ ਟੀਸੀ ਦੇ ਨੇੜੇ ਪੁੱਜਦਾ ਹੈ ਤਾਂ ਉੱਪਰੋਂ ਇਸ ਦੀ ਬੋਦੀ ਘੁੱਟ ਕੇ ਰੱਸੀਆਂ ਨਾਲ ਬੰਨ੍ਹ ਦਿੱਤੀ ਜਾਂਦੀ ਹੈ। ਹੁਣ ਮੀਂਹ ਹਨੇਰੀ 'ਚ ਪਸ਼ੂਆਂ ਦੀ ਤੂੜੀ ਪੂਰੇ ਸਾਲ ਲਈ ਮਹਿਫੂਜ਼ ਹੋ ਗਈ। ਲੋੜ ਪੈਣ 'ਤੇ ਤੂੜੀ ਕੱਢਣ ਵਾਸਤੇ ਐਰੇ ਦੀਆਂ ਕੁੱਝ ਛਿਟੀਆਂ ਪੁੱਟ ਕੇ ਅੰਦਰ ਟੋਕਰਾ ਲੰਘਣ ਜਿੰਨਾ ਮਘੋਰਾ ਕਰ ਲੋੜ ਮੁਤਾਬਕ ਤੂੜੀ ਕੱਢੀ ਜਾ ਸਕਦੀ ਹੈ। ਅੱਧੋਂ ਵੱਧ ਤੂੜੀ ਨਿਕਲਣ ਮਗਰੋਂ ਵੀ ਕੁੱਪ ਜਿਉਂ ਦਾ ਤਿਉਂ ਖੜਾ ਰਹਿੰਦਾ ਹੈ।

ਅੱਜ-ਕੱਲ੍ਹ ਕੁੱਪ ਬੰਨ੍ਹਣ ਵਾਸਤੇ ਨਾਲੀ ਨਹੀਂ ਕੱਢਣ ਦੀ ਲੋੜ ਪੈਂਦੀ, ਸਗੋਂ ਉਸ ਦੀ ਥਾਂ ਝੋਨੇ ਦੀ ਪਰਾਲੀ ਦੀ ਹੀ ਵਰਤੋਂ ਕਰ ਲਈ ਜਾਂਦੀ ਹੈ; ਭਾਵੇਂ ਉਹ ਕਣਕ ਦੀ ਨਾਲੀ ਜਿੰਨੀ ਅਕੜਾਂਧ ਤੇ ਤਾਕਤ ਤਾਂ ਨਹੀਂ ਰੱਖਦੀ ਪਰ ਹੁਣ ਪਰਾਲੀ ਨਾਲ ਹੀ ਬੁੱਤਾ ਸਾਰਿਆ ਜਾਂਦਾ ਹੈ। ਪਿੰਡਾਂ ਦਾ ਆਪੋ-ਆਪਣਾ ਸੱਭਿਆਚਾਰ, ਰਹਿਣ-ਸਹਿਣ ਦਾ ਨਿਰਾਲਾ ਤਰੀਕਾ, ਘਰਾਂ ਦੇ ਕੰਮ-ਕਾਜ ਕਰਨ ਦਾ ਆਪੋ-ਆਪਣਾ ਸਲੀਕਾ, ਪੇਂਡੂ ਜੀਵਨ ਦੇ ਪਿਛੋਕੜ 'ਤੇ ਝਾਤ ਪੁਆ ਇੱਕ ਅਨੋਖਾ ਦ੍ਰਿਸ਼ ਦਰਸਾਉਂਦਾ ਹੈ। ਸ਼ਾਂਤਮਈ ਜੀਵਨ, ਸੀਮਤ ਲੋੜਾਂ, ਦਾਇਰੇ ਅੰਦਰ ਰਹਿ ਕੇ ਪੇਂਡੂ ਜੀਵਨ ਬਸਰ ਕਰਨਾ ਅੱਜ ਭਾਵੇਂ ਦੂਰ ਦੀ ਗੱਲ ਬਣ ਗਈ ਹੈ ਪਰ ਤੂੜੀ ਦੇ ਕੁੱਪ ਦੀ ਯਾਦ ਦਾ ਵਿਲੱਖਣ ਅਨੁਭਵ ਹੁੰਦਾ ਹੈ। ਇਹ ਮਹਿਜ਼ ਤੂੜੀ ਸਾਂਭਣ ਲਈ ਹੀ ਨਹੀਂ ਸੀ ਹੁੰਦਾ, ਸਗੋਂ ਇਸ ਦੇ ਨਾਲ ਹੋਰ ਵੀ ਕਈ ਪੱਖ ਜੁੜੇ ਹੋਏ ਹੁੰਦੇ ਸਨ; ਜਿਨ੍ਹਾਂ ਨੂੰ ਸਹਿਜੇ ਨਜ਼ਰ-ਅੰਦਾਜ਼ ਕਰ ਕੇ ਮਨੋਂ ਵਿਸਾਰਿਆ ਨਹੀਂ ਜਾ ਸਕਦਾ। ਜਿਸ ਕਿਸੇ ਨੇ ਉਹ ਸਮਾਂ ਤੇ ਜੀਵਨ ਆਪਣੇ ਹੱਡੀਂ ਹੰਢਾਇਆ ਹੋਵੇ, ਉਹ ਅਜਿਹੀਆਂ ਗੱਲਾਂ ਕਰ, ਲਿਖ, ਤੇ ਸੁਣ ਕੇ ਆਪਣੇ ਅਤੀਤ 'ਤੇ ਝਾਤ ਪਵਾਉਂਦਾ ਹੈ।

ਇਸੇ ਪਰਥਾਏ ਤੂੜੀ ਵਾਲੇ ਕੁੱਪ ਦੀ ਇਕ ਘਟਨਾ ਦਾ ਮੈਂ ਜ਼ਿਕਰ ਕਰਦਾਂ, ਨਹੀਂ ਤਾਂ ਉੱਪਰ ਕੀਤਾ ਸਾਰਾ ਵਾਰਤਾਲਾਪ ਅਧੂਰਾ ਰਹੂ। ਸਾਡੇ ਖੂਹ 'ਤੇ ਦੋ-ਤਿੰਨ ਕੁੱਤੇ, ਦਿਨੇ ਤਾਂ ਪਿੰਡ 'ਚ ਗਸ਼ਤ ਕਰਦੇ ਰਹਿੰਦੇ ਪਰ ਰਾਤ ਨੂੰ ਡੇਰਾ ਸਾਡੇ ਖੂਹ 'ਤੇ ਆ ਲਾਉਂਦੇ। ਰਾਤ ਨੂੰ ਮੇਰੇ ਬਾਪੂ ਜੀ ਆਪਣੀ ਰੋਟੀ ਨਾਲ ਕੁੱਝ ਰੋਟੀਆਂ ਵਾਧੂ ਮੰਗਵਾਉਂਦੇ ਤੇ ਉਹ ਉਨ੍ਹਾਂ ਕੁੱਤਿਆਂ ਨੂੰ ਪਾ ਦਿੰਦੇ, ਰੋਟੀਆਂ ਖਾ ਕੇ ਕੁੱਤੇ ਸਾਰੀ ਰਾਤ ਖੂਹ 'ਤੇ ਪਹਿਰਾ ਦਿੰਦੇ ਤੇ ਕਿਸੇ ਨੂੰ ਨੇੜੇ-ਤੇੜੇ ਖੰਘਣ ਨਾ ਦਿੰਦੇ। ਇੱਕ ਵਾਰੀ ਇੱਕ ਕੁੱਤੀ ਸੂ ਪਈ, ਕੁੱਪ 'ਚੋਂ ਕੁੱਝ ਤੂੜੀ ਕੱਢੀ ਹੋਣ ਕਰਕੇ ਉੱਥੇ ਬੜਾ ਸੋਹਣਾ ਘੁਰਨਾ ਬਣਿਆ ਹੋਇਆ ਸੀ। ਸਿਆਲਾਂ ਦੇ ਦਿਨ ਸਨ। ਉਹ ਘੁਰਨਾ ਬੜਾ ਨਿੱਘਾ ਤੇ ਬੱਲਾ-ਰੱਤੇ ਸੀ। ਕੁੱਤੀ ਨੂੰ ਐਸੀ ਉੱਕਤ ਸੁੱਝੀ ਕਿ ਉਸ ਨੇ ਇਕੱਲਾ-ਇਕੱਲਾ ਕਤੂਰਾ ਮੂੰਹ ਨਾਲ ਚੁੱਕ ਕੇ ਕੁੱਪ ਦੇ ਘੁਰਨੇ 'ਚ ਲਿਆ ਧਰਿਆ। ਪਸ਼ੂਆਂ ਨੂੰ ਹਰੇ ਚਟਾਲੇ 'ਚ ਤੂੜੀ ਰਲਾ ਕੇ ਪਾਉਣ ਲਈ ਬਾਪੂ ਜੀ ਤਾਂ ਤੂੜੀ ਕੱਢ ਲਿਆਇਆ ਕਰਨ, ਕੁੱਤੀ ਉਨ੍ਹਾਂ ਨੂੰ ਕੁੱਝ ਨਾ ਕਹੇ, ਸਗੋਂ ਬਾਪੂ ਜੀ ਜਦੋਂ ਤੂੜੀ ਦਾ ਟੋਕਰਾ ਕੱਢ ਕੇ ਬਾਹਰ ਆਇਆ ਕਰਨ ਤਾਂ ਪੂਛ ਘੁਮਾਉਂਦੀ ਉਨ੍ਹਾਂ ਦੇ ਮਗਰ-ਮਗਰ ਬਾਹਰ ਨਿਕਲ ਆਇਆ ਕਰੇ। ਇੱਕ ਦਿਨ ਬਾਪੂ ਜੀ ਸਾ-ਦਿਹਾੜੀ ਵਾਂਢੇ ਗਏ ਤਾਂ ਮੈਨੂੰ ਕਹਿ ਗਏ ਕਿ ਮਗਰੋਂ ਪਸ਼ੂਆਂ ਦਾ ਖਿਆਲ ਰੱਖੀਂ ਅਤੇ ਦਿਨੇ ਚਟਾਲਾ ਕੁਤਰ ਕੇ ਤੂੜੀ 'ਚ ਰਲਾ ਕੇ ਪਸ਼ੂਆਂ ਨੂੰ ਪਾ ਦਈਂ ਅਤੇ ਮੇਰੇ ਆਉਂਦੇ ਨੂੰ ਇਨ੍ਹਾਂ ਨੂੰ ਰਜਾ ਕੇ ਰੱਖੀਂ। ਉਹ ਤਾਂ ਇਹ ਆਪਣੀ ਹਦਾਇਤ ਦੇ ਕੇ ਬੇਫਿਕਰ ਹੋ ਵਾਂਢੇ ਤੁਰ ਗਏ। ਮੈਂ ਛਟਾਲਾ ਵੱਢ ਕੁਤਰ ਕੇ ਜਦੋਂ ਕੁੱਪ 'ਚੋਂ ਤੂੜੀ ਕੱਢਣ ਲਈ ਗਿਆ ਤਾਂ ਕੁੱਤੀ ਤਾਂ ਮੈਨੂੰ ਚਾਰੇ ਪੈਰ ਚੁੱਕ ਕੇ ਪੈ ਗਈ, ਮੈਂ ਖਾਲੀ ਟੋਕਰਾ ਕੁੱਪ ਦੇ ਖੁੱਲ੍ਹੇ ਮੂੰਹ ਅੱਗੇ ਸੁੱਟ ਕੇ ਭੱਜ ਕੇ ਜਾਨ ਬਚਾਈ। ਮੈਨੂੰ ਲੱਗਿਆ ਜਿਵੇਂ ਕਹਿ ਰਹੀ ਹੋਵੇ ਕਿ ਤੂੰ ਕੁੱਪ 'ਚ ਵੜਨ ਵਾਲਾ ਕੌਣ ਹੁੰਨਾ, ਇਹ ਤਾਂ ਮੇਰੀ ਮਲਕੀਅਤ ਹੈ, ਇਸ ਕੁੱਪ ਅਤੇ ਤੂੜੀ ਦੀ ਰਾਖੀ ਕਰਨੀ ਵੀ ਉਸ ਦੀ ਹੀ ਜ਼ਿੰਮੇਵਾਰੀ ਹੈ। ਸਾਰਾ ਦਿਨ ਮੈਂ ਉਡੀਕਦਾ ਰਿਹਾ ਕਿ ਇਹ ਬਾਹਰ ਨਿਕਲੇ ਤਾਂ ਮੈਂ ਤੂੜੀ ਕੱਢ ਬਲਦਾਂ ਤੇ ਲਵੇਰੀਆਂ ਮੱਝਾਂ ਨੂੰ ਪਾਵਾਂ। ਕੁੱਤੀ ਨੇ ਤਾਂ ਐਸਾ ਕੁੱਪ 'ਚ ਹੀ ਭੁੱਖ ਵਰਤ ਰੱਖਿਆ ਕਿ ਉਹ ਸਾਰਾ ਦਿਨ ਨਾ ਬਾਹਰ ਨਿੱਕਲੀ ਅਤੇ ਨਾ ਹੀ ਮੈਨੂੰ ਤੂੜੀ ਕੱਢਣ ਦਿੱਤੀ। ਹਾਰ ਕੇ ਪਸ਼ੂਆਂ ਨੂੰ ਇਕੱਲਾ ਹਰਾ ਛਟਾਲਾ ਪਾ ਕੇ ਹੀ ਬੁੱਤਾ ਸਾਰਿਆ। ਭੁੱਖ ਦੇ ਮਾਰਿਆਂ ਉਨ੍ਹਾਂ ਹਬੜ-ਹਬੜ ਕਰ ਕੇ ਮਿੰਟਾਂ 'ਚ ਹੀ ਖੁਰਲੀਆਂ ਚਟਮ ਕਰ ਦਿੱਤੀਆਂ।

ਜਦ ਤਰਕਾਲਾਂ ਨੂੰ ਬਾਪੂ ਜੀ ਨੇ ਆ ਕੇ ਸਾਰੇ ਪਸ਼ੂਆ ਦੀਆਂ ਖੁਰਲੀਆਂ ਖਾਲੀ ਦੇਖੀਆਂ ਤਾਂ ਮੈਨੂੰ ਕਹਿੰਦੇ, ਸਾਰੇ ਪਸ਼ੂਆਂ ਦੀਆਂ ਖੁਰਲੀਆਂ ਖਾਲੀ ਪਈਆਂ ਤੈਂ ਪੱਠੇ ਨਹੀਂ ਪਾਏ? ਜਦ ਮੈਂ ਦੱਸਿਆ ਕਿ ਕੁੱਤੀ ਨੇ ਮੈਨੂੰ ਕੁੱਪ 'ਚ ਵੜਨ ਹੀ ਨਹੀਂ ਦਿੱਤਾ ਤਾਂ ਬਾਪੂ ਜੀ ਮੈਨੂੰ ਗੁੱਸੇ ਹੁੰਦਿਆਂ ਲਾਲ-ਪੀਲੇ ਹੋਏ ਟੋਕਰਾ ਚੁੱਕਿਆ ਤੇ ਕੁੱਪ 'ਚੋਂ ਤੂੜੀ ਕੱਢ ਲਿਆਏ। ਕੁੱਤੀ ਵੀ ਮਗਰੇ ਪੂਛ ਘੁਮਾਉਂਦੀ ਨਿਕਲ ਆਈ। ਇਹ ਦੇਖ ਕੇ ਮੈਨੂੰ ਲੱਗਿਆ ਕਿ ਕੁੱਤੀ ਕੁੱਪ 'ਚ ਇਕੱਲਾ ਆਪਣੇ ਕਤੂਰਿਆਂ ਦੀ ਹੀ ਰਾਖੀ ਨਹੀਂ ਸੀ ਕਰਦੀ, ਸਗੋਂ ਤੂੜੀ ਦੀ ਵੀ ਕਰਦੀ ਸੀ। ਜਿਹੜਾ ਉਸ ਨੂੰ ਰੋਜ਼ ਰੋਟੀ ਪਾਉਂਦਾ, ਉਸ ਨੂੰ ਉਸ ਦੀ ਪਛਾਣ ਤੇ ਲਿਹਾਜ਼ ਸੀ, ਮੈਨੂੰ ਤਾਂ ਉਸ ਟਿੱਚ ਨਾ ਸਮਝਿਆ। ਇਸੇ ਕਰਕੇ ਸਾਰਾ ਦਿਨ ਮੈਨੂੰ ਤੂੜੀ ਵਾਲੇ ਕੁੱਪ ਤੋਂ ਬੇਦਖਲ ਕਰੀ ਰੱਖਿਆ। ਸਾਰੇ ਪਸ਼ੂਆਂ ਦੇ ਭੁੱਖੇ ਰਹਿਣ ਕਰਕੇ ਝਿੜਕਾਂ ਮੈਨੂੰ ਵਾਧੂ ਪਵਾਈਆਂ।

---

## 'ਓਟ' ਵਿਚ ਮਰਦ-ਔਰਤ ਦੇ ਰਿਸ਼ਤਿਆਂ ਦੀ ਅਦਭੁਤ ਲੀਲਾ

***(ਪਿਛਲੇ ਸਫੇ ਦਾ ਬਾਕੀ)***

ਮੰਦਾਕਿਨੀ ਨਾਲ ਜੋ ਹੋਇਆ, ਉਹ ਖਾਲਿਸਤਾਨੀ (ਨਕਲੀ ਜਾਂ ਅਸਲੀ) ਵੀ ਪੰਜਾਬ ਦੇ ਪਿੰਡਾਂ ਵਿੱਚ ਕਰਦੇ ਰਹੇ ਹਨ ਜਿਸ ਦਾ ਇਸ ਨਾਵਲ ਵਿੱਚ ਬਹੁਤ ਵਧੀਆ ਚਿਤਰਣ ਹੈ।

ਮੰਦਾਕਿਨੀ ਨੂੰ ਸੈਕਸ ਸਲੇਵ ਜਾਂ ਜਿਨਸੀ ਗੁਲਾਮ ਬਣਾਇਆ ਗਿਆ ਸੀ। ਉਸ ਨਾਲ ਗੈਂਗ ਰੇਪ, ਹਿੰਸਾ ਅਤੇ ਬਹੁਤ ਕਿਸਮ ਦੀਆਂ ਵਧੀਕੀਆਂ ਹੋਈਆਂ ਸਨ। ਪਰ ਉਹ ਸਮਝਦੀ ਹੈ ਕਿ ਉਸ ਨੂੰ ਵੇਸ਼ਵਾ ਬਣਾ ਦਿਤਾ ਗਿਆ ਸੀ। ਗੁਲਾਮ ਅਤੇ ਵੇਸ਼ਵਾ ਦਾ ਫਰਕ ਇਹ ਹੈ ਕਿ ਵੇਸ਼ਵਾ ਨੂੰ ਸੈਕਸ ਲਈ ਪੈਸੇ ਮਿਲਦੇ ਹਨ ਪਰ ਗੁਲਾਮ ਨੂੰ ਸਿਰਫ ਜੀਣ ਜੋਗੀ ਰੋਟੀ ਵੀ ਮਸਾਂ ਹੀ ਮਿਲਦੀ ਹੈ। ਮੰਦਾਕਿਨੀ ਦੀ ਇਹ ਖੁਸ਼ਕਿਸਮਤੀ ਹੈ ਕਿ ਉਹ ਜੀਂਦੀ-ਜਾਗਦੀ ਉਸ ਪਿੰਜਰੇ ਵਿਚੋਂ ਬਾਹਰ ਨਿਕਲ ਗਈ। ਪਰ ਇਹ ਸਾਫ ਦਿਸਦਾ ਹੈ ਕਿ ਉਹ ਆਪਣੇ ਹਾਲਾਤ ਅਤੇ ਹੱਕਾਂ ਤੋਂ ਵਾਕਿਫ ਨਹੀਂ ਹੈ। ਜਿਨਸੀ ਗੁਲਾਮੀ ਲਈ ਇਨਸਾਨੀ ਤਿਜਾਰਤ ਇੱਕ ਬਹੁਤ ਵੱਡਾ ਅੰਤਰਰਾਸ਼ਟਰੀ ਧੰਦਾ ਹੈ ਜਿਸ ਦੇ ਕੇਸ ਕੈਨੇਡਾ ਵਿੱਚ ਕਦੇ ਕਦੇ ਫੜ ਹੁੰਦੇ ਰਹਿੰਦੇ ਹਨ। ਗਿੰਦਰ ਵਰਗੇ ਬੰਦੇ ਵੀ ਪੰਜਾਬੀ ਮਾਨਸਿਕਤਾ ਦਾ ਹਿੱਸਾ ਹਨ।

ਕਾਮ-ਵਸਤੂ ਸਮਝੀ ਜਾਂਦੀ ਔਰਤ ਦਾ ਅਤੇ ਘੈਂਟ ਜੱਟ ਦਾ ਆਪਸੀ ਰਿਸ਼ਤਾ ਕੈਨੇਡਾ ਆ ਕੇ ਅਚਾਨਕ ਬਦਲ ਜਾਂਦਾ ਹੈ। ਤਾਕਤ ਨਾਲ ਲਏ ਹੱਕਾਂ ਦੀ ਥਾਂ ਕਾਨੂੰਨੀ ਹੱਕ ਲੈ ਲੈਂਦੇ ਹਨ। ਇਥੇ ਔਰਤ-ਆਦਮੀ ਦੇ ਬਰਾਬਰ ਹੱਕ ਹੋਣ ਕਰਕੇ ਜੱਟ ਨੂੰ ਆਪਣੇ ਗੁੱਸੇ 'ਤੇ ਕਾਬੂ ਕਰਨਾ ਪੈਂਦਾ ਹੈ। ਪਰ ਇਹ ਹੱਕ ਤਾਂ ਹੀ ਕੰਮ ਕਰਦੇ ਹਨ ਜੇਕਰ ਔਰਤ ਨੂੰ ਇਨ੍ਹਾਂ ਬਾਰੇ ਪਤਾ ਹੋਵੇ। ਇਸ ਨਾਵਲ ਵਿੱਚ ਮੰਦਾਕਿਨੀ ਨੂੰ ਆਪਣੇ ਕਾਨੂੰਨੀ ਹੱਕਾਂ ਦੀ ਜਾਣਕਾਰੀ ਨਹੀਂ ਹੈ ਪਰ ਤਰਨਜੀਤ ਨੂੰ ਹੈ। ਇਹ ਗੱਲ ਉਨ੍ਹਾਂ ਦੀ ਆਪਣੀ ਆਪਣੀ ਜ਼ਿੰਦਗੀ ਉਤੇ ਗੰਭੀਰ ਅਸਰ ਕਰਦੀ ਹੈ। ਨਾਵਲ ਓਟ ਇਨ੍ਹਾਂ ਮਸਲਿਆਂ ਬਾਰੇ ਸਾਡੀ ਹਕੀਕਤ ਦੀ ਦੁਖਦੀ ਰਗ 'ਤੇ ਹੱਥ ਰੱਖਦਾ ਹੈ।

ਇਸ ਨਾਵਲ ਵਿੱਚ ਪੇਸ਼ ਕੀਤੀ ਹਕੀਕਤ ਜਾਂ ਯਥਾਰਥ ਦੇ ਸਮੁੱਚੇ ਫਰੇਮ ਬਾਰੇ ਵੀ ਗੱਲ ਕਰਨੀ ਬਣਦੀ ਹੈ। ਇਸ ਨਾਵਲ ਦੇ ਸਾਰੇ ਪਾਤਰ, ਲੱਖਾਂ ਹੋਰ ਪੰਜਾਬੀਆਂ ਵਾਂਗ, ਆਪਣੀ ਮਾਤਭੂਮੀ ਨੂੰ ਛੱਡ ਕੇ ਕੈਨੇਡਾ ਵਿੱਚ ਆਏ ਹਨ ਕਿਉਂਕਿ ਉਨ੍ਹਾਂ ਦੀ ਆਪਣੀ ਮਾਤਭੂਮੀ ਉਨ੍ਹਾਂ ਨੂੰ ਰੁਜ਼ਗਾਰ ਦੇ ਸਹੀ ਮੌਕੇ ਪ੍ਰਦਾਨ ਨਹੀਂ ਕਰ ਸਕੀ। ਵਿਕਸਿਤ ਮੁਲਕ ਦਾ ਪ੍ਰਵਾਸ ਭਾਵੇਂ ਰੁਜ਼ਗਾਰ ਦੇ ਬਹੁਤ ਵਧੀਆ ਮੌਕੇ ਪ੍ਰਦਾਨ ਕਰਦਾ ਹੈ, ਪਰ ਮਾਨਸਿਕ ਤੌਰ 'ਤੇ ਇਹ ਬਹੁਤ ਵਾਰੀ ਇੱਕ ਸਦਮੇ ਦੇ ਬਰਾਬਰ ਹੁੰਦਾ ਹੈ ਜਿਸ ਤੋਂ ਨਿਕਲਣ ਲਈ ਸਮਾਂ ਲਗਦਾ ਹੈ। ਬਹੁਤ ਸਾਰੇ ਲੋਕ ਰਾਹਾਂ ਵਿੱਚ ਹੀ ਮਾਰੇ ਜਾਂਦੇ ਹਨ। ਕਈ ਇਥੇ ਆ ਕੇ ਇਹੋ ਜਿਹੇ ਹਾਲਾਤ ਦੇ ਸ਼ਿਕਾਰ ਹੋ ਜਾਂਦੇ ਹਨ ਕਿ ਉਹ ਜਾਂ ਤਾਂ ਆਤਮਘਾਤ ਕਰ ਲੈਂਦੇ ਹਨ ਜਾਂ ਫਿਰ ਨਸ਼ੀਲੇ ਪਦਾਰਥ ਖਾ ਕੇ ਆਪਣੀ ਜ਼ਿੰਦਗੀ ਖਰਾਬ ਕਰ ਲੈਂਦੇ ਹਨ। ਕਈ ਓਵਰਡੋਜ਼ ਨਾਲ ਮਾਰੇ ਜਾਂਦੇ ਹਨ। ਹੁਣੇ ਖਬਰ ਆਈ ਹੈ ਕਿ ਬਰੈਂਪਟਨ ਦਾ ਲੋਟਸ ਫਿਊਨਰਲ ਹੋਮ ਹਰ ਹਫਤੇ ਕਈ ਸਾਰੀਆਂ ਲਾਸ਼ਾਂ ਭਾਰਤ ਭੇਜ ਰਿਹਾ ਹੈ। ਵਿਦਿਆਰਥੀਆਂ ਨੂੰ ਪੰਜਾਬੀ ਬਿਜ਼ਨਸਮੈਨ ਕੰਮ ਤਾਂ ਦਿੰਦੇ ਹਨ ਪਰ ਤਨਖਾਹ ਮਿਨੀਮਮ ਵੇਜ ਤੋਂ ਵੀ ਘੱਟ। ਚਿੱਠੀ ਦੇਣ ਲਈ ਪੰਜਾਹ-ਸੱਠ ਹਜ਼ਾਰ ਲੈਂਦੇ ਹਨ।

ਜੋ ਪੰਜਾਬੀ ਠੀਕ ਠਾਕ ਵਸ ਵੀ ਜਾਂਦੇ ਹਨ, ਉਹ ਵੀ ਪੰਜਾਬ ਨਾਲ ਜੁੜੇ ਰਹਿੰਦੇ ਹਨ। ਇਸ ਦਾ ਕਾਰਨ ਹੈ ਉਹ ਰੂਹਾਨੀ ਤੌਰ ਤੇ ਪੰਜਾਬ ਨਾਲ ਜੁੜੇ ਹੋਏ ਹਨ। ਰਹਿੰਦੇ ਕੈਨੇਡਾ ਵਿੱਚ, ਪਰ ਖਬਰਾਂ ਪੰਜਾਬ ਦੀਆਂ ਸੁਣਦੇ ਹਨ। ਪ੍ਰਵਾਸ ਇੱਕ ਕਿਸਮ ਦੀ ਬੇਗਾਨਗੀ ਪੈਦਾ ਕਰਦਾ ਹੈ ਜਿਸ ਦਾ ਅਸਰ ਬਹੁਤ ਡੂੰਘਾ ਹੁੰਦਾ ਹੈ। ਜਪਾਨੀ ਅਤੇ ਸਿੰਘਾਪੁਰ ਦੇ ਲੋਕਾਂ ਦੇ ਤਜੁਰਬੇ ਤੋਂ ਇਹ ਗੱਲ ਦਿਸਦੀ ਹੈ ਕਿ ਜੇਕਰ ਆਪਣੇ ਮੁਲਕ ਵਿੱਚ ਵਧੀਆ ਮੌਕੇ ਅਤੇ ਵਧੀਆ ਸਿਸਟਮ ਹੋਵੇ ਤਾਂ ਲੋਕ ਆਪਣਾ ਮੁਲਕ ਛੱਡਣਾ ਨਹੀਂ ਚਾਹੁੰਦੇ। ਸਮਸਿਆ ਹੈ ਕਿ ਪੰਜਾਬ ਦਾ ਅਰਥਚਾਰਾ ਖੇਤੀ ਬਾੜੀ ਤੱਕ ਸੀਮਤ ਰਹਿ ਗਿਆ ਹੈ। ਸਿਆਸਤਦਾਨਾਂ ਅਤੇ ਲੋਕਾਂ ਦੀ ਨਾਅਹਿਲੀ ਅਤੇ ਅਗਿਆਨਤਾ ਕਾਰਨ ਪੰਜਾਬ ਦਾ ਸਹੀ ਵਿਕਾਸ ਨਹੀਂ ਹੋ ਸਕਿਆ। ਹੁਣ ਖੇਤੀ ਬਾੜੀ ਵਿੱਚ ਉਤਪਾਦਕਤਾ ਦੇ ਵਧਣ ਨਾਲ ਅਬਾਦੀ ਦੇ ਇੱਕ ਹਿਸੇ ਨੂੰ ਲਗਾਤਾਰ ਪੰਜਾਬ ਵਿਚੋਂ ਨਿਕਲਣਾ ਪੈ ਰਿਹਾ ਹੈ। ਇਹ ਉਹ ਲੋਕ ਹਨ ਜੋ ਖੇਤੀ ਵਿਚੋਂ ਨਿਕਲ ਕੇ ਸਨਅਤ ਵਿੱਚ ਜਾਣੇ ਸਨ ਅਤੇ ਫਿਰ ਉਤਰਸਨਅਤੀ ਅਰਥਚਾਰੇ ਵਿੱਚ। ਪੰਜਾਬ ਵਿੱਚ ਇਹ ਕਿਉਂ ਨਹੀਂ ਹੋ ਸਕਿਆ? ਉਹ ਕਿਹੜੇ ਕਾਰਨ ਹਨ ਜਿਨ੍ਹਾਂ ਕਰਕੇ ਅਸੀਂ ਉਸ ਪਰਵਾਸ ਲਈ ਮਜਬੂਰ ਹੁੰਦੇ ਹਾਂ, ਜਿਸ ਕਾਰਨ ਸਾਡੀ ਹੋਂਦ ਨੂੰ ਅਜੀਬ ਤਜਰਬਿਆਂ ਵਿਚੋਂ ਲੰਘਣਾ ਪੈਂਦਾ ਹੈ? ਜਿਨ੍ਹਾਂ ਮੁਲਕਾਂ ਨੂੰ ਅਸੀਂ ਹਰ ਕੋਸ਼ਿਸ਼ ਕਰਕੇ ਭੱਜਣਾ ਚਾਹੁੰਦੇ ਹਾਂ ਉਨ੍ਹਾਂ ਦੇ ਆਪਣੇ ਲੋਕ ਪੁਸ਼ਤਾਂ ਤੋਂ ਆਪਣੇ ਹੀ ਮੁਲਕ ਵਿੱਚ ਇੱਕਸਾਰ ਜ਼ਿੰਦਗੀ ਬਿਤਾ ਰਹੇ ਹਨ। ਸਾਡੇ ਅਤੇ ਇਨ੍ਹਾਂ ਮੁਲਕਾਂ ਵਿੱਚ ਕੀ ਫਰਕ ਹੈ? ਉਹ ਕਿਹੜੀ ਚੀਜ਼ ਹੈ ਜੋ ਲੱਖਾਂ ਪੰਜਾਬੀਆਂ ਨੂੰ ਹਿਜਰਤ ਵਿੱਚ ਧੱਕ ਰਹੀ ਹੈ। ਇਸ ਦਾ ਤਫਸੀਲ ਵਿੱਚ ਜਵਾਬ ਦੇਣ ਲਈ ਇਸ ਲਿਖਤ ਵਿੱਚ ਥਾਂ ਨਹੀਂ ਹੈ। ਸਿਰਫ ਇਹ ਹੀ ਕਿਹਾ ਜਾ ਸਕਦਾ ਹੈ ਕਿ ਜੇਕਰ ਤਹੱਈਆ ਕਰਕੇ ਸਿੰਘਾਪੁਰ ਇੱਕ ਦੋ ਦਹਾਕਿਆਂ ਵਿੱਚ ਦੁਨੀਆਂ ਦੇ ਸੱਭ ਤੋਂ ਅਮੀਰ ਮੁਲਕਾਂ ਵਿਚੋਂ ਇੱਕ ਬਣ ਸਕਦਾ ਹੈ ਤਾਂ ਪੰਜਾਬ ਕਿਉਂ ਨਹੀਂ। ਲੋੜ ਸਿਰਫ ਦਰੁਸਤ ਸਮੂਹਕ ਚੇਤਨਾ ਦੀ ਹੈ। ਪੰਜਾਬ ਦੇ ਵਾਤਾਵਰਨ ਅਤੇ ਆਰਥਿਕਤਾ ਨੂੰ ਹੱਲ ਕਰਨ ਲਈ ਮੌਜੂਦਾ ਸੋਚ ਤੋਂ ਅੱਗੇ ਤੁਰਨ ਦੀ ਹੈ। ਜੇਕਰ ਕੁੱਝ ਨਾ ਕੀਤਾ ਗਿਆ ਤਾਂ ਨਤੀਜੇ ਅਤਿਅੰਤ ਗੰਭੀਰ ਹੋਣਗੇ।

ਨਾਵਲ ਦੀ ਬਣਤਰ ਵਿੱਚ ਜਿਸ ਤਕਨੀਕ ਨਾਲ ਮਨੋਵਿਗਿਆਨਕ ਪਹਿਲੂਆਂ ਨੂੰ ਆਲੇ ਦੁਆਲੇ ਦੇ ਗਿਆਨ ਨਾਲ ਇੱਕ ਸੁਰ ਕੀਤਾ ਗਿਆ ਹੈ, ਉਹ ਨਾਵਲਕਾਰ ਦੀ ਕਾਬਲੀਅਤ ਅਤੇ ਹੁਨਰ ਦਾ ਪ੍ਰਤੀਕ ਹੈ। ਪਰ ਨਾਵਲ ਵਿੱਚ ਸ਼ਬਦਜੋੜਾਂ, ਉਚਾਰਨ ਅਤੇ ਤੱਥਾਂ ਦੀਆਂ ਕਾਫੀ ਗਲਤੀਆਂ ਹਨ। ਮਿਸਾਲ ਵਜੋਂ ਵੈਨਕੂਵਰ ਦੀ 1885 ਦੇ ਸਮੇਂ ਦੀ ਅਬਾਦੀ ਸਾਢੇ ਛੇ ਲੱਖ ਦੇ ਕਰੀਬ ਦੱਸੀ ਹੈ ਜਦੋਂ ਕਿ ਉਸ ਵੇਲੇ ਅਬਾਦੀ ਸਿਰਫ 15 ਕੁ ਹਜ਼ਾਰ ਦੇ ਨੇੜੇ ਸੀ। ਰੇਲਵੇ ਦੇ ਆਉਣ ਨਾਲ ਬਾਅਦ ਵਿੱਚ ਇਹ ਬਹੁਤ ਤੇਜ਼ੀ ਨਾਲ ਵਧੀ। ਉਚਾਰਨ ਵਿੱਚ ਜਿਵੇਂ ਨੈਪਕਿਨ ਨੂੰ ਨਿਪਕਿਨ ਕਹਿਣਾ ਆਦਿ। ਸ਼ਬਦਜੋੜਾਂ ਅਤੇ ਟਾਈਪ ਕਰਨ ਵਿੱਚ ਹੋਈਆਂ ਗਲਤੀਆਂ ਨੂੰ ਦਰੁਸਤ ਕਰਨਾ ਪ੍ਰਕਾਸ਼ਕ ਦੀ ਜ਼ਿੰਮੇਦਾਰੀ ਹੁੰਦੀ ਹੈ। ਪਰ ਪੰਜਾਬੀ ਵਿੱਚ ਅਜੇ ਪ੍ਰਕਾਸ਼ਕਾਂ ਨੇ ਇਹ ਮਿਆਰ ਅਖਤਿਆਰ ਨਹੀਂ ਕੀਤਾ।

ਅਮਰਜੀਤ ਚਾਹਲ ਦਾ ਨਾਵਲ ਓਟ ਬਹੁਤ ਹੀ ਰੌਚਿਕ ਨਾਵਲ ਹੈ ਜੋ ਸਭ ਨੂੰ ਪੜਨਾ ਚਾਹੀਦਾ ਹੈ ਅਤੇ ਖਾਸ ਕਰ ਟਰੱਕ ਡਰਾਈਵਰਾਂ ਅਤੇ ਸੰਭਾਵੀ ਇਮੀਗਰੈਂਟਾਂ ਨੂੰ। ਨਾਵਲ ਵਿੱਚ ਮੁਖਤਾਰ ਦਾ ਸਵੈਨਿਕਾਰਮਾਤਮਕ ਹਾਸਰਸ (Self-Depricating humour) ਜੀਅ ਲਾਈ ਰੱਖਦਾ ਹੈ। ਪਰ ਨਾਵਲ ਦੇ ਅਖੀਰ 'ਤੇ ਹਾਲਾਤ ਕੁੱਝ ਅਜਿਹੇ ਬਣਦੇ ਹਨ ਕਿ ਹਰ ਪਾਠਕ ਦੀ ਅੱਖ ਨਮ ਜ਼ਰੂਰ ਹੁੰਦੀ ਹੈ।

# ਅਰਥਚਾਰੇ 'ਚ ਉਭਾਰ ਦੀ ਹਕੀਕਤ

ਮਾਨਵ
ਫੋਨ: +91-98888-08188

ਆਰ.ਬੀ.ਆਈ. ਦੇ ਅਕਤੂਬਰ ਮਹੀਨੇ ਦੇ ਬੁਲੇਟਿਨ ਵਿਚ ਭਾਰਤੀ ਅਰਥਚਾਰੇ ਦੇ ਤਾਜ਼ਾ ਹਾਲਾਤ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਗਏ। ਆਰ.ਬੀ.ਆਈ. ਨੇ ਕੌਮਾਂਤਰੀ ਮੁਦਰਾ ਕੋਸ਼ ਦੇ ਅੰਕੜਿਆਂ ਦਾ ਹਵਾਲਾ ਦਿੰਦਿਆਂ ਦਾਅਵਾ ਕੀਤਾ ਕਿ ਅਰਥਚਾਰਾ ਹੁਣ ਕਰੋਨਾ ਲੌਕਡਾਊਨ ਦੇ ਹੋਏ ਨੁਕਸਾਨ ਤੋਂ ਉੱਭਰ ਚੁੱਕਾ ਹੈ, ਆਸ ਹੈ ਕਿ ਅਗਲੇ ਸਾਲ ਦੇ ਅੰਤ ਤੱਕ ਭਾਰਤ ਦੀ ਆਰਥਿਕ ਵਾਧਾ ਦਰ ਸੰਸਾਰ ਔਸਤ ਤੋਂ ਅੱਗੇ ਨਿਕਲ ਜਾਵੇਗੀ। ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਇੱਕ ਅਖਬਾਰ ਨਾਲ ਮੁਲਾਕਾਤ ਵਿਚ ਕਿਹਾ, "ਮੈਨੂੰ ਖੁਸ਼ੀ ਹੈ ਕਿ ਅਰਥਚਾਰਾ ਸਿਹਤਮੰਦ ਹੋ ਰਿਹਾ ਹੈ; ਇਸ ਘੜੀ ਸਾਨੂੰ ਸਾਰੇ ਖੇਤਰਾਂ ਵਿਚੋਂ ਬਹੁਤ ਸਕਾਰਾਤਮਕ ਸੰਕੇਤਾਂ ਦੀ ਜ਼ਰੂਰਤ ਹੈ।" ਵਿੱਤ ਮੰਤਰੀ ਦੇ ਬਿਆਨ ਦੀ ਹਮਾਇਤ ਕਰਦੇ ਕਈ ਅਜਿਹੇ ਅੰਕੜੇ ਵੀ ਸਾਹਮਣੇ ਆਏ ਹਨ ਜਿਨ੍ਹਾਂ ਨੂੰ ਦੇਖਣ ਤੋਂ ਲੱਗ ਸਕਦਾ ਹੈ ਕਿ ਭਾਰਤ ਦਾ ਅਰਥਚਾਰਾ ਮੁੜ ਲੀਹ ਤੇ ਆ ਰਿਹਾ ਹੈ ਪਰ ਕੀ ਵਾਕਈ ਕੋਈ ਟਿਕਾਊ ਮੁੜ-ਉਭਾਰ ਛੇਤੀ ਹੋ ਰਿਹਾ ਹੈ? ਜਾਂ ਅਰਥਚਾਰੇ ਦੇ ਸਿਰਫ ਇੱਕ ਹਿੱਸੇ (ਅਮੀਰ) ਦਾ ਹੀ ਉਭਾਰ ਹੋ ਰਿਹਾ ਹੈ? ਵਿੱਤ ਮੰਤਰੀ ਦੇ ਬਿਆਨ ਪਿੱਛੇ ਮਜਬੂਰੀਆਂ ਵੀ ਹੋ ਸਕਦੀਆਂ ਨੇ, ਕਿਉਂਕਿ ਅਗਲਾ ਸਾਲ ਕਈ ਸੂਬਿਆਂ ਵਿਚ ਵਿਧਾਨ ਸਭਾ ਚੋਣਾਂ ਦਾ ਸਾਲ ਹੈ ਤੇ ਇਸ ਲਈ ਸਰਕਾਰ ਨੂੰ ਕਾਹਲੀ ਹੈ ਕਿ ਖੁਦ ਨੂੰ ਜੇਤੂ ਸਾਬਤ ਕਰਕੇ ਲੋਕਾਂ ਅੱਗੇ ਪੇਸ਼ ਕਰ ਸਕੇ।

ਪਹਿਲਾਂ ਉਨ੍ਹਾਂ ਅੰਕੜਿਆਂ ਤੇ ਨਜ਼ਰ ਮਾਰੀਏ ਜਿਨ੍ਹਾਂ ਦੀ ਬੁਨਿਆਦ ਤੇ ਆਰਥਿਕ ਤੇਜ਼ੀ ਦੇ ਦਾਅਵੇ ਕੀਤੇ ਜਾ ਰਹੇ ਨੇ। 29 ਅਕਤੂਬਰ ਨੂੰ ਜਾਰੀ ਰਿਪੋਰਟ ਵਿਚ ਸਰਕਾਰ ਨੇ ਕਿਹਾ ਕਿ ਸਤੰਬਰ ਵਿਚ ਕਰਾਂ ਤੋਂ ਹੋਣ ਵਾਲ਼ੀ ਆਮਦਨ ਪਿਛਲੇ ਸਾਲ ਦੇ ਸਤੰਬਰ ਮੁਕਾਬਲੇ 50% ਵਧੀ ਹੈ। ਇਸ ਵਿੱਤੀ ਸਾਲ ਵਿਚ ਸਰਕਾਰ ਨੇ ਸਤੰਬਰ ਤੱਕ 6.46 ਲੱਖ ਕਰੋੜ ਰੁਪਏ ਇਕੱਠੇ ਕੀਤੇ ਜਿਹੜੇ 2019 ਦੇ ਮੁਕਾਬਲੇ 16.8% ਜ਼ਿਆਦਾ ਹਨ। ਇਹ ਆਸ ਜਤਾਈ ਗਈ ਹੈ ਕਿ ਇਹ ਆਮਦਨ ਵਿੱਤੀ ਸਾਲ 2022 ਦੇ ਅਨੁਮਾਨਾਂ ਤੋਂ ਘੱਟੋ-ਘੱਟ 2 ਲੱਖ ਕਰੋੜ ਉੱਪਰ ਜਾਵੇਗੀ। ਜੇ ਬਰਾਮਦਾਂ ਉੱਪਰ ਨਿਗਾਹ ਮਾਰੀਏ ਤਾਂ ਅਕਤੂਬਰ 2021 ਵਿਚ ਅਕਤੂਬਰ 2020 ਦੇ ਮੁਕਾਬਲੇ 42% ਦਾ ਵਾਧਾ ਹੋਇਆ। ਭਾਰਤ ਦੇ ਸਨਅਤੀ ਖੇਤਰ ਵਿਚ ਅਕਤੂਬਰ ਮਹੀਨੇ ਹੋਰ ਸੁਧਾਰ ਹੋਣ ਦੀਆਂ ਖਬਰਾਂ ਨੇ। ਇਸ ਦਾ ਪੀ.ਐਮ.ਆਈ. ਸੂਚਕ ਅਕਤੂਬਰ ਵਿਚ ਵਧ ਕੇ 55.9 ਹੋ ਗਿਆ। ਇਹ ਸੂਚਕ ਸਨਅਤ ਵਿਚ ਪੈਦਾਵਾਰ ਦਾ ਇਜ਼ਹਾਰ ਕਰਦਾ ਹੈ। ਜੇ ਅੰਕੜਾ 50 ਤੋਂ ਉੱਪਰ ਹੋਵੇ ਤਾਂ ਪੈਦਾਵਾਰ ਵਧਣ ਦਾ ਸੂਚਕ ਹੁੰਦਾ ਹੈ ਤੇ ਜੇ 50 ਤੋਂ ਹੇਠਾਂ ਹੋਵੇ ਤਾਂ ਸੁੰਗੜਨ ਦਾ। ਟਰੈਕਟਰਾਂ ਦੀ ਘਰੇਲੂ ਵਿਕਰੀ 2019 ਦੇ ਅਪਰੈਲ-ਸਤੰਬਰ ਮੁਕਾਬਲੇ 2021 ਦੇ ਅਪਰੈਲ-ਸਤੰਬਰ ਵਿਚ 23% ਵਧ ਕੇ 4.4 ਲੱਖ ਹੋ ਗਈ ਹੈ। ਇਸੇ ਤਰ੍ਹਾਂ ਏ.ਸੀਜ਼, ਫਰਿੱਜਾਂ ਆਦਿ ਦੀ ਵਿਕਰੀ ਵੀ ਲਗਾਤਾਰ ਵਧੀ ਹੈ ਪਰ ਅਮੀਰਾਂ ਤੇ ਬੁਰਜੂਆ ਪੜਚੋਲੀਆਂ ਨੂੰ ਸਭ ਤੋਂ ਵਧ ਉਤਸ਼ਾਹ ਦੇਣ ਵਾਲ਼ੀ ਖਬਰ ਸ਼ੇਅਰ ਬਾਜ਼ਾਰ ਦਾ ਪਿਛਲੇ ਡੇਢ ਸਾਲ ਦੌਰਾਨ ਲਗਾਤਾਰ ਵਧਦੇ ਜਾਣਾ ਹੈ। ਇਸ ਵਿਚ ਨਿਵੇਸ਼ ਕਰਨ ਵਾਲ਼ੀ ਖਾਂਦੀ-ਪੀਂਦੀ ਜਮਾਤ ਆਪਣੇ ਨਿਵੇਸ਼ ਤੇ ਹੁੰਦੇ ਨਫ਼ੇ ਨੂੰ ਦੇਖ ਕੇ ਬਾਗੋਬਾਗ ਹੈ। ਇਸ ਤੋਂ ਲੱਗ ਸਕਦਾ ਹੈ ਕਿ ਭਾਰਤ ਦੇ ਅਰਥਚਾਰੇ ਲਈ ਨਵਾਂ ਸਾਲ ਬੰਪਰ ਸਾਲ ਹੋਣ ਵਾਲ਼ਾ ਹੈ ਪਰ ਇਹ ਤਸਵੀਰ ਦਾ ਇੱਕ ਪਾਸਾ ਹੈ।

ਸਮਾਜ ਦਾ ਇੱਕ ਹਿੱਸਾ ਭਾਵੇਂ ਕਰੋਨਾ ਦੌਰਾਨ ਵੀ ਅਤੇ ਉਸ ਤੋਂ ਬਾਅਦ ਵੀ ਲਗਾਤਾਰ ਖੁਸ਼ਹਾਲ ਹੋਇਆ ਹੈ ਪਰ ਇਸ ਦਾ ਵੱਡਾ ਹਿੱਸਾ (ਕਿਰਤੀ) ਇਸ 'ਵਾਧੇ' ਤੇ 'ਵਿਕਾਸ' ਵਿਚੋਂ ਮਨਫ਼ੀ ਹੈ। ਇਸ ਹਿੱਸੇ ਦੀ ਹਾਲਤ ਨੂੰ ਸਮਝਣ ਲਈ ਅਸੀਂ ਗੈਰ ਰਸਮੀ ਅਤੇ ਰਸਮੀ, ਦੋਹਾਂ ਖੇਤਰਾਂ ਦੇ ਅੰਕੜ ਦੇਖਦੇ ਹਾਂ। ਪਿਛਲੇ ਦਿਨੀਂ ਮਗਨਰੇਗਾ ਦੇ ਅੰਕੜੇ ਆਏ। ਜੁਲਾਈ-ਸਤੰਬਰ 2021 ਵਿਚ ਮਗਨਰੇਗਾ ਕੰਮ ਦੀ ਮੰਗ ਕਰਨ ਵਾਲ਼ੇ ਕਾਮਿਆਂ ਦੀ ਗਿਣਤੀ 2020 ਦੇ ਜੁਲਾਈ-ਸਤੰਬਰ ਮਹੀਨੇ ਜਿੰਨੀ ਹੀ ਸੀ ਤੇ 2019 ਮੁਕਾਬਲੇ ਕਾਫੀ ਵੱਧ ਸੀ; ਮਤਲਬ, ਪਿਛਲੇ ਸਾਲ ਜਦ ਸ਼ਹਿਰਾਂ ਵਿਚ ਲੌਕਡਾਊਨ ਲੱਗਣ ਕਾਰਨ ਕਰੋੜਾਂ ਕਿਰਤੀ ਆਪਣੇ ਪਿੰਡਾਂ ਨੂੰ ਵਾਪਸ ਗਏ ਤਾਂ ਉਥੇ ਮਗਨਰੇਗਾ ਤਹਿਤ ਜੋ ਵੀ ਮਾੜਾ-ਮੋਟਾ ਕੰਮ ਮਿਲ ਰਿਹਾ ਸੀ, ਉਹ ਕਰਨ ਲੱਗੇ। ਜੇ ਹੁਣ 2021 ਵਿਚ ਵੀ ਮਗਨਰੇਗਾ ਕੰਮ ਭਾਲਦੇ ਕਾਮਿਆਂ ਦੀ ਗਿਣਤੀ ਲੌਕਡਾਊਨ ਦੇ ਸਾਲ ਜਿੰਨੀ ਹੀ ਹੈ ਤਾਂ ਇਸ ਦਾ ਮਤਲਬ ਇਹੀ ਹੈ ਕਿ ਇਹ ਕਾਮੇ ਸ਼ਹਿਰਾਂ ਦੇ ਕੰਮ ਵੱਲ ਅਜੇ ਖਿੱਚੇ ਨਹੀਂ ਗਏ। ਸ਼ਹਿਰਾਂ ਵਿਚ ਮਜ਼ਦੂਰਾਂ ਦੀ ਵਾਪਸੀ ਭਾਵੇਂ ਹੋ ਰਹੀ ਹੈ ਪਰ ਘਿਸ ਘਿਸ ਕੇ ਅਗਾਂਹ ਵਧ ਰਹੀ ਸਨਅਤ ਅਜੇ ਇੰਨੀ ਵੱਡੀ ਪੱਧਰ ਤੇ ਕਾਮਿਆਂ ਨੂੰ ਰੁਜ਼ਗਾਰ ਦੇਣ ਦੇ ਸਮਰੱਥ ਨਹੀਂ। ਜਿਹੜੇ ਕਾਰਖਾਨਿਆਂ ਵਿਚ ਉਹ ਪਹਿਲਾਂ ਕੰਮ ਕਰਦੇ ਸਨ, ਉਹ ਜਾਂ ਤਾਂ ਬੰਦ ਹੋ ਗਏ ਜਾਂ ਉਨ੍ਹਾਂ ਨੇ ਕਾਮਿਆਂ ਦੀ ਗਿਣਤੀ ਘਟਾ ਦਿੱਤੀ।

ਭਾਰਤ ਦੀ ਕੌਮੀ ਰੈਸਤਰਾਂ ਐਸੋਸੀਏਸ਼ਨ ਦੇ ਤਾਜ਼ਾ ਸਰਵੇਖਣ ਮੁਤਾਬਕ ਭਾਰਤ ਵਿਚ 25% ਤੋਂ ਵੱਧ ਰੈਸਤਰਾਂ ਪਿਛਲੇ ਇੱਕ ਸਾਲ ਵਿਚ ਹੀ ਬੰਦ ਹੋ ਚੁੱਕੇ ਹਨ। ਇਨ੍ਹਾਂ ਵਿਚ ਕੰਮ ਕਰਦੇ 2.3 ਲੱਖ ਕਾਮਿਆਂ ਦਾ ਰੁਜ਼ਗਾਰ ਪ੍ਰਭਾਵਿਤ ਹੋਇਆ ਹੈ। ਇਸੇ ਤਰ੍ਹਾਂ ਟਰੱਕਾਂ ਤੇ ਢੋਆ-ਢੁਆਈ ਵਿਚ ਵੀ ਵੱਡੀ ਪੱਧਰ ਤੇ ਛਾਂਟੀ ਹੋਈ ਹੈ।

ਇਸ ਛਾਂਟੀ ਦੀ ਪ੍ਰਤੱਖ ਮਿਸਾਲ ਹੈ ਕਿਰਤੀਆਂ ਦੀ ਹਿੱਸੇਦਾਰੀ ਦਾ ਅੰਕੜਾ। ਅਦਾਰਾ ਸੀ.ਐਮ.ਆਈ.ਈ. ਦਾ ਜਾਰੀ ਕੀਤਾ ਜਾਂਦਾ ਇਹ ਅੰਕੜਾ 15 ਸਾਲਾਂ ਤੋਂ ਉੱਪਰ ਦੀ ਭਾਰਤ ਦੀ ਕੁੱਲ ਵਸੋਂ ਵਿਚ ਮਜ਼ਦੂਰਾਂ ਦੇ ਹਿੱਸੇ ਨੂੰ ਮਾਪਦਾ ਹੈ। ਸਤੰਬਰ ਮਹੀਨੇ ਇਹ ਦਰ ਸ਼ਹਿਰੀ ਖੇਤਰ ਲਈ 37.88% ਸੀ ਜਦਕਿ ਫਰਵਰੀ 2020 ਵਿਚ, ਭਾਵ ਲੌਕਡਾਊਨ ਤੋਂ ਪਹਿਲਾਂ ਇਹ 40.48% ਸੀ। ਪੇਂਡੂ ਖੇਤਰ ਲਈ ਇਹ ਅੰਕੜਾ ਫਰਵਰੀ 2020 ਵਿਚ 43.67% ਤੇ ਹੁਣ ਸਤੰਬਰ ਵਿਚ 42.08% ਸੀ; ਮਤਲਬ ਮਜ਼ਦੂਰਾਂ ਦਾ ਖਾਸਾ ਵੱਡਾ ਹਿੱਸਾ ਨੌਕਰੀ ਦੀ ਭਾਲ ਕਰਨੋਂ ਹਟ ਗਿਆ ਹੈ ਤੇ ਆਪੋ-ਆਪਣੇ ਪਿੰਡਾਂ/ਸ਼ਹਿਰਾਂ ਵਿਚ ਆਪਣੀ ਟੁਕੜਾ ਕੁ ਜ਼ਮੀਨ ਤੇ ਕਿਰਤ ਕਰ ਰਿਹਾ ਹੈ ਜਾਂ ਮਗਨਰੇਗਾ ਅਧੀਨ ਮਾੜੇ-ਮੋਟੇ ਕੰਮ ਤੇ ਲੱਗਿਆ ਹੋਇਆ ਹੈ ਤੇ ਜਾਂ ਕੋਈ ਰੇਹੜੀ/ਖੋਖਾ ਲਾ ਕੇ ਗੁਜ਼ਾਰਾ ਚਲਾ ਰਿਹਾ ਹੈ।

ਭਾਰਤ ਦੇ ਅਰਥਚਾਰੇ ਦੇ ਦੂਜੇ ਪਾਸੇ ਨੂੰ ਰਸਮੀ ਖੇਤਰ ਦੇ ਅੰਕੜਿਆਂ ਤੋਂ ਵੀ ਸਮਝਿਆ ਜਾ ਸਕਦਾ ਹੈ।

ਭਾਰਤ ਦੇ ਬਹੁਤੇ ਪਰਿਵਾਰਾਂ ਲਈ ਦੋਪਹੀਆ ਵਾਹਨ ਖਰੀਦਣਾ ਉਨ੍ਹਾਂ ਦਾ ਸਭ ਤੋਂ ਵੱਡਾ ਖਰਚਾ ਹੁੰਦਾ ਹੈ। ਅਪਰੈਲ-ਸਤੰਬਰ 2021 ਦੇ ਅੰਕੜੇ ਦੱਸਦੇ ਹਨ ਕਿ ਦੋਪਹੀਆ ਵਾਹਨਾਂ ਦੀ ਵਿਕਰੀ ਪਿਛਲੇ ਦਸ ਸਾਲਾਂ ਵਿਚ ਲਗਭਗ ਸਭ ਤੋਂ ਨੀਂਵੇਂ ਪੱਧਰ ਤੇ ਹੈ। ਜੇ ਘਰਾਂ ਲਈ ਲਏ ਜਾਂਦੇ ਕਰਜ਼ੇ ਤੇ ਨਿਗਾਹ ਮਾਰੀਏ ਤਾਂ ਦੇਖਦੇ ਹਾਂ ਕਿ ਘਰਾਂ ਲਈ ਕਰਜ਼ੇ ਵਿਚ ਅਮੀਰਾਂ ਦਾ ਹੀ ਵੱਡਾ ਹਿੱਸਾ ਹੈ, ਇਸ ਵਿਚੋਂ ਠੀਕ-ਠਾਕ ਮੱਧਵਰਗ ਦਾ ਹਿੱਸਾ ਵੀ ਕਾਫੀ ਥੋੜ੍ਹਾ ਹੈ। ਸੋਨੇ ਬਦਲੇ ਲਿਆ ਕਰਜ਼ਾ ਅਗਸਤ 2021 ਵਿਚ ਅਗਸਤ 2020 ਦੇ ਮੁਕਾਬਲੇ 66% ਤੱਕ ਵਧ ਚੁੱਕਿਆ ਹੈ। ਭਾਰਤ ਦੇ ਪਰਿਵਾਰਾਂ ਦੀ ਖਸਲਤ ਤੋਂ ਜਾਣੂ ਕੋਈ ਵੀ ਸਮਝ ਸਕਦਾ ਹੈ ਕਿ ਸੋਨਾ ਉਹ ਚੀਜ਼ ਹੈ ਜਿਹੜੀ ਲੋਕੀਂ ਆਪਣੇ ਆਖਰੀ ਚਾਰੇ ਵਜੋਂ ਵਰਤਦੇ ਹਨ। ਅਗਸਤ 2019 ਅਤੇ ਅਗਸਤ 2021 ਦਰਮਿਆਨ ਸੋਨੇ ਬਦਲੇ ਕਰਜ਼ੇ ਦਾ 137% ਤੱਕ ਵਧਣਾ ਇਹੀ ਦਰਸਾਉਂਦਾ ਹੈ ਕਿ ਭਾਰਤ ਦੇ ਪਰਿਵਾਰਾਂ ਦੇ ਵੱਡੇ ਹਿੱਸੇ ਕੋਲ਼ ਬੱਚਤਾਂ ਦਾ ਆਖਰੀ ਸੋਮਾ ਵੀ ਮੁੱਕ ਚੱਲਿਆ ਹੈ।

ਦੋ ਤਰ੍ਹਾਂ ਦੇ ਇਨ੍ਹਾਂ ਅੰਕੜਿਆਂ ਵਿਚ ਇਹ ਵਿਰੋਧਤਾਈ ਕਿਉਂ ਹੈ? ਇਸ ਦਾ ਸਿੱਧਾ ਮਤਲਬ ਹੈ ਕਿ ਆਰਥਿਕ 'ਵਾਧੇ' ਦਾ ਜੋ ਵਰਤਾਰਾ ਹੈ, ਇਸ ਦੀ ਬੁਨਿਆਦ ਉੱਪਰਲੀ 10 ਕੁ ਫ਼ੀਸਦ ਵਸੋਂ ਦੀ ਖਪਤ 'ਤੇ ਟਿਕੀ ਹੈ। ਇਹ ਟਰੈਕਟਰਾਂ, ਘਰਾਂ ਵਿਕਰੀ, ਏਸੀ ਆਦਿ ਵਿਕਰੀ ਤੋਂ ਸਪੱਸ਼ਟ ਹੈ। ਉੱਪਰਲੇ 10 ਫ਼ੀਸਦੀ ਦੀ ਖਪਤ ਹੇਠਲੀ 50 ਫ਼ੀਸਦ ਆਬਾਦੀ ਦੀ ਖਪਤ ਨਾਲ਼ੋਂ ਵੱਧ ਹੈ। ਇਸ ਤਬਕੇ ਦੀ ਮੌਜੂਦਾ ਖਪਤ ਵੀ ਕਰੋਨਾ ਸਾਲ ਦੀ ਰੋਕ ਕੇ ਰੱਖੀ ਖਪਤ ਹੀ ਹੈ ਜਿਹੜੀ ਹੁਣ ਖਰਚ ਹੋ ਰਹੀ ਹੈ। ਕਰੋਨਾ ਸਾਲ ਵਿਚ ਹੋਈ ਆਮਦਨ ਨੂੰ ਖਰਚਣ ਦਾ ਕੋਈ ਜ਼ਰੀਆ ਨਾ ਹੋਣ ਕਰਕੇ ਇਸ ਦਾ ਕਾਫੀ ਵੱਡਾ ਹਿੱਸਾ ਸ਼ੇਅਰ ਬਾਜ਼ਾਰ ਵਿਚ ਵੀ ਲੱਗਿਆ ਤੇ ਹੁਣ ਘਰਾਂ, ਕਾਰਾਂ ਤੇ ਹੋਰ ਸਹੂਲਤ ਦੀਆਂ ਚੀਜ਼ਾਂ ਦੀ ਵਿਕਰੀ ਵਿਚ ਸਾਹਮਣੇ ਆ ਰਿਹਾ ਹੈ। ਦੂਜੇ ਪਾਸੇ ਮਗਨਰੇਗਾ ਕੰਮ ਦੀ ਮੰਗ ਵਧਣਾ, ਕਿਰਤੀਆਂ ਦੀ ਕੁੱਲ ਵਸੋਂ 'ਚ ਹਿੱਸੇਦਾਰੀ ਘਟਣਾ, ਦੋਪਹੀਆ ਵਾਹਨਾਂ ਦੀ ਵਿਕਰੀ ਘਟਣਾ ਇਹੀ ਦਰਸਾਉਂਦਾ ਹੈ ਕਿ ਗਰੀਬ ਤੇ ਨਿਮਨ ਮੱਧਵਰਗ ਤੇ ਪਿਛਲੇ ਦੋ-ਤਿੰਨ ਸਾਲਾਂ ਦੇ 'ਵਿਕਾਸ' ਨੇ ਜਿਹੜੀ ਮਾਰ ਪਾਈ ਹੈ, ਉਸ ਤੋਂ ਉਹ ਉੱਭਰਿਆ ਨਹੀਂ। ਹੁਣ ਸਰਕਾਰ ਭਾਵੇਂ 2022 ਵਿਚ ਸਕਾਰਾਤਮਕ ਅੰਕੜਿਆਂ ਦਾ ਦਾਅਵਾ ਕਰ ਰਹੀ ਹੈ ਪਰ ਕੇਂਦਰ ਸਰਕਾਰ ਦੇ ਬਾਕੀ ਦਾਅਵਿਆਂ ਵਾਂਗ ਇਸ ਦਾਅਵੇ ਵਿਚ ਕਿੰਨਾ ਕੁ ਦਮ ਹੈ, ਇਹ ਸਭ ਦੇ ਸਾਹਮਣੇ ਹੀ ਹੈ।

# 'ਮਰਜਾਣੇ' ਨਾਲ 'ਪ੍ਰੀਤ ਕਮਲ' ਦੀ ਮੁੜ ਵਾਪਸੀ

ਪੰਜਾਬੀ ਫ਼ਿਲਮ 'ਸਾਬ ਬਹਾਦਰ' ਵਿਚ ਐਮੀ ਵਿਰਕ ਨਾਲ ਲੀਡ ਰੋਲ 'ਚ ਨਜ਼ਰ ਆਈ ਅਦਾਕਾਰਾ 'ਪ੍ਰੀਤ ਕਮਲ' ਲੰਮਾ ਸਮਾਂ ਪੰਜਾਬੀ ਪਰਦੇ ਤੋਂ ਅਲੋਪ ਰਹਿਣ ਪਿੱਛੋਂ ਹੁਣ ਲੇਖਕ, ਨਿਰਦੇਸ਼ਕ ਅਮਰਦੀਪ ਸਿੰਘ ਗਿੱਲ ਦੀ ਫ਼ਿਲਮ 'ਮਰਜਾਣੇ' ਵਿਚ ਅਦਾਕਾਰ ਸਿੱਪੀ ਗਿੱਲ ਨਾਲ ਪੰਜਾਬੀ ਪਰਦੇ 'ਤੇ ਮੁੜ ਦਸਤਕ ਦੇਵੇਗੀ।



ਦਿੱਲੀ ਦੀ ਜੰਮਪਲ ਪੰਜਾਬਣ ਮੁਟਿਆਰ 'ਪ੍ਰੀਤ ਕਮਲ' ਪਿਛਲੇ ਕਈ ਸਾਲਾਂ ਤੋਂ ਫ਼ਿਲਮਾਂ ਅਤੇ ਟੀ.ਵੀ. ਦੇ ਪ੍ਰੋਗਰਾਮਾਂ ਨਾਲ ਜੁੜੀ ਹੋਈ ਹੈ। ਗਰੇਜੂਏਸ਼ਨ ਕਰਦਿਆਂ ਉਸ ਨੇ ਮਾਡਲਿੰਗ ਕਰਨੀ ਸ਼ੁਰੂ ਕੀਤੀ, ਜਿਸ ਨਾਲ ਫ਼ਿਲਮੀ ਦੁਨੀਆ ਦਾ ਰਾਹ ਖੁੱਲ੍ਹ ਗਿਆ। ਉਸ ਨੇ ਮੁੰਬਈ ਤੋਂ ਆਪਣੇ ਫ਼ਿਲਮੀ ਸਫ਼ਰ ਦਾ ਆਗਾਜ਼ ਕਰਦਿਆਂ ਛੋਟੇ ਪਰਦੇ ਦੇ ਨਾਲ-ਨਾਲ ਵੱਡੇ ਪਰਦੇ ਲਈ ਵੀ ਕੰਮ ਕੀਤਾ। ਬਾਲੀਵੁਡ ਫ਼ਿਲਮ 'ਬਬਲੂ ਹੈਪੀ ਹੈ' ਨਾਲ ਉਸ ਦੀ ਪਛਾਣ ਬਣੀ। ਫਿਰ ਐਮੀ ਵਿਰਕ ਦੀ ਫ਼ਿਲਮ 'ਸਾਬ ਬਹਾਦਰ' ਨਾਲ ਪ੍ਰੀਤ ਕਮਲ ਨੂੰ ਪੰਜਾਬੀ ਸਿਨਮੇ ਨਾਲ ਜੁੜਨ ਦਾ ਮੌਕਾ ਮਿਲਿਆ।

'ਮਰਜਾਣੇ' ਫ਼ਿਲਮ ਬਾਰੇ ਗੱਲ ਕਰਦਿਆਂ ਉਹ ਕਹਿੰਦੀ ਹੈ ਕਿ ਇਹ ਫ਼ਿਲਮ ਅੱਜ ਦੇ ਨੌਜਵਾਨਾਂ ਨੂੰ ਸਹੀ ਸੇਧ ਨਾ ਮਿਲਣ ਕਰਕੇ ਕੁਰਾਹੇ ਪਈ ਜਵਾਨੀ ਦੀ ਕਹਾਣੀ ਹੈ। ਲਾਡ ਪਿਆਰ ਦੇ ਨਾਲ ਮਰਜਾਣੇ ਆਖਣ ਵਾਲੀਆਂ ਉਨ੍ਹਾਂ ਮਾਵਾਂ ਦੇ ਪੁੱਤਾਂ ਦੀ ਕਹਾਣੀ ਹੈ, ਜੋ ਜਵਾਨੀ ਦੇ ਤਾਅ ਵਿਚ ਜ਼ਿੰਦਗੀ ਦੇ ਰਾਹਾਂ ਤੋਂ ਅਜਿਹਾ ਭਟਕੇ ਕਿ ਹਾਲਾਤ ਨੇ ਹਥਿਆਰ ਚੁੱਕਣ ਲਈ ਮਜਬੂਰ ਕਰ ਦਿੱਤਾ ਤੇ ਰਿਵਾਲਵਰ 'ਚੋਂ ਨਿਕਲੀ ਗੋਲੀ ਵਾਂਗ ਮੁੜ ਕਦੇ ਘਰ ਨਾ ਪਰਤੇ। ਇਸ ਵਿਚ ਉਸ ਨੇ ਨਾਇਕ ਸਿੱਪੀ ਗਿੱਲ ਦੀ ਫਿਲਮ 'ਚ ਪ੍ਰੇਮਿਕਾ 'ਪੂਜਾ' ਦਾ ਕਿਰਦਾਰ ਨਿਭਾਇਆ ਹੈ। ਲੇਖਕ ਤੇ ਨਿਰਦੇਸ਼ਕ ਅਮਰਦੀਪ ਸਿੰਘ ਗਿੱਲ ਨੇ ਬਹੁਤ ਹੀ ਵਧੀਆ ਤਰੀਕੇ ਨਾਲ ਉਸ ਦੇ ਕਿਰਦਾਰ ਨੂੰ ਲਿਖਿਆ ਤੇ ਫ਼ਿਲਮਾਇਆ ਹੈ। ਪ੍ਰੀਤ ਕਮਲ ਨੇ ਕਿਹਾ ਕਿ ਉਸ ਨੂੰ ਆਸ ਹੈ ਕਿ ਪਹਿਲੀ ਫਿਲਮ ਵਾਂਗ ਦਰਸ਼ਕ ਇਸ ਫਿਲਮ ਵਿਚ ਵੀ ਉਸ ਨੂੰ ਜ਼ਰੂਰ ਪਸੰਦ ਕਰਨਗੇ। ਉਸ ਨੇ ਵਿਵੇਕ ਓਹਰੀ ਦਾ ਧੰਨਵਾਦ ਕੀਤਾ, ਜਿਨ੍ਹਾਂ ਕਰਕੇ ਉਸ ਨੂੰ ਮੁੜ ਪੰਜਾਬੀ ਸਿਨਮੇ ਨਾਲ ਜੁੜਨ ਦਾ ਮੌਕਾ ਮਿਲਿਆ।

ਓਹਰੀ ਪ੍ਰੋਡਕਸ਼ਨ ਅਤੇ ਜੀਤ ਸੰਨਜ਼ ਇੰਟਰਨੈਸ਼ਨਲ ਦੇ ਬੈਨਰ ਦੀ ਇਸ ਫਿਲਮ ਵਿਚ ਸਿੱਪੀ ਗਿੱਲ, ਪ੍ਰੀਤ ਕਮਲ, ਕੁਲ ਸਿੱਧੂ, ਸੋਨਪ੍ਰੀਤ ਜਵੰਧਾ, ਤਰਸੇਮ ਪੌਲ, ਆਸ਼ੀਸ਼ ਦੁੱਗਲ, ਹਰਿੰਦਰ ਭੁੱਲਰ, ਸਤਵਿੰਦਰ ਕੌਰ ਪ੍ਰੀਤ ਭੁੱਲਰ, ਰਮਨ ਢਿੱਲੋਂ, ਬਲਵਿੰਦਰ ਧਾਲੀਵਾਲ, ਜੀਤ ਸਿੰਘ ਆਦਿ ਕਲਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ ਹਨ।

ਪ੍ਰੀਤ ਕਮਲ ਨੇ ਦੱਸਿਆ ਕਿ 'ਮਰਜਾਣੇ' ਤੋਂ ਬਾਅਦ ਉਸ ਦੀ ਫਿਲਮ 'ਫੇਰ ਮਾਮਲਾ ਗੜਬੜ ਹੈ', ਜਿਸ ਵਿਚ ਗਾਇਕ ਤੇ ਨਦਾਕਾਰ ਨਿੰਜਾ, ਉਸ ਦਾ ਸਹਿ- ਕਲਾਕਾਰ ਹੈ, ਵੀ ਛੇਤੀ ਰਿਲੀਜ਼ ਹੋਵੇਗੀ। ਅਦਾਕਾਰੀ ਤੋਂ ਇਲਾਵਾ ਪ੍ਰੀਤ ਕਮਲ ਨੂੰ ਡਾਂਸ, ਚੰਗੀਆਂ ਕਿਤਾਬਾਂ ਪੜ੍ਹਨ ਦਾ ਵੀ ਸ਼ੌਕ ਹੈ। ਭਵਿੱਖ ਵਿਚ ਉਸ ਕੋਲ ਹੋਰ ਵੀ ਕਈ ਫ਼ਿਲਮਾਂ ਹਨ।

*-ਸੁਰਜੀਤ ਜੱਸਲ*

# ਆਸਤਕ, ਨਾਸਤਕ ਅਤੇ ਰੱਬ

'ਆਸਤਕ, ਨਾਸਤਕ ਅਤੇ ਰੱਬ' ਵਿਸ਼ੇ 'ਤੇ ਡੂੰਘੀ ਪੜਤਾਲ ਕਰਨ ਵਲਿਆਂ ਨੇ ਤੱਤ ਕੱਢਿਆ ਹੈ ਕਿ 'ਰੱਬ ਆਸਤਕਾਂ ਦੇ ਕਾਲਪਨਿਕ ਦੋਸਤ ਤੋਂ ਵੱਧ ਕੁਝ ਵੀ ਨਹੀਂ ਹੈ।' ਮਨੋਵਿਗਿਆਨੀਆਂ ਨੇ ਇਸ ਤੱਥ ਦੀ ਪੁਸ਼ਟੀ ਕੀਤੀ ਹੈ। ਇਹ ਦੋਸਤ ਥੋੜ੍ਹੇ ਸਮੇਂ ਲਈ ਦਿਲਾਸਾ ਤਾਂ ਦੇ ਸਕਦਾ ਹੈ ਪਰ ਕਿਸੇ ਸਮੱਸਿਆ ਦਾ ਸਥਾਈ ਹੱਲ ਨਹੀਂ ਕਰਦਾ।

ਹਰਜੀਤ ਦਿਉਲ
ਬਰੈਂਪਟਨ

ਮਨੁੱਖ ਦੀ ਹੋਂਦ ਦੇ ਆਰੰਭਕ ਸਫਰ ਵਿਚ ਕੁਦਰਤ ਦੇ ਵਰਤਾਰਿਆਂ ਨਾਲ ਅਚੰਭਿਤ ਹੋਏ ਮਨੁੱਖ ਦੇ ਦਿਮਾਗ ਵਿਚ ਇੱਕ ਕਲਪਤ ਸਰਵ-ਸ਼ਕਤੀਮਾਨ ਰੂਪਮਾਨ ਹੋਣ ਲੱਗਾ ਕਿਉਂਕਿ ਉਹ ਇਨ੍ਹਾਂ ਵਰਤਾਰਿਆਂ ਨੂੰ ਸਮਝ ਨਹੀਂ ਸਕਦਾ ਸੀ। ਮੀਂਹ, ਹਨੇਰੀਆਂ, ਭੂਚਾਲ ਅਤੇ ਹੜ੍ਹਾਂ ਤੋਂ ਨੁਕਸਾਨ ਅਤੇ ਅਨੁਕੂਲ ਮੌਸਮ ਨਾਲ ਖੁਸ਼ਹਾਲੀ ਦੇ ਭੇਦਾਂ ਤੋਂ ਅਣਜਾਣ ਹੋਣ ਸਦਕਾ ਦੁਨੀਆ ਦੇ ਵੱਖ-ਵੱਖ ਹਿੱਸਿਆਂ ਵਿਚ ਭਾਂਤ-ਭਾਂਤ ਦੇ ਰੱਬ/ਦੇਵਤੇ/ਈਸ਼ਵਰ/ਪੈਗੰਬਰ ਮਨੁੱਖੀ ਵਿਸ਼ਵਾਸ ਦਾ ਪਾਤਰ ਬਣਦੇ ਗਏ। ਕਿਆਸ ਕੀਤਾ ਗਿਆ ਕਿ ਇਹੀ ਸ਼ਕਤੀਆਂ ਕੁਦਰਤੀ ਵਰਤਾਰਿਆਂ ਨੂੰ ਆਪਣੀ ਇੱਛਾ ਅਨੁਸਾਰ ਚਲਾਉਂਦੀਆਂ ਹਨ। ਹੁਣ ਮਨੁੱਖ ਲਈ ਇਨ੍ਹਾਂ ਸ਼ਕਤੀਆਂ ਨੂੰ ਖੁਸ਼ ਰੱਖ ਕੇ ਇਨ੍ਹਾਂ ਦੀ ਮੇਹਰਬਾਨੀ ਹਾਸਲ ਕਰਨੀ ਮੁੱਖ ਲੋੜ ਬਣ ਗਈ ਤੇ ਇਸ ਤਰ੍ਹਾਂ ਧਰਮ ਸਥਾਨ ਹੋਂਦ ਵਿਚ ਆਏ, ਜਿੱਥੇ ਪੂਜਾ-ਪਾਠ ਅਤੇ ਹੋਰ ਰਹੁਰੀਤਾਂ ਨਾਲ ਪਸ਼ੂਆਂ ਅਤੇ ਮਨੁੱਖੀ ਬਲੀਆਂ ਦੇਣ ਤਕ ਦੇ ਹਵਾਲੇ ਮਿਲਦੇ ਹਨ।

ਇਸ ਉਪਰੰਤ ਸ਼ਾਤਰ ਲੋਕਾਂ ਦਾ ਆਗਮਨ ਹੋਇਆ, ਜਿਨ੍ਹਾਂ ਨੇ ਰੱਬ ਦੇ ਵਿਚੌਲੀਏ (ਪੁਜਾਰੀ ਵਰਗ) ਬਣ ਭੋਲੇ-ਭਾਲੇ ਲੋਕਾਂ ਦਾ ਸ਼ੋਸ਼ਣ ਕਰਨਾ ਸ਼ੁਰੂ ਕਰ ਦਿਤਾ। ਜ਼ਿੰਦਗੀ ਨੂੰ ਵਿਗਿਆਨਕ ਨਜ਼ਰੀਏ ਨਾਲ ਸਮਝਣ ਤੋਂ ਅਸਮਰੱਥ ਲੋਕ ਰੱਬ ਦੇ ਦਲਾਲਾਂ ਰਾਹੀਂ ਧਰਮਤੰਤਰ ਦੀਆਂ ਬੇੜੀਆਂ ਵਿਚ ਬੱਝਦੇ ਗਏ। ਬੈਲਜ਼ੀਅਮ ਦੇ ਮਸ਼ਹੂਰ ਚਿੱਤਰਕਾਰ ਵਿੰਸੈਂਟ ਵਾਨ ਗਾਗ ਨੇ ਸਕੂਲੀ ਪੜ੍ਹਾਈ ਉਪਰੰਤ ਕ੍ਰਿਸ਼ਚੀਅਨ ਧਰਮ ਦੀ ਟ੍ਰੇਨਿੰਗ ਲੈ ਕੋਲਾ ਖਦਾਨਾਂ ਦੀ ਇੱਕ ਬਸਤੀ ਵਿਚ ਧਰਮ ਪ੍ਰਚਾਰਕ ਦਾ ਕਾਰਜ ਅਰੰਭਿਆ। ਮਜ਼ਦੂਰਾਂ ਦੀ ਹਾਲਤ ਤਰਸਯੋਗ ਸੀ। ਬਹੁਤ ਥੋੜੀ ਉਜਰਤ ਵਿਚ ਉਹ ਸਖ਼ਤ ਮੁਸ਼ੱਕਤ ਕਰਦੇ, ਬਿਮਾਰੀ ਅਤੇ ਗਰੀਬੀ ਦਾ ਜੀਵਨ ਬਿਤਾਉਂਦੇ। ਵਾਨ ਗਾਗ ਹਰ ਐਤਵਾਰ ਉਨ੍ਹਾਂ ਨੂੰ ਗਿਰਜਾ ਘਰ ਵਿਚ ਜੀਸਸ ਦੇ ਉਪਦੇਸ਼ ਦਿੰਦਾ ਅਤੇ ਪਰਮਾਤਮਾ ਦੀ ਦਿਆਲਤਾ ਦੇ ਗੁਣ ਗਾਉਂਦਾ। ਇੱਕ ਦਿਨ ਜਦ ਉਹ ਭਰ-ਪੇਟ ਭੋਜਨ ਖਾਣ ਮਗਰੋਂ ਆਪਣੇ ਆਰਾਮਦਾਇਕ ਬਿਸਤਰ ਵਿਚ ਆਰਾਮ ਕਰ ਰਿਹਾ ਸੀ ਤਾਂ ਉਸ ਦੀ ਜ਼ਮੀਰ ਨੇ ਉਸ ਨੂੰ ਝੰਜੋੜਨਾ ਸ਼ੁਰੂ ਕਰ ਦਿੱਤਾ। ਉਸ ਨੇ ਸੋਚਿਆ ਉਹ ਮਜ਼ਦੂਰਾਂ ਨੂੰ ਲਗਾਤਾਰ ਝੂਠ ਬੋਲ ਰਿਹੈ। ਜਿਸ ਈਸ਼ਵਰ ਵਿਚ ਉਨ੍ਹਾਂ ਨੂੰ ਆਸਥਾ ਰੱਖਣ ਲਈ ਪ੍ਰੇਰ ਰਿਹੈ, ਉਹ ਤਾਂ ਉਨ੍ਹਾਂ ਦੀ ਕੋਈ ਮਦਦ ਨਹੀਂ ਕਰ ਰਿਹਾ ਤੇ ਭੋਲੇ ਮਜ਼ਦੂਰ ਉਸ 'ਤੇ ਵਿਸ਼ਵਾਸ ਕਰ ਸਾਲਾਂਬੱਧੀ ਬਦਤਰ ਜ਼ਿੰਦਗੀ ਕੱਟੀ ਜਾ ਰਹੇ ਹਨ। ਉਹ ਧੋਖੇਬਾਜ਼ ਹੈ, ਜੋ ਲੋਕਾਂ ਨੂੰ ਗੁਮਰਾਹ ਕਰ ਰਿਹੈ। ਲੋਕ ਉਸ ਦੀ ਇੱਜ਼ਤ ਕਰਦੇ ਹਨ ਪਰ ਉਨ੍ਹਾਂ ਨੂੰ ਤਾਂ ਉਸ ਨਾਲ ਨਫਰਤ ਕਰਨੀ ਚਾਹੀਦੀ ਹੈ। ਉਹ ਉੱਠਿਆ ਬਾਈਬਲ ਚੁੱਕ ਕੇ ਅਲਮਾਰੀ ਵਿਚ ਰੱਖ ਦਿੱਤੀ, ਆਪਣਾ ਥੋੜ੍ਹਾ ਸਾਮਾਨ ਸਮੇਟ ਮਜ਼ਦੂਰਾਂ ਦੀ ਬਸਤੀ ਵਿਚ ਰਹਿਣ ਚਲਿਆ ਗਿਆ ਤੇ ਉਨ੍ਹਾਂ ਵਾਂਗ ਸਖ਼ਤ ਮੇਹਨਤ ਕਰਨ ਲੱਗਾ।

ਇਸ ਤਰ੍ਹਾਂ ਜ਼ਮੀਰ ਦੇ ਜਾਗਣ ਨਾਲ ਇੱਕ ਦ੍ਰਿੜ੍ਹ ਕੈਥੋਲਿਕ ਪੱਕਾ ਨਾਸਤਕ ਬਣ ਗਿਆ। ਪ੍ਰਸਿੱਧ ਰੂਸੀ ਨਾਵਲ 'ਮਾਂ' ਵਿਚ ਜਾਰਸ਼ਾਹੀ ਨਾਲ ਜੂਝ ਰਹੇ ਨੌਜਵਾਨਾਂ ਦਾ ਆਗੂ ਪਾਵੇਲ ਆਪਣੀ ਅਨਪੜ੍ਹ ਸਿੱਧੜ ਪਰ ਈਸ਼ਵਰ ਵਿਚ ਵਿਸ਼ਵਾਸ ਰੱਖਣ ਵਾਲੀ ਮਾਂ ਨੂੰ ਇਵੇਂ ਸਮਝਾਉਂਦਾ ਹੈ, 'ਮਾਂ ਪਾਦਰੀਆਂ (ਪੁਜਾਰੀਆਂ) ਇੱਕ ਐਸੇ ਕਾਲਪਨਿਕ ਅਤੇ ਝੂਠੇ ਰੱਬ ਨੂੰ ਸਾਡੇ ਲਈ ਹਊਆ ਬਣਾ ਖੜ੍ਹਾ ਕਰ ਦਿੱਤਾ ਹੈ, ਜੋ ਸਾਡੇ ਲਈ ਕੁਝ ਨਹੀਂ ਕਰ ਰਿਹਾ। ਮਾਂ ਸਾਨੂੰ ਆਪਣਾ ਰੱਬ ਬਦਲਣਾ ਪੈਣੈ'। ਹੁਣ ਅਸੀਂ ਆਪਣੇ ਘਰ ਵੀ ਝਾਤੀ ਮਾਰਦੇ ਹਾਂ। ਕੀ ਪੁਜਾਰੀ ਵਰਗ ਦੁਆਰਾ ਖੜ੍ਹਾ ਕੀਤਾ ਗਿਆ ਧਰਮਤੰਤਰ ਸਾਡੀ ਸੋਚ ਨੂੰ ਖੁੰਢਾ ਕਰ ਵੰਡੀਆਂ ਪਾ ਸਾਡੀ ਪ੍ਰਗਤੀ ਦੇ ਰਾਹ ਦਾ ਰੋੜਾ ਨਹੀਂ ਬਣ ਰਿਹਾ? ਨਿਰਪੱਖ ਹੋ ਕੇ ਸੋਚਣਾ ਬਣਦਾ ਹੈ।

## ਗ਼ਜ਼ਲ

ਅੱਖਾਂ ਵਿਚੋਂ ਹੰਝੂ ਨਈਂ
ਤਲਵਾਰਾਂ ਡਿੱਗੀਆਂ ਨੇ।
ਤਾਂ ਫਿਰ ਕਿਧਰੇ ਜਾ ਕੇ
ਇਹ ਸਰਕਾਰਾਂ ਡਿੱਗੀਆਂ ਨੇ।
ਦੁਨੀਆ ਨੂੰ ਹੁਣ ਸਮਝ ਪਈ ਹੈ,
ਇਹ ਖੇਡ ਸਿਆਸਤ ਕੀ?
ਜਿੱਤਾਂ ਡਿੱਗੀਆਂ ਨੇ,
ਕਿਧਰੇ ਫਿਰ ਹਾਰਾਂ ਡਿੱਗੀਆਂ ਨੇ।
ਭੂਚਾਲ ਜਦੋਂ ਵੀ ਆਉਂਦਾ
ਫਿਰ ਕਹਿਰ ਮਚਾਉਂਦਾ ਹੈ,
ਉਚੀਆਂ-ਉਚੀਆਂ ਛੱਤਾਂ ਵਿਚ
ਦੀਵਾਰਾਂ ਡਿੱਗੀਆਂ ਨੇ।
ਉਨ੍ਹਾਂ ਖ਼ਾਕ ਤਰੱਕੀ ਕਰਨੀ
ਆਪਣੇ ਬਲਬੂਤੇ 'ਤੇ,
ਜਿਹੜੀ ਕੌਮ 'ਚ ਕੰਡਿਆਂ ਦੇ ਵਿਚ
ਨਾਰਾਂ ਡਿੱਗੀਆਂ ਨੇ।
ਵੱਡੇ-ਵੱਡੇ ਟਾਵਰ ਲੱਗੇ ਖ਼ੂਬ ਤਰੱਕੀ ਹੋਈ,
ਤੜਪ-ਤੜਪ ਕੇ
ਧਰਤੀ ਉਪਰ ਗੁਟਾਰਾਂ ਡਿੱਗੀਆਂ ਨੇ।
ਉਤਮ ਖੇਤੀ ਵਿਚ
ਚਾਰਾ ਰੱਜ-ਰੱਜ ਕੇ ਮਿਲਦਾ ਹੈ,
ਜ਼ਹਿਰ ਉਗਲਦੀਆਂ ਥਣ ਦੇ ਵਿਚੋਂ
ਧਾਰਾਂ ਡਿੱਗੀਆਂ ਨੇ।
ਬੇਸ਼ਕ ਵਿਦਿਆ
ਸਿਖਿਆਪਰਦ ਗਿਆਨ 'ਚ ਵਾਧਾ ਹੈ,
ਐਪਰ ਮਾਨਵਤਾ ਵਿਚ
ਸੋਚ ਵਿਚਾਰਾਂ ਡਿੱਗੀਆਂ ਨੇ।
ਦੇਸ਼ ਸਿਰੇ ਦੀ ਵੇਖ ਤਰੱਕੀ
ਕਿੱਥੇ ਪਹੁੰਚ ਗਈ,
ਅਪੰਗ ਜ਼ਮਾਨੇ ਦੇ ਮੂੰਹ ਵਿਚੋਂ
ਲਾਰਾਂ ਡਿੱਗੀਆਂ ਨੇ।
ਸਰਹੱਦ ਦੀ ਰਖਵਾਲੀ ਦੇ ਵਿਚ
ਸੱਚੀ ਭਗਤੀ ਸ਼ਕਤੀ ਹੈ,
ਕਿੰਨੇ ਦੁਸ਼ਮਣ ਮਾਰ ਕੇ
ਫਿਰ ਮੁਟਿਆਰਾਂ ਡਿੱਗੀਆਂ ਨੇ।
ਇਕ ਕਰਾਂਤੀ ਦਾ ਤੂਫ਼ਾਨ
ਦੁਬਾਰਾ ਉਠ ਖਲੋਣਾ,
'ਬਾਲਮ' ਮਜ਼ਲੂਮ ਸਿਰਾਂ ਤੋਂ
ਦਸਤਾਰਾਂ ਡਿੱਗੀਆਂ ਨੇ।

*-ਬਲਵਿੰਦਰ ਬਾਲਮ,*
*ਗੁਰਦਾਸਪੁਰ*
*ਫੋਨ: 98156-25409*

# ਕੰਵਲਜੀਤ ਦੀ ਅਦਾਕਾਰੀ ਦਾ ਜਲੌਅ



ਕੰਵਲਜੀਤ ਦਾ ਜਨਮ ਸਹਾਰਨਪੁਰ (ਉਤਰ ਪ੍ਰਦੇਸ਼) 19 ਸਤੰਬਰ 1951 ਨੂੰ ਸਿੱਖ ਪਰਿਵਾਰ ਵਿਚ ਹੋਇਆ। ਉਨ੍ਹਾਂ ਸਹਾਰਨਪੁਰ ਤੋਂ ਹੀ ਗ੍ਰੈਜੂਏਸ਼ਨ ਕੀਤੀ ਅਤੇ ਏਅਰਫੋਰਸ ਪਾਇਲਟ ਬਣਨ ਲਈ ਮਿਹਨਤ ਕਰਨ ਲੱਗੇ। ਉਨ੍ਹਾਂ ਐਨ.ਡੀ. ਏ. ਇਮਤਿਹਾਨ ਦਿੱਤਾ ਜਿਸ ਵਿਚ ਉਹ ਬੜੇ ਆਰਾਮ ਨਾਲ ਪਾਸ ਵੀ ਹੋ ਗਏ ਪਰ ਪਾਇਲਟ ਵਜੋਂ ਉਨ੍ਹਾਂ ਦੀ ਚੋਣ ਸਿਰਫ ਇਸ ਕਰਕੇ ਨਹੀਂ ਹੋ ਸਕੀ ਕਿਉਂਕਿ ਉਨ੍ਹਾਂ ਨੂੰ ਸੱਜੇ ਕੰਨ ਤੋਂ ਘੱਟ ਸੁਣਦਾ ਸੀ। ਇਸ ਤੋਂ ਬਾਅਦ ਉਨ੍ਹਾਂ ਨੇਵੀ ਲਈ ਕੋਸ਼ਿਸ਼ ਕੀਤੀ ਪਰ ਉਹ ਸਫਲ ਨਾ ਹੋ ਸਕੇ; ਵਜ੍ਹਾ ਉਹੀ, ਸੱਜਾ ਕੰਨ। ਐਕਟਰ ਬਣਨ ਦਾ ਖਿਆਲ ਉਨ੍ਹਾਂ ਦੇ ਦਿਮਾਗ ਵਿਚ ਕਦੇ ਨਹੀਂ ਆਇਆ ਸੀ ਪਰ ਉਹ ਕੁਝ ਵੱਡਾ ਜ਼ਰੂਰ ਕਰਨਾ ਚਾਹੁੰਦੇ ਸਨ। ਉਨ੍ਹਾਂ ਨੂੰ ਲੱਗਦਾ ਸੀ ਕਿ ਜੇ ਜ਼ਿੰਦਗੀ ਵਿਚ ਕੁਝ ਵੱਡਾ ਕਰਨਾ ਹੈ ਤਾਂ ਛੋਟੇ ਸ਼ਹਿਰ ਤੋਂ ਬਾਹਰ ਤਾਂ ਨਿਕਲਣਾ ਹੀ ਪਏਗਾ ਅਤੇ ਉਹ ਸਹਾਰਨਪੁਰ ਤੋਂ ਬਾਹਰ ਨਿਕਲਣ ਦਾ ਬਹਾਨਾ ਲੱਭਣ ਲੱਗੇ।



ਰਾਜ ਸਿੰਘ ਝਿੰਜਰ

ਇੱਕ ਦਿਨ ਕਿਸੇ ਦੋਸਤ ਦੇ ਘਰ ਬੈਠੇ ਅਖਬਾਰ ਵਿਚ ਛਪੇ ਇੱਕ ਇਸ਼ਤਿਹਾਰ ਉਤੇ ਨਜ਼ਰ ਪਈ ਜਿਸ ਵਿਚ ਐਫ. ਟੀ. ਆਈ. ਆਈ. (ਫਿਲਮ ਐਂਡ ਟੈਲੀਵਜ਼ਨ ਇੰਸਟੀਚਊਟ ਆਫ ਇੰਡੀਆ) ਵਿਚ ਦਾਖਲਾ ਲੈਣ ਲਈ ਜਾਣਕਾਰੀ ਦਿੱਤੀ ਹੋਈ ਸੀ। ਕੰਵਲਜੀਤ ਆਪਣੇ ਇਕ ਦੋਸਤ ਫੋਟੋਗ੍ਰਾਫਰ ਕੋਲ ਗਏ, ਦਾਖਲਾ ਅਰਜ਼ੀ ਭੇਜਣ ਲਈ ਫੋਟੋ ਕਰਵਾਏ ਅਤੇ ਦੋਸਤ ਨੂੰ ਹਿਦਾਇਤ ਕੀਤੀ ਕਿ ਜਦੋਂ ਤਕ ਮੇਰੀ ਚੋਣ ਨਹੀਂ ਹੋ ਜਾਂਦੀ, ਇਹ ਗੱਲ ਕਿਸੇ ਨੂੰ ਪਤਾ ਨਹੀਂ ਲੱਗਣੀ ਚਾਹੀਦੀ ਕਿਉਂਕਿ ਜੇ ਮੇਰਾ ਫਿਲਮਾਂ ਵਿਚ ਕੁਝ ਨਾ ਬਣਿਆ ਤਾਂ ਲੋਕਾਂ ਨੇ ਮੈਨੂੰ ਮਜ਼ਾਕ ਕਰਨਾ ਕਿ 'ਚਲੇ ਥੇ ਹੀਰੋ ਬਨਨੇ'।

ਉਨ੍ਹਾਂ ਫਾਰਮ ਭਰ ਕੇ ਫੋਟੋਆਂ ਡਾਕ ਰਾਹੀਂ ਐਫ. ਟੀ. ਆਈ. ਆਈ. ਨੂੰ ਦਾਖਲੇ ਲਈ ਭੇਜ ਦਿੱਤੀਆਂ। ਉੱਚੇ ਲੰਮੇ ਤੇ ਸੋਹਣੇ ਸੁਨੱਖੇ ਕੰਵਲਜੀਤ ਨੂੰ ਬਹੁਤ ਛੇਤੀ ਜਵਾਬ ਆ ਗਿਆ ਜਿਸ ਵਿਚ ਉਨ੍ਹਾਂ ਨੂੰ ਆਡੀਸ਼ਨ ਲਈ ਬੁਲਾਇਆ ਗਿਆ ਜੋ ਐਨ. ਐਸ. ਡੀ. (ਨੈਸ਼ਨਲ ਸਕੂਲ ਆਫ ਡਰਾਮਾ) ਦਿੱਲੀ ਵਿਚ ਹੋਣਾ ਸੀ। ਆਡੀਸ਼ਨ ਤੋਂ ਠੀਕ ਇੱਕ ਦਿਨ ਪਹਿਲਾਂ ਕੰਵਲਜੀਤ ਦੇ ਚਾਚਾ ਜੀ ਨੇ ਆਪਣੇ ਹੀ ਘਰ ਕੰਵਲਜੀਤ ਦੀ ਮੁਲਾਕਾਤ ਉਸ ਜ਼ਮਾਨੇ ਦੇ ਬਾਬਾ ਬੋਹੜ ਰੰਗਕਰਮੀ ਹਬੀਬ ਤਨਵੀਰ ਨਾਲ ਕਾਰਵਾਈ। ਹਬੀਬ ਤਨਵੀਰ ਨੇ ਕੰਵਲਜੀਤ ਨੂੰ ਪੁੱਛਿਆ, "ਤੁਸੀਂ ਐਫ. ਟੀ. ਆਈ. ਆਈ. ਲਈ ਆਡੀਸ਼ਨ ਦੇਣ ਜਾ ਰਹੇ ਹੋ, ਤਿਆਰੀ ਤਾਂ ਕੀਤੀ ਹੋਵੇਗੀ... ਮੈਨੂੰ ਕੁਛ ਕਰਕੇ ਤਾਂ ਦਿਖਾਓ।" ਕੰਵਲਜੀਤ ਅਦਾਕਾਰ ਦੇਵ ਆਨੰਦ ਦੇ ਜ਼ਬਰਦਸਤ ਫੈਨ ਸਨ। ਉਨ੍ਹਾਂ ਦੇਵ ਆਨੰਦ ਦੇ ਬੋਲੇ ਡਾਇਲਾਗ ਦੇਵ ਆਨੰਦ ਦੇ ਹੀ ਅੰਦਾਜ਼ ਵਿਚ ਸੁਣਾ ਦਿੱਤੇ। ਹਬੀਬ ਤਨਵੀਰ ਹੱਸ ਕੇ ਕਹਿਣ ਲੱਗੇ, "ਕੰਵਲਜੀਤ, ਜੇ ਤੁਸੀਂ ਦੇਵ ਆਨੰਦ ਦੀ ਐਕਟਿੰਗ ਕਰਨੀ ਸ਼ੁਰੂ ਕਰ ਦਿੱਤੀ ਤਾਂ ਦੇਵ ਆਨੰਦ ਕਿਸ ਦੀ ਐਕਟਿੰਗ ਕਰਨਗੇ?" ਉਨ੍ਹਾਂ ਕੰਵਲਜੀਤ ਨੂੰ ਸਮਝਾਇਆ ਕਿ ਕਿਸੇ ਦੀ ਐਕਟਿੰਗ ਦੀ ਕਾਪੀ ਨਹੀਂ ਕਰੀਦੀ, ਆਪਣਾ ਮੁਕਾਮ ਬਣਾਉਣ ਲਈ ਆਪਣੇ ਤਰੀਕੇ ਸਹਿਜਤਾ ਨਾਲ ਡਾਇਲਾਗ ਬੋਲੀਦੇ ਹਨ ਜਿਸ ਤਰ੍ਹਾਂ ਅਸੀਂ ਆਮ ਜ਼ਿੰਦਗੀ ਵਿਚ ਬੋਲਦੇ ਹਾਂ। ਨਾਲ ਹੀ ਉਨ੍ਹਾਂ ਕੋਲ਼ ਪਈ ਚਿੱਠੀ ਪੜ੍ਹ ਕੇ ਕੰਵਲਜੀਤ ਨੂੰ ਸੁਣਾਈ ਤੇ ਕਿਹਾ, "ਐਨੀ ਹੀ ਸਹਿਜਤਾ ਨਾਲ ਡਾਇਲਾਗ ਬੋਲਣੇ ਚਾਹੀਦੇ ਹਨ।" ਕੰਵਲਜੀਤ ਨੂੰ ਗੱਲ ਸਮਝ ਆ ਗਈ ਅਤੇ ਉਨ੍ਹਾਂ ਸਕਰੀਨ ਟੈਸਟ ਦਿੱਤਾ ਜਿਸ ਵਿਚ ਉਹ ਪਾਸ ਹੋ ਗਏ। ਉਨ੍ਹਾਂ ਪੁਣੇ ਜਾ ਕੇ ਵਿਚ ਦਾਖਲਾ ਲਿਆ ਅਤੇ ਐਕਟਿੰਗ ਦੀਆਂ ਬਾਰੀਕੀਆਂ ਸਿੱਖਣ ਲੱਗੇ।

ਉਨ੍ਹਾਂ ਹੀ ਦਿਨਾਂ ਵਿਚ ਕਮਾਲ ਅਮਰੋਹੀ ਦੀ ਫਿਲਮ 'ਪਾਕੀਜ਼ਾ' (1972) ਬਹੁਤ ਵੱਡੀ ਹਿੱਟ ਹੋ ਚੁੱਕੀ ਸੀ ਅਤੇ ਉਹ ਡਾਇਰੈਕਟਰ ਯੂਸਫ ਨਕਵੀ ਦੀ ਫਿਲਮ 'ਸ਼ੰਕਰ ਹੁਸੈਨ' ਲਿਖ ਰਹੇ ਸਨ ਪਰ ਕਮਾਲ ਅਮਰੋਹੀ ਇਸ ਫਿਲਮ ਦੇ ਮੁੱਖ ਕਿਰਦਾਰ ਹੁਸੈਨ ਲਈ ਕਿਸੇ ਨਵੇਂ ਚਿਹਰੇ ਦੀ ਤਲਾਸ਼ ਵਿਚ ਸਨ। ਕੰਵਲਜੀਤ ਸਾਬ੍ਹ ਜਦੋਂ ਐਕਟਿੰਗ ਸਿੱਖ ਰਹੇ ਸਨ ਤਾਂ ਦੇ ਥੀਏਟਰ ਹਾਲ ਵਿਚ ਜਦੋਂ ਸਟੂਡੈਂਟਸ ਨੂੰ ਸਿੱਖਣ ਲਈ ਫਿਲਮ ਵਿਖਾਈ ਜਾਂਦੀ ਸੀ ਤਾਂ ਫਿਲਮ ਦੇਖਣ ਬਾਅਦ ਸਟੂਡੈਂਟਸ ਨੂੰ ਫਿਲਮ ਬਾਰੇ ਆਪਣੇ-ਆਪਣੇ ਵਿਚਾਰ ਦੇਣ ਲਈ ਕਿਹਾ ਜਾਂਦਾ ਸੀ। ਇੱਕ ਦਿਨ ਫਿਲਮ ਦੇਖਦੇ ਉਨ੍ਹਾਂ ਦੇ ਪਿੱਛੇ ਵਾਲੀ ਕੁਰਸੀ ਤੇ ਅਮਰੋਹੀ ਦੀ ਬੇਟੀ ਬੈਠੀ ਸੀ। ਕੰਵਲਜੀਤ ਦੀ ਫਿਲਮ ਨੂੰ ਲੈਕੇ ਦਿਲਚਸਪੀ ਸਮਝ ਅਤੇ ਵਿਚਾਰ ਅਮਰੋਹੀ ਦੀ ਬੇਟੀ ਨੂੰ ਐਨੇ ਪਸੰਦ ਆਏ ਕਿ ਉਨ੍ਹਾਂ ਘਰ ਜਾ ਕੇ ਐਮਰੋਹੀ ਕੋਲ ਕੰਵਲਜੀਤ ਜੀ ਬਾਰੇ ਦਸਦੇ ਕਿਹਾ ਕਿ 'ਬਾਬਾ ਹੁਸੈਨ ਮਿਲ ਗਿਆ... ਹੈ ਤਾਂ ਸਰਦਾਰਾਂ ਦਾ ਮੁੰਡਾ ਪਰ ਉਰਦੂ ਬਹੁਤ ਕਮਾਲ ਬੋਲਦਾ ਹੈ...' ਕੰਵਲਜੀਤ ਮੁੰਬਈ ਆਏ ਤੇ ਅਮਰੋਹੀ ਨੂੰ ਮਿਲੇ, ਉਨ੍ਹਾਂ ਫਿਲਮ 'ਸ਼ੰਕਰ ਹੁਸੈਨ' ਵਿਚ ਕੰਵਲਜੀਤ ਨੂੰ ਮੁੱਖ ਕਿਰਦਾਰ ਲਈ ਚੁਣ ਲਿਆ ਜਿਸ ਨੂੰ ਯੂਸਫ ਨਕਵੀ ਡਾਇਰੈਕਟ ਕਰ ਰਹੇ ਸਨ ਪਰ ਇਸ ਫਿਲਮ ਨੂੰ ਬਣਦੇ-ਬਣਦੇ ਤਿੰਨ ਸਾਲ ਲੱਗ ਗਏ। ਇਹ ਫਿਲਮ ਪੂਰੀ ਹੋਣ ਤੋਂ ਪਹਿਲਾਂ ਸੋਹਣੇ ਸੁਨੱਖੇ ਉੱਚੇ ਲੰਮੇ ਪੰਜਾਬੀ ਗੱਭਰੂ ਦੀ ਡੀਲ-ਡੌਲ ਦੇਖ ਕੇ ਨਿਰਦੇਸ਼ਕ ਆਰ. ਐਲ. ਦੇਸਾਈ ਨੇ ਕੰਵਲਜੀਤ 'ਦਾਸਤਾਨ-ਏ-ਲੈਲਾ ਮਜਨੂੰ' ਵਿਚ ਮੁੱਖ ਭੂਮਿਕਾ ਲਈ ਚੁਣ ਲਿਆ। ਇਹ ਫਿਲਮ 1974 ਵਿਚ ਰਿਲੀਜ਼ ਹੋਈ ਪਰ ਦੋਵੇਂ ਫਿਲਮਾਂ ਹੀ ਪਰਦੇ ਤੇ ਕੋਈ ਖਾਸ ਜਾਦੂ ਨਹੀਂ ਕਰ ਸਕੀਆਂ।

ਕੰਵਲਜੀਤ ਚੰਗੇ ਕੰਮ ਦੇ ਦੀਵਾਨੇ ਸਨ, ਉਨ੍ਹਾਂ ਨੂੰ ਮਿਲ ਰਹੀਆਂ ਫਿਲਮਾਂ ਵਾਲੇ ਕਿਰਦਾਰ ਪਸੰਦ ਨਹੀਂ ਆ ਰਹੇ ਸਨ। ਇੱਕ ਇੰਟਰਵਿਊ ਦੌਰਾਨ ਜਦੋਂ ਹੋਸਟ ਨੇ ਉਨ੍ਹਾਂ ਨੂੰ ਸਵਾਲ ਕੀਤਾ ਕਿ 'ਜਦੋਂ ਤੁਹਾਡੀਆਂ ਪਹਿਲੀਆਂ ਦੋ ਫਿਲਮਾਂ ਨਹੀਂ ਚੱਲੀਆਂ ਤਾਂ ਤੁਹਾਨੂੰ ਜੋ ਫਿਲਮਾਂ ਮਿਲ ਰਹੀਆਂ ਸਨ, ਉਹ ਤੁਹਾਨੂੰ ਪਸੰਦ ਨਹੀਂ ਸਨ ਤਾਂ ਤੁਸੀਂ ਟੀ.ਵੀ. ਵੱਲ ਰੁਖ ਕਰਨਾ ਸ਼ੁਰੂ ਕੀਤਾ...', ਇਸ 'ਤੇ ਕੰਵਲਜੀਤ ਨੇ ਵਿਚੋਂ ਟੋਕਦਿਆਂ ਉੱਚੀ-ਉੱਚੀ ਹੱਸਦੇ ਹੋਏ ਕਿਹਾ, "ਨਹੀਂ ਨਹੀਂ, ਤੁਸੀਂ ਇਹ ਕਹੋ ਕਿ ਮੈਨੂੰ ਫਿਲਮਾਂ ਮਿਲ ਨਹੀਂ ਰਹੀਆਂ ਸਨ, ਮੈਨੂੰ ਇਹ ਸੁਣਨ ਵਿਚ ਕੋਈ ਇਤਰਾਜ਼ ਨਹੀਂ...", ਲੋਕਾਂ ਸਾਹਮਣੇ ਇਹ ਗੱਲ ਕਹਿਣ ਲਈ ਜਿਗਰਾ ਚਾਹੀਦਾ ਹੈ ਜੋ ਕਿੰਗ ਸਾਈਜ਼ ਜ਼ਿੰਦਗੀ ਜਿਊਣ ਵਿਚ ਯਕੀਨ ਰੱਖਣ ਵਾਲੇ ਇਨਸਾਨ ਕੋਲ ਹੀ ਹੋ ਸਕਦਾ ਹੈ। ਉਂਜ, ਇਸ ਗੱਲ ਨਾਲ ਸਹਿਮਤ ਹੋਣਾ ਥੋੜ੍ਹਾ ਔਖਾ ਹੈ ਕਿ ਸੋਹਣੇ ਸੁਨੱਖੇ ਉੱਚੇ ਲੰਮੇ ਗੱਭਰੂ ਅਤੇ ਕਮਾਲ ਦੇ ਸਹਿਜ ਅਦਾਕਾਰ ਨੂੰ ਫਿਲਮਾਂ ਨਾ ਮਿਲ ਰਹੀਆਂ ਹੋਣ! ਹਾਂ, ਇਹ ਜ਼ਰੂਰ ਹੋ ਸਕਦਾ ਹੈ, ਉਨ੍ਹਾਂ ਨੂੰ ਰੋਲ ਪਸੰਦ ਨਾ ਆਏ ਹੋਣ।

ਅਸਲ ਵਿਚ, ਕੰਵਲਜੀਤ ਨੇ ਟੀ.ਵੀ. ਵਿਚ ਮਿਲਣ ਵਾਲੇ ਚੰਗੇ ਕਿਰਦਾਰਾਂ ਵੱਲ ਧਿਆਨ ਦੇਣਾ ਸ਼ੁਰੂ ਕਰ ਦਿੱਤਾ ਸੀ, ਉਨ੍ਹਾਂ ਦਾ ਪਹਿਲਾ ਟੀ.ਵੀ. ਸ਼ੋਅ 'ਅਪਰਾਧੀ ਕੌਨ' 1981 ਵਿਚ ਰਿਲੀਜ਼ ਹੋਇਆ ਪਰ ਫਿਲਮਾਂ ਦਾ ਸਿਲਸਿਲਾ ਵੀ ਨਾਲ-ਨਾਲ ਜਾਰੀ ਰਿਹਾ ਜਿਸ ਵਿਚ ਉਨ੍ਹਾਂ ਦੀਆਂ ਵੱਡੀਆਂ ਫਿਲਮਾਂ ਮੀਲ ਪੱਥਰ ਸਾਬਤ ਹੋਈਆਂ। 'ਸੱਤੇ ਪੇ ਸੱਤਾ' 1982 ਵਿਚ ਰਿਲੀਜ਼ ਹੋਈ। ਇਸ ਤੋਂ ਇਲਾਵਾ 'ਜੀਵਨ ਧਾਰਾ', 'ਅਸ਼ਾਂਤੀ', 'ਪਿਆਰ ਕੇ ਰਾਹੀ', 'ਪਿਆਸ' ਫਿਲਮਾਂ ਨੇ ਖੂਬ ਚਰਚਾ ਕਰਵਾਈ। ਫਿਰ 1987 ਵਿਚ ਸ਼ੁਰੂ ਹੋਏ ਟੈਲੀਵਿਜ਼ਨ ਲੜੀਵਾਰ 'ਬੁਨਿਆਦ' ਨੇ ਤਾਂ ਉਨ੍ਹਾਂ ਨੂੰ ਛੋਟੇ ਪਰਦੇ ਦਾ ਬੇਤਾਜ ਬਾਦਸ਼ਾਹ ਬਣਾ ਦਿੱਤਾ।

ਪੰਜਾਬੀ ਹੋਣ ਦੇ ਨਾਤੇ ਉਨ੍ਹਾਂ ਦਾ ਪੰਜਾਬ ਲਈ ਪਿਆਰ ਕਿਵੇਂ ਗੁੱਝਾ ਰਹਿ ਸਕਦਾ ਸੀ? ਉਨ੍ਹਾਂ ਪਹਿਲੀ ਪੰਜਾਬੀ ਫਿਲਮ 'ਮੜ੍ਹੀ ਦਾ ਦੀਵਾ' ਮਹਾਨ ਨਿਰਦੇਸ਼ਕ ਸੁਰਿੰਦਰ ਸਿੰਘ ਨਾਲ ਕੀਤੀ ਜੋ 1989 ਵਿਚ ਰਿਲੀਜ਼ ਹੋਈ। ਕੰਵਲਜੀਤ ਨੇ ਸ਼ਰੀਕੇਬਾਜ਼ ਪੇਂਡੂ ਬੰਦੇ ਭੰਤਾ ਸਿੰਘ ਦੇ ਕਿਰਦਾਰ ਨੂੰ ਬਹੁਤ ਸੂਝ-ਬੂਝ ਤੇ ਬਾਰੀਕੀ ਨਾਲ ਨਿਭਾਇਆ। 'ਮੜ੍ਹੀ ਦਾ ਦੀਵਾ' ਪੰਜਾਬੀ ਦੀ ਹੁਣ ਤੱਕ ਦੀ ਅਜਿਹੀ ਇੱਕੋ-ਇੱਕ ਫਿਲਮ ਹੈ ਜਿਸ ਨੂੰ ਅਸੀਂ ਹਰ ਪੱਖੋਂ ਕਲਾਤਮਕ ਕਹਿ ਸਕਦੇ ਹਾਂ। ਸੁਰਿੰਦਰ ਸਿੰਘ ਹੀ ਐਸੇ ਨਿਰਦੇਸ਼ਕ ਹਨ ਜਿਨ੍ਹਾਂ ਨੇ ਕਿਸੇ ਨਾਵਲ ਨੂੰ ਹੂ-ਬ-ਹੂ 100% ਪਰਦੇ ਉੱਪਰ ਪੇਸ਼ ਕੀਤਾ ਹੋਵੇ। 'ਮੜ੍ਹੀ ਦਾ ਦੀਵਾ' ਵਿਚ ਰਾਜ ਬੱਬਰ, ਦੀਪਤੀ ਨਵਲ, ਪ੍ਰੀਕਸ਼ਤ ਸਾਹਨੀ, ਕੰਵਲਜੀਤ ਸਿੰਘ, ਪੰਕਜ ਕਪੂਰ, ਹਰਭਜਨ ਜੱਬਲ ਅਤੇ ਗੋਪੀ ਭੱਲਾ ਵਰਗੇ ਕਹਿੰਦੇ-ਕਹਾਉਂਦੇ ਕਲਕਾਰਾਂ ਨੇ ਰੂਹ ਨਾਲ ਕੰਮ ਕੀਤਾ ਅਤੇ 'ਮੜ੍ਹੀ ਦਾ ਦੀਵਾ' ਤੀਸਰੀ ਪੰਜਾਬੀ ਫਿਲਮ ਬਣੀ ਜਿਸ ਨੇ ਨੈਸ਼ਨਲ ਐਵਾਰਡ ਜਿੱਤਿਆ।

ਕੰਵਲਜੀਤ ਆਪਣੇ ਇੱਕ ਇੰਟਰਵਿਊ ਵਿਚ ਇਹ ਗੱਲ ਕਬੂਲ ਕਰਦੇ ਬਿਲਕੁਲ ਨਹੀਂ ਹਿਚਕਚਾਉਂਦੇ ਕਿ ਉਨ੍ਹਾਂ ਨੂੰ ਸਟੇਜ ਤੋਂ ਬਹੁਤ ਡਰ ਲੱਗਦਾ ਹੈ। ਜਦੋਂ ਉਨ੍ਹਾਂ ਨੂੰ ਸਵਾਲ ਕੀਤਾ ਗਿਆ ਕਿ ਤੁਸੀਂ ਫਿਰ ਵੀ ਇੱਕ ਸਟੇਜ ਪਲੇਅ ਕੀਤਾ ਸੀ ਜਿਸ ਵਿਚ ਉਨ੍ਹਾਂ 'ਮਿਰਜ਼ਾ ਗਾਲਿਬ' ਦਾ ਕਿਰਦਾਰ ਨਿਭਾਇਆ ਅਤੇ ਲੋਕਾਂ ਨੇ ਬਹੁਤ ਪਸੰਦ ਵੀ ਕੀਤਾ ਸੀ', ਇਸ 'ਤੇ ਕੰਵਲਜੀਤ ਹੱਸ ਕੇ ਜਵਾਬ ਦਿੰਦੇ ਹਨ, "ਬਿਲਕੁਲ ਕੀਤਾ ਸੀ, ਮੇਰੀ ਹਿਮਾਕਤ ਦੇਖੋ, ਮੈਂ ਪਹਿਲੇ ਹੀ ਸਟੇਜ ਡਰਾਮੇ ਵਿਚ ਪੰਗਾ ਵੀ ਉਸ ਕਿਰਦਾਰ ਨਾਲ ਲਿਆ ਜਿਸ ਨੂੰ ਕਦੇ ਬਲਰਾਜ ਸਾਹਨੀ ਅਤੇ ਭਾਰਤ ਭੂਸ਼ਨ ਵਰਗੇ ਸਹਿਜ ਤੇ ਮਹਾਨ ਅਦਾਕਾਰਾਂ ਨੇ ਨਿਭਾਇਆ ਸੀ।"

ਕੰਵਲਜੀਤ ਮਿਰਜ਼ਾ ਗਾਲਿਬ ਅਤੇ ਫੈਜ਼ ਅਹਿਮਦ ਫੈਜ਼ ਲਈ ਦਿਲ ਵਿਚ ਅਥਾਹ ਮੁਹੱਬਤ ਰੱਖਦੇ ਹਨ, ਇਸ ਲਈ ਉਨ੍ਹਾਂ ਇਸ ਕਿਰਦਾਰ ਲਈ ਬਹੁਤ ਮਿਹਨਤ ਕੀਤੀ ਅਤੇ ਸਟੇਜ ਤੋਂ ਵੀ ਖੂਬ ਤਾੜੀਆਂ ਬਟੋਰੀਆਂ। ਜਦੋਂ ਫੈਜ਼ ਦੀ ਮੌਤ ਹੋਈ ਤਾਂ ਉਹ ਤਿੰਨ ਦਿਨ ਆਪਣੇ ਕਮਰੇ ਵਿਚੋਂ ਬਾਹਰ ਨਹੀਂ ਨਿੱਕਲੇ। ਬੱਸ ਫੈਜ਼ ਦੀ ਸ਼ਾਇਰੀ ਪੜ੍ਹਦੇ ਰਹੇ।

ਕੰਵਲਜੀਤ ਲਗਾਤਾਰ ਹਿੰਦੀ ਫਿਲਮਾਂ ਵਿਚ ਕੰਮ ਕਰ ਰਹੇ ਹਨ। ਉਨ੍ਹਾਂ ਦੀਆਂ ਹਾਲ ਹੀ ਵਿਚ ਰਿਲੀਜ਼ ਹੋਈਆਂ ਕਈ ਵੱਡੀਆਂ ਫਿਲਮਾਂ 'ਰਾਜ਼ੀ', 'ਜਵਾਨੀ ਫਿਰ ਨਹੀਂ ਆਨੀ-2', 'ਇਕ ਲੜਕੀ ਕੋ ਦੇਖਾ ਤੋ ਐਸਾ ਲਗਾ', 'ਇੰਨ ਦਿ ਮੰਥ ਆਫ ਜੁਲਾਈ', 'ਤ੍ਰਿਭੰਗਾ', 'ਸਰਦਾਰ ਕਾ ਗ੍ਰੈਂਡਸੰਨ' ਅਤੇ ਵੈਬਸੀਰੀਜ਼ 'ਹੋਸਟੇਜਜ਼', 'ਟੱਬਰ' ਸ਼ਾਮਿਲ ਹਨ। ਸਾਡੀ ਤ੍ਰਾਸਦੀ ਇਹ ਹੈ ਕਿ ਸਾਡੇ ਕੋਲ ਪੰਜਾਬੀ ਦੇ ਇਸ ਮਹਾਨ ਅਦਾਕਾਰ ਲਈ ਉਨ੍ਹਾਂ ਦੇ ਮਿਆਰ ਮੁਤਾਬਕ ਰੋਲ ਹੀ ਨਹੀਂ ਹਨ! ਹੀਰੋ-ਹੀਰੋਇਨ ਦੇ ਪਿਉ ਦੇ ਰੋਲ ਤੋਂ ਵੱਧ ਅਸੀਂ ਉਨ੍ਹਾਂ ਲਈ ਕੁਝ ਵੀ ਨਹੀਂ ਲਿਖ ਸਕੇ।

***ਕੰਵਲਜੀਤ ਲਗਾਤਾਰ ਹਿੰਦੀ ਫਿਲਮਾਂ ਵਿਚ ਕੰਮ ਕਰ ਰਹੇ ਹਨ। ਸਾਡੀ ਤ੍ਰਾਸਦੀ ਇਹ ਹੈ ਕਿ ਸਾਡੇ ਕੋਲ ਪੰਜਾਬੀ ਦੇ ਇਸ ਮਹਾਨ ਅਦਾਕਾਰ ਲਈ ਉਨ੍ਹਾਂ ਦੇ ਮਿਆਰ ਮੁਤਾਬਕ ਰੋਲ ਹੀ ਨਹੀਂ ਹਨ! ਹੀਰੋ-ਹੀਰੋਇਨ ਦੇ ਪਿਉ ਦੇ ਰੋਲ ਤੋਂ ਵੱਧ ਅਸੀਂ ਉਨ੍ਹਾਂ ਲਈ ਕੁਝ ਵੀ ਨਹੀਂ ਲਿਖ ਸਕੇ।... ਕੰਵਲਜੀਤ ਮਿਰਜ਼ਾ ਗਾਲਿਬ ਅਤੇ ਫੈਜ਼ ਅਹਿਮਦ ਫੈਜ਼ ਲਈ ਦਿਲ ਵਿਚ ਅਥਾਹ ਮੁਹੱਬਤ ਰੱਖਦੇ ਹਨ, ਇਸ ਲਈ ਉਨ੍ਹਾਂ ਇਸ ਕਿਰਦਾਰ ਲਈ ਬਹੁਤ ਮਿਹਨਤ ਕੀਤੀ ਅਤੇ ਸਟੇਜ ਤੋਂ ਵੀ ਖੂਬ ਤਾੜੀਆਂ ਬਟੋਰੀਆਂ।***



ਅਦਾਕਾਰ ਕੰਵਲਜੀਤ ਆਪਣੀ ਪਤਨੀ ਅਨੁਰਾਧਾ ਪਟੇਲ ਨਾਲ ਅਤੇ ਵੱਖ-ਵੱਖ ਕਿਰਦਾਰਾਂ ਵਿਚ ਕੰਵਲਜੀਤ।

# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ ’ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 34 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017
Grand Master Award Winner 2013, 2018, 2019 & 2020

*Call for Listing Special 2021*

## Ph: 510-304-9292 or 408-666-8279



Anmol Singh Gill
REALTOR
Bre. # 02062952



Jaswinder (Jassi) Gill
M.Sc (PAU)
CA BRE# 00966763
Broker/Owner/Notary



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 2652 Autumnvale Dr San Jose, CA, 95132
2. 5040 Hyde Park Dr Fremont, CA, 94538
3. 5439 Fiesta Rd Fremont, CA, 94538
4. 2995 Sunburst Dr San Jose, CA, 95111
5. 2116 Eureka Ct Atwater, CA, 95301
6. 3740 Rocky Mountain Ct Pleasanton, CA, 94588
7. 2340 Pacheco Dr San Jose, CA, 95133
8. 31183 Faircliff St, Hayward, CA, 94544
9. 569 Emerald St, Livermore, CA, 94550
10. 1964 Swift Ct., Hayward, CA, 94545
11. 3989 Gardie Place Way San Jose, CA, 95121
12. 2403 Gilberte St, Tracy, CA, 95304
13. 4324 Lennox Ln, Tracy, CA, 95377
14. 3880 Wiven Place Way, San Jose, CA, 95121

**Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.**

## Purchase Loan and Refinance

15 & 30 Yr Fixed Rates Are Still Better!!! Refinance Now At Zero Cost

Call Sukhveer (Sukhi) Gill Ph: 510-207-9067
DHMS, Loan Broker
CA BRE Lic.#01180969
NMLS# 352095



**We support Farmers**

ਆਓ, ਕਿਸਾਨੀ ਸੰਘਰਸ਼ ਲਈ ਜੁੜ ਰਹੇ ਕਿਰਤੀਆਂ- ਕਿਸਾਨਾਂ ਦੀ ਚੜ੍ਹਦੀ ਕਲਾ ਲਈ ਅਰਦਾਸ ਕਰੀਏ ਅਤੇ ਉਨ੍ਹਾਂ ਦੀ ਹਮਾਇਤ ’ਚ ਆਪਣਾ ਬਣਦਾ ਯੋਗਦਾਨ ਪਾਈਏ

